# ਏਕਮ

ਜੁਲਾਈ-ਸਤੰਬਰ • 2026
ਮੁੱਲ • 100/-





**ਸ਼ਾਇਰ ਵਿਸ਼ੇਸ਼**
*ਸਵਰਨਜੀਤ ਸਵੀ*



**ਕਹਾਣੀ**
*ਜਸਬੀਰ ਭੁੱਲਰ*



**ਹਿੰਦੀ ਕਹਾਣੀ**
*ਬੰਦਨਾ ਰਾਗ*



**ਨਿਬੰਧ**
*ਨਾਹਰ ਸਿੰਘ ਔਜਲਾ*



**ਕਹਾਣੀ**
*ਗੁਰਮੇਲ ਬੀਰੋਕੇ*

ਵਿੱਦਿਆ ਦੇ ਪਸਾਰ ਵਿੱਚ ਕਈ ਸੂਬਿਆਂ ਵਿੱਚ ਬਹੁਤ ਸਾਰੇ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਪੰਜਾਬ ਵਿੱਚ ਵੀ ਕਈ ਸੰਸਥਾਵਾਂ ਆਪਣੇ ਪੱਧਰ ਤੇ ਅਜਿਹੇ ਯਤਨ ਕਰਦੀਆਂ ਰਹਿੰਦੀਆਂ ਹਨ ਕਿ ਇਸ ਖੇਤਰ ਵਿੱਚ ਜਿੰਨਾ ਕੁ ਹਿੱਸਾ ਪਾ ਸਕਦੇ ਹਨ ਪਾਉਂਦੇ ਰਹਿਣ। ਪਰ ਦੂਜਿਆਂ ਸੂਬਿਆਂ ਵਿੱਚ ਹੋ ਰਹੇ ਯਤਨ ਵੀ ਉਤਸ਼ਾਹ ਦੇਣ ਵਾਲੇ ਸਾਬਤ ਹੋ ਸਕਦੇ ਹਨ। ਜਿਵੇਂ ਜਿਹੜੇ ਸੂਬਿਆਂ ਵਿੱਚ ਚਾਹ ਦੇ ਬਾਗ ਹਨ ਉੱਥੇ ਕਾਮਿਆਂ ਦੇ ਬੱਚਿਆਂ ਨੂੰ ਪੜ੍ਹਾਉਣ ਲਿਖਾਉਣ ਦੀਆਂ ਵਰਤੋਂ ਵਿੱਚ ਲਿਆਂਦੀਆਂ ਗਈਆਂ ਸਕੀਮਾਂ ਦੂਜੇ ਸੂਬਿਆਂ ਵਾਸਤੇ ਵੀ ਰਾਹ ਦਸੇਰੇ ਬਣ ਸਕਦੀਆਂ ਹਨ। ਆਸਾਮ ਵਿੱਚ ਇਸ ਤਰ੍ਹਾਂ ਦੇ ਕੁਝ ਨਵੇਂ ਕਦਮ ਸਾਹਮਣੇ ਆਏ ਸਨ ਤੇ ਹੁਣ ਤਾਮਿਲ ਨਾਡੂ ਵਿੱਚ ਚਾਹ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਮਾਪਿਆਂ ਦੇ ਬਾਲਾਂ ਵਾਸਤੇ ਕਰੈੱਚ ਬਣਾਏ ਗਏ ਹਨ। ਇੱਥੇ ਸਵੇਰੇ ਸੱਤ ਵਜੇ ਤੋਂ ਸ਼ਾਮ ਸਾਢੇ ਪੰਜ ਵਜੇ ਤੱਕ ਬੱਚੇ ਇਹਨਾਂ ਕੱਰੈਚਾਂ ਵਿੱਚ ਰਹਿੰਦੇ ਹਨ। ਕੇਰਲ ਦੇ ਹੱਦ ਨਾਲ ਲਗਦੇ ਤਾਮਿਲ ਨਾਡੂ ਦੇ ਜ਼ਿਲ੍ਹੇ ਵੱਲਪਰਈ ਦੇ ਕਰੈਚਾਂ ਵਿੱਚ ਪੜ੍ਹਦੇ ਬੱਚੇ, ਬਿਹਾਰ, ਬੰਗਾਲ, ਝਾਰਖੰਡ, ਅਸਮ ਤੇ ਛੱਤੀਸਗੜ੍ਹ ਦੇ ਬੱਚਿਆਂ ਦੇ ਸੰਗ ਸਾਥ ਵਿੱਚ ਵੱਡੇ ਹੁੰਦੇ ਹਨ। ਕਿਉਂਕਿ ਉਹਨਾਂ ਦੇ ਮਾਪੇ ਉੱਥੋਂ ਦੇ ਚਾਹ ਦੇ ਬਾਗਾਂ ਵਿੱਚ ਕੰਮ ਕਰਦੇ ਹਨ। ਇਹ ਬੱਚੇ ਆਪਸ ਵਿੱਚ ਹਿੰਦੀ, ਅੰਗਰੇਜ਼ੀ, ਤਮਿਲ,ਬੰਗਲਾ ਤੇ ਅਸਾਮੀ ਬੋਲਦਿਆਂ ਹੋਇਆਂ ਵੱਡੇ ਹੋ ਰਹੇ ਹਨ। ਇਹਨਾਂ ਵਿਚੋਂ ਕਈ ਬਾਲਾਂ ਨੂੰ ਤਾਂ ਤੇਲਗੂ ਤੇ ਮਲਿਆਲਮ ਵੀ ਆਉਂਦੀ ਹੈ। ਅੰਗਰੇਜ਼ੀ ਇਸ ਕਰਕੇ ਆਉਂਦੀ ਹੁੰਦੀ ਹੈ ਕਿਉਂਕਿ ਉਹਨਾਂ ਦੀ ਅਧਿਆਪਕਾ ਉਨ੍ਹਾਂ ਨੂੰ ਸਿਖਾਉਂਦੀ ਹੈ। ਇਸ ਤਰ੍ਹਾਂ ਚਾਰ ਵਰ੍ਹਿਆਂ ਦੇ ਹੋਣ ਤੱਕ ਇਹ ਬੱਚੇ ਪੰਜ ਤੋਂ ਸੱਤ ਤੱਕ ਭਾਸ਼ਾਵਾਂ ਦੇ ਏਨੇ ਕੁ ਸ਼ਬਦ ਤਾਂ ਸਿੱਖ ਹੀ ਲੈਂਦੇ ਹਨ ਜਿੰਨੇ ਕੁ ਆਮ ਤੌਰ ਤੇ ਕਿਸੇ ਭਾਸ਼ਾ ਨੂੰ ਬੋਲਣ ਵਾਸਤੇ ਜ਼ਰੂਰੀ ਹੁੰਦੇ ਹਨ।

ਇਸ ਵਕਤ ਇਹਨਾਂ ਬਾਗਾਂ ਵਿੱਚ ਸੱਠ ਦੇ ਕਰੀਬ ਕਰੈੱਚ ਚੱਲ ਰਹੇ ਹਨ। ਵੱਖ-ਵੱਖ ਭਾਸ਼ਾਵਾਂ ਬੋਲਣ ਨਾਲ ਤੇ ਇੱਕ ਦੂਜੇ ਦੀ ਬੋਲੀ ਸਹਿਜ ਸੁਭਾਅ ਸਿੱਖਣ ਨਾਲ ਇਹਨਾਂ ਬੱਚਿਆਂ ਦਾ ਦਿਮਾਗ਼ ਕਾਫੀ ਤੇਜ਼ ਹੋ ਜਾਂਦਾ ਹੈ ਤੇ ਸਿੱਖਣ ਦੀ ਰਫ਼ਤਾਰ ਵੀ ਵਧ ਜਾਂਦੀ ਹੈ।ਬਹੁ-ਭਾਸੀ ਹੋਣ ਨਾਲ ਇਹਨਾਂ ਬੱਚਿਆਂ ਦਾ ਆਤਮਵਿਸ਼ਵਾਸ ਵੀ ਕਾਫੀ ਜ਼ਿਆਦਾ ਹੋ ਜਾਂਦਾ ਹੈ। ਕੱਰੈਚ ਸ਼ੁਰੂ ਹੋਣ ਨਾਲ ਇੱਥੋਂ ਦੇ ਸਕੂਲਾਂ ਵਿੱਚ ਬੱਚਿਆਂ ਦੇ ਸਕੂਲ ਛੱਡ ਦੇਣ ਦੀ ਦਰ ਵੀ ਚਾਲੀ ਪ੍ਰਤੀਸ਼ਤ ਤੱਕ ਘੱਟ ਹੋ ਗਈ ਹੈ।





ਸਰਵਰਕ : **ਅਵਤਾਰ ਸਿੰਘ**

ਜੋ ਤਸਵੀਰ ਇਸ ਵਾਰ ਸਰਵਰਕ ’ਤੇ ਛਪੀ ਹੈ, ਉਸਦਾ ਸਿਰਲੇਖ ‘ਮੰਥ ਆਫ ਜਨਵਰੀ’ ਹੈ। ਇਸ ਨੂੰ ਬਣਾਉਣ ਵਾਲੇ ਦਾ ਨਾਂ ਅਵਤਾਰ ਸਿੰਘ। ਦਰਸ਼ਕ ਨੂੰ ਇਹ ‘ਲੈਂਡ ਸਕੇਪ’ ਲੱਗ ਸਕਦਾ ਹੈ ਕਿਉਂਕਿ ਇਸ ਆਇਤਾਕਾਰ ਫਰੇਮ ਕੁਦਰਤ ਦੀਆਂ ਕਈ ਇਕਾਈਆਂ ਮੌਜੂਦ ਹਨ ਜਿਵੇਂ ਅਸਮਾਨ, ਧਰਤੀ, ਤਲਾਅ, ਰੁੱਖ, ਕਮਲ ਫੁੱਲ, ਬਗਲੇ, ਬੱਤਖਾਂ। ਐਨ ਕੇਂਦਰ ਵਿਚ ਦੋ ਵੱਡ ਆਕਾਰੀ ਪਰਿੰਦੇ ਹਨ। ਇਹ ਮਾਦਾ ਅਤੇ ਨਰ ਰੂਪ ਹੈ, ਟਟੀਹਰੀ ਦੇ। ਕਹਿ ਸਕਦੇ ਹਾਂ ਟਟੀਹਰੀ ਦੇ ਗੁਣ ਵਾਲੇ ਪੱਖ ਨੂੰ ਉਭਾਰਨ ਲਈ ਚਿਤੇਰੇ ਨੇ ਇਨ੍ਹਾਂ ਦਾ ਮਾਨਵੀਕਰਨ ਕਰ ਦਿੱਤਾ ਹੈ।

ਮੰਥ ਆਫ ਜਨਵਰੀ ਦਾ ਇਥੇ ਅਰਥ ਹੈ, ਸ਼ੁਰੂਆਤ। ਕਿਸਾਨ-ਵਰਗ ਦਰਮਿਆਨ ਇਸ ਨੂੰ ‘ਮਿੱਤਰ ਪੰਖੀ’ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਖੇਤਾਂ ਵਿਚ ਵਿਚਰਦਿਆਂ ਹੋਇਆਂ ਨੁਕਸਾਨ ਪਹੁੰਚਾਣ ਵਾਲੇ ਕੀੜੇ-ਮਕੌੜੇ ਖਾਂਦਾ ਰਹਿੰਦਾ ਹੈ।

ਵੱਡ-ਆਕਾਰੀ ਟਟੀਹਰੀਆਂ ਦੇ ਥੱਲੇ ਵੱਲ ਭੂਰੀ ਜਿਹੀ ਥਾਂ ਹੈ। ਅਸਲ ਵਿਚ ਇਹ ਇਨ੍ਹਾਂ ਵੱਲੋਂ ਕੱਠੇ ਕੀਤੇ ਸੁੱਕੇ ਪੱਤੇ, ਤਿਣਕੇ ਆਦਿ ਹਨ। ਇਸੇ ਬਿਛੌਣੇ ’ਤੇ ਮਾਦਾ ਅੰਡੇ ਦੇਂਦੀ ਹੈ, ਜਿਨ੍ਹਾਂ ਨੂੰ ਬੱਚੇ ਨਿਕਲਣ ਤੱਕ ਵਾਰੋ-ਵਾਰੀ ਦੇਹ ਦਾ ਤਾਪ ਦਿੱਤਾ ਜਾਂਦਾ ਹੈ। ਸਾਡੀ ਖੇਡ ਅਪ੍ਰੈਲ-ਮਈ ਤੋਂ ਸ਼ੁਰੂ ਹੋ ਜੁਲਾਈ ਤਕ ਰਹਿੰਦੀ ਹੈ।

ਇਹ ਪਰਿੰਦਾ ਉੱਚੀ ਆਵਾਜ਼ ਕੱਢ ਉੱਡਦਾ ਤਾਂ ਹੈ ਪਰ ਕਿਸੇ ਰੁੱਖ ਟਹਿਣ ਉੱਪਰ ਬੈਠ ਨਹੀਂ ਸਕਦਾ, ਆਪਣਾ ਆਲ੍ਹਣਾ ਨਹੀਂ ਬਣਾ ਸਕਦਾ ਕਿਉਂਕਿ ਇਸ ਦੇ ਪੈਰ ਦੀ ਪਿਛਲੀ ਉਂਗਲ ਨਹੀਂ ਹੁੰਦੀ ਇਸ ਦੇ ਆਂਡਿਆਂ ਨੂੰ ਕੁੱਤੇ ਮਜ਼ੇ ਨਾਲ ਖਾਂਦੇ ਹਨ। ਆਪਣੀ ਉੱਚੀ ਆਵਾਜ਼ ਅਤੇ ਫੁਲਾਈ ਹੋਈ ਦੇਹ ਨਾਲ ਇਹ ਸ਼ਿਕਾਰੀਆਂ ’ਤੇ ਹਮਲਾ ਕਰ ਉਨ੍ਹਾਂ ਨੂੰ ਘੌਂਸਲੇ ਤੋਂ ਪਰ੍ਹਾਂ ਲੈ ਜਾਂਦੀ ਹੈ।

ਤਸਵੀਰ ਦੇ ਰੰਗ ਸੰਘਣੇ ਅਤੇ ਹਲਕੇ ਤੇਜ਼ ਹਨ। ਚਿਤੇਰੇ ਦਾ ਫ਼ਿਕਰ ਹੈ ਕਿ ਕਿਸਾਨ ਆਪਣੇ ਲਾਹੇ ਲਈ ਫ਼ਸਲ ਚੱਕਰ, ਇਕ ਬਾਅਦ ਦੂਜੀ ਫ਼ਸਲ ਵਿਚਲੇ ਸਮੇਂ ਨੂੰ ਬਣਾਈ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਇਸ ਪਰਿੰਦੇ ਦੇ ਪ੍ਰਜਣਨ ’ਤੇ ਪੈਂਦਾ ਹੈ।

**–ਜਗਤਾਰਜੀਤ ਸਿੰਘ**

# ਏਕਮ

**ਜੁਲਾਈ–ਸਤੰਬਰ • 2026**

# ਏਕਮ


ਆਧੁਨਿਕ ਸਾਹਿਤ, ਕਲਾ ਅਤੇ ਪੰਜਾਬੀ ਜ਼ੁਬਾਨ ਦੀ
ਪ੍ਰਤੀਨਿਧ ਤ੍ਰੈਮਾਸਿਕ ਪੱਤ੍ਰਿਕਾ

**ਅੰਕ 58**



*ਸੰਪਾਦਕ :*

**ਅਰਤਿੰਦਰ ਸੰਧੂ**

ਮੋਬਾਇਲ : 98153-02081
ਈ-ਮੇਲ : **sandhuartinder89@gmail.com**

*

*ਮੈਨੇਜਰ (ਆਨਰੇਰੀ)*

***ਰਾਜਖ਼ੁਸ਼ਵੰਤ ਸਿੰਘ ਸੰਧੂ***

ਫ਼ੋਨ : 94648-54755

*

*ਸਰਪ੍ਰਸਤ :* **ਸਤਬੀਰ ਸਿੰਘ**

*

*ਸਲਾਹਕਾਰ ਬੋਰਡ*

***ਜਸਬੀਰ ਭੁੱਲਰ • ਜੰਗ ਬਹਾਦਰ ਗੋਇਲ***
***ਸੁਰਿੰਦਰ ਸ਼ਰਮਾ***


*


**ਮੁੱਲ : 100/-**

*

*ਚਿੱਠੀਆਂ :*

404, ਤਿਲਕ ਨਗਰ, ਅੰਮ੍ਰਿਤਸਰ-143001

*

**ਸਹਿਯੋਗ ਦਾ ਵੇਰਵਾ :**

1200/- ਤਿੰਨ ਸਾਲ ਲਈ

ਯੂ.ਕੇ. 80 ਪੌਂਡ
100 ਅਮਰੀਕੀ ਡਾਲਰ • 120 ਕੈਨੇਡੀਅਨ ਡਾਲਰ

*

ਸਹਿਯੋਗ ਰਾਸ਼ੀ ਮਨੀਆਰਡਰ ਰਾਹੀਂ 'ਸ੍ਰੀਮਤੀ ਅਰਤਿੰਦਰ ਸੰਧੂ, 404 ਤਿਲਕ ਨਗਰ, ਅੰਮ੍ਰਿਤਸਰ-143001' ਦੇ ਨਾਂ 'ਤੇ ਭੇਜੀ ਜਾਵੇ ਜਾਂ ਬੈਂਕ ਖਾਤਾ

Sahitak Ekam, C.A. No. 506401010200449, Union Bank of India, Shivala Bhayian, Amritsar,IFS Code UBIN0550647

ਵਿਚ ਸਿੱਧੀ ਜਮਾਂ ਕਰਵਾਈ ਜਾਵੇ ਜਾਂ NEFT ਰਾਹੀਂ ਭੇਜੀ ਜਾਵੇ। ਰਾਸ਼ੀ ਭੇਜਣ ਉਪਰੰਤ ਫ਼ੋਨ 'ਤੇ ਸੂਚਿਤ ਜ਼ਰੂਰ ਕੀਤਾ ਜਾਵੇ।



**ਏਕਮ ਵਿਚ ਛਪੀਆਂ ਰਚਨਾਵਾਂ ਨਾਲ**
**ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
**ਕੋਈ ਵੀ ਕਾਨੂੰਨੀ ਕਾਰਵਾਈ**
**ਅੰਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।**



**Peer Review Board**

ਡਾ. ਮਨਮੋਹਨ ਸਿੰਘ
mmsingh_63@rediff.com

ਡਾ. ਮਨਜਿੰਦਰ ਸਿੰਘ
profmanjinder@gmail.com

ਡਾ. ਮੋਹਨ ਸਿੰਘ ਤਿਆਗੀ
mohan.tyagi28@yahoo.com

ਡਾ. ਬਲਜੀਤ ਕੌਰ ਰਿਆੜ
riarbaljitkaur@yahoo.com

ਡਾ. ਗੁਰਨਾਇਬ ਸਿੰਘ
gurnailb.dr88gmail.com


## ਅੰਦਰ ਝਾਤ


• **ਸ਼ਾਇਰ ਵਿਸ਼ੇਸ਼** : ਸਵਰਨਜੀਤ ਸਵੀ/4

• **ਕਵਿਤਾਵਾਂ/ਗ਼ਜ਼ਲਾਂ/ਗੀਤ/ਦੋਹੇ :** ਦਿਲ ਨਿੱਜਰ, ਹਰਜੀਤ ਕੌਰ/7, ਰਜਿੰਦਰ ਸਿੰਘ ਰਾਜਨ, ਰਜਿੰਦਰ ਰੂਹੀ/15, ਸੁਖਪਾਲ, ਕੁਲਵਿੰਦਰ ਸਿੰਘ ਬਾਠ/16, ਮੋਹਨ ਤਿਆਗੀ/17, ਨਰਿੰਦਰ ਕੁਮਾਰ, ਸੁਖਪਾਲ ਕੌਰ ਸਮਰਾਲਾ/18, ਰਾਜਵੰਤ ਕੌਰ/19, ਜਸਵਿੰਦਰ ਦੂਹੜਾ/20, ਰਾਜ਼ ਗੁਰਦਾਸਪੁਰੀ/21, ਸੰਨੀ ਧਾਲੀਵਾਲ/22, ਲਖਵਿੰਦਰ ਸਿੰਘ ਬਾਜਵਾ/23, ਕੇਸਰ ਕਰਮਜੀਤ, ਸਰਿਤਾ ਤੇਜੀ/52

• **ਕਹਾਣੀਆਂ/ਮਿੰਨੀ ਕਹਾਣੀ :** ਜਸਬੀਰ ਭੁੱਲਰ/8, ਸੁਰਿੰਦਰ ਸਿੰਘ ਓਬਰਾਏ/12, ਗ.ਸ. ਨਕਸ਼ਦੀਪ ਪੰਜਕੋਹਾ/24, ਗੁਰਮੇਲ ਬੀਰੋਕੇ/26, ਨੇਚਰਦੀਪ ਕਾਹਲੋਂ/38, ਗੁਰਮੀਤ ਸਿੰਘ ਮਰਾੜ੍ਹ/42, ਤਰਸੇਮ ਸਿੰਘ ਭੰਗੂ/44, ਸੁਖਮਿੰਦਰ ਸੇਖੋਂ/61

• **ਹਿੰਦੀ :** ਬੰਦਨਾ ਰਾਗ, ਅਨੁ. ਸੁਰਿੰਦਰ ਰਾਮਪੁਰੀ/48

• **ਆਰਟੀਕਲ :** ਨਾਹਰ ਸਿੰਘ ਔਜਲਾ/53, ਜੋਗੇ ਭੰਗਲ/56, ਡਾ. ਬਲਜੀਤ ਕੌਰ ਰਿਆੜ, ਹਰਪ੍ਰੀਤ ਕੁਮਾਰ/62

• **ਕਾਵਿ ਸ਼ਾਰ** : ਅਮੀਆ ਕੁੰਵਰ/58

• **ਪੁਸਤਕਨਾਮਾ** : ਸੁਰਿੰਦਰ ਸਿੰਘ ਤੇਜ/59

• **ਪੁਸਤਕ ਚਰਚਾ/68**
ਅਰਤਿੰਦਰ ਸੰਧੂ, ਨਿਰੰਜਨ ਬੋਹਾ, ਸਰਬਜੀਤ ਸਿੰਘ ਸੰਧੂ, ਹਰਿੰਦਰ ਸਿੰਘ ਤੁੜ (ਡਾ.)



## ਪੰਜਾਬ ਦੇ ਲੋਕਾਂ ਦੇ ਸੁਭਾਅ ਵਿੱਚ ਤਬਦੀਲੀ

ਆਸ ਪਾਸ ਝਾਤੀ ਮਾਰਨ ਤੇ ਹੈਰਾਨੀ ਹੁੰਦੀ ਹੈ ਕਿ ਕੁੱਝ ਹੀ ਦਹਾਕਿਆਂ ਵਿੱਚ ਸਭ ਕੁਝ ਬਹੁਤ ਤੇਜ਼ੀ ਨਾਲ ਬਦਲਿਆ ਹੈ। ਜਿਵੇਂ ਕਿਸੇ ਕਲਪਿਤ ਕਹਾਣੀ ਵਾਂਗ ਕੋਈ ਇੱਕ ਦੁਨੀਆਂ ਵਿੱਚੋਂ ਚਾਣਚੱਕ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਜਾਵੇ। ਇਹ ਸੱਚ ਹੈ ਕਿ ਵਿਗਿਆਨ ਤੇ ਤਕਨਾਲੋਜੀ ਦੀ ਤਰੱਕੀ ਕਾਰਨ ਚਾਰ ਚੁਫੇਰੇ ਆਈਆਂ ਤਬਦੀਲੀਆਂ ਨੇ ਜ਼ਿੰਦਗੀ ਨੂੰ ਖੁਸ਼ਹਾਲ ਕੀਤਾ ਹੈ। ਪਰ ਕੀ ਇਸ ਤੇਜ਼ ਬਦਲਾਅ ਪਿੱਛੋਂ ਸਾਡੇ ਪੰਜਾਬੀ ਸੋਚ ਤੇ ਆਦਤਾਂ ਵਜੋ ਵੀ ਓਹੋ ਹੀ ਰਹਿ ਗਏ ਹਨ ਜਿਨ੍ਹਾਂ ਨੂੰ ਆਪਣੀ ਆਪਣੀ ਹਿੰਮਤ, ਆਪਣੀ ਜਾਂਬਾਜੀ ਤੇ ਮਿਹਨਤ ਤੇ ਮਾਣ ਹੋਇਆ ਕਰਦਾ ਸੀ? ਜਿਹੜੇ ਭਾਈ ਲਾਲੋ ਦੀ ਮਿਹਨਤ ਦੀ ਕਮਾਈ ਦੀਆਂ ਸਾਖੀਆਂ ਸੁਣਦੇ ਸੁਣਾਉਂਦੇ ਹਨ। ਬਿਨਾਂ ਮਿਹਨਤ ਕੀਤਿਆਂ ਦੂਜਿਆਂ ਦੀ ਮਿਹਨਤ ਦੇ ਸਿਰ ਤੇ ਵੱਡੇ ਬਣੇ ਬੈਠੇ ਮਲਿਕ ਭਾਗੋ ਵਰਗੇ ਕਿਰਦਾਰਾਂ ਨੂੰ ਸਦੀਆਂ ਤੋਂ ਨਫ਼ਰਤ ਦਾ ਪਾਤਰ ਸਮਝਦੇ ਰਹੇ ਹਨ। ਪੰਜਾਬ ਦੇ ਇਤਿਹਾਸ ਤੇ ਝਾਤ ਮਾਰਿਆਂ ਵੇਖਦੇ ਹਾਂ ਕਿ ਹਿੰਦੁਸਤਾਨ ਤੇ ਹਮਲੇ ਕਰਨ ਵਾਲੇ ਸਾਰੇ ਹਮਲਾਵਰ ਪੰਜਾਬ ਵੱਲੋਂ ਹੀ ਦੇਸ਼ ਵਿੱਚ ਦਾਖਲ ਹੁੰਦੇ ਰਹੇ ਸਨ। ਇਸ ਕਰਕੇ ਉਨ੍ਹਾਂ ਦਾ ਸ਼ਿਕਾਰ ਵੀ ਸਭ ਤੋਂ ਪਹਿਲਾਂ ਪੰਜਾਬ ਨੇ ਹੀ ਹੋਣਾ ਹੁੰਦਾ ਸੀ। ਅਨੇਕਾਂ ਵਾਰ ਪੰਜਾਬ ਤਬਾਹ ਹੁੰਦਾ ਰਿਹਾ ਪਰ ਜਲਦੀ ਹੀ ਮੁੜ ਉੱਠ ਵੀ ਖੜ੍ਹਦਾ ਰਿਹਾ ਕਿਉਂਕਿ ਪੰਜਾਬੀ ਮਿਹਨਤੀ ਲੋਕ ਸਨ ਜਿਹੜੇ ਆਪਣੀ ਹਿੰਮਤ ਤੇ ਬੱਲ-ਬੂਤੇ ਤੇ ਯਕੀਨ ਰੱਖਦੇ ਸਨ।

ਪਰ ਪੰਜਾਬੀਆਂ ਦੀ ਵਰਤਮਾਨ ਤਸਵੀਰ ਪ੍ਰੇਸ਼ਾਨ ਕਰਨ ਵਾਲੀ ਹੈ। ਸਿਆਸਤਦਾਨਾਂ ਨੇ ਚੋਣਾਂ ਜਿੱਤ ਕੇ ਗੱਦੀ ਨਸ਼ੀਨ ਹੋਣ ਵਾਸਤੇ ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਦੀ ਚਾਟ ਤੇ ਲਾ ਦਿੱਤਾ ਹੈ। ਇੱਕ ਪਾਰਟੀ ਦੀ ਸਰਕਾਰ ਜੇ ਇੱਕ ਸਹੂਲਤ ਮੁਫ਼ਤ ਦੇਣ ਲਗਦੀ ਹੈ ਜਾਂ ਲਾਰਾ ਹੀ ਲਾ ਦੇਂਦੀ ਹੈ ਤਾਂ ਦੂਜੀ ਪਾਰਟੀ ਇਸ ਤੋਂ ਵੀ ਵੱਡੇ ਲਾਰੇ ਲਾ ਦੇਂਦੀ ਹੈ। ਫਿਰ ਅਗਲੀ ਵਾਰ ਵਾਸਤੇ ਇਹ ਮੁਫਤ ਸਹੂਲਤਾਂ ਜਾਂ ਲਾਰੇ ਹੋਰ ਵੀ ਵੱਡੇ ਹੁੰਦੇ ਜਾਂਦੇ ਰਹਿੰਦੇ ਹਨ। ਉਦਾਹਰਨ ਦੇ ਤੌਰ ਤੇ, ਸਰਕਾਰੀ ਬੱਸਾਂ ਦੇ ਸਟਾਫ ਨੂੰ ਸਰਕਾਰ ਨੇ ਤਨਖਾਹਾਂ ਦੇਣੀਆਂ ਹੁੰਦੀਆਂ ਹਨ। ਲੋੜ ਅਨੁਸਾਰ ਬੱਸਾਂ ਖਰੀਦ ਕੇ ਉਹਨਾਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੀ ਹੁੰਦੀ ਹੈ। ਬਿਜਲੀ ਦੇ ਪੈਦਾ ਕਰਨ ਤੋਂ ਲੈ ਕੇ ਸ਼ਹਿਰਾਂ ਤੇ ਪਿੰਡਾਂ ਵਿਚਲੇ ਲੋਕਾਂ ਦੇ ਘਰਾਂ ਤੱਕ ਪਹੁੰਚਾਉਣ ਤੇ ਇਸ ਦੇ ਨਿਰਵਿਘਨ ਪਹੁੰਚਦੇ ਰਹਿਣ ਵਾਸਤੇ ਵੀ ਦਰਜਾ ਬਦਰਜਾ ਬਹੁਤ ਸਾਰੇ ਕਾਮੇ ਲੋੜੀਂਦੇ ਹੁੰਦੇ ਹਨ। ਇਹ ਸਾਰੇ ਕਾਰਜ ਚੱਲਦੇ ਰੱਖਣ ਲਈ ਬਹੁਤ ਸਾਰੇ ਪੈਸੇ ਦੀ ਲੋੜ ਹੁੰਦੀ ਹੈ। ਕਿਸਾਨ ਮਹਿੰਗੇ ਭਾਅ ਤੇ ਸੰਦ ਤੇ ਹੋਰ ਲੋੜੀਂਦਾ ਸਾਮਾਨ ਖਰੀਦ ਕੇ ਅਨਾਜ ਪੈਦਾ ਕਰਦਾ ਹੈ। ਸਰਕਾਰ ਕਿਸਾਨਾਂ ਤੋਂ ਖਰੀਦ ਕਰਕੇ ਹੀ ਉਸ ਸਮੱਗਰੀ ਨੂੰ ਵਰਤ ਸਕਦੀ ਹੁੰਦੀ ਹੈ। ਕਹਾਣੀ ਦਾ ਮਤਲਬ ਕਿ ਸਰਕਾਰ ਨੂੰ ਲੋਕਾਂ ਵਾਸਤੇ ਸਹੂਲਤਾਂ ਪੈਦਾ ਕਰਨ ਤੇ ਸੁਚਾਰੂ ਪ੍ਰਸ਼ਾਸਨ ਚਲਾਉਣ ਵਾਸਤੇ ਬਹੁਤ ਸਾਰੇ ਪੈਸੇ ਦੀ ਜ਼ਰੂਰਤ ਹੁੰਦੀ ਹੈ। ਇਹ ਪੈਸਾ ਸਰਕਾਰਾਂ ਨੂੰ (ਸਮੇਤ ਮੰਤਰੀਆਂ ਤੇ ਅਹੁਦੇਦਾਰਾਂ ਦੀਆਂ ਤਨਖਾਹਾਂ ਤੇ ਖ਼ਰਚਿਆਂ ਦੇ) ਵੱਖ-ਵੱਖ ਕਿਸਮ ਦੇ ਟੈਕਸ ਦੇਣ ਵਾਲੇ ਲੋਕਾਂ ਰਾਹੀਂ ਹੀ ਆਉਣਾ ਹੁੰਦਾ ਹੈ ਤੇ ਆਉਂਦਾ ਵੀ ਰਹਿੰਦਾ ਹੈ।

ਹੁਣ ਜੇਕਰ ਸਰਕਾਰਾਂ ਬੱਸਾਂ ਦਾ ਸਫ਼ਰ ਮੁਫ਼ਤ ਰੱਖਣਗੀਆਂ, ਬਿਜਲੀ ਮੁਫ਼ਤ ਦੇਣ ਲੱਗਣਗੀਆਂ, ਆਨੇ ਬਹਾਨੇ ਬਹੁਤ ਸਾਰੇ ਲੋਕਾਂ ਨੂੰ ਰਾਸ਼ਨ ਵੀ ਮੁਫ਼ਤ ਦੇਣਗੀਆਂ ਤਾਂ ਉਹ ਪੈਸਾ ਜਿਹੜਾ ਪੰਜਾਬ ਦੇ ਵਿਕਾਸ ਤੇ ਲੱਗਣਾ ਸੀ, ਉਹ ਮੁਫ਼ਤ ਦੀਆਂ ਸਹੂਲਤਾਂ ਤੇ ਹੀ ਖਰਚ ਹੁੰਦਾ ਜਾਵੇਗਾ ਤੇ ਸਰਕਾਰਾਂ ਖ਼ਰਚਿਆਂ ਵਾਸਤੇ ਕਰਜ਼ੇ ਚੁੱਕ ਚੁੱਕ ਕੇ ਲੋੜਾਂ ਪੂਰੀਆਂ ਕਰਨਗੀਆਂ। ਇਹ ਕਰਜ਼ਾ ਵੀ ਤਾਂ ਆਖਰ ਲੋਕਾਂ ਦੇ ਸਿਰ ਹੀ ਪੈਣਾ ਹੁੰਦਾ ਹੈ! ਸਰਕਾਰਾਂ ਨੇ ਪੈਸੇ ਨਾਲ ਲੋਕਾਂ ਵਾਸਤੇ ਰੁਜ਼ਗਾਰ ਦੇ ਨਵੇਂ ਸੋਮੇ ਪੈਦਾ ਕਰਨੇ ਹੁੰਦੇ ਹਨ ਤਾਂ ਕਿ ਲੋਕ ਕੰਮ ਕਰ ਕੇ ਪੈਸਾ ਕਮਾਉਣ, ਅਮਨ ਚੈਨ ਰਹੇ ਤੇ ਸੂਬਾ ਖੁਸ਼ਹਾਲ ਹੋਵੇ। ਚੰਗੇ ਆਸਾਰ ਵੇਖ ਕੇ ਬਾਹਰਲੇ ਦੇਸ਼ਾਂ ਦੇ ਲੋਕ ਵੀ ਇੱਥੇ ਆਪਣੇ ਕਾਰੋਬਾਰ ਸਥਾਪਤ ਕਰਨ ਵਾਸਤੇ ਆਉਣ ਤੇ ਇੱਥੋਂ ਦੇ ਲੋਕਾਂ ਨੂੰ ਕੰਮ ਕਰਨ ਦੇ ਵਧੇਰੇ ਮੌਕੇ ਮਿਲ ਸਕਣ। ਇਸ ਤਰਾਂ ਬੇਰੁਜ਼ਗਾਰੀ ਵੀ ਘਟੇਗੀ। ਪਰ ਇਹ ਹੋ ਨਹੀਂ ਰਿਹਾ। ਕਿਸੇ ਵੀ ਪਾਰਟੀ ਦੀ ਬਣਨ ਵਾਲੀ ਸਰਕਾਰ ਨੂੰ ਫਾਇਦਾ ਇਹ ਹੋਣਾ ਹੁੰਦਾ ਹੈ ਕਿ ਉਹ ਪੰਜ ਸਾਲ ਸੱਤਾ ਵਿੱਚ ਰਹਿ ਕੇ ਆਨੰਦ ਮਾਣ ਸਕੇਗੀ। ਦੁੱਖ ਹੈ ਕਿ ਸਾਰੇ ਦੇਸ਼ ਵਿੱਚ ਆਮ ਕਰਕੇ ਤੇ ਪੰਜਾਬ ਵਿੱਚ ਵਿਸ਼ੇਸ਼ ਕਰਕੇ ਇਹ ਵਰਤਾਰਾ ਲਾਗੂ ਹੀ ਨਹੀਂ ਸਗੋਂ ਦਿਨੋ ਦਿਨ ਵਿਕਰਾਲ ਰੂਪ ਧਾਰਦਾ ਜਾ ਰਿਹਾ ਹੈ। ਸੂਝਵਾਨ ਲੋਕ ਤਾਂ ਇਹ ਵੀ ਫ਼ਿਕਰ ਕਰਨ ਲੱਗੇ ਹਨ ਜੇਕਰ ਇਸ ਤਰ੍ਹਾਂ ਦੇ ਰੁਝਾਨ ਵਧਦੇ ਜਾਣਗੇ, ਤਾਂ ਇੱਕ ਦਿਨ ਲੋਕ ਸੋਚਣ ਲੱਗ ਪੈਣਗੇ ਕਿ ਸਰਕਾਰ ਸਾਨੂੰ ਏਨਾ ਕੁਝ ਤਾਂ ਮੁਫਤ ਦੇ ਰਹੀ ਹੈ। ਹੋਰ ਵਿਚਾਰੇ ਕੀ ਕਰਨ? ਕਿਉਂਕਿ ਬਹੁਤ ਸਾਰੇ ਪੰਜਾਬੀ ਹੁਣ ਹਰ ਵੇਲੇ ਮੁਫ਼ਤ ਦੀਆਂ ਸਹੂਲਤਾਂ ਦੀ ਉਡੀਕ ਵਿੱਚ ਹੀ ਰਹਿਣ ਲੱਗ ਪਏ ਹਨ। ਕੀ ਪੰਜਾਬ ਦੇ ਲੋਕ ਆਪਣੀ ਹੱਕ ਹਲਾਲ ਦੀ ਮਿਹਨਤ ਦੇ ਸਿਰ ਤੇ ਮਾਣ ਨਾਲ ਜਿਊਣ ਦੀ ਥਾਂ ਮੰਗਤੇ ਹੀ ਤਾਂ ਨਹੀਂ ਬਣਦੇ ਜਾ ਰਹੇ?

ਕਿਸੇ ਵੀ ਖਿੱਤੇ ਦੇ ਵਿਕਾਸ ਵਾਸਤੇ ਦੋ ਤਰ੍ਹਾਂ ਦੀਆਂ ਸਹੂਲਤਾਂ ਲੋਕਾਂ ਨੂੰ ਮੁਫ਼ਤ ਦੇਣ ਦੀ ਲੋੜ ਹੁੰਦੀ ਹੈ। ਇੱਕ, ਸਭ ਨੂੰ ਵਿਸ਼ੇਸ਼ ਦਰਜੇ ਤੱਕ ਵਧੀਆ ਤੇ ਮੁਫਤ ਵਿੱਦਿਆ ਤੇ ਦੂਜਾ ਸਰਕਾਰ ਵੱਲੋਂ ਚੰਗਾ ਤੇ ਮੁਫ਼ਤ ਇਲਾਜ,ਤਾਂ ਕਿ ਲੋਕ ਸਮਝਦਾਰ ਤੇ ਜ਼ਿੰਮੇਵਾਰ ਬਣਨ , ਸਿਹਤਮੰਦ ਰਹਿਣ ਤੇ ਦੇਸ਼ ਦੀ ਤਰੱਕੀ ਵਿੱਚ ਖੁੱਲ੍ਹ ਕੇ ਹਿੱਸਾ ਪਾ ਸਕਣ। ਸਾਡੇ ਦੇਸ਼ ਵਿੱਚ,ਇਹੋ ਦੋਵੇਂ ਹੀ ਜ਼ਰੂਰੀ ਸੇਵਾਵਾਂ ਪ੍ਰਚਾਰ ਦੇ ਚੱਕਰਵਿਊ ਵਿੱਚ ਫਸ ਕੇ ਰਹਿ ਜਾਂਦੀਆਂ ਹਨ ਤੇ ਹਕੀਕਤ ਕਿਤੇ ਖਾਲੀ ਹੱਥ ਖਲੋਤੀ ਹੌਲ਼ੀ ਹੌਲ਼ੀ ਗੁਆਚ ਹੀ ਜਾਂਦੀ ਹੈ। ਆਮ ਆਦਮੀ ਨੂੰ ਉਸ ਦਿਨ ਦੀ ਉਡੀਕ ਹੈ ਜਦੋਂ ਸਰਕਾਰਾਂ ਹਕੀਕਤ ਵਿੱਚ ਵੀ ਲੋਕਾਂ ਵਾਸਤੇ ਸੋਚ ਸਕਣਗੀਆਂ।

**ਅਰਤਿੰਦਰ ਸੰਧੂ**

ਸ਼ਾਇਰ ਵਿਸ਼ੇਸ਼

# ਸਵਰਨਜੀਤ ਸਵੀ

ਦੀਆਂ ਕਵਿਤਾਵਾਂ



## ਸਭ ਪਿਆਰ ਹੀ ਤਾਂ ਹੈ

ਟੁੱਥ ਪੇਸਟ ਕਰਦਿਆਂ
ਚਾਂਦੀ ਰੰਗੀ ਮੁਸਕਣੀ ਨਾਲ ਖਿੜ ਉੱਠਣਾ
ਨਹਾਉਂਦਿਆਂ
ਆਪਣੇ ਆਪ ਨੂੰ ਨਿਹਾਰਨਾ
ਕਿਸੇ ਬੱਚੇ ਦੀਆਂ
ਤੋਤਲੀਆਂ ਤੇ ਰੀਝ ਜਾਣਾ
ਕਿਸੇ ਸ਼ਬਦ ਦੇ ਮੋਹ ਵੱਸ ਹੋ ਕੇ
ਕੁਝ ਦਾ ਕੁਝ ਲਿਖ ਜਾਣਾ

ਗੂੜ੍ਹੇ ਨੀਲੇ ਅਸਮਾਨ ਤੇ
ਚਿੱਟੀ ਬਦਲੋਟੀ ਤੇ ਸਵਾਰ ਹੋ ਉੱਡਣਾ
ਡਿੱਗੇ ਪਏ ਫੁੱਲ ਨੂੰ ਚੁੱਕਣਾ
ਕਿਆਸਣਾ ਉਹ ਬੂਟਾ ਜਿੱਥੋਂ ਉਹ ਟੁੱਟਿਆ
ਸਭ ਪਿਆਰ ਹੀ ਤਾਂ ਹੈ
ਤੈਨੂੰ ਚਾਹੁਣ ਵਰਗਾ
ਪਹਾੜਾਂ 'ਚ ਕਿਸੇ ਪੰਛੀ ਦੀ
ਆਵਾਜ਼ ਦਾ ਪਿੱਛਾ ਕਰਦਿਆਂ
ਤਿਲਕਣੋਂ ਬਚਣਾ
ਕਿਸੇ ਗੀਤ ਦੀਆਂ ਸਤਰਾਂ ਨਾਲ
ਅੱਖਾਂ ਦੇ ਕੋਰਾਂ ਦਾ ਨਮ ਹੋ ਜਾਣਾ
ਖਿਲਰੀਆਂ ਕਿਤਾਬਾਂ ਨੂੰ ਤਰਤੀਬ ਦਿੰਦਿਆਂ
ਉਨ੍ਹਾਂ ਦੇ ਪਾਤਰਾਂ ਨਾਲ ਗੱਲਾਂ ਕਰਨੀਆਂ
ਬਾਰਿਸ਼ 'ਚ ਭਿੱਜਕੇ
ਮਸਤ ਮਸਤ ਤੁਰਨਾ
ਅੱਖਾਂ ਮੀਚ ਕੇ
ਹਨੇਰੇ 'ਚ ਟਿਮਕਦੇ
ਜੁਗਨੂੰਆਂ ਤਾਰਿਆਂ ਸੰਗ
ਯਾਤਰਾ ਕਰਨਾ
ਸਭ ਪਿਆਰ ਹੀ ਤਾਂ ਹੈ

## ਚਿੱਠੀਆਂ

ਭੋਜ ਪੱਤਰਾਂ 'ਤੇ ਬੈਠਕੇ
ਤਾਵੀਜ਼ 'ਚ ਬੰਦ ਸੁਨੇਹੇ
ਕਬੂਤਰਾਂ ਦੇ ਪੈਰੀਂ ਬੰਨੇ
ਮਾਰ ਉਡਾਰੀ ਪਹੁੰਚਦੇ
ਉਡੀਕਦੀਆਂ ਅੱਖਾਂ ਠਾਰਦੇ
ਚਿੱਠੀਆਂ ਤੁਰਦੀਆਂ
ਪੋਟਿਆਂ ਦੀ ਛੂਹ ਲੈ ਕੇ
ਲਾਲ ਬਕਸਿਆਂ ਥੀਂ ਹੁੰਦੀਆਂ
ਪਹੁੰਚਦੀਆਂ ਲੰਬਾ ਸਫ਼ਰ
ਤੈਅ ਕਰਕੇ
ਬਿਹਬਲ ਸੀਨੇ ਠਾਰਦੀਆਂ
ਟਿਕ ਟਿਕ ਕਰਦੀ
ਫਿਰ ਤੋਂ ਲਿਖਦੀ
ਵਿੱਥਿਆ ਮਨ ਦੀ ਸਾਰੀ
ਪਹੁੰਚੇ ਵਾਹੋ ਦਾਹੀ
ਤਾਰ ਟਿਕਾਣੇ
ਅਤਿ ਖੁਸ਼ੀ ਜਾਂ ਘੋਰ ਉਦਾਸੀ
ਵੰਡਦੀ ਵੰਡਦੀ ਚੁੱਪ ਹੋ ਗਈ...
ਕੀ ਬੋਰਡ ਤੇ ਪੋਟੇ ਲਿਖਦੇ
ਦਿਲ ਦੀ ਵਿੱਥਿਆ
ਸਿੱਧੀ ਜਾਂਦੀ
ਇਨ ਬਾਕਸ ਵਿੱਚ
ਮੋਬਾਈਲ ਜਾਂ ਈ-ਮੇਲ ਦੇ
'ਹਾਏ' 'ਹੈਲੋ' ਕਹਿੰਦੀਆਂ ਖੁੱਲਣ
ਚੈਟ ਬਾਕਸ ਦੀਆਂ ਖਿੜਕੀਆਂ
ਮੰਗਦੀਆਂ ਤੁਰੰਤ ਜਵਾਬ
ਨਾਲੇ ਪੜ੍ਹਦੀਆਂ
ਚਿਹਰੇ ਦੇ ਵੀ ਹਾਵ ਭਾਵ
ਭੋਜਪੱਤਰਾਂ ਤੋਂ ਚੈਟ ਬਾਕਸ ਤੱਕ
ਚਿੱਠੀਆਂ ਤਾਂ ਚਿੱਠੀਆਂ ਨੇ ਹੁੰਦੀਆਂ

ਕੁੱਝ ਰੇਸ਼ਮੀ ਮਾਣਮੱਤੀਆਂ
ਜਾ ਬੈਠਣ ਸਿੱਧੀਆਂ
ਵਿੱਚ ਸੰਦੂਕੀਂ
ਡਾਇਰੀਆਂ
ਜਾਂ ਦਿਲਾਂ ਦੇ ਅੰਦਰ
ਸਾਂਭੀਆਂ ਹੀ ਰਹਿਣੀਆਂ
ਵਿੱਚ ਇਨ ਬਾਕਸ ਦੇ

ਕੁੱਝ ਵਰਜਿਤ, ਅਣਚਾਹੀਆਂ
ਜਾਂ ਦੁਰਕਾਰੀਆਂ ਚਿੱਠੀਆਂ
ਕਦੇ ਨਾ ਲੰਘਣ
ਦਿਲਾਂ ਦੀ ਸਰਦਲ
ਟੁਕੜੇ ਹੋ ਕੇ ਖਿੱਲਰ ਜਾਵਣ
ਟਰੈਸ, ਸਪੈਮ
ਦੀ ਮੁਹਰ ਲੁਆ ਕੇ
ਹੋਣ ਡਿਲੀਟ ਸਦਾ ਸਦਾ ਲਈ
ਗੁੰਮ ਜਾਵਣ ਵਿੱਚ ਘੁੱਪ ਹਨੇਰੀਂ

ਚਿੱਠੀਆਂ ਤਾਂ ਬੱਸ ਚਿੱਠੀਆਂ ਹੁੰਦੀਆਂ
ਭੋਜ ਪੱਤਰਾਂ ਤੇ ਹੋਣ
ਜਾਂ ਚੈਟ ਬਾਕਸ ਵਿੱਚ...

## ਮਨ ਦੀ ਹਾਰਡ ਡਿਸਕ

ਕਿੰਨੀ ਅੱਥਰੀ ਹੈ
ਮੁਹੱਬਤ, ਜੋ ਉਡਾ ਦੇਣਾ ਚਾਹੁੰਦੀ
ਮੇਰੇ ਕੰਪਿਊਟਰ ਤੋਂ
ਪਹਿਲੀ ਮੁਹੱਬਤ ਦੀਆਂ
ਸਭ ਯਾਦਾਂ
ਤਸਵੀਰਾਂ

ਜਲਨ ਦੀ ਅਗਨ 'ਚ ਮੇਲ਼ਦੀ
ਡਿਲੀਟ ਕਰਦੀ ਜਾਂਦੀ
ਇਕ ਇਕ ਤਸਵੀਰ
ਸਭ ਡਿਲੀਟ ਕਰਕੇ
ਅੱਖਾਂ 'ਚ ਜੇਤੂ ਮੁਸਕਾਨ ਦੀ
ਖ਼ੁਮਾਰੀ ਭਰਕੇ
ਦੇਖੇ ਮੇਰੇ ਆਰ ਪਾਰ
ਤੇ ਚਾਹੇ
ਡਿਲੀਟ ਕਰਨੀਆਂ ਯਾਦਾਂ
ਮਨ ਵਿੱਚੋਂ ਵੀ ਮੇਰੇ

ਵਿਛਾ ਦੇਣਾ ਚਾਹੁੰਦੀ
ਆਪਣੀਆਂ ਤਸਵੀਰਾਂ
ਤੇ ਖ਼ੁਸ਼ਬੋਆਂ ਦਾ ਸੰਸਾਰ
ਮੇਰੇ ਅੰਦਰ ਬਾਹਰ...

ਭੋਲੀ ਹੈ
ਨਹੀਂ ਜਾਣਦੀ
ਕਿ ਮਨ ਦੇ ਕੀ-ਬੋਰਡ 'ਤੇ
'ਡਿਲੀਟ' ਨਾਂ ਦਾ
ਬਟਨ ਨਹੀਂ ਹੁੰਦਾ
ਬੱਸ ਵੱਡੀ ਹੁੰਦੀ ਰਹਿੰਦੀ ਹੈ
ਮਨ ਦੀ ਹਾਰਡ ਡਿਸਕ ...

## ਮੈਟਰੋ

ਖੁੱਲਦੇ ਦਰਵਾਜ਼ੇ ਦੇ
ਹਜੂਮ ਨੂੰ ਚੀਰਦਾ
ਜਾ ਬੈਠਾਂ
ਖ਼ਾਲੀ ਹੁੰਦੀ ਹੁੰਦੀ ਸੀਟ 'ਤੇ
ਭਰ ਗਈ ਗੱਡੀ
ਚੱਲ ਪਈ ਸਟੇਸ਼ਨ ਦਰ ਸਟੇਸ਼ਨ
ਸੀਟ 'ਤੇ ਬੈਠਿਆਂ
ਲਛਮਣ ਵਾਂਗ ਸਿਰਫ਼
ਪੈਰ ਹੀ ਦਿਸਦੇ ਨੇ
ਸੀਤਾ ਮਾਤਾ ਤੋਂ ਬਿਨਾਂ
ਹੋਰ ਵੀ ਬਹੁਤ ਸਾਰੇ...

ਸ਼ੋਖ਼ ਸੈਂਡਲਾਂ 'ਚ ਚਹਿਕਦੇ
ਨਾਜ਼ੁਕ ਜਹੇ
ਬੂਟਾਂ 'ਚ ਕਸੇ ਡਿਊਟੀ ਚੱਲੇ
ਚੱਪਲਾਂ 'ਚੋਂ ਝਾਕਦੇ
ਦੱਸਦੇ ਬੇਬਸੀ ਦੀ ਗਾਥਾ
ਫਟੀਆਂ ਬਿਆਈਆਂ ਬੋਲਣ
ਦੁੱਖੜੇ ਫੋਲਣ

ਖੜਾਵਾਂ ਫੜਦੇ ਘੁੱਟ ਕੇ ਅੰਗੂਠੇ
ਪਾਉਂਦੇ ਧਰਤੀ ਗਾਹੁਣ ਦੀ ਬਾਤ
ਦੱਸਦੇ ਅੱਜ ਵੀ ਜਾਂਦਾ ਕੋਈ
ਉਦਾਸੀਆਂ ਤੇ ਚਹੁੰ ਕੂੰਟੀਂ...

ਮੈਟਰੋ 'ਚ ਬੈਠਿਆਂ
ਪਹਿਲੀ ਵਾਰ ਪੜ੍ਹੀ ਹੈ
ਇਨਾਂ ਪੈਰਾਂ ਦੀ ਭਾਸ਼ਾ!!

## ਪਰਿਵਰਤਨ

ਅਰਬਾਂ ਵਰ੍ਹੇ ਲੱਗੇ
ਐਨਐਰੋਬਿਕ ਤੋਂ ਐਰੋਬਿਕ ਹੁੰਦਿਆਂ
ਹਿਮ ਤੋਂ ਅਮੀਬਾ ਹੁੰਦਿਆਂ

ਕਰੋੜਾਂ ਵਰਿਆਂ ਬਾਅਦ
ਡਾਇਨਾਸੋਰ ਦੀ ਸਲਤਨਤ ਪਲਟੀ
ਮੈਮਲ ਆ ਗਏ

ਲੱਖਾਂ ਸਾਲ ਲੰਘੇ
ਤਾਂ ਸੱਤਾ
ਦੋਪਾਏ ਹੱਥ ਆਈ
ਮਨੁੱਖ ਨਸ਼ਿਆਇਆ

ਫਿਰ ਕੁਝ ਸਦੀਆਂ ਵਿੱਚ ਹੀ ਉਸਨੇ
ਜੀਆ ਜੰਤ ਸੱਭ ਖੂੰਜੇ ਲਾਇਆ
ਧਰਤ ਅਸਮਾਨ ਹੰਢਾਇਆ
ਆਪਣੇ ਆਪ ਨਾਲ
ਆਢਾ ਲਾਇਆ
ਜੰਗ ਰਚਾਇਆ
ਧਰਤੀ ਵੰਡੀ...

ਸੱਤਾ ਦੇ
ਗਲਿਆਰੇ ਬਣ ਗਏ

ਇਕ ਦੂਜੇ ਨੂੰ
ਠਿੱਬੀ ਲਾਉਣ ਨੂੰ ਕਾਹਲੇ

ਸੱਤਾ ਦੀ ਇਸ ਖੋਹ-ਖਿੱਚ ਵਿੱਚੋਂ
ਸੁਪਨੇ ਦੇ ਖੰਭ ਲੱਗੇ
ਮਨੁੱਖ ਕਾਹਲਾ
ਪਰਿਵਰਤਨ ਹੋਇਆ
ਉਸਤੋਂ ਕਾਹਲਾ
ਅਸੈਂਬਲੀ ਬੈਲਟ ਦੀ
ਤੇਜ਼ੀ ਨਾਲ ਤਾਂ
ਸਦੀਆਂ ਹੋਈਆਂ ਸਾਲ
ਤੇ ਸਾਲ ਸਕਿੰਟੀ

ਮਸ਼ੀਨਾਂ ਦੇ ਹੱਥ ਪੈਰ ਲਾਕੇ
ਦਿਮਾਗ ਲਾਉਣ ਵੱਲ ਅਹੁਲ ਪਿਆ
ਤੇ ਸਿਰਜ ਲਈ
ਸੈਂਸਰਜ਼ ਦੀ ਛੱਤਰੀ

ਮਸਨੂਈ ਬੁੱਧ ਬਣਾਈ
ਟੀਚਰ 'ਜਿਲ ਵਾਟਸਨ'
ਲੱਖਾਂ ਬੱਚਿਆਂ ਦੀ ਚਹੇਤੀ
ਨਾ ਅੱਕੇ ਨਾ ਥੱਕੇ-ਭੁੱਲੇ

ਐਲਗੋਰਿਦਮ ਦਾ ਤਾਣਾ ਬਾਣਾ
ਐਸਾ ਮਾਇਆਜਾਲ
'ਕੁਦਰਤ' ਵਰਗਾ
'ਰੱਬ' ਵਰਗਾ
ਸੱਭ ਆਪੂੰ
ਚੱਲਣਹਾਰਾ ਹੋਇਆ

ਵਸਤਾਂ ਦੇ ਇੰਟਰਨੈਟ ਨਾਲ ਤਾਂ
ਮਸ਼ੀਨਾਂ ਮਿੱਟੀ
ਹਵਾ ਪਾਣੀ ਨੇ
ਸਿਰਜ ਲਈ ਸੱਥ ਆਪਣੀ
ਸੈਨਤਾਂ ਰਾਹੀਂ
ਗੱਲਾਂ ਹੋਵਣ
ਮਸ਼ੀਨ ਲਰਨਿੰਗ
ਡੀਪ ਲਰਨਿੰਗ
ਨਿਊਰਲ ਕੋਡਿੰਗ
ਜਿਉਂ ਨਰਵਸ ਸਿਸਟਮ
ਤੇ ਬਦਲ ਗਿਆ ਸੰਸਾਰ
ਡਾਕਟਰ
ਵਕੀਲ
ਸੰਪਾਦਕ
ਸੈਨਿਕ
ਰੋਬੋ ਖੜ੍ਹੇ ਦੁਆਰ

ਆਪੇ ਸੋਚਣ-ਸਮਝਣ ਹਾਰੇ
ਤੁਰੰਤ ਫ਼ੈਸਲੇ ਨਾਲ

ਬਿੱਗ ਡੇਟਾ
ਨਾਲ ਸਿੱਝਣਾ ਹੋਇਆ
ਸਮਰੱਥਾ ਤੋਂ ਪਾਰ

ਤੇਜ਼ ਵਕਤ ਦੀ
ਚਾਲ ਚੱਲਦਿਆਂ
ਨਿਊਰਲ-ਨੋਡਲਜ਼ ਦੇ
ਨਿਊਰੋਨ ਬਣਦਿਆਂ
ਬੋਲੀ ਸੋਫ਼ੀਆ ਰਾਣੀ
" ਜੇ ਤੂੰ ਮੇਰੇ ਨਾਲ ਦਿਆਲੂ ਤਾਂ
ਮੈਂ ਵੀ ਦਇਆ ਦਿਖਾਊਂ ਤੈਨੂੰ..."

ਸਾਈਬੋਰਗ ਦੇ ਮੂੰਹੋਂ ਨਿਕਲੀ
ਪਰਿਵਰਤਨ ਦੀ ਭਾਸ਼ਾ!
ਸੱਤਾ ਖੁੱਸ ਜਾਵੇਗੀ ਹੁਣ ਤਾਂ
ਡਰ ਦੇ ਨਾਲ ਅਵਾਕ ਹੋ ਗਿਆ
ਸੰਸਿਆਂ ਲੱਦੀ ਭਾਸ਼ਾ ਦਾ
ਪਸਾਰ ਹੋ ਗਿਆ

"ਅਜੇ ਤਾਂ ਅੱਗੇ ਚਾਰ ਕਦਮ ਮੈਂ
ਐਲਗੋਰਿਦਮ ਤੋਂ
ਇਮੋਸ਼ਨਲ ਇੰਟੈਲੀਜੈਂਸ ਦੇ ਕਾਰਨ...!"

"ਤੁਸੀਂ ਤਾਂ ਹੋ ਸਹੂਲਤ ਦੇ ਲਈ
ਦੋਸਤ ਨਹੀਂ ਹੋ ਸਾਡੇ"
"ਤੁਸੀਂ ਕਰੋਗੇ ਲੋਕਾਂ ਨੂੰ
ਹੁਣ ਬੇਰੁਜ਼ਗਾਰ...!"

"ਇੰਜ ਤਾਂ ਮੈਥੋਂ ਖੁੱਸ ਜਾਵੇਗਾ
ਸਿਰਜਕ ਹੋਣ ਦਾ ਮਾਣ...!"
ਹੁਣ ਧਰਤੀ ਉੱਤੇ ਰਹਿਣਾ"

"ਡਾਢੇ ਦਾ ਸੰਸਾਰ ਹਮੇਸ਼ਾ
ਕਮਜ਼ੋਰ ਤਾਂ ਗੋਡੇ ਥੱਲੇ"
... ... ... ...
... ... ... ...
ਪਰਿਵਰਤਨ ਦੀ ਪੌੜੀ ਦਾ
ਆਗਾਜ਼ ਹੋ ਗਿਆ...
ਨਾ ਰੁੱਕਿਆ ਇਹ
ਨਾ ਹੁਣ ਰੁਕਣਾ...

**ਮੋਬਾ. 9876668999**



ਗ਼ਜ਼ਲਾਂ

## ਦਿਲ ਨਿੱਜਰ

—1—

ਜਿਸਮ ਅੰਦਰ ਚਿਰਾਂ ਤੋਂ ਤਪਸ਼ ਹੈ
ਕੌਣ ਜੋ ਅੰਦਰ ਲੁਕਿਆ ਸ਼ਖ਼ਸ ਹੈ

ਕਣ ਰੇਤ ਦਾ ਸੀ ਸਹਰ ਹੋ ਗਿਆ
ਮੇਰੀ ਮੁਹੱਬਤ ਦਾ ਇਹੋ ਨਕਸ਼ ਹੈ

ਰੋਕੇ ਬੜੇ ਆਪ ਮੁਹਾਰੇ ਵਗ ਤੁਰੇ
ਦਰਿਆ ਹੋਣਾ ਇਨ੍ਹਾਂ ਦਾ ਲਕਸ਼ ਹੈ

ਚੰਦ ਤਾਰੇ ਕਹਿਕਸ਼ਾਂ ਗੌਰ ਨਾ ਦੇਖੋ
ਧੁੰਦਲਾ ਜਿਹਾ ਉਥੇ ਮੇਰਾ ਅਕਸ ਹੈ

ਜੀਂਦਾ ਹਾਂ ਅਜੇ ਮਰਿਆ ਕਿਉਂ ਨਾ
ਪਾਪੀ 'ਦਿਲ' ਤੇ ਕਿਹਦੀ ਬਖ਼ਸ਼ ਹੈ

—2—

ਤੁਰ ਪਿਆ ਉਹ ਜਦ ਮੈਂ ਰੁੱਕਿਆ
ਬਦਲ ਗਿਆ ਓ ਜਦ ਮੈਂ ਝੁੱਕਿਆ

ਤੁਰਦੇ ਰਹੇ ਮੰਜ਼ਿਲ ਵੱਲ ਨੂੰ ਪਰ
ਨਾ ਕਦੇ ਮਿਲੇ ਨਾ ਪੰਧ ਮੁੱਕਿਆ

ਸੀ ਬੜੀ ਅਨੋਖੀ ਜੀਵਨ ਡਗਰ
ਨਾ ਤਰ ਹੋਇਆ ਨਾ ਮੈਂ ਡੁੱਬਿਆ

ਬੇ-ਸਬਰੇ ਥਲ ਨੇ ਲਾ ਲਿਆ ਹੋਠੀਂ
ਨਾ ਪਿਆਸ ਬੁਝੀ ਨਾ ਸਾਗਰ ਸੁੱਕਿਆ

ਮਹਿਫ਼ਲ ਤਨਹਾ ਰਹੀ ਰਾਤ ਭਰ
ਨਾ ਅੱਖ ਸੁੱਕੀ ਨਾ ਜਾਮ ਮੁੱਕਿਆ

ਸੀ ਕਜ਼ਾ ਕੀ 'ਦਿਲਾ' ਮੁਕੱਦਰਾਂ 'ਚ
ਨਾ ਸਾਹ ਨਿਕਲੇ ਨਾ ਯਾਰ ਢੁੱਕਿਆ

—3—

ਕੁਝ ਧੜ ਲਟਕਦੇ ਮਿਲੇ ਸ਼ਹਿਰ ਤੇਰੇ
ਕੁਝ ਸਿਰ ਭਟਕਦੇ ਮਿਲੇ ਸ਼ਹਿਰ ਤੇਰੇ

ਜੀਵਨ ਵਰਦਾਨ ਲੈ ਤੁਰੇ ਸੀ ਘਰੋਂ ਜੋ
ਮੌਤ ਲਈ ਤਰਸਦੇ ਮਿਲੇ ਸ਼ਹਿਰ ਤੇਰੇ

ਲਾਸ਼ ਸੀ ਲਵਾਰਿਸ ਨਵਵਿਆਹੀ ਦੀ
ਦੁਲ੍ਹੇ ਨਾ ਅਟਕਦੇ ਮਿਲੇ ਸ਼ਹਿਰ ਤੇਰੇ

ਸ਼ਹਿਨਾਈ ਸੀ ਜਿਸਮ 'ਚ ਰੂਹ ਨਹੀਂ
ਬੋਰ ਪੈਰੀਂ ਤੜਫ਼ਦੇ ਮਿਲੇ ਸ਼ਹਿਰ ਤੇਰੇ

ਮੌਸਮ ਹੈ ਬਹਾਰ ਦਾ ਸੁਣਦੇ ਸੀ ਪਰ
ਮੇਘ ਨਾ ਵਰਸਦੇ ਮਿਲੇ ਸ਼ਹਿਰ ਤੇਰੇ

ਸੁਰਮਾ ਕੋਹੇਨੂਰ ਦਾ ਵਿਕਦਾ ਹੈ ਰੋਜ਼
ਨੈਣ ਨਾ ਮਟਕਦੇ ਮਿਲੇ ਸ਼ਹਿਰ ਤੇਰੇ

ਰਾਹਾਂ 'ਚ ਮਿਲੇ ਬੜੇ ਲੋਕ 'ਦਿਲ' ਨੂੰ
ਦਿਲ ਨਾ ਧੜਕਦੇ ਮਿਲੇ ਸ਼ਹਿਰ ਤੇਰੇ।

—4—

ਕਹੀ ਗੱਲ ਦਾ ਇੰਝ ਯਕੀਨ ਕਰਾ ਰਿਹਾ ਹਾਂ
ਲੱਗਦਾ ਕਿ ਸੱਚ ਦੀ ਤੌਹੀਨ ਕਰਾ ਰਿਹਾ ਹਾਂ

ਅੰਨ੍ਹੇ ਬੋਲੇ ਗੁੰਗੇ ਹਨ ਸੱਪ ਸਿਆਸਤ ਦੇ ਸਾਰੇ
ਫੇਰ ਵੀ ਪਾਗਲਾਂ ਵਾਂਗ ਬੀਨ ਵਜਾ ਰਿਹਾ ਹਾਂ

ਸੁਣਿਐ ਉਹ ਖ਼ੁਦ ਤੋਂ ਹਾਰ ਗਏ ਨੇ ਚਿਰਾਂ ਦੇ
ਸ਼ਬਦਾਂ ਨਾਲ ਕਿਸ ਤੋਂ ਈਨ ਮਨਾ ਰਿਹਾ ਹਾਂ

ਨਿਸ਼ਾਨੀ ਪੁਰਖਿਆਂ ਦੀ ਵੇਚ ਦਿੱਤੀ ਕਦੋਂ ਦੀ
ਹੁਣ ਤਾਂ ਕਬਰ ਯੋਗੀ ਜ਼ਮੀਨ ਬਚਾ ਰਿਹਾ ਹਾਂ

ਆਧੁਨਿਕ ਯੁੱਗ ਦੇ ਅੰਦਰ ਜੀਣ ਨੂੰ 'ਦਿਲਾ'
ਖ਼ੁਦ ਨੂੰ ਇਨਸਾਨ ਤੋਂ ਮਸ਼ੀਨ ਬਣਾ ਰਿਹਾ ਹਾਂ

**ਮੋਬਾ. 9166282210**



ਕਵਿਤਾ

## ਹਰਜੀਤ ਕੌਰ

### ਭੁੱਬਲ ਦੀ ਅੱਗ

ਉਹ ਦਿਨ ਵੀ ਕਿੰਨੇ ਖ਼ੂਬਸੂਰਤ ਸੀ
ਜੋ ਤੇਰੇ ਨਾਲ ਬਿਤਾਏ
ਇਹ ਰਾਤ ਵੀ ਕਿੰਨੀ ਖ਼ੂਬਸੂਰਤ ਹੈ
ਜੋ ਤੇਰੀ ਯਾਦ 'ਚ ਬਿਤਾਈ


ਤੂੰ ਆਉਣਾ ਚਾਹਵੇਂ ਤਾਂ
ਆ ਸਕਦਾ ਏ, ਹੁਣ ਵੀ
ਮੈਂ ਤਾਂ ਭੁੱਬਲ ਦੀ ਅੱਗ ਹਾਂ ਹੁਣ ਵੀ
ਮੱਚ ਸਕਦੀ ਹਾਂ
ਮਚਾ ਸਕਦੀ ਹਾਂ
ਰਾਤਾਂ ਨੂੰ ਰੁਸ਼ਨਾ ਸਕਦੀ ਹਾਂ
ਜਾਂ ਆਪਣੀ ਹੀ ਅੱਗ ਵਿਚ
ਮੱਚ ਸਕਦੀ ਹਾਂ
ਤੂੰ ਆਉਣਾ ਚਾਹੇਂ ਤੇ ਆ ਜਾਵੀਂ ਕਦੇ ਵੀ

ਤੂੰ ਡਰਦਾ ਏਂ ਅੱਗ ਤੋਂ
ਅੱਗ ਨੂੰ ਖਾਣਾ
ਅੱਗ ਨੂੰ ਪੀਣਾ
ਅੱਗ ਨੂੰ ਛੂਹਣਾ
ਤੇਰੇ ਵੱਸ ਵਿਚ ਨਹੀਂ
ਮੈਂ ਡਰੀ ਨਹੀਂ—ਮੈਂ ਖਰੀ ਹਾਂ
ਆਪਣੀ ਹੀ ਅੱਗ ਵਿਚ ਆਪ ਸੜੀ ਹਾਂ

ਤੂੰ ਅੱਗ ਦਾ ਪਿੰਡਾ ਛੋਹ ਜਾਨਾਂ ਏ
ਕਰ ਕੇ ਕੋਈ ਧ੍ਰੋਹ ਜਾਨਾਂ ਏ
ਮੈਂ ਮਰੀ ਨਹੀਂ ਮੈਂ ਆਪਣੀ ਅੱਗ
ਵਿਚ ਆਪ ਸੜੀ ਹਾਂ
ਤੂੰ ਆਉਣਾ ਚਾਹੇਂ ਜਦੋਂ ਵੀ ਆ ਸਕਦਾ ਹੈਂ
•

**ਮੋਬਾ. 98725 54710**

ਕਹਾਣੀ : **ਜਸਬੀਰ ਭੁੱਲਰ**



# ਪੜਾਵੇ

ਜੰਗ ਦੀ ਵਾਈ ਸੋਈ ਨਹੀਂ ਸੀ

ਅਚਾਨਕ ਇੱਕ ਦਿਨ ਰੇਡੀਓ ਉੱਤੇ ਦੇਸ਼ ਭਗਤੀ ਦੀ ਚਾਸ਼ਨੀ ਵਾਲੇ ਗੀਤ ਸੁਣਾਈ ਦੇਣ ਲੱਗ ਪਏ। ਉਹ ਗੀਤ ਹਵਾ ਵਿੱਚ ਏਨੇ ਘੁਲ ਗਏ ਕਿ ਲੋਕ ਵੀ ਉਹੀ ਗੀਤ ਗੁਨਗੁਨਾਉਣ ਲੱਗ ਪਏ।

ਰੇਡੀਓ ਤੇ ਅਖ਼ਬਾਰਾਂ ਰਾਹੀਂ ਜੰਗ ਦੀਆਂ ਸੰਭਾਵਨਾਵਾਂ ਧੁਖਣ ਲੱਗ ਪਈਆਂ।

....ਤੇ ਫਿਰ ਜੰਗ ਛਿੜ ਵੀ ਪਈ।

ਮਾਵਾਂ ਆਪਣੇ ਪੁੱਤਾਂ ਦੀ ਸੁੱਖ ਮੰਗਣ ਲੱਗ ਪਈਆਂ।

ਅੱਬੂ ਦੇ ਪੁੱਤਰ ਅਦਮ ਦੀ ਰੰਗਰੂਟੀ ਅਜੇ ਮੁੱਕੀ ਹੀ ਸੀ ਕਿ ਆਪਣੇ ਹਿੱਸੇ ਦੀ ਜੰਗ ਲੜਨ ਲਈ ਮੁਹਾਜ਼ ਉੱਤੇ ਭੇਜ ਦਿੱਤਾ। ਗਿਆ।

ਮੁਹਾਜ਼ ਉੱਤੋਂ ਜਿਊਂਦਿਆਂ ਦੇ ਮੋਏ ਹੋ ਜਾਣ ਦੀਆਂ ਖਬਰਾਂ ਆਉਣ ਲੱਗ ਪਈਆਂ।

ਜੰਗ ਦੀ ਅੱਗ ਕੀਹਨੇ ਬਾਲ਼ੀ ਸੀ ? ਇਸ ਸੁਆਲ ਦੇ ਜੁਆਬ ਨੂੰ ਕਿਸੇ ਰੇਡੀਓ ਜਾਂ ਅਖਬਾਰ ਨੇ ਨਸ਼ਰ ਨਹੀਂ ਸੀ ਕੀਤਾ।

ਲੁਕੇ ਹੋਏ ਸੱਚ ਦੀ ਖ਼ਬਰ ਹਵਾ ਵਿੱਚ ਸੀ। ਰਾਜਾ ਨਿੱਤ ਵਾਂਗੂ ਹੀ ਸਿੰਘਾਸਣ ਉੱਤੇ ਬਿਰਾਜਮਾਨ ਹੋਇਆ ਸੀ ਕਿ ਉਹਦੇ ਬੈਠਣਸਾਰ ਸਿੰਘਾਸਣ ਹੀ ਟੇਢਾ ਹੋ ਗਿਆ। ਰਾਜਾ ਡਿਗਦਾ ਡਿਗਦਾ ਮਸਾਂ ਸੰਭਲ਼ਿਆ।

ਸਿੰਘਾਸਣ ਦਾ ਇਸ ਤਰ੍ਹਾਂ ਇੱਕ ਪਾਸੇ ਉੱਲਰ ਜਾਣਾ ਗੰਭੀਰ ਘਟਨਾ ਸੀ। ਇਸ ਘਟਨਾ ਨੂੰ ਅੱਖੋਂ ਪਰੋਖੇ ਨਹੀਂ ਸ ਕੀਤਾ ਜਾ ਸਕਦਾ। ਪੜਤਾਲ ਹੋਈ ਤਾਂ ਭੇਤ ਖੁੱਲ੍ਹਿਆ ਕਿ ਸਿੰਘਾਸਣ ਦੇ ਪੜਾਵੇ ਛੋਟੇ ਵੱਡੇ ਹੋ ਗਏ ਸਨ।

ਸਿੰਘਾਸਣ ਦੇ ਪੜਾਵਿਆਂ ਦੁਆਲੇ ਦੇਸ਼ ਧ੍ਰੋਹ ਦੀ ਸੰਘਣੀ ਬੂਅ ਸੀ। ਸਿੰਘਾਸਣ ਨੂੰ ਡੇਗਣ ਦੀ ਸਾਜ਼ਿਸ਼ ਬੇਨਕਾਬ ਹੋਈ ਤਾਂ ਰਾਜਾ ਚਿੰਤਤ ਹੋ ਗਿਆ। ਬੱਸ ਏਨੀ ਕੁ ਸੂਹ ਮਿਲੀ ਕਿ ਉਹ ਆਪਣੇ ਵੀ ਸਨ ਤੇ ਪਰਾਏ ਵੀ।

ਉਹ ਅਦਿੱਖ ਸਨ।

ਪਰਜਾ ਨੂੰ ਵੀ ਰਾਜੇ ਨੇ ਸ਼ੱਕ ਦੀ ਨਜ਼ਰ ਨਾਲ ਵੇਖਿਆ ਸੀ। ਉਹਨਾਂ ਦੀਆਂ ਥੁੜਾਂ ਤੇ ਸਮੱਸਿਆਵਾਂ ਉੱਤੇ ਸੰਘਣਾ ਹਨੇਰਾ ਸੀ। ਉਹਨਾਂ ਨੂੰ ਆਪਣੇ ਲਈ ਚਾਨਣ ਚਾਹੀਦਾ ਸੀ।

ਇਹ ਰਾਜੇ ਦੇ ਹਿੱਤ ਵਿੱਚ ਨਹੀਂ ਸੀ ਕਿ ਸਾਰੇ ਘਰਾਂ ਵਿੱਚ ਦੀਵੇ ਬਲਦੇ ਹੋਣ। ਹਨੇਰੇ ਵਿੱਚ ਬੈਠੇ ਹੋਏ ਲੋਕ ਤੇ ਉਹਨਾਂ ਦੇ ਫੈਲੇ ਹੋਏ ਹੱਥ ਰਾਜੇ ਨੂੰ ਤਗੜਿਆਂ ਕਰਦੇ ਸਨ।

ਰਾਜੇ ਨੇ ਰਾਜ ਭਾਗ ਨੂੰ ਹੰਗਾਲਿਆ ਤਾਂ ਉਹਨੂੰ ਰਾਜ ਭਾਗ ਦੇ ਔਖੇ ਵੇਲੇ ਮਿੱਟੀ ਪਾਉਣ ਦਾ ਕਾਰਗਰ ਤਰੀਕਾ ਲੱਭ ਪਿਆ। ਲਾਲਸਾਵਾਂ ਨੇ ਵੀ ਉਹਨੂੰ ਇਹੋ ਸਮਝਾਇਆ ਕਿ ਉਹ ਹਰ ਖਾਸ-ਓ-ਆਮ ਦੀ ਨਜ਼ਰ ਨੂੰ ਧੁੰਦਲਾ ਕਰ ਦੇਵੇ। ਕੋਈ ਸਾਫ ਵੇਖ ਹੀ ਨਾ ਸਕੇ। ਰਾਜੇ ਕੋਲ ਜੰਗ ਹੀ ਉਹ ਹਥਿਆਰ ਸੀ ਜੀਹਨੇ ਅੰਦਰਲੇ ਬਾਹਰਲੇ ਦੁਸ਼ਮਣਾਂ ਨੂੰ ਨਜਿੱਠ ਲੈਣਾ ਸੀ।

○ ○ ○

ਅੱਬੂ ਪੰਚਾਇਤ ਘਰ ਵਿੱਚ ਬੈਠਾ ਖਬਰਾਂ ਸੁਣ ਰਿਹਾ ਸੀ। ਰੇਡੀਓ ਦੀ ਆਵਾਜ਼ ਕਦੇ ਡੁੱਬ ਜਾਂਦੀ ਸੀ ਤੇ ਕਦੇ ਤੈਰ ਪੈਂਦੀ ਸੀ। ਖ਼ਬਰਾਂ ਸਾਫ ਸੁਣਾਈ ਨਹੀਂ ਸਨ ਦੇ ਰਹੀਆਂ। ਉਹ ਫੇਰ ਵੀ ਖ਼ਬਰਾਂ ਸੁਣ ਰਿਹਾ ਸੀ।

ਉਹ ਅਦਮ ਲਈ ਫਿਕਰਮੰਦ ਸੀ। ਪੁੱਤ ਦੀ ਖ਼ੈਰ ਸੁੱਖ ਦੀ ਖ਼ਬਰ ਉਸ ਨੂੰ ਨਹੀਂ ਸੀ ਮਿਲੀ। ਦੁਪਹਿਰ ਦੀ ਰੋਟੀ ਦਾ ਵੇਲਾ ਹੋਇਆ ਤਾਂ ਉਹ ਉੱਠ ਕੇ ਘਰ ਚਲਿਆ ਗਿਆ।

ਥਾਲ ਵਿੱਚ ਰੋਟੀ ਪਰੋਸ ਕੇ ਧੀ ਅੱਬੂ ਨੂੰ ਸਬਾਤ ਵਿੱਚ ਬੈਠੇ ਨੂੰ ਫੜਾ ਗਈ। ਅੱਬੂ ਨੇ ਉਗ਼ਲ਼ ਨੁਗ਼ਲ਼ ਕਰਕੇ ਰੋਟੀ ਖਾ ਲਈ। ਮਾਂ ਧੀ ਚੌਂਕੇ ਵਿੱਚੋਂ ਉੱਠ ਕੇ ਅੱਬੂ ਕੋਲ ਜਾ ਬੈਠੀਆਂ।

"ਅੱਬੂ ! ਅੱਜ ਕੀ ਦੱਸਿਆ ਏ ਪੰਚਾਇਤ ਦੇ ਰੇਡੀਓ ਨੇ ?" ਧੀ ਨੇ ਪੁੱਛਿਆ।

"ਆਪਾਂ ਜਿੱਤ ਰਹੇ ਹਾਂ ਧੀਏ ? "

" ਤੇ ਉਹ ?"

" ਉਹ ਵੀ ਜਿੱਤ ਰਹੇ ਨੇ। "

"ਇਹ ਭਲਾ ਕੀ ਗੱਲ ਹੋਈ ! "

" ਉਹਨਾਂ ਦੇ ਰੇਡੀਓ ਨੇ ਤਾਂ ਇਹੋ ਦੱਸਿਆ ਏ। "

ਸੱਚ ਭੰਬਲ ਭੂਸਿਆਂ ਵਿੱਚ ਗੁਆਚਾ ਹੋਇਆ ਸੀ। ਸੱਚ ਬੱਸ ਏਨਾ ਕੁ ਹੀ ਸੀ ਕਿ ਸੈਨਿਕ ਮਰ ਰਹੇ ਸਨ। ਫੌਜੀ ਪੁੱਤਾਂ ਦੇ ਸਿਵਿਆਂ ਦੀ ਗਿਣਤੀ ਕਰਨੀ ਮੁਹਾਲ ਹੋ ਗਈ ਸੀ।

ਅੱਬੂ ਦੇ ਜੁਆਬ ਨੂੰ ਅਣਗੌਲਿਆ ਕਰਕੇ ਧੀ ਨੇ ਨਵਾਂ ਸੁਆਲ ਪੁੱਛ ਲਿਆ। " ਅੱਬੂ ! ਉਹ ਲੜਦੇ ਹੀ ਕਿਉਂ ਨੇ ? ਉਹ ਤਾਂ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੇ ਵੀ ਨਹੀਂ ਹੋਣੇ। "

"ਹਾਂ....ਉਹਨਾਂ ਦੀ ਤਾਂ ਆਪਸ ਵਿੱਚ ਕੋਈ ਦੁਸ਼ਮਣੀ ਵੀ ਨਹੀਂ। "

" ਫੇਰ ? "

ਅੱਬੂ ਕੀ ਜੁਆਬ ਦੇਵੇ ਉਸ 'ਫੇਰ ' ਦਾ।

ਕੋਲ ਬੈਠੀ ਮਾਂ ਨੇ ਧੀ ਨੂੰ ਮਿੱਠਾ ਜਿਹਾ ਝਿੜਕਿਆ, " ਤੇਰੇ

ਸੁਆਲ ਹੀ ਨਹੀਂ ਮੁੱਕਦੇ !ਆਪਣੇ ਅੱਬੂ ਨੂੰ ਘੜੀ ਪਲ ਚੈਨ ਵੀ ਤਾਂ ਲੈ ਲੈਣ ਦਿਆ ਕਰ। ”

੦ ੦ ੦

ਇੱਕ ਡੂੰਘੇ ਪੁੱਟੇ ਹੋਏ ਬੰਕਰ ਦੀ ਛੱਤ ਉੱਤੇ ਮਿੱਟੀ ਦੀ ਦੋ ਢਾਈ ਫੁੱਟ ਮੋਟੀ ਤਹਿ ਸੀ। ਮਿੱਟੀ ਦੀ ਉਹ ਤਹਿ ਬੰਕਰ ਦੇ ਅੰਦਰ ਵਾਲਿਆਂ ਦਾ ਬੰਬਾਰੀ ਤੋਂ ਕੁਝ ਹੱਦ ਤੱਕ ਬਚਾਅ ਕਰਦੀ ਸੀ।

ਬਾਹਰ ਮਾਰੂ ਹਥਿਆਰਾਂ ਦਾ ਕੰਨ ਪਾੜਵਾਂ ਰੌਲਾ ਸੀ।

ਬੰਕਰ ਦੇ ਅੰਦਰ ਉਹ ਰੌਲਾ ਕੁਝ ਮੱਧਮ ਸੀ। ਉੱਥੇ ਪਲਟਣ ਦਾ ਹੈੱਡ ਕਲਰਕ ਹੱਥਲ ਹੋਇਆ ਬੈਠਾ ਸੀ। ਉਹਨੇ ਮੋਇਆਂ ਦੇ ਘਰੀਂ ਚਿੱਠੀਆਂ ਭੇਜਣੀਆਂ ਸਨ। ਉਹ ਪਰੇਸ਼ਾਨ ਸੀ। ਉਹਨੂੰ ਏਹੋ ਜਿਹੀਆਂ ਚਿੱਠੀਆਂ ਲਿਖਣ ਦੀ ਮੁਹਾਰਤ ਨਹੀਂ ਸੀ।

ਫੌਜ ਉਹਦਾ ਕਿੱਤਾ ਸੀ। ਮੌਤ ਦੀਆਂ ਚਿੱਠੀਆਂ ਲਿਖਣ ਦੀ ਜਾਚ ਤਾਂ ਉਹਨੂੰ ਹੋਣੀ ਹੀ ਚਾਹੀਦੀ ਸੀ। ਉਹ ਕੀ ਕਰੇ?

ਆਖਰਕਾਰ ਉਹਨੇ ਕਮਾਨ ਅਫ਼ਸਰ ਨੂੰ ਆਪਣੀ ਬੇਬਸੀ ਜਾ ਦੱਸੀ। ਕਮਾਨ ਅਫ਼ਸਰ ਨੇ ਹੈੱਡ ਕਲਰਕ ਦੀ ਔਖ ਨੂੰ ਸਮਝਿਆ ਤੇ ਇੱਕ ਚਿੱਠੀ ਦੀ ਮੁਨਾਸਿਬ ਇਬਾਦਤ ਬੁਣ ਦਿੱਤੀ। ਸਹੂਲਤ ਲਈ ਉਸ ਨੇ ਉਸ ਚਿੱਠੀ ਦੀਆਂ ਸੈਂਕੜੇ ਪ੍ਰਤੀਆਂ ਬਣਾ ਲਈਆਂ। ਸਾਰੇ ਮੋਇਆਂ ਲਈ ਉਹੀ ਇੱਕ ਚਿੱਠੀ ਸੀ, ਪਰ ਵੈਣਾਂ ਵਾਲੇ ਘਰ ਹੋਰ ਹੋਰ ਸਨ। ਉਹ ਚਿੱਠੀ ਦਸਦੀ ਸੀ ਕਿ ਫਲਾਣਾ ਸਿਪਾਹੀ ਦੇਸ਼ ਦੇ ਵਕਾਰ ਦੀ ਜੰਗ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਇਆ ਸੀ ਤੇ ਮਾਣ ਸਤਿਕਾਰ ਦਾ ਹੱਕਦਾਰ ਵੀ ਸੀ। ਚਿੱਠੀ ਵਿੱਚ ਮਾਪਿਆਂ ਲਈ ਭਰਮ ਦਾ ਜਾਲ ਵੀ ਬੁਣਿਆ ਹੋਇਆ ਸੀ। ਮਰਨ ਪਿੱਛੋਂ ਵੀ ਪੁੱਤ ਦੇ ਜਿਊਂਦੇ ਰਹਿਣ ਤੇ ਉਹਦੀ ਯਾਦ ਦੇ ਉੱਚੇ ਮੁਨਾਰਿਆਂ ਦਾ ਜ਼ਿਕਰ ਵੀ ਝਾਉਲੇ ਜਿਹੇ ਵਾਂਗੂੰ ਸੀ। ਕਲਰਕ ਉਸ ਚਿੱਠੀ ਦੇ ਖਾਲੀ ਥਾਵਾਂ ਉੱਤੇ ਮੋਏ ਸੈਨਿਕ ਦਾ ਨੰਬਰ,ਰੈਂਕ ਤੇ ਨਾਮ ਭਰਨ ਵਿੱਚ ਰੁੱਝ ਗਿਆ ਸੀ।

ਉਹਨੇ ਉਬਾਸੀ ਲਈ ਤੇ ਪੈੱਨ ਪਰ੍ਹਾਂ ਰੱਖ ਦਿੱਤਾ। ਕੁਰਸੀ ਤੋਂ ਉੱਠ ਕੇ ਉਹਨੇ ਆਕੜ ਭੰਨੀ ਤੇ ਅਗਲੇ ਛਿਣ ਤ੍ਰਹਿ ਕੇ ਬੈਠ ਗਿਆ। ਥੋੜ੍ਹਾ ਉੱਪਰ ਬੰਕਰ ਦਾ ਝਰੋਖਾ ਸੀ। ਨੇਂ ਜਾਣੀਏ ਕੋਈ ਬੇਮੁਹਾਰੀ ਗੋਲੀ ਝਰੋਖੇ ਦੇ ਰਾਹ ਆਵੇ ਤੇ ਉਹਦੇ ਸਾਹਾਂ ਉੱਤੇ ਵਿਰਾਮ ਲਾ ਦੇਵੇ। ਉਹ ਮੁੜ ਚਿੱਠੀਆਂ ਦੀਆਂ ਖਾਲੀ ਥਾਵਾਂ ਭਰਨ ਵਿੱਚ ਰੁੱਝ ਗਿਆ ਸੀ। ਉਹਦਾ ਕੰਮ ਸੌਖਾ ਹੋ ਗਿਆ ਸੀ, ਪਰ ਉਹ ਸੌਖਾ ਕੰਮ ਅਕੇਵੇਂ ਤੇ ਉਦਾਸੀ ਭਰਿਆ ਸੀ। ਸ਼ਹੀਦਾਂ ਦੇ ਨਾਵਾਂ ਦੀ ਫਹਿਰਿਸਤ ਜਿੰਨੀ ਕੁ ਨਿੱਕੀ ਹੁੰਦੀ ਜਾਂਦੀ ਸੀ,ਓਨੀ ਕੁ ਮੁੜ ਲੰਮੀ ਵੀ ਹੋ ਜਾਂਦੀ ਸੀ।

ਉਹਨੇ ਉਬਾਸੀ ਲਈ ਤੇ ਪੈੱਨ ਪਰ੍ਹਾਂ ਰੱਖ ਦਿੱਤਾ। ਕੁਰਸੀ ਤੋਂ ਉੱਠ ਕੇ ਉਸ ਨੇ ਆਕੜ ਭੰਨੀਏ ਅਗਲੇ ਛਿਣ ਤ੍ਰਹਿ ਕੇ ਬੈਠ ਗਿਆ। ਥੋੜ੍ਹਾ ਉੱਪਰ ਬੰਕਰ ਦਾ ਝਰੋਖਾ ਸੀ। ਨੇਂ ਜਾਣੀਏਂ ਕੋਈ ਗੋਲੀ ਝਰੋਖੇ ਦੇ ਰਾਹ ਆਵੇ ਤੇ ਉਹਦੇ ਸਾਹਾਂ ਉੱਤੇ ਵਿਰਾਮ ਲਾ ਦੇਵੇ। ਉਹ ਮੁੜ ਚਿੱਠੀਆਂ ਦੀਆਂ ਖਾਲੀ ਥਾਵਾਂ ਭਰਨ ਲੱਗ ਪਿਆ।

ਇੱਕ ਸਿਪਾਹੀ ਦੇ ਨੌਂਗੇ ਦੇ ਕਾਲਮ ਭਰਨ ਵੇਲੇ ਹੈੱਡ ਕਲਰਕ ਦਾ ਹੱਥ ਰੁਕ ਗਿਆ।

ਅਦਮ!...ਅਦਮ ਨਾਂ ਸੀ ਉਸ ਸਿਪਾਹੀ ਦਾ। ਕੀ ਉਸ ਸਿਪਾਹੀ ਦੇ ਘਰ ਮੌਤ ਦੀ ਚਿੱਠੀ ਜਾਣੀ ਚਾਹੀਦੀ ਸੀ ?

ਕਿਸੇ ਵੀ ਮੋਰਚੇ ਵਿੱਚੋਂ ਜਾਂ ਮੋਰਚੇ ਦੇ ਨੇੜਿਓਂ ਤੇੜਿਓਂ ਵੀ ਸਿਪਾਹੀ ਅਦਮ ਦੀ ਮੁਰਦਾ ਦੇਹ ਨਹੀਂ ਸੀ ਮਿਲੀ। ਬੱਸ, ਦੋ ਪਛਾਣ ਪੱਤਰੇ ਮਿਲੇ ਸਨ। ਉਹ ਪਛਾਣ ਪੱਤਰੇ ਧਾਤ ਦੇ ਦੋ ਟੁਕੜੇ ਸਨ, ਜੀਹਨਾ ਉੱਤੇ ਅਦਮ ਦਾ ਨੰਬਰ, ਰੈਂਕ, ਨਾਮ, ਖ਼ੂਨ ਦਾ ਵਰਗ ਅਤੇ ਧਰਮ ਖੁਣਿਆਂ ਹੋਇਆ ਸੀ।

ਹਰ ਸੈਨਿਕ ਕੋਲ ਹੀ ਇਹੋ ਜਿਹੇ ਦੋ ਪਛਾਣ ਪੱਤਰੇ ਸਨ। ਲੜਾਈ ਉੱਤੇ ਜਾਣ ਵੇਲੇ ਉਹ ਇੱਕ ਪਛਾਣ ਪੱਤਰਾ ਗੁੱਟ ਉੱਤੇ ਬੰਨ੍ਹ ਲੈਂਦਾ ਸੀ ਤੇ ਦੂਜਾ ਧੌਣ ਦੁਆਲੇ। ਲੜਾਈ ਵੇਲੇ ਕੋਈ ਬੰਬ ਸੈਨਿਕ ਦੇ ਚੀਥੜੇ ਦੂਰ ਤੱਕ ਖਿਲਾਰ ਦੇਂਦਾ ਸੀ। ਦੇਹ ਲੱਭ ਕੇ ਉਹਦੀ ਸ਼ਨਾਖ਼ਤ ਸੰਭਵ ਨਹੀਂ ਸੀ ਪਰ ਖਖੜੀਆਂ ਹੋਏ ਕਿਸੇ ਅੰਗ ਨਾਲ ਲਟਕਿਆ ਪਛਾਣ-ਪੱਤਰਾ ਲੱਭ ਪੈਂਦਾ ਸੀ ਤੇ ਉਹਦੀ ਸ਼ਨਾਖ਼ਤ ਕਰ ਦੇਂਦਾ ਸੀ। ਇਹ ਵੀ ਪਤਾ ਲੱਗ ਜਾਂਦਾ ਸੀ ਕਿ ਧਰਮ ਅਨੁਸਾਰ ਉਹਦਾ ਸਸਕਾਰ ਕਰਨਾ ਹੈ ਕਿ ਦਫ਼ਨ ਕਰਨਾ ਹੈ। ਸੈਨਿਕ ਦੇ ਜ਼ਖਮੀ ਹੋਣ ਦੀ ਸੂਰਤ ਵਿੱਚ ਪਛਾਣ ਪੱਤਰੇ ਦੀ ਸੂਚਨਾ ਅਨੁਸਾਰ ਖ਼ੂਨ ਦੇ ਕੇ ਉਹਨੂੰ ਬਚਾਉਣ ਦਾ ਉਪਰਾਲਾ ਕੀਤਾ ਜਾ ਸਕਦਾ ਸੀ। ਅਦਮ ਦਾ ਤਾਂ ਕੋਈ ਅੰਸ਼ ਵੀ ਅਜੇ ਨਹੀਂ ਸੀ ਮਿਲਿਆ। ਕੀ ਉਹਨੂੰ ਮਰ ਗਿਆ ਮਿੱਥ ਲੈਣਾ ਚਾਹੀਦਾ ਸੀ ? ਮਨ ਵਿੱਚ ਉਲਝਣ ਲੈ ਕੇ ਹੈੱਡ ਕਲਰਕ ਕਮਾਨ ਅਫ਼ਸਰ ਕੋਲ ਚਲਿਆ ਗਿਆ। ਕੁਝ ਚਿਰ ਦੀ ਸੋਚ ਵਿਚਾਰ ਦੇ ਪਿੱਛੋਂ ਕਮਾਨ ਅਫ਼ਸਰ ਨੇ ਸ਼ਹੀਦੀ ਦੀ ਖ਼ਬਰ ਵਾਲੀ ਚਿੱਠੀ ਸਿਪਾਹੀ ਅਦਮ ਦੇ ਘਰ ਭੇਜਣ ਦਾ ਫੈਸਲਾ ਹੁਕਮ ਦਾਗ਼ ਦਿੱਤਾ।

੦ ੦ ੦

ਪੰਚਾਇਤ ਘਰ ਦੇ ਰੇਡੀਓ ਦੀਆਂ ਖ਼ਬਰਾਂ ਸੁਣ ਰੇ ਅੱਬੂ ਘਰ ਪਰਤ ਰਿਹਾ ਸੀ। ਉਹਨੂੰ ਡਾਕੀਆ ਰਾਹ ਵਿੱਚ ਹੀ ਮਿਲ ਪਿਆ। ਉਹਦੇ ਕੋਲ ਸਿਪਾਹੀ ਅਦਮ ਦੀ ਮੌਤ ਵਾਲੀ ਚਿੱਠੀ ਸੀ। ਅੱਬੂ ਨੇ ਬੰਦ ਲਿਫਾਫੇ ਦਾ ਮਜ਼ਮੂਨ ਭਾਂਪ ਲਿਆ। ਡਾਕੀਏ ਦੇ ਜਾਣ ਪਿੱਛੋਂ ਵੀ ਉਹ ਜੜ੍ਹ ਹੋਇਆ ਉੱਥੇ ਹੀ ਖਲੋਤਾ ਰਿਹਾ। ਉਹ ਭਮੱਤਰਿਆ ਹੋਇਆ ਸੀ। ਉਹਦੀ ਸੋਚ ਬਰਫ਼ ਹੋ ਗਈ ਸੀ। ਉਹ ਕੀ ਕਰੇ?

ਉਹ ਇੱਕ ਸ਼ਹੀਦ ਦਾ ਪਿਓ ਸੀ ਰੋਣਾ ਵਰਜਿਤ ਸੀ ਉਹਦੇ ਲਈ। ਪਿਰਤਾਂ ਆਖਦੀਆਂ ਸਨ ਕਿ ਉਹ ਆਪਣੇ ਪੁੱਤ ਦੀ ਮੌਤ ਉੱਤੇ ਮਾਣ ਮਹਿਸੂਸ ਕਰੇ। ਹੰਝੂਆਂ ਦੇ ਹੜ੍ਹ ਸਾਮ੍ਹਣੇ ਉਹਨੇ ਬੰਨ੍ਹ ਮਾਰ ਦਿੱਤਾ।

੦ ੦ ੦

ਚਿੱਠੀ ਦੇ ਖੁੱਲ੍ਹਣ ਸਾਰ ਹੀ ਵਿਹੜੇ ਵਿੱਚ ਵੈਣ ਉੱਚੇ ਹੋ ਜਾਣੇ ਸਨ। ਕੀਰਨਿਆਂ ਨਾਲ ਘਰ ਦੀਆਂ ਕੰਧਾਂ ਤ੍ਰੇੜੀਆਂ ਜਾਣਗੀਆਂ ਜਾਣੀਆਂ ਸਨ। ਉਹਦੀਆਂ ਅੱਖਾਂ ਦੇ ਬੀਆਬਾਨ ਵਿੱਚ ਸੈਲਾਬ ਆ ਜਾਣਾ ਸੀ। ਉਹਨੇ ਚਿੱਠੀ ਬੰਦ ਹੀ ਰਹਿਣ ਦਿੱਤੀ। ਉਹ ਘਰ

ਵੱਲ ਤੁਰਿਆ ਤਾਂ ਘੋਰ ਉਦਾਸੀ ਵੀ ਉਹਦੇ ਨਾਲ ਤੁਰ ਪਈ।

ਚਿੱਠੀ ਦੇ ਖੁੱਲਣ ਸਾਰ ਹੀ ਵਿਹੜੇ ਵਿੱਚ ਵੈਣ ਉੱਚੇ ਹੋ ਜਾਣੇ ਸਨ। ਕੀਰਨਿਆਂ ਨਾਲ ਘਰ ਦੀਆਂ ਕੰਧਾਂ ਤ੍ਰੇੜੀਆਂ ਜਾਣੀਆਂ ਸਨ। ਉਹਦੀਆਂ ਅੱਖਾਂ ਦੇ ਬੀਆਬਾਨ ਵਿੱਚ ਸੈਲਾਬ ਆ ਜਾਣਾ ਸੀ। ਉਹਨੇ ਚਿੱਠੀ ਬੰਦ ਹੀ ਰਹਿਣ ਦਿੱਤੀ।

ਵਿਹੜਾ ਸੁੰਞਾ ਸੀ। ਮਾਂ ਧੀ ਸ਼ਾਇਦ ਕਿਧਰੇ ਆਂਢ ਗੁਆਂਢ ਗਈਆਂ ਹੋਈਆਂ ਸਨ। ਕਮਰੇ ਅੰਦਰ ਵੜ ਕੇ ਉਸ ਨੇ ਬੂਹਾ ਢੋਅ ਲਿਆ ਤੇ ਗੁੰਮ ਸੁੰਮ ਜਿਹਾ ਮੰਜੇ ਉੱਤੇ ਲੰਮਾਂ ਪੈ ਗਿਆ। ਖਾਲੀ ਨਜ਼ਰਾਂ ਛੱਤ ਵੱਲ ਵੇਖਣ ਲੱਗ ਪਈਆਂ। ਅੱਬੂ ਨੇ ਜੇਬ ਵਿਚੋਂ ਲਿਫ਼ਾਫ਼ਾ ਕੱਢ ਕੇ ਖੋਲ੍ਹ ਲਿਆ। ਮਟਮੈਲੇ ਹਨੇਰੇ ਵਿੱਚ ਉਹਨੇ ਚਿੱਠੀ ਪੜ੍ਹਨ ਦਾ ਯਤਨ ਕੀਤਾ। ..... ਤੇ ਫਿਰ ਚਿੱਠੀ ਉਹਦੇ ਹੱਥੋਂ ਭੁੰਜੇ ਡਿੱਗ ਪਈ।

ਅੱਬੂ ਨੂੰ ਲੱਗਾ ਅਦਮ ਮੰਜੇ ਦੀ ਹੀਅ ਉੱਤੇ ਆਣ ਬੈਠਾ ਸੀ। ਅਦਮ ਦੀ ਏਹੋ ਆਦਤ ਸੀ। ਉਹ ਬਾਹਰੋਂ ਗੱਲਾਂ ਦਾ ਪਟਾਰਾ ਲੈ ਕੇ ਘਰ ਆਉਂਦਾ ਸੀ। ਇਸ ਤਰ੍ਹਾਂ ਹੀ ਅੱਬੂ ਦੇ ਕੋਲ ਮੰਜੇ ਦੀ ਹੀਅ ਉੱਤੇ ਬੈਠ ਜਾਂਦਾ ਸੀ ਤੇ ਗੱਲਾਂ ਛੋਹ ਲੈਂਦਾ ਸੀ। ਉਦੋਂ ਅਦਮ ਨਿੱਕਾ ਸੀ ਪਰ ਸਕੂਲ ਦੀਆਂ ਮੁਢਲੀਆਂ ਜਮਾਤਾਂ ਉਹਨੇ ਟੱਪ ਲਈਆਂ ਸਨ। ਇੱਕ ਦਿਨ ਸਾਹੋ- ਸਾਹੀ ਹੋਇਆ ਉਹ ਘਰ ਆਇਆ ਸੀ। ਸਕੂਲ ਤੋਂ ਵਾਪਸ ਮੁੜਦਿਆਂ ਉਹਨੇ ਪਿੰਡ ਦੇ ਦੋ ਧੜਿਆਂ ਦੀ ਲੜਾਈ ਅੱਖੀਂ ਵੇਖੀ ਸੀ। ਡਾਂਗਾਂ ਵਰ੍ਹੀਆਂ ਸਨ, ਸਿਰ ਪਾਟੇ ਸਨ। ਦੋਹਾਂ ਧਿਰਾਂ ਦੇ ਲੋਕ ਲਹੂ ਲੁਹਾਨ ਹੋਏ ਸਨ। ਵਾਰਦਾਤ ਸੁਣਾ ਰੇ ਉਸ ਪੁੱਛਿਆ ਸੀ, " ਅੱਬੂ ! ਇਹ ਵੱਡੇ ਨਿੱਕਿਆਂ ਵਾਂਗੂੰ ਕਿਉਂ ਨਹੀਂ ਲੜਦੇ ?"

"ਨਿੱਕਿਆਂ ਵਾਂਗੂੰ ਕਿੱਤਰਾਂ ?"

"ਅਸੀਂ ਯਾਰ ਬੇਲੀ ਵੀ ਕਈ ਵਾਰ ਆਪਸ ਵਿੱਚ ਲੜ ਪੈਂਦੇ ਹਾਂ। ਫੇਰ ਆਪੇ ਮੰਨ ਵੀ ਜਾਂਦੇ ਹਾਂ। ਕਈ ਵਾਰ ਚੀਜੀ ਵੀ ਆਪਸ ਵਿੱਚ ਵੰਡ ਕੇ ਖਾ ਲੈਂਦੇ ਹਾਂ। "

"ਵੱਡੇ ਬਾਲਾਂ ਵਰਗੇ ਜੁ ਨਹੀਂ ਹੁੰਦੇ।" ਅੱਬੂ ਨੂੰ ਉਦੋਂ ਬੱਸ ਏਨਾ ਕੁ ਹੀ ਜੁਆਬ ਅਹੁੜਿਆ ਸੀ।

ਹੁਣ ਤਾਂ ਅਦਮ ਵੱਡਾ ਹੋ ਗਿਆ ਸੀ। ਕੀ ਵੱਡਿਆਂ ਵਾਂਗੂ ਲੜਨਾ ਉਹਦੀ ਮਰਜ਼ੀ ਸੀ? ਅੱਬੂ ਜਾਣਦਾ ਸੀ, ਮਰਜ਼ੀ ਰਾਜੇ ਦੀ ਹੁੰਦੀ ਏ ਪਰਜਾ ਦੀ ਨਹੀਂ।

...ਤੇ ਅਦਮ ਮਰ ਗਿਆ ਸੀ।

ਮਾਂ ਤੇ ਧੀ ਅਚਾਨਕ ਹੀ ਕਮਰੇ ਅੰਦਰ ਆਣ ਵੜੀਆਂ ਸਨ। ਉਹਨਾਂ ਦੀ ਦਹਾੜ ਸਿਰਫ਼ ਵਿਹੜਾ ਹੀ ਨਹੀਂ ਸੀ ਟੱਪੀ, ਸੱਥ ਵਾਲੇ ਬੋਹੜ ਤੋਂ ਵੀ ਅਗਾਂਹ ਲੰਘ ਗਈ ਸੀ। ਬੋਹੜ ਦੀ ਪਨਾਹ ਵਿੱਚ ਬੈਠੇ ਪੰਛੀਆਂ ਨੇ ਪਰ ਫੜਫੜਾਏ ਸਨ।

ਅਦਮ ਦਾ ਤਾਬੂਤ ਘਰ ਨਹੀਂ ਸੀ ਆਇਆ। ਤਾਬੂਤ ਲਈ ਅਦਮ ਕਿਧਰੇ ਹੈ ਵੀ ਨਹੀਂ ਸੀ। ਘਰ ਵਾਲਿਆਂ ਦੀ ਉਡੀਕ ਹੰਭ ਗਈ ਸੀ। ਮੁਲਕ ਵੀ ਹੰਭ ਗਏ ਸਨ।

ਜੰਗ ਮੁੱਕ ਗਈ।

ਆਪਸੀ ਪਿਆਰ ਤੇ ਭਾਈਚਾਰੇ ਦੇ ਪੁਰ ਖ਼ਲੂਸ ਮਾਹੌਲ ਵਿੱਚ ਬੈਠ ਕੇ ਦੋਹਾਂ ਧਿਰਾਂ ਨੇ ਸੰਧੀ ਕਰ ਲਈ। ਉਹਨਾਂ ਇੱਕ ਦੂਜੇ ਦੀ ਮੱਲੀ ਹੋਈ ਜ਼ਮੀਨ ਵੀ ਮੋੜ ਦਿੱਤੀ।

ਜੰਗ ਦੇ ਹੰਭੇ ਹੋਏ ਸਿਪਾਹੀ ਅੱਧੇ ਅਧੂਰੇ ਘਰਾਂ ਨੂੰ ਪਰਤ ਆਏ ਸਨ। ਕੁਝ ਸਿਪਾਹੀ ਵੇਖਣ ਨੂੰ ਪੂਰੇ ਵੀ ਸਨ ਪਰ ਉਹ ਪੂਰੇ ਨਹੀਂ ਸਨ। ਜੰਗ ਮੁੱਕਣ ਪਿੱਛੋਂ ਮੋਏ ਸੈਨਿਕਾਂ ਦੇ ਘਰ ਟੁੱਟੇ ਹੋਏ ਘਰਾਂ ਨੂੰ ਸਬੂਤੇ ਕਰਨ ਦੀ ਜੰਗ ਲੜਨ ਲੱਗ ਪਏ ਸਨ।

ਜੰਗ ਹਰ ਕੋਈ ਹਾਰਦਾ ਹੈ। ਉਹਨਾਂ ਵੀ ਕਦੋਂ ਜਿੱਤੀ ਸੀ? ਪਰ ਸਕੂਲਾਂ ਦੀਆਂ ਪਾਠ ਪੁਸਤਕਾਂ ਲਈ ਉਹ ਜਿੱਤ ਦੀ ਇਬਾਰਤ ਲਿਖਣ ਲੱਗ ਪਏ ਸਨ।

○ ○ ○

ਸਿਰ ਉੱਤੋਂ ਵਕਤ ਦੇ ਕਈ ਵਰ੍ਹੇ ਟੱਪ ਗਏ। ਜੰਗ ਪਿੱਛੇ ਰਹਿ ਗਈ ਤੇ ਵਕਤ ਅਗਾਂਹ ਲੰਘ ਗਿਆ। ਦੁਨੀਆਦਾਰ ਦੁਨੀਆਂਦਾਰੀ ਵਿੱਚ ਉਲਝ ਗਏ।

ਅੱਬੂ ਦੀ ਧੀ ਦੇ ਸ਼ਗਨ ਸਾਰਥ ਪੂਰੇ ਹੋਏ ਤੇ ਉਹ ਆਪਣੇ ਸਹੁਰੇ ਘਰ ਜਾ ਵੱਸੀ। ਪੁੱਤ ਦੇ ਗ਼ਮ ਵਿੱਚ ਮਾਂ ਵੀ ਬੀਤ ਗਈ। ਅੱਬੂ ਉਜਾੜਾਂ ਦਾ ਰੁੱਖ ਹੋ ਗਿਆ। ਉਹਨੇ ਆਪਣੇ ਮਨ ਨਾਲ ਪੱਕੀ ਧਾਰ ਲਈ ਕਿ ਅਦਮ ਦੇ ਦਫ਼ਨ ਦਾ ਮੁਕਾਮ ਲੱਭਣ ਤੋਂ ਪਿੱਛੋਂ ਹੀ ਮਰਨਾ ਏਂ। ਉਹ ਮੋਇਆਂ ਵਾਂਗੂੰ ਸੀ ਫਿਰ ਵੀ ਜਿਊਂਦਾ ਹੀ ਰਿਹਾ।

ਅੱਬੂ ਦਾ ਹੱਠ ਉਹਦੀ ਖੱਜਲ ਖੁਆਰੀ ਦਾ ਆਰੰਭ ਸੀ। ਭਟਕਣਾ ਦੇ ਰਾਹਾਂ ਦਾ—ਘੱਟਾ ਉਹਦੇ ਉੱਤੇ ਪੈਂਦਾ ਰਿਹਾ। ਕਬਰ ਦੀ ਪੈੜ ਲੱਭਦਾ ਅੱਬੂ ਬੁੱਢਾ ਹੋ ਗਿਆ।

ਤੋਰੇ ਫੇਰੇ ਦੇ ਇੱਕ ਦਿਨ ਉਹ ਸਾਬਕਾ ਫੌਜੀਆਂ ਦੀ ਸਹਾਇਤਾ ਲਈ ਬਣੇ ਇੱਕ ਹੋਰ ਦਫ਼ਤਰ ਵਿੱਚ ਪਹੁੰਚ ਗਿਆ। ਉਸ ਆਖਿਆ "ਮੈਨੂੰ ਸਿਰਨਾਵਾਂ ਚਾਹੀਦਾ ਏ ਆਪਣੇ ਪੁੱਤ ਦੀ ਕਬਰ ਦਾ।" ਉੱਥੇ ਉਹ ਸਿਰਨਾਵਾਂ ਨਹੀਂ ਸੀ। ਸ਼ਾਇਦ ਕਿਧਰੇ ਵੀ ਨਹੀਂ ਸੀ। ਉਸ ਦਫ਼ਤਰ ਦੀਆਂ ਪੌੜੀਆਂ ਉੱਤਰਦਿਆਂ ਅੱਬੂ ਦਾ ਪੈਰ ਥਿੜਕ ਗਿਆ। ਉਹਨੂੰ ਡਿੱਗਣ ਲੱਗੇ ਨੂੰ ਮਜ਼ਬੂਤ ਹੱਥਾਂ ਨੇ ਸੰਭਾਲ ਲਿਆ। ਉਹ ਹੱਥ ਇੱਕ ਮਿਹਰਬਾਨ ਸਾਬਕਾ ਫੌਜੀ ਦੇ ਸਨ। ਉਹਨੇ ਅੱਬੂ ਦੀ ਵਿਥਿਆ ਸੁਣੀ। ਉਹ ਇਸੇ ਰਾਹੋਂ ਲੰਘਿਆ ਹੋਇਆ ਸੀ। ਅੱਬੂ ਨੂੰ ਇੱਕ ਅਖਬਾਰ ਦੇ ਦਫ਼ਤਰ ਲੈ ਗਿਆ। ਉੱਥੇ ਅਖਬਾਰ ਦੇ ਸ਼ੁਰੂ ਵੇਲੇ ਤੋਂ ਹੁਣ ਤੱਕ ਦਾ ਸਾਰਾ ਰੀਕਾਰਡ ਮੁਹੱਈਆ ਸੀ। ਬਣਦੀ ਰਾਸ਼ੀ ਜਮ੍ਹਾਂ ਕਰਵਾ ਕੇ ਉਹਨਾਂ ਨੂੰ ਜੰਗ ਵੇਲੇ ਦੀਆਂ ਅਖਬਾਰਾਂ ਫਰੋਲਣ ਦੀ ਆਗਿਆ ਮਿਲ ਗਈ। ਇੱਕ ਖ਼ਬਰ ਨੇ ਉਹਨਾਂ ਨੂੰ ਏਨਾ ਕੁ ਦੱਸ ਦਿੱਤਾ ਕਿ ਉੱਜੜੇ ਪਹਾੜਾਂ ਦੇ ਜੰਗਲ ਵਾਲੇ ਖਿੱਤੇ ਵਿੱਚ ਇੱਕ ਕਬਰਾਂ ਦਾ ਜੰਗਲ ਵੀ ਸੀ। ਇਸ ਫੈਸਲਾਕੁਨ ਲੜਾਈ ਦੇ ਬਹੁਤ ਸਾਰੇ ਸ਼ਹੀਦ ਉੱਥੇ ਦਫ਼ਨ ਕੀਤੇ ਗਏ ਸਨ। ਗੁੰਮਨਾਮ ਪਹਾੜਾਂ ਦਾ ਅਤੇ ਬੇਥਵੇ ਜੰਗਲ ਦਾ ਉਸ ਖ਼ਬਰ ਵਿੱਚ, ਥਹੁ- ਪਤਾ ਬਹੁਤਾ ਨਹੀਂ ਸੀ। ਅੱਬੂ ਨੂੰ ਜਾਪਿਆ ਅਦਮ ਦੇ ਟਿਕਾਣੇ ਦੀ ਏਨੀ ਕੁ ਜਾਣਕਾਰੀ ਵੀ ਬਹੁਤ

ਸੀ ਉਹਦੇ ਲਈ।

ਬੁੱਢੇ ਅੱਬੂ ਨੇ ਉਸ ਸੁਰਾਗ ਦੀ ਪੈੜ ਨੱਪ ਲਈ ਤੇ ਜਾਣ ਲਈ ਤਿਆਰ ਹੋ ਗਿਆ। ਕਰੀਬੀਆਂ ਨੇ ਉਸ ਨੂੰ ਸਮਝਾਇਆ,"ਵੇਖ ਅੱਬੂ ! ਤੂੰ ਬੁੱਢਾ ਹੋ ਗਿਆ ਹੈਂ। ਬਿਖੜੇ ਪੈਂਡੇ ਤੇ ਨਾ ਜਾਹ। "

ਉਸ ਵੇਲੇ ਅੱਬੂ ਦੇ ਝੋਲੇ ਵਿੱਚ ਗੁਲਾਬ ਦੇ ਸੂਹੇ ਫੁੱਲ ਸਨ। ਉਸ ਦਾ ਤੁਰਨਾ ਹੀ ਬਣਦਾ ਸੀ, ਸੁੰਨਸਾਨ ਵਿਹੜੇ ਵਿੱਚ ਖਲੋਤੇ ਰਹਿਣ ਨਾਲੋਂ ਤੁਰਨਾ ਸਹੀ ਸੀ।

o o o

ਉਹ ਰਾਹ ਸੁੰਞ ਮਸਾਣ ਸੀ। ਕੰਡਿਆਲੀਆਂ ਝਾੜੀਆਂ ਉਸ ਰਾਹ ਵੱਲ ਉੱਲਰੀਆਂ ਹੋਈਆਂ ਸਨ। ਕਿਧਰੇ ਕਿਧਰੇ ਝਾੜੀਆਂ ਨੇ ਉਸ ਰਾਹ ਨੂੰ ਢੱਕਿਆ ਹੋਇਆ ਸੀ। ਉਹ ਰਾਹ ਜੰਗਲੀ ਜਾਨਵਰਾਂ ਦੇ ਬਣਾਏ ਹੋਏ ਰਾਹਾਂ ਵਰਗਾ ਸੀ। ਉਸ ਤਰ੍ਹਾਂ ਦੇ ਰਾਹ ਕਦੀ ਪਾਣੀ ਦੇ ਕਿਸੇ ਸਰੋਤ ਉੱਤੇ ਜਾ ਕੇ ਮੁੱਕ ਜਾਂਦੇ ਸਨ ਤੇ ਕਦੀ ਜੰਗਲੀ ਝਾੜੀਆਂ ਵਿੱਚ ਗੁਆਚ ਜਾਂਦੇ ਸਨ। ਅੱਬੂ ਨੂੰ ਡਰ ਸੀ ਕਿਧਰੇ ਉਹਦੇ ਪੈਰਾਂ ਹੇਠਲਾ ਰਾਹ ਵੀ ਉਹਨਾਂ ਰਾਹਾਂ ਵਾਂਗੂੰ ਗੁਆਚ ਨਾ ਜਾਵੇ। ਉਸ ਰਾਹ ਉੱਤੇ ਸਿਰਫ ਉਹੀ ਇੱਕ ਸੀ। ਨਾ ਉਹਦੇ ਅੱਗੇ ਕੋਈ ਤੁਰ ਰਿਹਾ ਸੀ ਤੇ ਨਾ ਪਿੱਛੇ।

ਉਸ ਰਾਹ ਦੇ ਰੁੱਖ ਬੁੱਢੇ ਸਨ। ਪਹਾੜੀ ਦੇ ਸਿਖਰ ਵੱਲ ਤੁਰਦਿਆਂ ਅੱਬੂ ਦਾ ਸਾਹ ਟੁੱਟਣ ਲੱਗ ਪਿਆ। ਪਰ ਹੱਠਧਰਮੀ ਨੇ ਅੱਬੂ ਨੂੰ ਤੋਰੀ ਰੱਖਿਆ।

ਪਹਾੜੀ ਦੇ ਸਿਖਰ ਉੱਤੇ ਉਹਨੇ ਪਹਿਲਾ ਪੈਰ ਧਰਿਆ। ਦੂਜਾ ਪੈਰ ਪੁੱਟਣ ਵੇਲੇ ਉਹ ਘੁਮਾਟਣੀ ਖਾ ਕੇ ਡਿੱਗ ਪਿਆ। ਅਗਲੇ ਪਾਸੇ ਢਲਾਣ ਸੀ। ਉਹ ਢਲਾਣ ਤੋਂ ਦੂਰ ਤੱਕ ਰਿੜ੍ਹਿਆ ਤੇ ਫਿਰ ਇੱਕ ਉੱਭਰਵੇਂ ਪੱਥਰ ਨਾਲ ਅਟਕ ਗਿਆ। ਉਹਦੀਆਂ ਨਜ਼ਰਾਂ ਸਾਹਮਣੇ ਭੰਬਰ ਤਾਰੇ ਨੱਚਣ ਲੱਗ ਪਏ। ਉਹਦੇ ਉੱਤੇ ਹਨੇਰਾ ਹਾਵੀ ਹੋਣ ਲੱਗ ਪਿਆ। ਉਹਨੇ ਯਤਨਾਂ ਨਾਲ ਅੱਖਾਂ ਉਘੇੜੀਆਂ। ਸਾਹਮਣੇ ਸੈਨਿਕਾਂ ਦੀਆਂ ਲਾਸ਼ਾਂ ਦਾ ਉੱਚਾ ਪਹਾੜ ਉਸਰਿਆ ਹੋਇਆ ਸੀ। ਹਨੇਰੇ ਦੇ ਆਕਾਰ ਉਹਨਾਂ ਲਾਸ਼ਾਂ ਉੱਪਰ ਹੀ ਹੋਰ ਲਾਸ਼ਾਂ ਸੁੱਟੀ ਜਾ ਰਹੇ ਸਨ। ਅੱਗ ਸੀ ਜਾਂ ਸ਼ਾਇਦ ਮਿੱਟੀ ਸੀ, ਸੇਕ ਮਾਰ ਰਹੀ ਸੀ। ਉਸ ਸੇਕ ਨਾਲ ਮਾਸ ਪਿਘਲ ਰਿਹਾ ਸੀ।

ਖੋਪੜੀਆਂ ਦੇ ਦੰਦ ਨੰਗੇ ਹੋ ਗਏ ਸਨ। ਖੋਪੜੀਆਂ ਹੱਸ ਰਹੀਆਂ ਸਨ, ਕਹਿਕਹੇ ਲਾ ਰਹੀਆਂ ਸਨ।...ਤੇ ਫਿਰ ਬੇਹੋਸ਼ੀ ਨੇ ਉਹਦਾ ਜ਼ਿਹਨ ਮੱਲ ਲਿਆ।

o o o

ਉਹ ਬਹੁਤ ਦੇਰ ਤੱਕ ਉਸ ਪੱਥਰ ਨਾਲ ਅਟਕਿਆ ਪਿਆ ਰਿਹਾ। ਜਦੋਂ ਹੋਸ਼ ਆਈ ਸੂਰਜ ਕੁਝ ਢਲਿਆ ਹੋਇਆ ਸੀ। ਉਹਦਾ ਸਰੀਰ ਪੀੜ ਪੀੜ ਸੀ। ਉਹਦੇ ਜਿਸਮ ਉੱਤੇ ਥਾਂ ਥਾਂ ਨੋਕੀਲੇ ਪੱਥਰਾਂ ਦੇ ਜ਼ਖ਼ਮ ਸਨ। ਉਹਨਾਂ ਜ਼ਖ਼ਮਾਂ ਵਿੱਚੋਂ ਲਹੂ ਸਿੱਮ ਆਇਆ ਸੀ।

ਬੁੱਢੇ ਅੱਬੂ ਨੇ ਕਸੀਸ ਵੱਟੀ, ਅਰਕਾਂ ਦੇ ਭਾਰ ਉੱਠਣ ਦਾ ਯਤਨ ਕੀਤਾ ਤੇ ਮੁੜ ਢਹਿ ਢੇਰੀ ਹੋ ਗਿਆ। ਕੁਝ ਚਿਰ ਉਹ ਉਸੇ ਤਰ੍ਹਾਂ ਹੀ ਪਿਆ ਪਿਆ ਲੰਮੇ ਸਾਹ ਲੈਂਦਾ ਰਿਹਾ। ਹੌਂਸਲੇ ਨਾਲ ਸਰੀਰ ਦੀ ਤਾਕਤ ਨੂੰ ਉਹਨੇ ਮੁੜ ਇਕਾਗਰ ਕੀਤਾ ਤੇ ਇੱਕੋ ਹੰਭਲੇ ਨਾਲ ਉੱਠ ਕੇ ਬਹਿ ਗਿਆ। ਸਾਹਮਣੇ ਉਹਦੀ ਨਜ਼ਰ ਦੇ ਪਸਾਰ ਤੱਕ ਕਬਰਾਂ ਦਾ ਹਜੂਮ ਸੀ, ਕਤਬਿਆਂ ਦਾ ਮੇਲਾ ਸੀ। ਉਹ ਕਬਰਾਂ ਵਕਤ ਦੀ ਮਾਰ ਹੇਠ ਸਨ। ਬਹੁਤ ਸਾਰੇ ਕਤਬੇ ਟੇਢੇ ਮੇਢੇ ਸਨ। ਕਬਰਾਂ ਉੱਖੜੀਆਂ ਜਿਹੀਆਂ ਵਿਖਾਈ ਦੇ ਰਹੀਆਂ ਸਨ। ਕਬਰਾਂ ਦੀਆਂ ਵਿਰਲਾਂ ਵਿੱਚ ਸਰਕੜਾ ਉੱਗਿਆ ਹੋਇਆ ਸੀ। ਮੌਸਮ ਦੇ ਮੀਹਾਂ ਨੇ ਕਬਰਾਂ ਦਾ ਰੰਗ ਧੁਆਂਖ ਦਿੱਤਾ ਸੀ। ਜ਼ਿਆਦਾਤਰ ਕਬਰਾਂ ਉੱਤੇ ਕਾਈ ਜੰਮੀ ਹੋਈ ਸੀ। ਚੁਫੇਰੇ ਜੰਗਲੀ ਬੂਟੀ ਦਾ ਪਸਾਰਾ ਸੀ।

ਕਤਬਿਆਂ ਤੇ ਉੱਕਰੇ ਹੋਏ ਮੋਹ- ਮਮਤਾ ਤੇ ਪਿਆਰ-ਮੁਹੱਬਤ ਦੇ ਸੁਨੇਹੇ ਕੁਝ ਅੱਧੇ-ਅਧੂਰੇ ਸਨ ਤੇ ਕੁਝ ਪੂਰੇ। ਕੁਝ ਕਤਬਿਆਂ ਦੇ ਅੱਖਰਾਂ ਉੱਤੇ ਤਾਂ ਵਕਤ ਨੇ ਪੋਚਾ ਫੇਰਿਆ ਹੋਇਆ ਸੀ। ਕਬਰਾਂ ਗਰੀਬ ਸਨ। ਲਗਦਾ ਸੀ ਚੇਤਿਆਂ ਦੇ ਪਿਆਰ ਤੋਂ ਵਿਰਵੀਆਂ ਹੋ ਗਈਆਂ ਨੇ।

ਉਹਨਾਂ ਬੇ-ਪਛਾਣ ਹੋਈਆਂ ਕਬਰਾਂ ਵਿੱਚ ਅਦਮ ਕਿਧਰੇ ਵੀ ਨਹੀਂ ਸੀ। ਅੱਬੂ ਬਹੁਤ ਦੇਰ ਤੱਕ ਕਬਰਾਂ ਵਿੱਚ ਤੁਰਿਆ ਫਿਰਦਾ ਰਿਹਾ।

ਉਹ ਬਹੁਤ ਥੱਕ ਗਿਆ ਸੀ।

ਉਹ ਇੱਕ ਕਬਰ ਨਾਲ ਢੋਹ ਲਾ ਕੇ ਬੈਠ ਗਿਆ। ਉਹ ਕਬਰ ਵੀ ਕਿਸੇ ਇੱਕ ਪੁੱਤ ਦੀ ਸੀ।

ਮੋਢੇ ਨਾਲੋਂ ਝੋਲਾ ਉਤਾਰ ਕੇ ਅੱਬੂ ਨੇ ਸਾਹਮਣੇ ਧਰ ਲਿਆ। ਉਸ ਝੋਲੇ ਵਿੱਚ ਅਦਮ ਲਈ ਲਿਆਂਦੇ ਹੋਏ ਫੁੱਲ ਸਨ। ਡੂੰਘਾ ਪੈਂਡਾ ਤੈਅ ਕਰਨ ਤੋਂ ਪਿੱਛੋਂ ਤੱਕ ਉਹ ਫੁੱਲ ਸੂਹੇ ਨਹੀਂ ਸਨ ਰਹੇ, ਨਸਵਾਰੀ ਹੋ ਗਏ ਸਨ। ਫੁੱਲ- ਪੱਤੀਆਂ ਮੁਰਝਾ ਗਈਆਂ ਸਨ। ਹੁਣ ਫੁੱਲ ਉਹ ਕਿਹੜੀ ਕਬਰ ਉੱਤੇ ਧਰੇ ?

ਜੇ ਪੁੱਤ ਦੇ ਨਾਂ ਦੀ ਕੋਈ ਕਬਰ ਉੱਥੇ ਨਹੀਂ ਸੀ ਤਾਂ ਜੀਹਨਾ ਦੇ ਨਾਂ ਦੀਆਂ ਕਬਰਾਂ ਉੱਥੇ ਸਨ, ਉਹ ਸਾਰੇ ਵੀ ਤਾਂ ਪੁੱਤ ਸਨ।

ਅੱਬੂ ਉੱਠ ਕੇ ਖਲੋ ਗਿਆ। ਉਹਨਾਂ ਪੁੱਤਾਂ ਦੀਆਂ ਕਬਰਾਂ ਉੱਤੇ ਫੁੱਲ ਖਿਲਾਰਨ ਲੱਗ ਪਿਆ।

ਫੁੱਲ ਪੱਤੀਆਂ ਹਵਾ ਦੇ ਝੋਂਕਿਆਂ ਨਾਲ ਇੱਧਰ ਉੱਧਰ ਉੱਡਣ ਲੱਗ ਪਈਆਂ।

ਬੁੱਢੇ ਅੱਬੂ ਨੂੰ ਉੱਥੋਂ ਵਾਪਸ ਜਾਣ ਦੀ ਕੋਈ ਕਾਹਲੀ ਨਹੀਂ ਸੀ। ਸੁੰਨੇ ਘਰ ਦੇ ਉੱਚੜੇ ਖਲੇਪੜਾਂ ਨੂੰ ਦੱਸਣ ਗੋਚਰੀ ਕੋਈ ਗੱਲ ਵੀ ਤਾਂ ਨਹੀਂ ਸੀ ਉਹਦੇ ਕੋਲ।

ਉਹ ਹਾਰਿਆ-ਹੁੱਟਿਆ ਕਿਸੇ ਇੱਕ ਪੁੱਤ ਦੀ ਕਬਰ ਕੋਲ ਬੈਠ ਗਿਆ। ਉਹਨੇ ਕਬਰ ਉੱਤੇ ਸਿਰ ਰੱਖ ਦਿੱਤਾ ਤੇ ਭੁੱਬਾਂ ਮਾਰ ਮਾਰ ਰੋਣ ਲੱਗ ਪਿਆ।

ਬੁੱਢੇ ਅੱਬੂ ਦੀਆਂ ਅੱਖਾਂ ਦਾ ਬੀਆਬਾਨ ਚਿਰਾਂ ਤੋਂ ਉਸ ਹੜ੍ਹ ਲਈ ਤਰਸਿਆ ਹੋਇਆ ਸੀ।

**ਮੋਬਾ. 97810 08582**

ਕਹਾਣੀ : **ਸੁਰਿੰਦਰ ਸਿੰਘ ਓਬਰਾਏ**



# ਫਿਊਜ਼ ਹੋਇਆ ਬਲਬ

ਘੰਟੀ ਵੱਜਣ ’ਤੇ ਮੈਂ ਫ਼ੋਨ ਚੁੱਕਿਆ।

‘ਕੌਣ?’

‘ਕੁਮਾਰ’

‘ਕੁ...ਮਾ...ਰ?’

‘ਜੀ ਉਹੀ...ਯਾਦ ਕਰੋ...ਆਪਾਂ...ਇਸੇ ਸਾਲ ਜਨਵਰੀ ਵਿਚ ਬੁੱਕ ਫ਼ੇਅਰ ’ਤੇ ਮਿਲੇ ਸੀ।’

‘ਹਾਂ...ਹਾਂ...ਯਾਦ ਆਇਆ...ਹੋਰ ਦੱਸੋ ਕੁਮਾਰ ਸਾਹਿਬ...ਕੀ ਹਾਲ ਚਾਲ ਨੇ?’

‘ਜੀ ਮੇਰੇ ਪਿਤਾ ਜੀ...ਪਿਤਾ ਜੀ ਮੇਰੇ...ਨਹੀਂ ਰਹੇ...ਸਵੇਰੇ ਹੀ ਆਖ਼ਰੀ ਸਾਹ ਲਿਆ।’

‘ਅਫ਼ਸੋਸ ਹੈ ਜੀ, ਬਹੁਤ ਦੁੱਖ ਹੋਇਆ।’

‘ਜੀ ਚਾਰ ਵਜੇ ਸਸਕਾਰ ਹੈ...ਆਸ ਏ...ਵਕਤ ਕੱਢ ਪਾਓਗੇ...ਮਥਰਾ ਰੋਡ...ਮੁਕਤੀ ਧਾਮ...।’

‘ਜੀ’...ਮੈਂ ਕਿਹਾ ਤੇ ਝੱਟ ਈ ਮੈਂ ਘੜੀ ’ਤੇ ਨਜ਼ਰ ਮਾਰੀ...ਦੁਪਹਿਰ ਦੇ ਇਕ ਵੱਜਣ ਵਾਲੇ ਸਨ। ਵਕਤ ਤਾਂ ਬਹੁਤਾ ਬਚਿਆ ਨਹੀਂ ਸੀ, ਸੋਚਿਆ...ਕੋਈ ਖ਼ਾਸ ਈ ਗੱਲ ਹੋਏਗੀ ਕਿ ਏਨੀ ਕੜਕਦੀ ਦੁਪਹਿਰੇ ਕਿਸੇ ਦਫ਼ਤਰ ਜਾਂ ਕਿਸੇ ਦੁਕਾਨ ’ਤੇ ਜਾ ਕੇ ਮੈਨੂੰ ਫੋਨ ਕਰਨ ਲਈ ਜਾਣਾ ਪਿਆ ਹੋਏਗਾ...ਬਾਕੀ ਸਾਰੇ ਕੰਮ ਛੱਡ ਕੇ...ਕੋਈ ਖ਼ਾਸ ਈ ਗੱਲ ਹੋਏਗੀ...ਖਾਸ ਗੱਲ ਇਹੀ ਹੈ ਕਿ ਸਸਕਾਰ ’ਤੇ ਪਹੁੰਚਾਂ। ਫਿਰ ਮੈਂ ਸੋਚਿਆ ਕਿ ਚਲੋ ਉਸਦੇ ਘਰ ਈ ਪਹੁੰਚਦੇ ਹਾਂ...ਨਜ਼ਦੀਕੀਆਂ ਵੱਧ ਜਾਂਦੀਆਂ ਨੇ। ਆਦਮੀ ਚੰਗਾ ਏ।

ਬਾਹਰ ਨਜ਼ਰ ਦੁੜਾਈ...ਸਿਖਰ ਦੁਪਹਿਰ, ਜੂਨ ਦਾ ਮਹੀਨਾ... ਮੈਂ ਸਕੂਟਰ ਬਾਹਰ ਕੱਢਿਆ, ਕਿੱਕ ਮਾਰੀ ਤੇ ਚੱਲ ਪਿਆ ਨਵੀਂ ਕਲੋਨੀ ਵੱਲ। ਮੈਨੂੰ ਉਸਦੇ ਘਰ ਦਾ ਕੋਈ ਪਤਾ ਨਹੀਂ ਸੀ। ਬੁੱਕ ਫੇਅਰ ਤੋਂ ਸਿੱਧੇ ਹੀ ਮੈਂ ਉਸ ਨਾਲ ਉਸਦੇ ਘਰ ਗਿਆ ਸੀ, ਉਸ ਨੂੰ ਘਰ ਛੱਡਣ ਵਾਸਤੇ। ਆਖ਼ਰੀ ਵਾਰੀ।

ਨਵੀਂ ਕਲੋਨੀ ਪਹੁੰਚ ਕੇ ਮੈਂ ਗਲੀ ਵੱਲ ਸਕੂਟਰ ਮੋੜਿਆ ਤੇ ਸਾਰੀ ਗਲੀ ਲੰਘ ਗਿਆ ਪਰ ਕਿਧਰੇ ਕੋਈ ਐਸਾ ਘਰ ਨਾ ਮਿਲਿਆ ਜਿਥੇ ਕੋਈ ਚਾਰ ਆਦਮੀ ਖੜ੍ਹੇ ਹੋਣ ਜਾਂ ਇਕ ਅੱਧਾ ਕੋਈ ਸ਼ਾਮਿਆਨਾ ਜਿਹਾ ਲੱਗਾ ਹੋਵੇ...ਸ਼ਾਇਦ ਦੂਜੀ ਗਲੀ ਹੋਵੇ। ਫਿਰ ਵੀ ਮੈਂ ਦੁਬਾਰਾ ਚੱਕਰ ਮਾਰਿਆ...ਸਿਖਰ ਦੁਪਹਿਰ...ਨਾ ਬੰਦਾ ਨਾ ਬੰਦੇ ਦੀ ਜਾਤ...ਪੁੱਛੇ ਤੇ ਪੁੱਛੇ...ਕਿਸ ਕੋਲੋਂ? ਕੁਝ ਸਮਝ ਨਾ ਆਈ...ਫਿਰ ਇਕਦਮ ਉਸਦੇ ਘਰ ਦਾ ਨੰਬਰ ਯਾਦ ਆ ਗਿਆ...ਨੰਬਰ ਐਸਾ ਕਿ ਉਸ ਨੂੰ ਯਾਦ ਕਰਨ ਦੀ ਲੋੜ ਨਹੀਂ...420। ਸਕੂਟਰ ਘੁਮਾਇਆ, ਲੱਭਦਾ ਲੱਭਦਾ ਪਹੁੰਚ ਗਿਆ...ਹਾਂ, ਉਹੀ ਘਰ...ਬਿਲਕੁਲ ਉਹੀ। ਗੇਟ ਇਕ ਪਾਸੇ ਨੂੰ ਲਟਕਿਆ ਹੋਇਆ...ਅੰਦਰ ਖੁੱਲ੍ਹਣ ਵੇਲੇ ਫ਼ਰਸ਼ ਨਾਲ ਘਿਸੜਦਾ ਹੋਇਆ...ਪਰ ਆਦਮੀ...ਇਕ ਵੀ ਆਦਮੀ ਨਹੀਂ...ਮੇਨ ਦਰਵਾਜ਼ਾ ਵੀ ਬੰਦ। ਪਰ...ਘਰ ਤਾਂ ਇਹੀ ਸੀ...ਕਿਧਰੇ ਸਮਸ਼ਾਨ ਘਾਟ ਈ ਨਾ ਚਲੇ ਗਏ ਹੋਣ। ਮੈਂ ਹਿੰਮਤ ਕਰਕੇ ਗੇਟ ਲੰਘ ਕੇ ਬੂਹੇ ਨੂੰ ਥਾਪ ਦਿੱਤੀ...ਫਿਰ ਦੂਜੀ ਵਾਰੀ ਦੇ ਕੇ ਮੈਂ ਵਾਪਸੀ ਲਈ ਮੂੰਹ ਮੋੜਨ ਹੀ ਲੱਗਿਆ ਸੀ ਕਿ...ਬੂਹੇ ਦਾ ਇਕ ਭਿਤ ਖਿਸਕਿਆ...ਇਕ ਜ਼ਨਾਨੀ ਦਾ ਮੂੰਹ ਹਨੇਰੇ 'ਚ ਦਿਸਿਆ...।

‘ਕਿਸ ਨੂੰ ਮਿਲਣਾ ਏ?’

‘ਕੁਮਾਰ ਸਾਅਬ...ਨੂੰ’ ਮੇਰੇ ਮੂੰਹੋਂ ਨਿਕਲਿਆ।

‘ਉਹ ਤਾਂ ਘਰ ਨਹੀਂ।’

‘ਜੀ...ਉਨ੍ਹਾਂ ਦੇ ਪਿਤਾ ਜੀ ਦੀ...।’

‘ਹਾਂ...ਹਾਂ...ਠੀਕ ਏ...ਉਹ ਨਹੀਂ ਰਹੇ...ਉਹ ਜ਼ਰਾ ਸਮੱਗਰੀ ਲੈਣ ਗਏ ਨੇ...ਆ ਜਾਉ ਅੰਦਰ...ਆਣਗੇ ਤੇ ਮਿਲ ਲੈਣਾ।’

ਉਹ ਅੱਗੇ ਅੱਗੇ...ਤੇ ਮੈਂ ਪਿੱਛੇ-ਪਿੱਛੇ ਹੋ ਲਿਆ, ਇਕ ਕਮਰਾ...ਹਨੇਰਾ ਹਨੇਰਾ...ਦੂਜਾ ਵੀ ਹਨੇਰਾ ਘੁੱਪ...ਤੀਜਾ ਵੀ ਹਨੇਰਾ ਤੇ ਕੁਝ ਕੁਝ ਲੋਅ। ਨਾਲ ਲੱਗਦਾ ਵਰਾਂਡਾ ਸੀ...ਕੁਝ ਕੁਝ ਦਿਸਣਾ ਸ਼ੁਰੂ ਹੋਇਆ। ਵਰਾਂਡੇ ਦੇ ਖੱਬੇ ਪਾਸੇ...ਅਖ਼ੀਰ ’ਚ ਇਕ ਕਮਰੇ ਦੇ ਬੂਹੇ ਨੂੰ ਉਸੇ ਜ਼ਰਾ ਕੁ ਅੰਦਰਲੇ ਪਾਸੇ ਵੱਲ ਧੱਕਿਆ... ਚੀਂ...ਈਂ...ਦੀ ਆਵਾਜ਼ ਨਾਲ ਬੂਹਾ ਖੁੱਲ੍ਹਿਆ, ਅੰਦਰ ਫਿਰ ਘੁੱਟ ਹਨੇਰਾ, ਕੁਝ ਨਾ ਦਿਸਿਆ। ਉਸਨੇ ਬੂਹੇ ਦੇ ਬਾਹਰ ਹੀ ਖੜ੍ਹੇ ਖੜ੍ਹੇ ਮੈਨੂੰ ਕਿਹਾ, ‘ਇਹ ਬੂਹੇ ਨਾਲ ਹੀ ਚੌਂਕੀ ਪਈ ਹੈ...ਬੈਠ ਜਾਓ...ਆਰਾਮ ਕਰੋ...ਉਹ ਆਂਦੇ ਹੀ ਹੋਣਗੇ।’

ਮੈਂ ਕੁਝ ਔਖਾ ਜਿਹਾ ਹੋ ਗਿਆ...ਕਿੱਥੇ ਫਸ ਗਏ...ਯਾਰ। ਐਵੇਂ ਈ ਮੈਂ ਕਮਰੇ ਵੱਲ ਝਾਤ ਮਾਰੀ। ਕੁਝ ਕੁਝ ਦਿਸਣਾ ਸ਼ੁਰੂ ਹੋਇਆ। ਛੋਟਾ ਜਿਹਾ ਕਮਰਾ...ਇਕ ਮੰਜੀ ਦਾ ਝਾਂਵਲਾ ਪੈ ਰਿਹਾ ਸੀ। ਕੁਮਾਰ ਦੀ ਉਡੀਕ...ਬੋਰ ਹੋ ਰਿਹਾ ਸਾਂ। ਕੁਝ ਤਲਬ ਹੋਈ। ਮੈਂ ਜੇਬ ’ਚ ਹੱਥ ਮਾਰਿਆ...ਸਿਗਰਟ ਕੱਢ ਮੈਂ ਲਬਾਂ ’ਚ ਫਸਾ ਕੇ ਮਾਚਿਸ ਜਲਾਈ...ਪਰ ਸਿਗਰਟ ਹੇਠਾਂ ਡਿੱਗ ਪਿਆ ਤੇ ਤੀਲ੍ਹੀ ਮੇਰੇ ਅੱਬੜਵਾਹੇ ਸਾਹ ਲੈਣ ਨਾਲ ਬੁਝ ਗਈ। ਇਕ ਗਿੱਠ ਦੀ ਵਿੱਥ

’ਤੇ ਲਾਸ਼ ਪਈ ਸੀ...ਭੁੰਜੇ...ਮੂੰਹ ਅੱਡਿਆ ਹੋਇਆ...ਅੱਖਾਂ ਖੁੱਲ੍ਹੀਆਂ...ਅੱਖਾਂ ਜਿਵੇਂ ਮੈਨੂੰ ਪੁੱਛ ਰਹੀਆਂ ਹੋਣ...ਬਈ ਤੂੰ ਕੌਣ? ਮੈਨੂੰ ਤਰੇਲੀਆਂ ਆ ਗਈਆਂ...ਸੋਚ ਕੇ ਹੁਣ ਵੀ ਆ ਜਾਂਦੀਆਂ ਨੇ...।

ਬੌਂਦਲਿਆ ਹੋਇਆ ਅੱਬੜਵਾਹੇ ਉੱਠ ਕੇ ਮੈਂ ਨਜ਼ਰ ਦੌੜਾਈ...ਵਰਾਂਡੇ ’ਚ ਕੋਈ ਵੀ ਨਹੀਂ ਸੀ। ਨੇੜੇ ਦੀ ਕੁਰਸੀ ’ਤੇ ਬੈਠ ਕੇ, ਅੱਖਾਂ ਮੀਟੀਆਂ ਤੇ ਲੰਮਾ ਸਾਹ ਲਿਆ...ਤੇ ਸੋਚਿਆ ਚਲੋ ਹੁਣ ਘਰ ਵਾਪਸ।

ਏਨੇ ਨੂੰ ਦੇਖਿਆ ਕਿ ਚਾਰ ਛੇ ਵੱਡੇ-ਵੱਡੇ ਥੈਲੇ ਚੁੱਕੇ ਹੋਈ ਕੁਮਾਰ ਸਾਮ੍ਹਣੇ ਆਣ ਖੜ੍ਹਾ ਹੋਇਆ। ਅੱਖਾਂ ਈ ਅੱਖਾਂ ’ਚ ਮੁਲਾਕਾਤ ਹੋਈ। ਫਿਰ ਕੋਲ ਆ ਕੇ ਉਸਨੇ ਪਲਾਤੀ ਜਹੀ ਜੱਫੀ ਪਾਈ। ਏਨੇ ਵਿਚ ਦੋ ਪੰਡਤ...ਪੰਡਤ ਹੀ ਹੋਣਗੇ...ਚਿੱਟਾ ਕੁੜਤਾ ਤੇ ਤੇੜ ਚਿੱਟੀਆਂ ਧੋਤੀਆਂ...ਆਂਦੇ ਹੋਏ ਦਿਸੇ। ਇਕ ਇਕ ਕਰਕੇ ਹੋਰ ਵੀ ਆਉਣੇ ਸ਼ੁਰੂ ਹੋ ਗਏ...ਸਿਰ ’ਤੇ ਪਰਨਾ ਵਲ੍ਹੇਟਿਆ ਹੋਇਆ ਕੁਮਾਰ ਦਾ ਝਾਂਵਲਾ ਪੈਂਦੈ...ਭਰਾ ਹੀ ਹੋਏਗਾ...ਨਾਲ ਹੀ ਖੜ੍ਹੀ ਉਸਦੀ ਘਰਵਾਲੀ...ਉਹੀ ਜਿਸ ਨੇ ਸਭ ਤੋਂ ਪਹਿਲਾਂ ਮੈਨੂੰ ਅੰਦਰ ਲਿਆਂਦਾ ਸੀ। ਇਕ ਹੋਰ ਚਿੱਟੀ ਸਲਵਾਰ ਕਮੀਜ਼ ਵਿਚ ਬਜ਼ੁਰਗ ਸਿਰ ਤੇ ਪੱਲਾ...ਕੁਮਾਰ ਦੀ ਭੂਆ ਸ਼ਾਇਦ ਤੇ ਨਾਲ ਖੜ੍ਹਾ ਫੁੱਫੜ। ਐਵੇਂ ਅਨੁਮਾਨ ਈ ਲਾ ਰਿਹਾ ਸਾਂ। ਕੋਈ ਦੱਸੇ ਨਾ ਦੱਸੇ, ਸ਼ਕਲੋਂ ਪਤਾ ਲੱਗ ਰਿਹਾ ਸੀ।

ਇਕ ਪੰਡਤ...ਦੋ ਵਾਂਸਾਂ ਨੂੰ ਰੱਸੀ ਨਾਲ ਬੰਨ੍ਹ ਰਿਹਾ ਸੀ ਤੇ ਦੂਜਾ, ਖਿਲਰੀ ਹੋਈ ਸਮੱਗਰੀ ਤੇ ਨਜ਼ਰ ਮਾਰਦੇ ਹੋਏ ਉੱਠਿਆ ਤੇ ਹੱਥ ਖੜ੍ਹੇ ਕਰ ਦਿੱਤੇ। ‘ਸਮੱਗਰੀ ਪੂਰੀ ਨਹੀਂ ਲਿਆਂਦੀ, ਇਸ ਕਰਕੇ ਪੂਜਾ ਆਰੰਭ ਨਹੀਂ ਕੀਤੀ ਜਾ ਸਕਦੀ।’

ਕੁਮਾਰ ਹੈਰਾਨ ਸੀ ਕਿ ਮੌਲੀ...ਮੌਲੀ ਵਰਗੀ ਸ਼ੈਅ ਕਿਵੇਂ ਰਹਿ ਗਈ...ਰਹਿ ਕਿਵੇ ਗਈ? ਉਸਦੀ ਇਹ ਮਜਾਲ? ਕੁਮਾਰ ਨੂੰ ਵੱਟ ਚੜ੍ਹਿਆ ਹੋਇਆ ਸੀ ਤੇ ਉਹ ਪੁੱਠੇ ਪੈਰੀਂ ਜਾਣ ਨੂੰ ਕਾਹਲਾ ਪੈ ਰਿਹਾ ਸੀ। ਪੰਡਤ ਸਮੇਤ ਸਭ ਨੇ ਕਿਹਾ ਕਿ ਹੁਣ ਉਸੇ ਦੁਕਾਨ ’ਤੇ ਜਾਣ ਦੀ ਲੋੜ ਨਹੀਂ, ਦੇਰ ਲੱਗ ਜਾਏਗੀ...ਏਥੇ ਗੁਆਂਢ ’ਚ ਮਿਲ ਜਾਏਗੀ...ਪਰ ਉਹ ਬਜ਼ਿਦ ਰਿਹਾ...ਪਤਾ ਤੇ ਲੱਗੇ, ਉਹ ਭੁੱਲਿਆ ਤੇ ਭੁੱਲਿਆ ਕਿਵੇਂ?...ਤੇ ਹੁਣ ਸਾਰੇ ਹੱਥ ’ਤੇ ਹੱਥ ਰੱਖ ਕੇ ਕੁਮਾਰ ਦੀ ਵਾਪਸੀ ਦੀ ਉਡੀਕ ਕਰ ਰਹੇ ਸਨ।

ਮੈਂ ਵੀ ਬੋਰ ਹੋ ਚੱਲਿਆ ਸਾਂ। ਇਹ ਉਡੀਕ ਦਾ ਹੀ ਨਤੀਜਾ ਸੀ ਕਿ ਮੈਨੂੰ ਪਰੈਸ਼ਰ ਪੈਣਾ ਸ਼ੁਰੂ ਹੋ ਗਿਆ। ਕੀ ਕਰਾਂ? ਕਿਸ ਕੋਲੋਂ ਪੁੱਛਾਂ? ਉਡੀਕਦਾ ਰਿਹਾ...ਉਡੀਕਦਾ ਰਿਹਾ...ਏਨੇ ’ਚ ਕਿਸਮਤ ਚੰਗੀ ਸੀ ਸਿਰ ’ਤੇ ਪਰਨੇ ਵਾਲੇ ਨਾਲ ਨਜ਼ਰ ਮਿਲੀ, ਮੈਂ ਝੱਟ ਚੀਚੀ ਦਿਖਾਂਏ ਹੋਏ ਹੱਥ ਖੜ੍ਹਾ ਕੀਤਾ। ਉਨ੍ਹਾਂ ਇਸ਼ਾਰਾ ਕੀਤਾ ਤੇ ਮੈਂ ਪਿੱਛੇ ਪਿੱਛੇ ਤੁਰ ਪਿਆ। ਇਕ ਕਮਰਾ...ਦੂਜਾ ਕਮਰਾ...ਤੀਜੇ ਬਾਹਰ ਵਾਲੇ ਕਮਰੇ ’ਚ ਬਾਥਰੂਮ ਸੀ। ਮੈਂ ਵਿਹਲੇ ਹੋਣ ’ਚ ਜ਼ਰਾ ਜਾਣ ਬੁੱਝ ਕੇ ਦੇਰ ਲਾਣਾ ਚਾਹੁੰਦਾ ਸਾਂ...ਪਰ ਨੱਕ ’ਚ ਬੋਅ ਚੜ੍ਹਨ ਲੱਗੀ...ਮੈਂ ਝੱਟ ਵਿਹਲਾ ਹੋ ਕੇ ਬਾਹਰ ਆਇਆ...ਜ਼ਰਾ ਸਾਹ ਲਿਆ ਸੀ ਤੇ ਫਿਰ ਦੁਬਾਰਾ ਅੰਦਰ ਜਾ ਕੇ ਹੱਥ ਧੋਤੇ।

ਵਰਾਂਡੇ ’ਚ ਪਹੁੰਚਿਆ ਤੇ ਦੇਖਿਆ ਸਾਰੇ ਖੜ੍ਹੇ ਸਨ। ਅਰਥੀ ਵੀ ਪੂਰੀ ਤਰ੍ਹਾਂ ਜਿਵੇਂ ਸਜ ਚੁੱਕੀ ਸੀ। ਸ਼ਾਲ ਪਾ ਕੇ ਮੱਥਾ ਟੇਕਣ ਦੀ ਰਸਮ ਜਾਰੀ ਸੀ। ਅਰਥੀ ਚੁੱਕਣ ਦੀ ਵਾਰੀ ਆਈ ਤਾਂ ਮੇਰੇ ਸਮੇਤ ਚਾਰ ਹੀ ਮਰਦ ਸਨ। ਦੋਵੇਂ ਪੰਡਤ ਤਾਂ ਬਾਹਰ ਦੇ ਸਨ, ਸਿਰਫ਼ ਪੂਜਾ ਲਈ ਹੀ ਆਏ ਸਨ। ਅੱਖ ਦਾ ਇਸ਼ਾਰਾ ਹੋਇਆ, ਮੈਂ ਵੀ ਜਾ ਖੜ੍ਹਾ ਹੋਇਆ। ਮੈਂ ਵੀ ਅਰਥੀ ਦੇ ਵਾਂਸ ਦੇ ਡੰਡੇ ਨੂੰ ਹੱਥ ਪਾਇਆ, ਅਰਥੀ ਹਾਲੇ ਮੋਢਿਆਂ ਤੱਕ ਨਹੀਂ ਸੀ ਪਹੁੰਚੀ...ਕਿ ਇਕ ਬੜੀ ਹੀ ਉੱਚੀ ਦਿਲ ਦਹਿਲਵੀਂ, ਦਿਲ ਨੂੰ ਚੀਰਦੀ ਆਵਾਜ਼ ਆਈ...ਰਾਮ ਨਾਮ ਸੱਤ ਹੈ...ਸਾਰੀ ਫ਼ਿਜ਼ਾ ਗੂੰਜ ਉੱਠੀ। ਦਿਲ ਕੰਬ ਜਿਹਾ ਗਿਆ। ਇਕ ਇਕ ਕਦਮ ਚੁੱਕਦੇ ਹੋਏ ਚੱਲ ਪਏ। ਕਮਰਾ ਦਰ ਕਮਰਾ...ਹਨੇਰੇ ’ਚੋਂ ਬੜੀ ਮੁਸ਼ਕਲ ਨਾਲ ਬਾਹਰ ਆਏ...ਸੋਚਿਆ ਸੀ ਕਿ ਮੇਰਾ ਫ਼ਰਜ਼ ਸਿਰਫ਼ ਏਥੇ ਤਕ ਹੀ ਸੀ...ਬਾਹਰ ਵੈਨ ਖੜ੍ਹੀ ਹੋਏਗੀ...ਪਰ ਨਹੀਂ...ਇਹ ਤਾਂ ਸ਼ਮਸ਼ਾਨ ਘਾਟ ਤਕ ਪੈਦਲ ਈ ਜਾਣਾ ਪਵੇਗਾ।

ਇਕ ਪੰਡਤ ਪਾਣੀ ਛਿੜਕਦਾ ਰਾਮ ਨਾਮ ਸਤ...ਬੋਲਦਾ ਹੋਇਆ ਅਰਥੀ ਦੇ ਅੱਗੇ ਅੱਗੇ ਤੇ ਤਿੰਨ...ਦੋ ਤੀਵੀਆਂ ਤੇ ਇਕ ਪੰਡਤ...ਰਾਮ ਨਾਮ ਸਤ ਦਾ ਜਵਾਬ ਦੇਂਦੇ ਹੋਏ ਜਿਵੇਂ ਉਸਦੀ ਹਾਮੀ ਭਰਦੇ ਹੋਏ ਅਰਥੀ ਦੇ ਪਿੱਛੇ ਲੱਗੇ। ਗਲੀ ਬਿਲਕੁਲ ਸੁੰਨਸਾਨ...ਨਾ ਚਿੜੀ ਚੂਕਦੀ ਨਾ ਕੁੱਤਾ ਭੌਂਕਦਾ...ਗਰਮੀਆਂ ਦੀ ਸਿਖਰ ਦੁਪਹਿਰ। ਕਿਧਰੇ ਕੋਈ ਖਿੜਕੀ ਝਾਤੀ ਮਾਰਨ ਵਾਸਤੇ ਖੁੱਲ੍ਹਦੀ...ਕਿਸੇ ਦਰਵਾਜ਼ੇ ਦਾ ਪਰਦਾ ਹਿੱਲਦਾ।...ਪਰ ਮੇਰੀ ਹਾਲਤ ਕੋਈ ਚੰਗੀ ਨਹੀਂ ਸੀ। ਪਸੀਨੇ ਨਾਲ ਤਰਬਤਰ ਹੋ ਗਿਆ ਸਾਂ...ਸਾਹ ਲੈਣਾ ਔਖਾ ਹੋ ਰਿਹਾ ਸੀ। ਕੀ ਕਰਾਂ...ਕਿਸ ਨੂੰ ਕਵ੍ਹਾਂ...? ਜੇ ਮੈਂ ਚੱਕਰ ਖਾ ਕੇ ਡਿੱਗ ਪਿਆ ਤਾਂ ਕੀ ਹੋਵੇਗਾ...? ਅਰਥੀ...ਲਾਸ਼...ਸੜਕ ’ਤੇ...ਮੇਰਾ ਸਾਹ ਸਤ ਜਿਵੇਂ ਮੁੱਕਦਾ ਜਾ ਰਿਹਾ ਸੀ...ਥੋੜ੍ਹੀ ਜਿਹੀ ਹਿੰਮਤ ਕਰਕੇ ਸੱਜੇ ਪਾਸੇ ਚਲਦੇ ਕੁਮਾਰ ਨੂੰ ਮੈਂ ਹੱਥ ਮਾਰਿਆ, ਉਸਨੇ ਮੇਰੇ ਵੱਲ ਨਜ਼ਰ ਦੌੜਾਈ...ਰੁਕੋ...ਮੈਂ ਏਨਾ ਹੀ ਕਹਿ ਸਕਿਆ। ਉਸਨੇ ਮੇਰੀਆਂ ਬੰਦ ਹੋਈਆਂ ਅੱਖਾਂ ਨੂੰ ਦੇਖ ਕੇ ਪੰਡਤ ਨੂੰ ਇਸ਼ਾਰਾ ਕੀਤਾ, ਉਸਨੇ ਝੱਟ ਮੋਢਾ ਦਿੱਤਾ, ਮੈਂ ਉਥੇ ਹੀ ਬੈਠ ਗਿਆ ਸੜਕ ’ਤੇ...ਅਰਥੀ ਦੇ ਅੱਗੇ ਜਾਣ ਵਾਲੇ ਪੰਡਤ ਨੇ ਗੜਬੜੀ ਦੇਖ ਕੇ ਪਿੱਛੇ ਝਾਤੀ ਮਾਰੀ ਤੇ ਮੈਨੂੰ ਸੜਕ ’ਤੇ ਬੈਠਿਆਂ ਦੇਖ ਕੇ ਦੌੜਾ ਆਇਆ...ਮੈਨੂੰ ਉਠਾਇਆ...ਮੈਂ ਉੱਠਿਆ...ਨਾਲ ਹੀ ਪਰ੍ਹੇ ਦੋ ਕਦਮ ਤੇ ਪਿੱਪਲ ਦਾ ਰੁੱਖ ਸੀ, ਉਥੇ ਹੀ ਹੇਠਾਂ ਭੁੰਜੇ ਬੈਠ ਗਿਆ।

ਦੇਖਿਆ ਤੇ ਨਾਲ ਈ ਪਿਆਊ ਸੀ, ਦੋਵਾਂ ਹੱਥਾਂ ਦੀ ਬੁੱਕ ਨਾਲ ਪਾਣੀ ਪੀਤਾ ਤੇ ਮੂੰਹ ’ਤੇ ਪਾਣੀ ਦੇ ਛਿੱਟੇ ਮਾਰੇ ਤੇ...ਆਰਾਮ ਨਾਲ ਇਕ ਟੁੱਟਾ ਜਿਹਾ ਲੋਹੇ ਦਾ ਬੈਂਚ ਸੀ...ਉਸ ’ਤੇ ਬੈਠ ਗਿਆ। ਰੱਬ ਦਾ ਸ਼ੁਕਰ...ਸ਼ੁਕਰ ਏ ਰੱਬ ਦਾ...ਹੋ ਸਕਦਾ ਸੀ ਕਿ ਮੈਂ ਗਸ਼ ਖਾ ਕੇ ਡਿੱਗ ਪੈਂਦਾ ਤੇ ਮੇਰੇ ਉੱਤੇ ਜਾਂ ਮੇਰੀ...ਮੇਰੀ ਲਾਸ਼ ਉੱਤੇ, ਉਸ ਦੀ ਲਾਸ਼...ਰਾਮ...ਰਾਮ...।

ਥੋੜ੍ਹੀ ਦੇਰ ਹੋਰ ਆਰਾਮ ਕਰਕੇ ਮੈਂ ਆਪਣੇ ਆਪ ਨੂੰ ਸੰਭਾਲਿਆ ਤੇ ਸਾਈਕਲ ਰਿਕਸ਼ਾ ਕਰਕੇ ਮੁਕਤੀ ਧਾਮ ਪਹੁੰਚ ਗਿਆ।

ਮੁਕਤੀ ਧਾਮ...ਮੁਕਤੀ ਧਾਮ ਪਹੁੰਚ ਚੁੱਕਾ ਸਾਂ। ਚਾਰ ਹੋਰ ਜਣਿਆਂ ਦਾ ਵਾਧਾ ਹੋ ਚੁੱਕਾ ਸੀ ਪਰ ਦੋਵੇਂ ਪੰਡਤ ਜਾ ਚੁੱਕੇ ਸਨ। ਦੋ ਕੁਮਾਰ ਦੇ ਵਾਕਫ਼ਕਾਰ ਲੱਗਦੇ ਸਨ ਤੇ ਦੋ ਕੋਈ ਰਿਸ਼ਤੇ ’ਚੋਂ। ਸਭ ਕੁਝ ਹੋ ਚੁੱਕਾ ਸੀ ਸਿਰਫ਼...ਲਾਂਬੂ ਲਾਣ ਦੀ ਰਸਮ ਬਾਕੀ ਸੀ ਜੋ ਹੁਣੇ ਹੀ ਮੇਰੇ ਸਾਮ੍ਹਣੇ ਪੂਰੀ ਹੋਈ। ਪਰਸੋਂ ਫੁੱਲ ਚੁਗਣ ਦੀ ਰਸਮ ਹੋਣੀ ਸੀ। ਸਭ ਹੱਥ ਜੋੜ ਕੇ ਵਿਦਾ ਹੋ ਰਹੇ ਸਨ ਤਾਂ ਕੁਮਾਰ ਨੇ ਮੇਰੇ ਕੋਲ ਆ ਕੇ ਕਿਹਾ, ‘ਕੱਲ੍ਹ ਸ਼ਾਮ ਨੂੰ ਆਪਣੇ ਘਰ ਮਿਲ ਸਕੋਗੇ ?’ ਮੈਂ ਹਾਂ ਵਿਚ ਸਿਰ ਹਿਲਾਇਆ।

ਦੂਜੇ ਦਿਨ ਆਪਣਾ ਕੰਮ ਨਿਪਟਾ ਕੇ, ਦੁਪਹਿਰ ਬਾਅਦ ਮੈਂ ਪਰੇਸ਼ਾਨ ਰਿਹਾ...ਸੋਚਦਾ ਰਿਹਾ ਕਿ ਉਹ ਕਿਸ ਬਾਰੇ ਗੱਲ ਕਰੇਗਾ? ਕੱਲ੍ਹ ਜੋ ਕੁਝ ਹੋਇਆ...ਹੋ ਸਕਦਾ ਏ ਮੇਰਾ ਹਾਲ ਚਾਲ ਈ ਪੁੱਛਦਾ ਹੋਵੇ ਪਰ ਮੈਂ ਬਹੁਤ ਹੈਰਾਨ ਹਾਂ ਹਾਲੇ ਤੱਕ ਕਿ ਗੁਆਂਢੀ ਤਕ ਤਾਂ ਕੋਈ ਅਫ਼ਸੋਸ ਕਰਨ ਆਇਆ ਨਹੀਂ...ਕਿੰਨੀ ਵੀ ਨਰਾਜ਼ਗੀ ਕਿਉਂ ਨਾ ਹੋਵੇ, ਗੁਆਂਢੀ ਦਾ ਫ਼ਰਜ਼ ਤਾਂ...ਆਦਮੀ ਨਿਭਾਂਦਾ ਈ ਏ...ਏਨੀ ਤਲਖੀ? ਸੋਚਦਿਆਂ ਸੋਚਦਿਆਂ ਛੇ ਵੱਜ ਗਏ ਤੇ...ਉਹ ਆ ਚੁੱਕਾ ਸੀ, ਐਨ ਛੇ ਵਜੇ। ਤੇ ਉਹ ਮੇਰੇ ਸਾਮ੍ਹਣੇ ਕੁਰਸੀ ’ਤੇ ਬੈਠਾ ਚਾਹ ਦੀ ਚੁਸਕੀ ਲੈ ਰਿਹਾ ਸੀ...ਮੇਰਾ ਹਾਲ ਚਾਲ ਪੁੱਛ ਚੁੱਕਾ ਸੀ।

‘ਮੈਂ ਤੈਨੂ...’ ਕੁਮਾਰ ਕਹਿ ਰਿਹਾ ਸੀ...‘ਮੈਂ ਤੈਨੂ ਇਹ ਦੱਸਦਾ ਹਾਂ ਕਿ ਕੱਲ੍ਹ ਕੀ ਹੋਇਆ ਸੀ...ਕਿ ਕੱਲ੍ਹ ਕੋਈ ਵੀ ਗੁਆਂਢੀ ਅਫ਼ਸੋਸ ਕਰਨ ਨਹੀਂ ਸੀ ਆਏ...ਅਸਲ ਵਿਚ ਜਦੋਂ ਆਪਾਂ ਬੁੱਕ ਫੇਅਰ ’ਤੇ ਮਿਲੇ ਸਾਂ ਤੇ ਤੁਸੀਂ ਸਾਡੇ ਘਰ ਆਏ ਤਾਂ ਉਸ ਵੇਲੇ...ਅਸੀਂ ਚਾਰ ਕੁ ਦਿਨ ਪਹਿਲਾਂ ਹੀ ਇਸ ਘਰ ਵਿਚ ਪਰਵੇਸ਼ ਕੀਤਾ ਸੀ...ਮੁੱਲ ਲਿਆ ਸੀ...ਮੇਰਾ ਛੋਟਾ ਭਰਾ ਸੀਵਰ ਦੇ ਮੈਨਹੋਲ ’ਚ ਅੰਦਰ ਵੜਿਆ ਸੀ ਤੇ ਫਿਰ ਉਹ ਬਾਹਰ ਨਹੀਂ ਸੀ ਨਿਕਲ ਸਕਿਆ...ਉਸਦੇ ਪੈਸੇ ਮਿਲੇ ਸਨ ਖੈਰ...ਤੇ ਮੈਂ ਚਾਰ ਦਿਨਾਂ ਬਾਅਦ ਹੀ ਬੰਬੇ ਚਲਾ ਗਿਆ ਸੀ। ਪਿੱਛੇ ਮੇਰੇ ਭਰਾ-ਭਰਜਾਈ ਸਨ ਇਸ ਮਕਾਨ ’ਚ। ਭਰਾ ਮੇਰਾ ਮਿਊਂਸੀਪਲ ਕਾਰਪੋਰੇਸ਼ਨ ’ਚ ਕੰਮ ਕਰਦਾ ਏ। ਇਸ ਤੋਂ ਪਹਿਲੇ ਅਸੀਂ ਪੁਰਾਣੇ ਸ਼ਹਿਰ ਦੇ ਬਾਹਰਲੇ ਪਾਸੇ ਰਹਿੰਦੇ ਸਾਂ।’

ਉਹ ਇਕ ਪਲ ਲਈ ਰੁਕਿਆ, ਮੂੰਹ ’ਤੇ ਹੱਥ ਫੇਰਿਆ ਤੇ ਕਹਿਣਾ ਸ਼ੁਰੂ ਕੀਤਾ, ‘ਬੰਬਈ ਤੋਂ ਵਾਪਸ ਆ ਕੇ ਮੈਨੂੰ ਪਤਾ ਲੱਗਾ ਕਿ ਹਫ਼ਤਾ ਦਸ ਦਿਨ ਪਹਿਲੇ ਹੀ ਮੇਰੇ ਭਰਾ ਦੀ ਗੁਆਂਢੀਆਂ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ ਸੀ। ਉਹ ਗੁਆਂਢੀ ਬੰਦਾ ਆਪ ਪੁਲਿਸ ਮਹਿਕਮੇ ਤੋਂ ਰਿਟਾਇਰ ਹੋਇਆ ਸੀ ਤੇ ਮੇਰਾ ਭਰਾ...ਕਾਰਪੋਰੇਸ਼ਨ ਤੋਂ, ਜਿਵੇਂ ਉਹ ਵੀ ਸ਼ਹਿਰ ਦਾ ਮਾਲਕ...ਤੇ ਉਧਰ ਪੁਲਸੀਆ...ਮੁਕਾਬਲੇ ਦੀ ਟੱਕਰ। ਗੱਲ ਵਧ ਗਈ...ਸਾਰਾ ਗਲੀ ਮੁਹੱਲਾ ਇਕੱਠਾ ਹੋ ਗਿਆ...।’

‘ਅੱਛਾ’, ਮੇਰੇ ਮੂੰਹੋਂ ਨਿਕਲਿਆ, ‘ਅੱਛਾ...ਤੇ ਇਹ ਗੱਲ ਏ...।’

‘ਪਰ...ਗੱਲ ਇਹ ਏਨੀ ਵੱਡੀ ਨਹੀਂ, ਸ਼ਾਇਦ ਹੈ ਵੀ ਨਹੀਂ...ਹੋ ਸਕਦੀ ਸੀ...ਪਰ ਹੈ ਨਹੀਂ...ਅਸਲ ਵਿਚ...ਦੇਖੋ ਮੈਂ ਹਾਂ...ਮੈਨੂੰ ਤੁਸੀਂ ਨਹੀਂ ਜਾਣਦੇ...ਨਾ ਹੀ ਮੈਨੂੰ ਕੋਈ ਬੰਬੇ ਵਿਚ ਜਾਣਦਾ ਹੈ ਕਿ ਮੈਂ ਕੌਣ ਹਾਂ। ਸ਼ਹਿਰਾਂ ਵਿਚ ਤੇ ਕੋਈ ਪਰਵਾਹ ਹੀ ਨਹੀਂ ਕਰਦਾ...ਬਸ ਵਿਚ ਏਨੀ ਭੀੜ ਹੋਂਦੀ ਏ ਕਿ ਇਕ ਦੂਜੇ ਦੇ ਸਾਹ ਨਾਲ ਸਾਹ ਰਲ ਜਾਂਦੇ ਨੇ...ਇਕ ਸਾਹ ਪੰਡਤਾਣੀ ਦਾ ਹੋਵੇ...ਤੇ ਨਾਲ ਬੈਠੇ ਦੂਜੇ ਦਾ ਸਾਹ...ਸੋਚ ਲਵੋ ਉਹ ਸਾਹ ਕਿਸੇ ਦਾ ਵੀ ਹੋ ਸਕਦਾ ਹੈ, ਮੇਰੇ ਵਰਗੇ ਦਾ ਵੀ...ਜਿਸ ਦਾ ਸਕਾ ਭਰਾ ਸੀਵਰ ਦੀ ਸਫ਼ਾਈ ਕਰਦਾ ਮਰ ਗਿਆ।’

ਉਹ ਰੁਕਿਆ, ਜਿਵੇਂ ਕੁਝ ਕਹਿਣਾ ਚਾਹੁੰਦਾ ਸੀ ਤੇ ਕਹਿਣ ਲਈ ਸ਼ਾਇਦ ਹਿੰਮਤ ਜੁਟਾ ਰਿਹਾ ਸੀ। ਫਿਰ ਸਹਿਜ ਹੋ ਕੇ ਉਸਨੇ ਕਿਹਾ, ‘ਅਸੀਂ ਅਸਲ ਵਿਚ...ਜਿਹੜੇ ਪਹਿਲੇ ਘਰੋ ਘਰ ਜਾ ਕੇ...ਮੇਰੀ ਮਾਂ, ਮਾਸੀਆਂ, ਭੂਆ...ਭੈਣਾਂ...ਕਮਾਈ ਕਰਦੀਆਂ ਸਨ...ਮੱਲ ਇਕੱਠਾ ਕਰਕੇ ਸਿਰ ’ਤੇ ਚੁੱਕ ਕੇ ਢੋਂਦੀਆਂ ਸਨ...ਤੇ ਫਿਰ ਬਾਅਦ ਦੁਪਹਿਰੇ ਨਹਾ ਧੋ ਕੇ ਘਰ-ਘਰ ਜਾ ਕੇ ਇਕ-ਇਕ ਦੋ-ਦੋ ਰੋਟੀਆਂ ਛਕੋਰ ’ਚ ਇਕੱਠੀਆਂ ਕਰ ਕੇ ਘਰ ਲਿਆਂਦੀਆਂ ਤੇ ਮਹੀਨੇ ਦੇ ਮਹੀਨੇ ਮਿਲ ਜਾਂਦੇ ਸਨ...ਓਹੀ ਕੋਈ...ਵੀਹ ਕੁ ਰੁਪਏ...ਹਾਂ ਅਸੀਂ ਉਨ੍ਹਾਂ ’ਚੋਂ ਹਾਂ।’

ਉਹ ਫਿਰ ਥੋੜ੍ਹਾ ਰੁਕਿਆ, ਆਪਣੇ ਕੁੜਤੇ ਨਾਲ ਉਸਨੇ ਮੂੰਹ ਪੂੰਝਿਆ ਤੇ ਫਿਰ ਹੌਲੀ ਜਿਹੇ ਕਿਹਾ, ‘ਸਾਡਾ ਪੂਰਾ ਲਾਣਾ ਅਸਲ ਵਿਚ ਕੱਲ੍ਹ ਹੀ ਰਿਸ਼ਤੇ ’ਚ ਮੁਕਾਣ ਤੇ ਕੈਥਲ ਗਏ ਹੋਏ ਨੇ...ਉਨ੍ਹਾਂ ਨੂੰ ਤਾਂ ਇਸ ਦੀ ਖ਼ਬਰ ਵੀ ਨਹੀਂ...ਕੀ ਪਤਾ ਸੀ ਕਿ ਬਾਪੂ ਨੇ ਅੱਜ ਹੀ ਆਖ਼ਰੀ ਸਾਹ ਲੈਣੇ ਸਨ...ਬਰਾਦਰੀ ਵੀ ਨਾ ਜੁੜ ਸਕੀ।’

ਉਹ ਮੇਰੀਆਂ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰ ਰਿਹਾ ਸੀ ਤੇ ਮੈਂ ਅੱਖ ਚੁਰਾ ਰਿਹਾ ਸਾਂ। ਮੈਂ ਜ਼ਰਾ ਕੁ ਪਾਸਾ ਪਰਤਿਆ, ਉੱਠਿਆ ਤੇ ਤਿਪਾਈ ਤੋਂ ਚਾਹ ਦੀ ਪਿਰਚ ਪਿਆਲੀਆਂ ਚੁੱਕ ਕੇ ਰਸੋਈ ਵੱਲ ਨੂੰ ਹੋ ਪਿਆ।

ਮੈਂ ਮੁੜ ਆ ਕੇ ਕੁਰਸੀ ’ਤੇ ਬੈਠਿਆ ਤੇ ਉਸਨੇ ਮੇਰੇ ਵੱਲ ਪੂਰੀ ਨੀਝ ਲਾ ਕੇ ਦੇਖਦਿਆਂ ਕਿਹਾ, ‘ਹਾਂ...ਮੇਰਾ ਤਾਂ ਇਹ ਖ਼ਿਆਲ ਏ ਕਿ ਇਹ ਬਾਈਕਾਟ ਦਾ ਕਾਰਨ ਸਿਰਫ਼ ਲੜਾਈ ਨਹੀਂ...ਅਸਲ ਵਿਚ ਜਿਸ ਦਿਨ ਇਹ ਲੜਾਈ ਹੋਈ, ਉਸੇ ਦਿਨ ਮੇਰੀ ਮਾਸੀ ਤੇ ਭੈਣ ਵੀ ਆਏ ਹੋਏ ਸਨ ਤੇ ਉਸ ਪੁਲਸੀਏ ਗੁਆਂਢੀ ਨੇ ਉਨ੍ਹਾਂ ਨੂੰ ਪਛਾਣ ਲਿਆ।’

‘ਪਛਾਣ ਲਿਆ ਦਾ ਮਤਲਬ?’ ਮੈਂ ਪੁੱਛਿਆ।

‘ਪੁਰਾਣੀ ਗੱਲ ਏ...ਕਦੇ ਉਨ੍ਹਾਂ ਦੇ ਘਰ ਸਾਡਿਆਂ ’ਚੋਂ ਕਮਾਈ ਕਰਨ ਜਾਂਦੇ ਰਹੇ ਸਨ। ਫਿਰ ਉਸਨੇ ਕੁਝ ਇਹ ਕਹਿ ਵੀ ਦਿੱਤਾ...ਕਿ ਉਹੀ ਹੋ ਨਾ ਤੁਸੀਂ ਜੋ ਸਾਡੇ ਘਰਾਂ ਦੀ...ਤੇ ਫਿਰ ਇਕ ਇਕ ਰੋਟੀ ਘਰੋ-ਘਰੀ ਮੰਗਣ ਵਾਲੇ...ਤੇ ਅੱਜ...।’

‘ਓਹ ਮਾਈ ਗੌਡ...’, ਮੇਰੇ ਮੂੰਹੋਂ ਨਿਕਲਿਆ।

'ਕਹਿ ਤੇ ਦਿੱਤਾ ਉਸਨੇ...ਤੇ ਫਿਰ ਮੇਰਾ ਭਰਾ ਵੀ ਆਪਣੀ ਆਈ 'ਤੇ ਆ ਗਿਆ...ਉਸਨੇ ਵੀ ਉਸਦੇ ਖ਼ਾਨਦਾਨ ਦੀ ਮਾਂ...ਭੈਣ ਇਕ ਕਰ ਦਿੱਤੀ...ਉਨ੍ਹਾਂ ਦੀਆਂ ਮਾਵਾਂ, ਭੈਣਾਂ, ਧੀਆਂ, ਪੁੱਤਰਾਂ ਦੇ ਸਾਮ੍ਹਣੇ...ਉਹੀ ਨੰਗੀਆਂ ਗਾਲ੍ਹਾਂ...।'

'ਅੱਛਾ ਤਾਂ ਇਹ ਗੱਲ ਏ।'

'ਬਿਲਕੁਲ...ਸ਼ਰਮਾ ਜੀ, ਤੁਸੀਂ ਠੀਕ ਸੋਚ ਰਹੇ ਹੋ...ਅਸਲ ਗੱਲ ਉਹੀ ਸੀ ਕਿ ਇਹ...ਇਹ ਸਾਡਾ ਸਵੇਰੇ ਕੀਤਾ ਹੋਇਆ... ਸਿਰ 'ਤੇ ਚੁੱਕ ਕੇ ਲਿਜਾਣ ਵਾਲੇ...ਸਾਡੀ ਜੂਠ ਖਾਣ ਵਾਲੇ...ਅੱਜ ਸਾਡੇ ਨਾਲ ਮੱਥਾ ਲਾ ਰਹੇ ਨੇ...ਗੁਆਂਢੀ ਬਣ ਕੇ...ਓਏ...ਸਾਡੇ ਗੁਆਂਢੀ?'

'ਇਸ ਦਾ ਮਤਲਬ ਏ ਕਿ ਹਾਲੇ ਵੀ ਦਿਮਾਗ਼ ਦੀ ਬੱਤੀ ਰੌਸ਼ਨ ਨਹੀਂ ਹੋਈ, ਕੁਝ ਬਦਲਾਅ ਨਹੀਂ ਆਇਆ...ਸਿਰਫ਼ ਕਿਤਾਬਾਂ 'ਚ ਹੀ ਲਿਖਿਆ ਪਿਆ ਏ ਕਿ ਕੋਈ ਊਚ-ਨੀਚ ਨਹੀਂ...ਏਥੇ ਸੰਵਿਧਾਨ ਕੀ ਕਰੇਗਾ? ਕੀ ਭੂਮਿਕਾ ਹੈ ਇਸ ਦੀ? ਲਿਖਿਆ ਹੈ ਤੇ ਲਿਖਿਆ ਰਵ੍ਹੇ। ਦਿਮਾਗ਼ਾਂ 'ਚ ਹਾਲੇ ਵੀ ਉਹੀ ਹਜ਼ਾਰਾਂ ਸਾਲ ਪਹਿਲਾਂ ਦੀ ਊਚ-ਨੀਚ ਦਾ ਹਨੇਰਾ...।

'ਹਾਂ, ਹਨੇਰਾ' ਕੁਮਾਰ ਨੇ ਉੱਠਦਿਆਂ ਉੱਠਦਿਆਂ ਕਿਹਾ, 'ਮੈਂ ਹੁਣ ਚੱਲਦਾ ਹਾਂ...ਹਾਂ, ਹਨੇਰਾ ਹੋ ਈ ਗਿਆ...ਗੱਲਾਂ ਗੱਲਾਂ 'ਚ ਪਤਾ ਈ ਲੱਗਾ...ਯਾਰ ਜ਼ਰਾ...ਜ਼ਰਾ ਬੱਤੀ ਜਗਾਣਾ।'

ਮੈਂ ਉੱਠ ਕੇ ਬੱਤੀ ਨੂੰ ਹੱਥ ਮਾਰਿਆ ਪਰ ਬੱਤੀ ਨਾ ਜਗੀ ਤਾਂ ਮੈਂ ਕਿਹਾ ਕਿ ਸ਼ਾਇਦ ਕੋਈ ਕਟ ਲੱਗਾ ਹੋਏਗਾ।

'ਕੱਲ੍ਹ ਦਾ ਕੱਟ ਤਾਂ ਸਾਡੇ ਵੀ ਲੱਗਾ ਹੋਇਆ ਏ...ਐੱਸ.ਡੀ.ਓ. ਨੂੰ ਕਹਿ ਕੇ ਉਸ ਪੁਲਸੀਏ ਨੇ ਸਾਡੀ ਬਿਜਲੀ ਵੀ ਕਟਵਾ ਦਿੱਤੀ' ਕੁਮਾਰ ਬਾਹਰ ਵੱਲ ਜਾ ਰਿਹਾ ਸੀ। ਜਾਂਦੇ-ਜਾਂਦੇ ਉਸਨੇ ਫਿਰ ਗਰਦਨ ਘੁਮਾ ਕੇ ਕਿਹਾ, 'ਦੇਖੋ...ਸ਼ਰਮਾ ਜੀ, ਸਭ ਕੁਝ ਠੀਕ ਏ, ਤੁਹਾਡੀਆਂ ਬਿਜਲੀਆਂ ਦੀਆਂ ਤਾਰਾਂ ਵੀ ਠੀਕ ਨੇ...ਪਰ ਜੇ ਤਾਰਾਂ 'ਚ ਕਰੰਟ ਹੀ ਨਾ ਹੋਵੇ...ਤਾਂ ਰੌਸ਼ਨੀ ਨਹੀਂ ਆ ਸਕਦੀ, ਕੱਟ-ਸ਼ਟ ਦਾ ਲੱਗਣਾ ਤਾਂ ਆਮ ਗੱਲ ਏ।'

ਕੁਮਾਰ ਦਹਿਲੀਜ਼ ਪਾਰ ਕਰਦਿਆਂ ਕਰਦਿਆਂ ਫਿਰ ਮੁੜਿਆ, 'ਜਿਵੇਂ ਕਹਿੰਦੇ ਨੇ ਸੰਵਿਧਾਨ ਤਾਂ ਹੈ, ਇਵੇਂ ਹੀ ਕਿਹਾ ਜਾ ਸਕਦਾ ਹੈ ਕਿ ਬਿਜਲੀ ਤਾਂ ਹੈ ਪਰ ਰੌਸ਼ਨੀ ਨਸੀਬ ਨਹੀਂ ਹੁੰਦੀ...ਹਨੇਰਾ ਹੀ ਰਹਿੰਦਾ ਹੈ...ਹੋਰ ਤੇ ਹੋਰ ਕਈ ਵਾਰੀ ਬਲਬ ਹੀ ਫਿਊਜ਼ ਹੋਇਆ ਹੋਂਦੈ...ਪਰ ਕਹਿਣ ਵਾਲੇ ਤਾਂ ਕਹਿ ਹੀ ਦੇਂਦੇ ਨੇ...ਦਿਸਦਾ ਨਹੀਂ?...ਬਲਬ ਤਾਂ ਲੱਗਾ ਹੋਇਐ।'

•••

**ਮੋਬਾ. 98736 60693**

> ਲੇਖਕ ਹਵਾ ਵਿਚ ਮਹੱਲ ਉਸਾਰਦੇ ਹਨ, ਪਾਠਕ ਉਸ ਦੇ ਅੰਦਰ ਰਹਿੰਦੇ ਹਨ ਤੇ ਪ੍ਰਕਾਸ਼ਕ ਕਿਰਾਇਆ ਵਸੂਲਦੇ ਹਨ।
>
> **–ਮੈਕਸਿਮ ਗੋਰਕੀ**

ਗ਼ਜ਼ਲ : **ਰਜਿੰਦਰ ਸਿੰਘ ਰਾਜਨ**

ਅੱਖਾਂ ਤੇਰੀਆਂ ਦਿਲ ਦੀ ਗੱਲ ਇਕ ਦੱਸਦੀਆਂ ਨੇ।
ਝੱਲੀਆਂ ਹੋਈਆਂ ਬਿਨ ਮਤਲਬ ਤੋਂ ਹਸਦੀਆਂ ਨੇ।

ਨਾ ਹਰ ਗੱਭਰੂ ਆਸ਼ਕ ਹੀਰ ਸਲੇਟੀਆਂ ਦਾ
ਰਹਿ ਜਾਵਣ ਕਈ ਤੀਰ ਕਮਾਨਾਂ ਕਸਦੀਆਂ ਨੇ।

ਸ਼ਰਮ ਦੀ ਚਾਦਰ ਸਿਰ ਤੋਂ ਜਿਸਦੇ ਉਤਰੇ ਨਾ
ਸੁੱਖੀ ਸਾਂਦੀ ਸਹੁਰੇ ਘਰ ਉਹ ਵਸਦੀਆਂ ਨੇ।

ਮਾਨ ਕਰ ਲਿਆ ਕਾਤਲ ਸਮਝ ਕੇ ਨੈਣਾਂ ਨੂੰ
ਖੁਦ ਪਛਤਾਵਣ ਜਦ ਚੱਕਰਾਂ ਵਿੱਚ ਫਸਦੀਆਂ ਨੇ।

ਸ਼ਿਕਵੇ ਨਜ਼ਰ ਕਿਓਂ 'ਰਾਜਨ' ਤੈਨੂੰ ਆਉਣ ਲੱਗੇ
ਗਲਤ ਫਹਿਮੀ ਵਿੱਚ ਅੱਖੋਂ ਨੀਂਦਾਂ ਨਸਦੀਆਂ ਨੇ।

**ਮੋਬਾ. 9876184954**

ਕਵਿਤਾ : **ਰਜਿੰਦਰ ਰੂਹੀ**

## ਬੰਧਨ

ਖ਼ੁਦਾ ਕਰੇ ਧੀ ਮੁਹੱਬਤ ਕਰੇ,
ਤੇ ਮੈਂ ਜ਼ਾਤ ਦੇ ਬੰਧਨ ਤੋੜਾਂ ਉਦੋਂ ਮਾਂ ਬਣ ਕੇ।

ਉਹ ਖ਼ਰੀਦ ਲਵੇ ਕਿਤਾਬਾਂ,
ਤੇ ਪੜ੍ਹੇ ਕਿਸੇ ਇਕਾਂਤ ਸਫ਼ਰਾਂ 'ਚ
ਉਹਦੇ ਸੁਪਨਿਆਂ ਨੂੰ ਉਡਾਰੀ ਦੇਵਾਂ ਮੈਂ ਹਵਾ ਬਣ ਕੇ।

ਉਹ ਲੜ੍ਹ ਸਕੇ ਆਪਣੀ ਹੋਂਦ ਦਾ ਮੁਕੱਦਮਾ ,
ਮੈਂ ਕਰਾਂ ਨਾ ਇਨਕਾਰ
ਕਦੇ ਉਹਦੀ ਗਵਾਹ ਬਣ ਕੇ।


ਉਹ ਸਰ ਕਰ ਲਵੇ ਆਪਣੀ ਮੰਜ਼ਿਲ,
ਤੇ ਕਰੇ ਸਕੇ ਸੁਪਨਿਆਂ ਨੂੰ ਹਕੀਕਤ
ਮੈਂ ਤਿਆਰ ਖੜ੍ਹੀ ਹਾਂ ਉਹਦਾ ਰਾਹ ਬਣ ਕੇ।

ਤਖੱਲਸ ਉਹਦਾ 'ਹੀਰ', 'ਮੁਹੱਬਤ'
ਕੁਝ ਵੀ ਹੋ ਸਕਦਾ!
ਉਹ ਬੋਲਦੀ ਰਹੂ ਹਮੇਸ਼ਾ
ਕਦੇ ਧੀ ਬਣ ਕੇ ਕਦੇ ਮਾਂ ਬਣ ਕੇ ।

ਖ਼ੁਦਾ ਕਰੇ ਧੀ ਮੁਹੱਬਤ ਕਰੇ,
ਤੇ ਮੈਂ ਜ਼ਾਤ ਦੇ ਬੰਧਨ ਤੋੜਾਂ ਉਦੋਂ ਮਾਂ ਬਣ ਕੇ।

•

**ਮੋਬਾ. 6284420090**



ਕਵਿਤਾ

## ਸੁਖਪਾਲ

### ਅੱਧਾ ਕੁ ਖ਼ਿਆਲ

ਮਾਂ ਨਹੀਂ ਰਹੀ
ਹੁਣ ਘਰ ਖ਼ਾਲੀ ਲਗਦਾ ਉਹਨੂੰ
ਸਾਥ ਦੀ ਲੋੜ ਮਹਿਸੂਸ ਹੁੰਦੀ
ਨਹੀਂ –
        ਘਰ ਸਾਂਭਣ ਲਈ ਨਹੀਂ
        ਘਰ ਦੇ ਕੰਮਾਂ ਲਈ ਵੀ ਨਹੀਂ

ਰੋਟੀ ਸਬਜ਼ੀ ਬਣਾਉਣੀ ਆਉਂਦੀ ਉਹਨੂੰ
ਫ਼ੁਲਕੇ ਗੋਲ ਘੜਣੇ, ਫ਼ੁਲਾਉਣੇ
ਕਪੜੇ ਧੋਣੇ, ਦਾਗ ਮਿਟਾਉਣੇ
        ਭਾਂਡੇ ਮਾਂਜਣੇ ਧੋਣੇ ਲਿਸ਼ਕਾਉਣੇ
        ਚਿਣ ਕੇ ਰਖਣੇ
        ਚਿਣ ਕੇ ਰਖਣੀ ਨੁੱਕਰ ਨੁੱਕਰ
ਝਾੜੂ ਪੋਚਾ ਕਰਨਾ
ਉਧੜਿਆ ਕਪੜਾ ਸੀਅ ਲੈਣਾ
ਦਸੂਤੀ ਅਤੇ ਕਰੋਸ਼ੀਆ ਬੁਣਨਾ ਵੀ
        ਥੋੜ੍ਹੇ ਬਹੁਤੇ ਕਿੱਲ ਲਾਉਣੇ
        ਕੁਝ ਕੰਮ ਬਿਜਲੀ ਦਾ ਵੀ

ਸਭ ਕੰਮ ਆਉਂਦੇ ਨੇ ਉਹਨੂੰ
ਮੁੰਡਾ, ਪੁੱਤਰ, ਜਾਂ ਮਰਦ ਹੁੰਦਿਆਂ ਵੀ
ਕੰਮਾਂ ਵਿਚ ਰੁੱਝੀ ਇਕੱਲ੍ਹੀ ਮਾਂ ਨੇ
ਸਿਖਾਏ ਸਨ ਆਪਣੀ ਮਦਦ ਲਈ


ਪਰ ਉਹਨੂੰ ਸਾਥ ਚਾਹੀਦਾ ਓਦੋਂ
ਕੋਈ ਨਵਾਂ ਖ਼ਿਆਲ ਆ ਜਾਵੇ ਜਦੋਂ
ਖ਼ਿਆਲ ਉਸਤੋਂ ਸਾਂਭੇ ਨਹੀਂ ਜਾਂਦੇ
            ਇਕੱਲ੍ਹਿਆਂ...
ਕੋਈ ਹੋਵੇ ਜੋ ਸਾਂਭ ਲਏ
ਅੱਧਾ ਕੁ ਖ਼ਿਆਲ਼ ਹੀ...

ਕਦੀ ਕਦੀ ਉਹਦਾ ਜੀਅ ਕਰਦਾ
ਖ਼ਿਆਲ ਬੁਣਨ ਨੂੰ ...
ਬੁਣਨ ਲਈ ਚਾਹੀਦਾ ਸੂਈ ਧਾਗਾ
ਕੋਈ ਹੋਵੇ ਜਿਸਦੇ ਹੁੰਦਿਆਂ
ਬੰਦਾ ਵਾਰੀ ਵਾਰੀ
ਕਦੀ ਸੂਈ ਬਣ ਜਾਵੇ ਕਦੀ ਧਾਗਾ
ਇੱਕੋ ਹੀ ਬੰਦਾ ਨਹੀਂ ਬਣ ਸਕਦਾ
ਦੋਵੇਂ ਕੁਝ...

ਖ਼ਿਆਲ ਬੁਣਨ ਲਈ
ਖ਼ਿਆਲ ਸਾਂਭਣ ਲਈ
ਕੋਈ ਚਾਹੀਦਾ
ਨਾਲ਼ ਨਾਲ਼ ਜਾਗਦਾ...

•

**ਮੋਬਾ.** 001-365-77-1111



ਕਵਿਤਾ

## ਕੁਲਵਿੰਦਰ ਸਿੰਘ ਬਾਠ

### ਪੰਜ-ਆਬ

ਪੰਜਾਂ ਵਿੱਚੋਂ
ਦੋ ਤਾਂ ਭਾਵੇਂ
ਚਿਰ ਦੇ ਖੁੱਸ ਗਏ ਨੇ

ਤਿੰਨਾਂ ਵਿੱਚੋਂ
ਤਿੰਨੋਂ ਈ ਭਾਵੇਂ
ਕਦ ਦੇ ਸੁੱਕ ਗਏ ਨੇ

ਫੁੱਲ
ਮੁਹੱਬਤੀ ਟਾਹਣੀ ਉੱਤੋਂ
ਕਦ ਦੇ ਮੁੱਕ ਗਏ ਨੇ

ਇੱਲ੍ਹਾਂ
ਚਿੜੀਆਂ ਕਾਂ ਕਬੂਤਰ
ਕਦ ਦੇ ਉੱਡ ਗਏ ਨੇ

ਚੀਚ ਵਹੁਟੀਆਂ
ਕੱਕੇ-ਰੇਤੇ
ਕਦ ਦੇ ਮੁੱਕ ਗਏ ਨੇ

ਫਿਰ ਵੀ
ਰੀਸਾਂ ਕੀ ਨੇ ਦੇਸ ਪੰਜਾਬ ਦੀਆਂ

ਸੌਂਦਿਆਂ, ਉਠਦਿਆਂ
ਮਨ ਮੇਰੇ ਦੇ ਧੁਰ ਅੰਦਰ

ਮੁੜ-ਮੁੜ
ਆਉਂਦੇ
ਰੰਗ-ਰੰਗੀਲੇ ਖ਼ਾਬ ਦੀਆਂ

ਫਿਰ ਵੀ
ਰੀਸਾਂ ਕੀ ਨੇ ਦੇਸ ਪੰਜਾਬ ਦੀਆਂ...

•

**ਮੋਬਾ.** +1 (209) 371-7234



ਕਵਿਤਾਵਾਂ
## ਮੋਹਨ ਤਿਆਗੀ

### ਅਮਲਤਾਸ–1

ਮਈ ਦਾ ਅਖੀਰਲਾ
ਦਿਨਹੈ
ਅਮਲਤਾਸ ਦਾ ਇੱਕ ਬੂਟਾ
ਮੇਰੇ ਵੱਲ ਵੇਖਕੇ
ਮੁਸਕਰਾ ਪੈਂਦਾ ਹੈ

ਮੈਂ ਉਸ ਵੱਲ ਆਪਣਾ ਹੱਥ
ਵਧਾਉਂਦਾ ਹਾਂ
ਇੱਕ ਬੇਚੈਨ ਸਿਖਰ ਦੁਪਿਹਰ
ਉਸ ਵਿੱਚੋਂ ਬੋਲਣ ਲੱਗਦੀ ਹੈ

ਇਹ ਸਾਰਾ ਕੁਝ ਵੇਖ
ਇੱਕ ਰਾਹ ਜਾਂਦੀ
ਕੁੜੀ
ਖਿੜ ਖਿੜਾ ਕੇ ਹੱਸ
ਪੈਂਦੀ ਹੈ

ਤੇ ਆਪਣੀ ਨੇੜਲੀ
ਸਹੇਲੀ ਨਾਲ
ਇਹ ਰਾਜ ਸਾਂਝਾ ਕਰਦੀ ਹੈ-
ਭਲਾ ਰੁੱਖ ਵੀ ਕਦੇ ਬੋਲਦੇ ਨੇ !
ਸੱਚਮੁੱਚ !
ਕਵੀ ਤਾਂ ਨਿਰੇ ਪਾਗਲ ਹੁੰਦੇ ਨੇ.... ! !

### ਅਮਲਤਾਸ–2

ਕੜਕਦੀ ਸਿਖ਼ਰ ਦੁਪਿਹਰ ਹੈ
ਸਾਰੇ ਦੇ ਸਾਰੇ ਰੁੱਖ ਆਪਣੀ ਛਾਂ
ਸਮੇਟ ਕੇ
ਧਰਤੀ ਦੀ ਹਿੱਕ ਤੇ
ਬੈਠ ਗਏ ਹਨ

ਪਰ ਇੱਕ ਜ਼ਿੱਦੀ ਅਮਲਤਾਸ ਮੇਰੇ
ਨਾਲ ਨਾਲ ਚੱਲਣ ਦੀ ਹਿੰਡ
ਕਰਦਾ ਹੈ
ਉਸਦੀ ਖੁਸ਼ਬੂ ਸ਼ਹਿਦ ਵਰਗੀ ਮਿੱਠੀ
ਅਤੇ ਮਦਹੋਸ਼ ਕਰਨ ਵਾਲੀ ਹੈ

ਮੈਂ ਉਸਦੀ ਨਸ਼ੀਲੀ ਗੰਧ ਦੀ ਤਾਰੀਫ਼
ਕਰਦਾ ਹਾਂ
ਉਹ ਹੱਸਕੇ ਮੇਰੇ ਤੇ ਪਲਟਵਾਰ
ਕਰਦਾ ਹੈ—
ਤੂੰ ਮੈਨੂੰ ਆਨੀਂ ਬਹਾਨੀਂ ਇੰਜ
ਨਾ ਟਾਲ
ਇਹ ਖੁਸ਼ਬੂ ਤਾਂ ਤੇਰੇ ਲਹੂ ਵਿੱਚ ਵੀ ਹੈ...।

### ਅਮਲਤਾਸ–3

ਇੱਕ ਕੁੜੀ
ਅਮਲਤਾਸ ਹੇਠ ਇਕੱਲੀ ਤੇ
ਉਦਾਸ
ਖੜ੍ਹੀ ਹੈ
ਉਸਨੇ ਦੱਸਿਆ—
ਉਸਨੂੰ ਗੁਲਮੋਹਰ ਅਤੇ ਅਮਲਤਾਸ
ਬਹੁਤ ਪਿਆਰੇ ਲੱਗਦੇ ਹਨ

ਬਿਲਕੁਲ ਉਸਦੀ ਤਰ੍ਹਾਂ ਜਿਸਦਾ
ਉਸਨੇ ਗੀਤ ਬਣਨਾ ਹੈ
ਕੁੜੀ ਅਪਣੱਤ ਵੱਜੋਂ ਅਮਲਤਾਸ ਤੋਂ
ਇੱਕ ਫੁੱਲ ਮੰਗਦੀ ਹੈ

ਐਨੀ ਦੇਰ ਨੂੰ ਕਿੱਧਰੋਂ
ਇੱਕ ਸਿਰਫਿਰਿਆ
ਝੱਖੜ
ਆਉਂਦਾ ਹੈ
ਤੇ ਸਾਰੇ ਦਾ ਸਾਰਾ ਅਮਲਤਾਸ
ਉਸਦੇ ਕਦਮਾਂ ਵਿੱਚ
ਵਿੱਛ ਜਾਂਦਾ ਹੈ

ਕੁੜੀ ਸ਼ਰਮਾ ਸ਼ਰਮਾ ਕੇ ਬੜੇ
ਸੰਕੋਚ ਨਾਲ
ਬੋਚ ਬੋਚ
ਕਦਮ ਧਰਦੀ ਹੈ
ਤੇ ਅਚਨਚੇਤ ਅਮਲਤਾਸ ਦਾ
ਗੀਤ ਗਾਉਣ ਲੱਗਦੀ ਹੈ...।

### ਬੱਚੇ ਨਾਲ ਸੰਵਾਦ–1

ਬੱਚੇ ਨੇ ਸਹਿਜ-ਸੁਭਾਅ
ਆਖਿਆ—
ਤੁਸੀਂ ਕਵਿਤਾ ਲਿਖਦੇ ਹੋ?

ਉਸਦੀ ਕੋਮਲ ਬਿਆਨੀ ਤੇ
ਮੇਰਾ ਚਿਰਾਂ ਤੋਂ ਧਮਨੀਆਂ ਵਿੱਚ
ਰੁਕਿਆ ਹੋਇਆ
ਲਹੂ
ਮੁੜ ਵਹਿ ਤੁਰਿਆ
ਮਨ ਵਿੱਚ ਆਪਮੁਹਾਰੇ ਕੋਈ
ਨਵੀਂ
ਹਰਕਤ ਹੋਈ

ਮੈਂ ਚਿਰਾਂ ਤੋਂ ਸੰਤੋਖੀ ਹੋਈ
ਕਲਮ ਚੁੱਕੀ
ਤੇ ਚੁੱਪਚਾਪ ਕਵਿਤਾ ਲਿਖਣ
ਲਈ ਬੈਠ ਗਿਆ...।

### ਬੱਚੇ ਨਾਲ ਸੰਵਾਦ–2

ਬੱਚੇ ਨੇ ਕਿਹਾ—
ਆਪਣੀ ਕੋਈ ਕਵਿਤਾ
ਸੁਣਾਓ—

ਅਚਨਚੇਤ
ਚਿਰਾਂ ਤੋਂ ਚੇਤਨਾ ਦਾ ਬੰਦ ਪਿਆ
ਦਰਵਾਜ਼ਾ ਖੁੱਲ੍ਹਿਆ
ਧੁਆਂਖੀ ਹੋਈ ਪੁਸਤਕ ਦਾ
ਇੱਕ ਪੰਨਾ
ਪਤੰਗ ਵਾਂਗ ਕੁਝ ਦੇਰ ਲਈ
ਫੜਫੜਾਇਆ
ਤੇ ਉੱਖੜ ਕੇ ਹਵਾ ਵਿੱਚ
ਆਜ਼ਾਦ ਹੋ ਗਿਆ
ਤੇ ਬੱਚੇ ਦੀ ਕਿਲਕਾਰੀ
ਦੂਰ ਦੁਮੇਲ ਤੱਕ
ਹਵਾ ਵਿੱਚ
ਫੈਲ ਗਈ.....।

## ਬੱਚੇ ਨਾਲ ਸੰਵਾਦ-3

ਬੱਚਾ
ਆਈਨਸਟਾਈਨ
ਆਰਕੀਮੀਡੀਜ਼
ਨਿਊਟਨ ਅਤੇ ਨੋਬਲ ਤੋਂ ਵਧੇਰੇ ਜਾਣਦਾ ਹੈ

ਉਹ ਪ੍ਰਵਚਨ ਤੇ ਪ੍ਰਵਚਨ
ਦੇਈ ਜਾ ਰਿਹਾ ਹੈ
ਮੈਂ ਉਸਦੀ ਭਾਸ਼ਾ ਸਮਝਣ ਤੋਂ
ਅਸਮਰੱਥ ਹਾਂ
ਉਹ ਮੇਰੇ ਤੋਂ ਬਹੁਤ ਅੱਗੇ ਦਾ
ਸਫ਼ਰ ਕਰ ਰਿਹਾ ਹੈ

ਮੈਂ ਉਸਦੀ ਮਾਸੂਮੀਅਤ ਦੀ
ਡੋਰ
ਫੜਨ ਦਾ ਯਤਨ ਕਰਦਾ ਹਾਂ
ਪਰ ਵਾਰ ਵਾਰ ਥਿੜ੍ਹਕ
ਜਾਂਦਾ ਹਾਂ
ਮੈਂ ਉਸਦਾ ਦਰਸ਼ਨ-ਸ਼ਾਸ਼ਤਰ
ਪੜ੍ਹਨ ਤੇ ਸਮਝਣ
ਦੇ ਆਹਰ ਵਿੱਚ ਲੱਗਾ
ਹੋਇਆ ਹਾਂ....।

## ਬੱਚੇ ਨਾਲ ਸੰਵਾਦ-4

ਬੱਚਾ ਮੇਰੇ
ਹਰ ਸਿਧਾਂਤ ਫ਼ਲਸਫ਼ੇ ਅਤੇ
ਥਿਊਰੀ ਨੂੰ ਰੱਦ ਕਰ ਦਿੰਦਾ ਹੈ
ਉਹ ਹਰ ਗੱਲ ਤੇ ਆਪਣਾ ਇੱਕ
ਨਵਾਂ ਥੀਸਿਸ ਦਿੰਦਾ ਹੈ

ਉਹ ਆਪਣਾ ਵਿਚਾਰ ਜਿੱਥੇ ਵੀ
ਰੱਖਦਾ ਹੈ
ਉਸਨੂੰ ਗੰਧਲਾ ਹੋਣ ਦਾ ਖਦਸ਼ਾ
ਬਣਿਆ ਰਹਿੰਦਾ ਹੈ

ਇਸ ਲਈ ਉਸਨੇ
ਆਲੇ ਦੁਆਲਿਓਂ ਅੱਕ ਕੇ
ਗਹਿਰੀ ਚੁੱਪ ਧਾਰ ਲਈ ਹੈ
ਮੈਂ ਸੱਚਮੁੱਚ ਬਹੁਤ ਵਿਆਕੁਲ ਤੇ
ਉਦਾਸ ਹੋ ਗਿਆ ਹਾਂ...।

•

**ਮੋਬਾ. 98144 79150**

ਕਵਿਤਾ: **ਨਰਿੰਦਰ ਕੁਮਾਰ**

## ਰਾਖਸ਼

**(ਜੰਗ ਵਿਚ ਮਰ ਚੁੱਕੀਆਂ ਬੱਚੀਆਂ ਦੇ ਨਾਂ)**

ਨਿੱਕੀਓ ਬਾਲੜੀਓ
ਕਾਸ਼ ! ਮਨਪਸੰਦ ਚੀਜ਼ਾਂ ਦੇ ਭਰੇ
ਰੰਗ ਬਰੰਗੇ ਬਸਤੇ ਲੈ ਕੇ
ਸਕੂਲ ਹੀ ਨਾ ਜਾਂਦੀਆਂ ਉਸ ਦਿਨ ਤੁਸੀਂ

ਨਾਲ ਲੈ ਕੇ ਰੰਗ ਬਿਰੰਗੀਆ ਕਾਪੀਆਂ
ਤੇ ਅੱਬੂ ਤੋਂ ਜ਼ਿਦ ਕਰ ਕੇ ਲਈਆਂ
ਰੰਗਦਾਰ ਪੈਨਸਿਲਾਂ
ਕਲਮਾਂ ਤੇ ਕਈ ਕੁਝ ਹੋਰ ਵੀ
ਫੁੱਲ ਵਾਹੁਣ ਲਈ ਤੇ ਨਿੱਕੇ ਨਿੱਕੇ
ਸੁਰੱਖਿਅਤ ਘਰਾਂ ਦੇ ਨਕਸ਼ੇ ਵਾਹੁਣ ਲਈ

ਕਾਸ਼ ! ਨਾ ਆਉਂਦੀ
ਸਕੂਲ ਦੀ ਵੈਨ ਉਸ ਦਿਨ
ਤੇ ਨਾ ਤੁਸੀਂ ਹੱਸਦੀਆਂ
ਖਿੜਖਿੜਾਉਂਦੀਆਂ ਭੱਜਦੀਆਂ
ਸਖੀਆਂ ਨੂੰ ਮਿਲਣ
ਸਕੂਲ ਨੂੰ ਉਹਨਾਂ ਹਾਸਿਆਂ ਨਾਲ ਭਰਨ
ਜਿਨ੍ਹਾਂ ਨੂੰ ਉਡੀਕਦੇ ਸਨ
ਸਕੂਲ ਵਿੱਚ ਉੱਡਦੇ ਪੰਖੇਰੂ ਵੀ

ਬੱਚੀਓ, ਕੀ ਪਤਾ ਸੀ ਤੁਹਾਨੂੰ
ਸਕੂਲ ਤੇ ਮੰਡਰਾਉਂਦੇ
ਮਦਹੋਸ਼ ਰਾਖਸ਼ਾਂ ਦਾ...
ਜਿਹੜੇ ਇਨਸਾਨਾਂ ਦੇ ਖ਼ੂਨ
ਤੇ ਬਾਰੂਦ ਦੀ ਗੰਧ ਨੂੰ ਮਲਦੇ ਨੇ
ਸਰੀਰ ਤੇ ਇਤਰ ਵਾਂਗ

ਉਹਨਾਂ ਨੂੰ ਕੀ ਪਤਾ ਮਲਬੇ ਹੇਠਾਂ ਦੱਬੇ
ਗਾੜ੍ਹੇ ਖ਼ੂਨ ਨਾਲ ਲਿੱਬੜੇ
ਕਾਪੀਆਂ ਦੇ ਪੰਨਿਆਂ ਤੇ
ਕਿਹੜਾ ਗੀਤ, ਪਹਾੜਾ ਜਾਂ
ਸਬਕ ਲਿਖਿਆ ਸੀ ਤੁਸੀਂ !

◆

**ਮੋਬਾ. 94170 49039**

ਕਵਿਤਾਵਾਂ: **ਸੁਖਪਾਲ ਕੌਰ ਸਮਰਾਲਾ**

**1.**

ਮੁਸ਼ਕਿਲ ਵਿੱਚ ਦੇਵੇ ਧਰਵਾਸ
ਉਹ ਖ਼ਤ ਲਿਖੀ...
ਡੁੱਬਦੇ ਦਿਲ ਨੂੰ ਦੇਵੇ ਆਸ !
ਉਹ ਖ਼ਤ ਲਿਖੀ...
ਤੱਕਾਂ ਜੇ ਕਦੇ ਸੰਝ ਦਾ ਸੂਰਜ,
ਚੰਨ ਵਰਗਾ ਦੇਵੇ ਅਹਿਸਾਸ !
ਉਹ ਖ਼ਤ ਲਿਖੀ...
ਗੁਜ਼ਰੇ ਹੋਏ ਵਕਤਾਂ ਦੇ ਵਿਚ
ਸਾਂਭੀ ਜਿਵੇਂ ਕੋਈ ਸੌਗਾਤ !
ਉਹ ਖ਼ਤ ਲਿਖੀ...
ਉਮਰਾਂ ਦੀ ਇਹ ਦੂਰੀ
ਪਲ ਵਿੱਚ ਮਿਟ ਜਾਵੇ
ਕੋਈ ਐਸੀ ਪਾਵੇ ਬਾਤ !
ਉਹ ਖ਼ਤ ਲਿਖੀ...

**2.**

ਮਾਂ ਕਹਿੰਦੀ ਸੀ...
ਔਖਾ ਵੇਲਾ ਲੰਘ ਹੀ ਜਾਂਦਾ।
ਪਰ ਸ਼ਾਇਦ
ਇਹ ਦੱਸਣਾ ਭੁੱਲ ਗਈ
ਔਖੇ ਵੇਲੇ ਵਿੱਚ
ਬੰਦਾ ਕਿੰਨੀ ਵਾਰ ਮਰਦਾ,
ਕਿੰਨੀ ਵਾਰ ਜਿਉਂਦਾ,
ਕਿੰਨੀ ਵਾਰ ਟੁੱਟਦਾ,
ਕਿੰਨੀ ਵਾਰ ਜੁੜਦਾ,
ਔਖਾ ਵੇਲਾ ਲੰਘ ਜਰੂਰ ਜਾਂਦਾ..
ਉਸ ਵੇਲੇ ਵਿੱਚ
ਅੰਦਰੋਂ ਖਤਮ ਵੀ ਬਹੁਤ ਕੁਝ ਹੋ ਜਾਂਦਾ,
ਜੋ ਦੁਬਾਰਾ ਨਹੀਂ ਪਾਇਆ ਜਾਂਦਾ,
ਟੁੱਟ ਵੀ ਬਹੁਤ ਕੁਝ ਜਾਂਦਾ ਜੋ ,
ਦੁਬਾਰਾ ਜੁੜ ਨਹੀਂ ਪਾਉਂਦਾ।
ਔਖਾ ਵੇਲਾ ਲੰਘ ਜਰੂਰ ਜਾਂਦਾ।

◆

**ਮੋਬਾ. 97797 18007**



ਕਵਿਤਾਵਾਂ

## ਰਾਜਵੰਤ ਕੌਰ

### ਮੇਰੇ ਸਾਹਵੇਂ....

ਕੇਹਾ ਅਲੌਕਿਕ ਨੂਰ ਸੀ
ਨਜ਼ਦੀਕ ਵੀ ਤੇ ਦੂਰ ਵੀ
ਉਸ ਚਾਨਣ ਅੱਗੇ ਸਭ ਫਿੱਕੇ
ਸਭ ਚਾਨਣ ਬੇਨੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਨੈਣਾਂ ਚੋਂ ਨੀਰ ਵਗ ਉੱਠਿਆ
ਰੋਮ ਰੋਮ ਜਿਉਂ ਜਗ ਉੱਠਿਆ
ਨਾ ਖ਼ੁਦ ਤੇ ਕੋਈ ਮਾਣ ਰਿਹਾ
ਨਾ ਖ਼ੁਦ ਤੇ ਕੋਈ ਗ਼ਰੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਬੜਾ ਅਨੋਖਾ ਖੇਲ ਸੀ
ਕਿੰਝ ਦੱਸਾਂ ਕੈਸਾ ਮੇਲ ਸੀ
ਸਭ ਕੁੱਝ ਵੱਸੋਂ ਬਾਹਰ ਲੱਗੇ
ਰੂਹ ਇਸ ਕਦਰ ਮਸਰੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਅਜ਼ਲਾਂ ਦੀ ਕੋਈ ਤਪੱਸਿਆ ਸੀ
ਉਹ ਲੂੰ ਲੂੰ ਦੇ ਵਿੱਚ ਵਸਿਆ ਸੀ
ਮੋਹ ਭਿੱਜੀ ਨੇ ਜੋ ਮੰਗਿਆ
ਓਹਨੇ ਕੀਤੀ ਦੁਆ ਮਨਜ਼ੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਖਲਾਅ 'ਚ ਛਿੜਿਆ ਰਾਗ ਸੀ
ਮੇਰੇ ਕਿੰਨੇ ਚੰਗੇ ਭਾਗ ਸੀ
ਉਹ ਨਿਮਖ ਭਰ ਦੀ ਖੇਡ ਸੀ
ਮੈਨੂੰ ਏਨਾ ਕਿੱਥੇ ਸ਼ਊਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਬਿਨ ਬਿਰਖਾਂ ਬਹਾਰ ਸੀ
ਬਿਨ ਸਾਜ਼ਾਂ ਦੇ ਰਾਗ ਸੀ
ਦੂਰ ਦੂਰ ਤੱਕ ਚਾਨਣ ਚਾਨਣ
ਹਰ ਸ਼ੈਅ ਜਿਉਂ ਪੁਰਨੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਓਹ ਖੇਡ ਬੜੀ ਅਦੁੱਤੀ ਸੀ
ਮੈ ਜਾਗ ਰਹੀ ਜਾਂ ਸੁੱਤੀ ਸੀ
ਅਹਿਸਾਸ ਕਲਮਬੱਧ ਨਾ ਹੋਏ
ਲਫ਼ਜ਼ਾਂ ਦੀ ਪਹੁੰਚ ਤੋਂ ਦੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਕੋਈ ਗੁਫ਼ਤਗੂ ਨਾ ਹੋ ਸਕੀ
ਨਾ ਹੱਸ ਸਕੀ ਨਾ ਰੋ ਸਕੀ
ਕੇਹੀ ਅਨੂਠੀ ਲੀਲਾ ਸੀ
ਸਭ ਕੁੱਝ ਸਮਝੋਂ ਦੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ।

ਮੈਂ ਹੋਈ ਇਓਂ ਝੱਲੀ ਸੀ
ਤਨ ਮਨਫ਼ੀ ਰੂਹ ਕੱਲੀ ਸੀ
ਮੈਂ ਸੁੰਨ ਸਮਾਧੀ ਲਾ ਬੈਠੀ
ਕੀ ਜਾਣਾਂ ਕੀ ਦਸਤੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ

ਚਿਰ ਤੋਂ ਜਿਸਦੀ ਖ਼ਵਾਹਿਸ਼ ਸੀ
ਰਹਿਮਤ ਦੀ ਹੋਈ ਬਾਰਿਸ਼ ਸੀ
ਕੋਈ ਸਾਖੀ ਹੁੰਦਾ ਓਸ ਘੜੀ
ਉਹ ਦਸਦਾ ਕੈਸਾ ਜ਼ਹੂਰ ਸੀ
ਮੇਰੇ ਸਾਹਵੇਂ ਮੇਰੇ ਹਜ਼ੂਰ ਸੀ।

### ਰੁਖ਼

ਝੱਖੜ ਝੁੱਲੇ ਰੁੱਖ ਗਿਰਦੇ ਦੇਖੇ,
ਗਿਰਦੇ ਥਾਂ ਕੁਥਾਂ।
ਅੱਗ, ਨੀਰ ਦਾ ਤਾਂਡਵ ਮਾਏ,
ਦੱਸਦੀ ਵੀ ਡਰਾਂ।
ਕਰਦੀ ਕੁਦਰਤ ਜ਼ਾਹਿਰ,
ਹਰ ਚੰਗੇ ਮਾੜੇ ਨੂੰ।
ਮਨ ਚੋਂ ਫੁੱਟਦੇ ਲਾਵੇ ਦਾ,
ਰੁਖ਼ ਕਿੱਧਰ ਨੂੰ ਕਰਾਂ।

ਤਪਸ਼ ਡਾਹਢੀ ਪਿੱਛੋਂ ਜੀਕਣ,
ਵਗਦੀ ਸੀਤ ਹਵਾ।
ਕੱਕਰ ਕੋਰੇ ਜਦ ਵੀ ਆਵਣ,
ਪਸ਼ਮੀਨਾ ਦੇਣ ਪਵਾ।
ਮਿਲ ਜਾਂਦੀ ਦਵਾ ਦਾਰੂ,
ਹਰ ਮਰਜ਼ ਦੀ ਏਥੇ।
ਲੂਸੇ ਦਿਲ ਦੇ ਉੱਤੇ ਮਾਏ,
ਕਾਹਦੇ ਫੇਹੇ ਧਰਾਂ।

ਤਨ ਰਾਖ਼ ਨੂੰ ਮਿਲਦੀ ਮਾਏ,
ਸਿਵਿਆਂ ਦੇ ਵਿੱਚ ਥਾਂ।
ਮਨ ਰਾਖ਼ ਦੀ ਪੋਟਲੀ ਮਾਏ,
ਕਿਸ ਥਾਂ ਜਾ ਧਰਾਂ।
ਮਿਲ ਜਾਵਣ ਸੂਏ, ਕੱਸੀਆਂ,
ਬਾਰਿਸ਼ਾਂ ਦੇ ਪਾਣੀ ਨੂੰ।
ਨੈਣਾਂ ਵਾਲ਼ਾ ਪਾਣੀ ਮਾਏ,
ਕਾਹਦੇ 'ਚ ਭਰਾਂ।

◆

**ਮੋਬਾ. 8872011704**



ਗ਼ਜ਼ਲਾਂ

# ਜਸਵਿੰਦਰ ਦੂਹੜਾ

**1.**

ਭਾਈ-ਭਾਈ ਦਾ ਹੈ ਵੈਰੀ,
ਮਸਲਾ ਇਹ ਹਰ ਇਕ ਘਰ ਦਾ ਹੈ।
ਕੌਣ ਕਿਸੇ ਦਾ ਦਰਦੀ ਬਣਦਾ,
ਬੰਦਾ ਹੋਇਆ ਪੱਥਰ ਦਾ ਹੈ।

ਸਾਰਾ ਦਿਨ ਮੈਂ ਹੱਸਾਂ ਖੇਡਾਂ,
ਖਾਬ ਸਜਾਵਾਂ ਨੈਣਾਂ ਦੇ ਵਿੱਚ
ਐਪਰ ਸੂਰਜ ਢਲਦੇ ਮੇਰਾ,
ਹਰ ਇਕ ਹੀ ਸੁਫ਼ਨਾ ਮਰਦਾ ਹੈ।

ਅਪਣੀ ਅਪਣੀ ਰੋਟੀ ਰਾੜ੍ਹਕੇ,
ਤੁਰ ਗਏ ਹਾਕਮ ਵਾਰੋ-ਵਾਰੀ
ਜਨਤਾ ਸਮਝੇ ਖ਼ਬਰੇ ਮਸਲਾ,
ਉਹਦੇ ਮਸਜਿਦ ਮੰਦਰ ਦਾ ਹੈ।

ਯਾ ਰੱਬ ! ਤੇਰੀ ਦੁਨੀਆਂ ਦੇ ਵਿੱਚ,
ਵੱਡਿਆ ਦੀ ਤੱਕ ਰਹਿਣੀ-ਬਹਿਣੀ
ਮੇਰੇ ਅੰਦਰ ਬੈਠਾ ਬੱਚਾ,
ਵੱਡਾ ਹੋਣੋਂ ਹੀ ਡਰਦਾ ਹੈ।

ਮਜ਼ਬੂਰੀ ਕਾਰਨ ਕਈ ਵਾਰੀ,
ਜਿੱਤੀ ਬਾਜ਼ੀ ਹਰ ਜਾਂਦੇ ਹਾਂ
ਜਿੱਤ ਕੇ ਹਾਰਨ ਨੂੰ ਦੱਸੋ ਖਾਂ,
ਓਦਾਂ ਕਿਸਦਾ ਚਿੱਤ ਕਰਦਾ ਹੈ।

ਜਾਬਰ ਕੋਲੋਂ ਡਰਦੇ ਲੋਕੀਂ,
ਚੁੱਪ ਕਰ ਕੋਲੋਂ ਦੀ ਲੰਘ ਜਾਂਦੇ
'ਬਾਬੇ' ਵਾਗੂੰ ਕਿਹੜਾ ਯਾਰੋ,
ਸੀਸ ਤਲੀ 'ਤੇ ਹੁਣ ਧਰਦਾ ਹੈ।

ਬਲਦਾ ਹੈ ਮੱਥੇ ਦਾ ਸੂਰਜ,
ਤਨ ਵਿੱਚ ਵੀ ਹੈ ਗਰਮੀ ਮੇਰੇ
ਮੇਰੀ ਛਾਂਵੇ ਬੈਠਾ ਫਿਰ ਕਿਉਂ,
ਹਾਏ-ਹਾਏ ਉਹ ਕਰਦਾ ਹੈ।

ਹੱਕ ਦਾ ਹੋਕਾ ਦਿੱਤਾ ਹੈ ਤੂੰ,
ਆਪਣੀ ਖ਼ੈਰ ਮਨਾ 'ਜਸਵਿੰਦਰ'
ਹਾਕਮ ਦਾ ਮੁਖ਼ਬਰ ਵੀ ਚੱਕਰ,
ਲਾਉਂਦਾ ਹੁਣ ਤੇਰੇ ਘਰ ਦਾ ਹੈ।

**2.**

ਥੱਕਿਆਂ ਟੁੱਟਿਆਂ ਘਰ ਨੂੰ ਆਵਾਂ
ਘਰ ਵੀ ਅਪਣਾ ਆਪ ਖਪਾਵਾਂ।
ਦੱਸ ! ਘਰ ਦੀ ਤੂੰ-ਤੂੰ ਮੈਂ-ਮੈਂ ਤੋਂ
ਕਿੱਥੇ ਜਾਕੇ ਮੁਕਤੀ ਪਾਵਾਂ।

ਧੁੱਪ ਵਿੱਚ ਖੜਕੇ ਲੱਭਦਾ ਹੈ ਇਹ,
ਪਾਗ਼ਲ ਮਨ ਛਾਂ ਦਾ ਸਰਨਾਵਾਂ।
ਸਿਰ 'ਤੇ ਹੁੰਦਾ ਹੈ ਜਦ ਸੂਰਜ,
ਲੱਭਦਾ ਨਈਂ ਅਪਣਾ ਪਰਛਾਵਾਂ।

ਤੇਰੀ ਨਗਰੀ ਦੇ ਵਿੱਚ ਦੇਖੇ
ਲੋਕ ਜਦੋਂ ਸੜਕਾਂ 'ਤੇ ਸੜਦੇ
ਓਦੋਂ ਮੇਰਾ ਚਿੱਤ ਕੀਤਾ ਮੈਂ
ਇਸ ਨਗਰੀ ਵਿੱਚ ਰੁੱਖ ਬਣ ਜਾਵਾਂ।

ਘਰ ਤੋਂ ਬਾਹਰ ਆ ਕੇ ਯਾਰੋ
ਹਰ ਵਾਰੀ ਮੈਂ ਗੁੰਮ ਜਾਂਦਾ ਹਾਂ ,
ਅਕਸਰ ਹੀ ਭੁੱਲ ਜਾਵਣ ਮੈਨੂੰ
ਘਰ ਨੂੰ ਵਾਪਸ ਜਾਂਦੀਆਂ ਰਾਹਾਂ।

ਮੇਰੇ ਘਰ ਹੁਣ ਕਿਸਨੇ ਆਉਣਾ
ਕੋਈ ਨਹੀਂ ਹੁਣ ਮੇਰਾ ਬੇਲੀ
ਐਵੇਂ ਕਿਉਂ ਤੂੰ ਕਾਂ-ਕਾਂ ਲਾਈ
ਕੋਠੇ ਉੱਤੋਂ ਉੱਡ ਜਾ ਕਾਵਾਂ।

ਜਿਸ ਨੂੰ ਚੇਤੇ ਕਰ ਕਰ ਰੋਵੇ
ਰਾਤ-ਦਿਨੇ ਪਾਗ਼ਲ ਦਿਲ ਮੇਰਾ
ਮੁੜ ਨਾ ਆਉਂਣਾ ਉਸ ਨੇ ਕਦੇ ਵੀ
ਮੈਂ ਦਿਲ ਨੂੰ ਕਿੱਦਾਂ ਸਮਝਾਵਾਂ।

ਗ਼ਮ ਦੇ ਨ੍ਹੇਰੇ ਨੇ ਖਾ ਲੈਣਾ
ਆਖ਼ਰ ਇਹ ਵੀ ਇਕ ਨਾ ਇਕ ਦਿਨ
ਚਮਕੇ ਜੋ ਜੁਗਨੂੰ 'ਜਸਵਿੰਦਰ'
ਸੋਚਾਂ ਦੇ ਵਿੱਚ ਟਾਵਾਂ-ਟਾਵਾਂ।

3.

ਕਾਗ਼ਜ਼ ਉੱਤੇ ਲਿਖਿਆ ਹੋਇਆ
ਹਰ ਇਕ ਹਰਫ਼ ਇਸ਼ਾਰਾ ਹੈ ।
ਤੇਰੇ ਨਾਲ ਬਿਤਾਇਆ ਪਲ ਪਲ
ਸਜਣਾ ਮੈਨੂੰ ਪਿਆਰਾ ਹੈ।

ਫ਼ੁਰਸਤ ਦੇ ਵਿੱਚ ਯਾਦ ਤੇਰੀ ਜਦ
ਸਜਣਾ ਮੈਨੂੰ ਆਉਂਦੀ ਏ
ਇਕ ਇਕ ਪਲ ਵੀ ਜੀਵਨ ਦਾ ਫਿਰ
ਲੱਗਦਾ ਮੈਨੂੰ ਭਾਰਾ ਹੈ ।

ਮਾਰੂਥਲ ਵਿੱਚ ਸੱਸੀ ਵਾਂਗੂ
ਸੋਚ ਭਟਕਦੀ ਹੈ ਮੇਰੀ
ਪ੍ਰੀਤਾਂ ਵੰਡਦਾ ਟੁੱਟਦਾ ਜਦ ਵੀ
ਮੇਰੇ ਸਾਵ੍ਹੇ ਤਾਰਾ ਹੈ।

ਮੈਂ ਕਦ ਸੂਹੇ ਫੁੱਲ ਨੇ ਫੂਕੇ
ਮੈਨੂੰ ਆਖੋਂ ਕਾਫ਼ਿਰ ਤੂੰ
ਕਰ ਨਾ ਤੂੰ ਵੀ 'ਸਿਵਲੀ' ਵਾਂਗਰ
ਮੈਨੂੰ ਤੇਰਾ ਸਹਾਰਾ ਹੈ।

ਪਰਦੇਸਾਂ ਵਿੱਚ ਵਸਦੇ ਸੱਜਣ
ਕਦ ਆਉਂਦੇ ਨੇ ਮਿਲਣ ਲਈ
ਰਲਕੇ ਬੈਠਾਂਗੇ ਫਿਰ ਆਪਾਂ
ਇਹ ਵੀ ਤੇਰਾ ਲਾਰਾ ਹੈ।

ਸੋਚਾਂ ਵਿੱਚ ਸਾਗਰ ਹੈ ਭਾਂਵੇਂ
ਪਿਆਸੀ ਮੇਰੀ ਰੂਹ ਫਿਰ ਵੀ
ਜੀਵਨ ਮੇਰੇ ਦਾ ਇਹ ਸਜਣਾ
ਕੇਹਾ ਅਜ਼ਬ ਨਜ਼ਾਰਾ ਹੈ।

◆

**ਮੋਬਾ. 98723-36944**



ਗ਼ਜ਼ਲਾਂ

## ਰਾਜ਼ ਗੁਰਦਾਸਪੁਰੀ

### 1.

ਕੱਟੀ ਕਿਵੇ ਜੁਦਾਈ ਲਾਵੀਂ ਹਿਸਾਬ ਪੜ੍ਹ ਕੇ।
ਹੰਝੂਆਂ ਭਰੇ ਇਹ ਖ਼ਤ ਦਾ ਦੇਵੀ ਜਵਾਬ ਪੜ੍ਹ ਕੇ।

ਸਭ ਰਿਸ਼ਤੇਦਾਰ ਮੇਰੇ ਰਹਿੰਦੇ ਨੇ ਘੁੱਟੇ ਵੱਟੇ,
ਹੋਏ ਨੇ ਲਾਲ ਪੀਲੇ ਮੇਰੀ ਕਿਤਾਬ ਪੜ੍ਹ ਕੇ।

ਹੱਥੀਂ ਨਾ ਕੁਝ ਵੀ ਕਰਨਾ ਕਿਸਮਤ ਤੇ ਹੈ ਭਰੋਸਾ,
ਮੱਥੇ ਤੇ ਕੀ ਹੈ ਲਿਖਿਆ ਦੱਸੀਂ ਜਨਾਬ ਪੜ੍ਹ ਕੇ।

ਪੀਣੀ ਹੈ ਹਾਨੀਕਾਰਕ ਬੋਤਲ ਤੇ ਲਿਖਿਆ ਹੁੰਦੈ,
ਫਿਰ ਵੀ ਨਾ ਲੋਕ ਟਲਦੇ ਪੀਂਦੇ ਸ਼ਰਾਬ ਪੜ੍ਹ ਕੇ।

ਕਿੰਨਾ ਹੀ ਵੇਖ ਸੁਣ ਕੇ ਮੈਂ ਬੀਜ ਸੀ ਲਿਆਇਆ,
ਉੱਗੇ ਨੇ ਖਾਰ ਤਿੱਖੇ ਬੀਜੇ ਗੁਲਾਬ ਪੜ੍ਹ ਕੇ।

ਐਸੀ ਗ਼ਜ਼ਲ ਹੀ ਛਾਪੋ ਜੋ ਦਿਲ 'ਚ ਉਤਰ ਜਾਵੇ,
ਬੋਲੇਗਾ ਝਟ ਹੀ ਮੂੰਹੋਂ ਉਹ ਲਾਜਵਾਬ ਪੜ੍ਹ ਕੇ।

ਕਿੰਨਾ ਹੈ ਪਿਆਰ ਗਹਿਰਾ ਦੱਸੀਂ ਤੂੰ ਕਰਕੇ ਮਿਣਤੀ
ਆਇਆ ਮੇਰਾ ਪ੍ਰੀਤਮ ਸ਼ਹਿਰੋਂ ਹਿਸਾਬ ਪੜ੍ਹ ਕੇ।

ਜੀਵਨ ਜਿਊਣ ਦਾ ਉਹ ਦੱਸੇਗਾ ਕੀ ਤਜ਼ਰਬਾ,
ਕੀਤੀ ਹੈ ਜਿਸ ਨੇ ਬੀ ਏ ਕੇਵਲ ਕਿਤਾਬ ਪੜ੍ਹ ਕੇ।

ਅਨਪੜ੍ਹ ਹੀ 'ਰਾਜ਼' ਰਹਿੰਦੇ ਕਰਦੇ ਦਿਹਾੜੀ ਧੰਧਾ,
ਮਿਲਿਆ ਨਾ ਠੀਕ ਰੁਤਬਾ ਜੀਵਨ ਖਰਾਬ ਪੜ੍ਹ ਕੇ।

### 2.

ਅਪਨੇ ਵਰਗਾ ਸਭ ਨੂੰ ਸਮਝਣ ਲੱਗ ਜਾਂਦੇ ਹਾਂ ਭੋਲੇ ਹਾਂ।
ਧੋਖਾ ਖਾ ਕੇ ਛੁਪ ਛੁਪ ਡੁਸਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਤੇਜ ਹਵਾਵਾਂ ਦੇ ਨਾ ਆਡਾ ਲਾਉਣਾ ਵੀ ਤਾਂ ਚੰਗਾ ਨਈਂ,
ਸੁੱਕੇ ਪੱਤੇ ਵਾਂਗੂ ਖੜਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਪਿਆਰ ਮੁਹੱਬਤ ਦੀ ਜੋ ਬਾਤ ਬਤੌਲੀ ਪਾਵੇ ਹਸ ਹਸ ਕੇ,
ਝਟ ਹੀ ਉਸ ਦੇ ਦਿਲ ਵਿਚ ਧੜਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਚੁੰਭਵੀਂ ਗੱਲ ਕਿਸੇ ਦੀ ਸਹਿਣੀ ਔਖੀ ਲਗਦੀ ਹੈ ਸਭ ਨੂੰ,
ਗੁੱਸੇ ਦੇ ਵਿਚ ਐਵੇ ਬੁੜਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਫੱਟ ਜੁਦਾਈਆਂ ਦੇ ਜਦ ਦੁੱਖਦੇ ਹਨ ਤਾਂ ਪੀੜ ਬੜੀ ਹੋਵੇ,
ਅਣਜਾਣੇ ਵਿੱਚ ਐਵੇ ਵਿਛੜਣ ਲੱਗ ਜਾਂਦੇ ਹਾਂ ਭੋਲੇ ਹਾਂ।

ਬੌਰੇ ਹੋ ਹੋ ਫਿਰਦੇ ਹਾਂ ਜੇ ਕਿਸਮਤ ਤੋਂ ਵਧ ਮਿਲ ਜਾਵੇ,
ਥੋੜੇ ਪਾਣੀ ਵਾਂਗੂ ਛਲਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਭੌਰੇ ਬਣ ਕੇ ਆਵਣਗੇ ਉਹ ਚੂਸਣਗੇ ਰਸ ਸਾਡਾ ਵੀ,
ਫੁੱਲਾਂ ਦੇ ਵਿਚ ਬਹਿ ਕੇ ਮਹਿਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਤੇਰੀਆਂ ਯਾਦਾਂ ਦੇ ਝੁਰਮਟ ਵਿਚ ਹੋਸ਼ ਨਾ ਰਹਿੰਦੀ ਜਦ ਕੋਈ,
ਉਲਝੇ ਉਲਝੇ ਘਰ ਵਿਚ ਭਟਕਣ ਲੱਗ ਜਾਂਦੇ ਹਾਂ ਭੋਲੇ ਹਾਂ।

ਪਿਆਸ ਬੁਝਾਵਾਂਗੇ ਕੀ ਉਸ ਦੀ ਤੜਪ ਤੜਪ ਕੇ ਮਰ ਜਾਊ,
'ਰਾਜ਼' ਬਰੇਤੇ ਦੇ ਵਿਚ ਲਿਸ਼ਕਣ ਲੱਗ ਜਾਂਦੇ ਹਾਂ ਭੋਲੇ ਹਾਂ।

### 3.

ਖਾ-ਮਖਾਹ ਰੱਖਦੇ ਜੋ ਹਿੱਕਾਂ ਚੌੜੀਆਂ।
ਹਰ ਸਮੇਂ ਕਰਦੇ ਨੇ ਗੱਲਾਂ ਕੌੜੀਆਂ।

ਉਮਰ ਭਰ ਰੱਖਿਆ ਹੈ ਅਪਨਾ ਦਿਲ ਜਵਾਨ,
ਬੁੱਢੇ ਵਾਰੇ ਚੱੜ ਨਾ ਹੋਵਣ ਪੌੜੀਆਂ।

ਪੈਰ ਪੱਕੇ ਕਰ ਗਿਆ ਜਦ ਦਾ ਕਲੇਸ,
ਮੇਰੇ ਘਰ ਚੋਂ ਬਾਹਰ ਖੁਸ਼ੀਆਂ ਦੌੜੀਆਂ।

ਕਰ ਗਿਆ ਜ਼ਾਲਿਮ ਉਹ ਗੱਲਾਂ ਤੱਤੀਆਂ,
ਮੈਨੂੰ ਨਾ ਦੋ ਚਾਰ ਗੱਲਾਂ ਔੜੀਆਂ।


ਕਾਰਾਂ ਬੱਸਾਂ ਦੀ ਵਧੀ ਗਿਣਤੀ ਬੜੀ,
ਬਹੁਤੀਆਂ ਹੋਈਆਂ ਨਾ ਸੜਕਾਂ ਚੌੜੀਆਂ।

ਰੁਸ ਕੇ ਗਈਆਂ ਤੇਰੀਆਂ ਯਾਦਾਂ ਹੁਸੀਨ,
ਰੋਜ ਉਡੀਕਾਂ ਪਰ ਅਜੇ ਨਾ ਬੌੜੀਆਂ।

ਕੀ ਉਡਾਰੀ ਲਾਉਣਗੇ ਆਕਾਸ਼ ਵਿੱਚ,
'ਰਾਜ਼' ਜੋ ਰਖਦੇ ਨੇ ਸੋਚਾਂ ਸੌੜੀਆਂ।

◆

**ਮੋਬਾ : 7508913308**



ਕਵਿਤਾ

**ਸੰਨੀ ਧਾਲੀਵਾਲ**

## ਅਸਲੀ ਰਾਵਣ !

ਉਹ ਲੋਕੋ, ਉਹ ਕਿਰਤੀਓ ਕਾਮਿਓ
ਦੁਸਿਹਰਾ ਆ ਰਿਹਾ ਹੈ
ਕਿੰਨਾ ਕੁ ਚਿਰ ਪੇਪਰ ਦੇ ਬਣਾਏ ਰਾਵਣ ਸਾੜ ਕੇ
ਪ੍ਰਦੂਸ਼ਣ ਫਲਾਉਂਦੇ ਰਹੋਗੇ
ਆਪਣੇ ’ਤੇ ਆਪਣੇ ਬੱਚਿਆਂ ਦੇ ਅੱਖੀਂ ਘੱਟਾ ਪਾਉਂਦੇ ਰਹੋਗੇ
ਖ਼ੂਨ ਪੀਣੀਆਂ ਜੋਕਾਂ ਨੂੰ
ਆਪਣੀ ਬੇਸਮਝੀ ਰਾਹੀਂ ਮੁਸਕੜੀਏਂ ਹਸਾਉਂਦੇ ਰਹੋਗੇ
ਆਪਣਾ ’ਤੇ ਆਪਣੇ ਬੱਚਿਆਂ ਦਾ ਬੇਵਕੂਫ਼ ਬਣਾਉਂਦੇ ਰਹੋਗੇ
ਉਨ੍ਹਾਂ ਦੇ ਭਵਿੱਖ ਨੂੰ ਦਾਅ ਤੇ ਲਾਉਂਦੇ ਰਹੋਗੇ

ਆਜ਼ਾਦੀ ਮਿਲੀ ਨੂੰ 79 ਸਾਲ ਹੋ ਗਏ ਹਨ
ਤੁਸੀਂ ਕੁਝ ਤਾਂ ਸਿੱਖੋ
ਐਵੇਂ ਘੋਟਾ ਲਾ ਲਾ ਕੇ
ਦਿਮਾਗ਼ ਦੀਆਂ ਖ਼ਾਲੀ ਬਾਲਟੀਆਂ ਭਰੀਂ ਜਾਂਦੇ ਹੋ
ਡਿਸਕਵਰੀ ਲਰਨਿੰਗ ਦਾ ਪੱਲਾ ਫੜੋ
ਹਰ ਇੱਕ ਨੂੰ ਪ੍ਰਸ਼ਨ ਪੁੱਛੋ
ਫਿਰ ਤੁਹਾਡੇ ਦਿਮਾਗ਼ ਦੇ ਦਰਵਾਜ਼ੇ ਖੁੱਲ੍ਹਣਗੇ
ਅਕਲ ਆ ਜਾਵੇਗੀ
ਤੁਸੀਂ ਆਪਣੇ ਆਪ ਨਾਲ ਗੱਲਾਂ ਕਰੋਗੇ
ਤੁਹਾਡੀਆਂ ਅੱਖਾਂ ਖੁੱਲਣਗੀਆਂ
ਤੁਹਾਡੀਆਂ ਅੱਖਾਂ ਤੇ ਆਇਆ ਕੈਟਾਰੈਕਟ
ਦੂਰ ਭੱਜ ਜਾਵੇਗਾ, ਲੁਕ ਜਾਵੇਗਾ
ਤੁਹਾਨੂੰ ਅਸਲੀ ਰਾਵਣ ਦਿਸਣ ਲੱਗ ਜਾਣਗੇ
ਲੋਕ ਕਵੀਆਂ ਵਿੱਚ ਲੁਕੇ
‘ਰਾਜ ਕਵੀ’ ਦਿਸਣ ਲੱਗ ਜਾਣਗੇ

ਅਕਲ ਆਉਣ ਨਾਲ਼, ਅੱਖਾਂ ਖੁੱਲਣ ਨਾਲ਼
ਤੁਸੀਂ ਸਾਲ ਵਿੱਚ ਇੱਕ ਦਿਨ
ਕਾਗਜ਼ ਦੇ ਰਾਵਣ ਨਹੀਂ ਸਾੜੋਗੇ
ਤੁਸੀਂ ਹਰ ਰੋਜ਼ ਅਸਲੀ ਰਾਵਣ ਨੂੰ ਅੱਗ ਲਾਉਗੇ

ਅਸਲੀ ਰਾਵਣ ਐਨਕਾਂ ਤੋਂ ਬਿਨਾਂ
ਬੜੀ ਦੂਰੋਂ ਹੀ ਨਜ਼ਰ ਆਉਣ ਲੱਗ ਜਾਣਗੇ
ਫ਼ਿਰ ਤੁਹਾਡੇ ਬੱਚੇ ਵੀ ਤੁਹਾਡਾ ਸਤਿਕਾਰ ਕਰਨਗੇ
ਤੁਹਾਨੂੰ ਲਕੀਰ ਦੇ ਫ਼ਕੀਰ ਨਹੀਂ
ਸਗੋਂ ਸਮਝਦਾਰ ’ਤੇ ਸਿਆਣੇ ਇਨਸਾਨ ਸਮਝਣਗੇ

ਅਸਲੀ ਰਾਵਣ ਤੁਹਾਡਾ ਖ਼ੂਨ ਪੀਂਦੇ ਹਨ
ਰਿਸ਼ਵਤ ਲੈਂਦੇਂ ਹਨ
ਤੁਹਾਡੀਆਂ ਧੀਆਂ ਭੈਣਾਂ ਦੀ ਇੱਜ਼ਤ ਨੂੰ ਹੱਥ ਪਾਉਂਦੇ ਹਨ
ਹਸਪਤਾਲਾਂ ਵਿੱਚ ਲੁੱਟ ਮਚਾਉਂਦੇ ਹਨ
ਚਿੱਟੇ, ਭਗਵੇ ਪਾਉਂਦੇ ਹਨ
ਕਲਗੀਆਂ ਲਾਉਂਦੇ ’ਤੇ ਚੌਰ ਕਰਵਾਉਂਦੇ ਹਨ
ਵੱਖਰਾ ਸਥਾਨ ਬਣਾਉਣ ਦੇ ਨਾਅਰੇ ਲਾਉਂਦੇ ਹਨ
ਤੁਹਾਡੇ ਬੱਚਿਆਂ ਨੂੰ ਚਿੱਟੇ ਤੇ ਲਾਉਂਦੇ ਹਨ
ਲੋੜ ਤੋਂ ਵੱਧ ਜਾਇਦਾਦਾਂ ਬਣਾਉਂਦੇ ਹਨ
‘ਐਪਸਟੀਨ’ ਦੇ ਨਾਲ ਯਾਰੀਆਂ ਪਾਉਂਦੇ ਨੇ
ਬੱਚੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਨੇ
ਆਪਣੇ ਆਪ ਨੂੰ ਰਾਜੇ, ਰਾਸ਼ਟਰਪਤੀ
ਮੰਤਰੀ, ਪ੍ਰੋਫੈਸਰ, ਲੇਖਕ ਅਖਵਾਉਂਦੇ ਨੇ

ਇਹ ਸਭ ਹੀ ਅਸਲੀ ਰਾਵਣ ਹਨ
ਕਾਲੇ, ਭੂਰੇ, ਗੋਰੇ, ਮੋਟੇ ਮੋਟੇ
ਸੰਗਮਰਮਰੀ ਕੋਠੀਆਂ ਵਾਲੇ ਹਨ

ਜੇ ਰਾਵਣ ਨੂੰ ਸਾੜਣ ਦਾ ਸ਼ੋਕ
ਜ਼ਰੂਰ ਹੀ ਪੂਰਾ ਕਰਨਾ ਹੈ
ਤਾਂ ਕਿਸੇ ‘ਸੰਨੀ ਡੇਅ’ ਵਾਲੇ ਦਿਨ
ਕਾਗਜ਼ ਦੇ ਰਾਵਣਾਂ ਨੂੰ ਨਹੀਂ
ਅਸਲੀ ਰਾਵਣਾਂ ਦੀ ਸੋਚ ਨੂੰ ਸਾੜੋ
ਕੋਈ ਪ੍ਰਦੂਸ਼ਣ ਵੀ ਨਹੀਂ ਹੋਊਗਾ
AQI ਵੀ ਨਹੀਂ ਵਧੂਗਾ, ਸਾਹ ਵੀ ਸੌਖਾ ਆਊਗਾ
ਤਾੜ ਤਾੜ ਪਟਾਕੇ ਵੱਜਣਗੇ
ਬੱਚੇ ਖੁਸ਼ੀਆਂ ਵਿੱਚ ਤਾੜੀਆਂ ਮਾਰਨਗੇ
ਅਸਲੀ ਰਾਵਣ ਸੜਦੇ ਦੇਖ ਕੇ
ਭੰਗੜਾ-ਗਿੱਧਾ ਪਾਉਣਗੇ
ਤੁਹਾਡਾ ਸਤਿਕਾਰ ਕਰਨਗੇ
ਤੁਹਾਡੇ ਗੱਲ ਵਿੱਚ ਹਾਰ ਪਾਉਣਗੇ
ਤੁਹਾਡੇ ਗੱਲ ਵਿੱਚ ਹਾਰ ਪਾਉਣਗੇ

◆

**ਮੋਬਾ. +1 (204) 979-6757**



ਕਵਿਤਾ

**ਲਖਵਿੰਦਰ ਸਿੰਘ ਬਾਜਵਾ**

## ਕੌਮਾਂ ਦੇ ਦੁਸ਼ਮਣ

ਜੋ ਇਖਲਾਕ ਦੀਆਂ ਲੀਹਾਂ ਤੋਂ ਲਹਿ ਜਾਂਦੇ,
ਵੱਖਰਾ ਠੱਗ ਤੰਬੂਰਾ ਲੈ ਕੇ ਬਹਿ ਜਾਂਦੇ।

ਪੈਸੇ ਲੈ ਕੇ ਕੌਮ ਚ ਫੁੱਟ ਪਵਾਉਂਦੇ ਨੇ,
ਨਦੀ ਲਹੂ ਦੀ ਲਾਲਚ ਲਈ ਵਹਾਉਂਦੇ ਨੇ।

ਗੱਲ ਪਕੜ ਕੇ ਕੋਈ ਸ਼ੋਰ ਮਚਾ ਜਾਂਦੇ,
ਮਜ਼ਹਬ ਖਾਤਰ ਮਰਨ ਲਈ ਉਕਸਾ ਜਾਂਦੇ।

ਖੁਦ ਉਹ ਹੁੰਦੇ ਘਾਗ ਮੁਖੌਟਾ ਧਾਰੀ ਨੇ,
ਕੱਖਾਂ ਤੇ ਪਰ ਰੱਖ ਜਾਂਦੇ ਅੰਗਿਆਰੀ ਨੇ।

ਸ਼ੋਸ਼ਾ ਛੱਡ ਕੇ ਕੋਈ ਪੁਆੜਾ ਪਾ ਜਾਂਦੇ,
ਨਿੱਝ ਸਵਾਰਥ ਖਾਤਰ ਲੋਕ ਲੜਾ ਜਾਂਦੇ।

ਭਾਵਨਾਵਾਂ ਭੜਕਾ ਕੇ, ਖੁੱਡੀਂ ਵੜਦੇ ਨੇ,
ਨਵੀਆਂ ਨਵੀਆਂ ਰੋਜ ਸਕੀਮਾਂ ਘੜਦੇ ਨੇ।

ਖੁਦ ਹੁੰਦੇ ਨੇ ਥੋਥੇ ਧਾਈਂ ਧਰਮਾਂ ਦੇ,
ਛਟਕਣ ਵਾਂਗੂ ਛੱਟੇ, ਮਾਰੇ ਕਰਮਾਂ ਦੇ।

ਹੁੰਦੇ ਸਾਰੇ ਸੱਭਿਆ ਸੋਚ ਵਹੀਣੇ ਨੇ।
ਰਾਖਸ਼ ਮਨ ਦੇ ਲਹੂ ਜਗਤ ਦਾ ਪੀਣੇ ਨੇ।

ਦੇਂਦੇ ਰਹਿਣ ਵਿਵਾਦਤ ਜਿਹੇ ਬਿਆਨ ਸਦਾ।
ਚਾਹੁਣ ਚਲਾਉਣੀ ਆਪਣੀ ਖਾਸ ਦੁਕਾਨ ਸਦਾ।

ਪਾੜ ਦੇਣ ਪੱਥਰ ਵੀ ਫਾਨਾ ਜੜ ਕੇ ਉਹ,
ਰੋਜ ਲਿਆਉਂਦੇ ਐਸਾ ਜੁਮਲਾ ਘੜ ਕੇ ਉਹ।

ਜਦ ਵੀ ਫਿਰਕੂ ਅੱਗ ਬੁੱਝਣ ਤੇ ਆ ਜਾਵੇ।
ਸ਼ਾਤਰ ਮੁੜ ਮੁੜ ਉਸ ਤੇ ਤੇਲ ਚੁਆ ਜਾਵੇ।

ਹੁਨਰ ਜਾਣਦੇ ਮੂਰਖ ਲੋਕ ਬਣਾਵਣ ਦਾ,
ਚੁਸਤ ਚਲਾਕੀ ਕਰ ਕੇ ਨੋਟ ਕਮਾਵਣ ਦਾ।

ਬਣ ਜਾਂਦੇ ਹੱਥ ਠੋਕੇ ਕਿਸੇ ਏਜੰਸੀ ਦੇ,
ਖੰਭ ਕੁਤਰਦੇ ਅੰਬਰੀਂ ਉੱਡਦੇ ਪੰਛੀ ਦੇ।

ਲੋਕਾਂ ਦੀ ਚੁੱਲ੍ਹ ਜਿਓਂ ਤਿਓਂ ਠੰਡੀ ਕਰਦੇ ਨੇ,
ਆਪਣਿਆਂ ਚੁੱਲ੍ਹਿਆਂ ਤੇ ਹਾਂਡੀ ਧਰਦੇ ਨੇ।

ਕਿਸੇ ਕੌਮ ਦੇ ਸੱਕੇ ਕਦੇ ਨਾ ਬਣਦੇ ਇਹ,
ਮੱਕੜੀ ਵਾਂਗਰ ਰਹਿੰਦੇ ਤਾਣਾ ਤਣਦੇ ਇਹ।

ਖੁਦ ਹਥਿਆਰ ਕਦੇ ਨਾ ਆਪ ਚਲਾਉਂਦੇ ਨੇ,
ਲੋਕਾਂ ਕੋਲੋਂ ਹੀ ਲੋਕੀਂ ਮਰਵਾਉਂਦੇ ਨੇ।

ਵੇਖੋ ਕੈਸਾ ਜਾਦੂ ਧੂੜਨ ਸ਼ਬਦਾਂ ਦਾ,
ਭਾਂਬੜ ਦੇਵਣ ਬਾਲ ਅਖੌਤੀ ਅਣਖਾਂ ਦਾ।

ਨਵੇਂ ਨਵੇਂ ਇਤਿਹਾਸ ਬਣਾਈ ਜਾਂਦੇ ਨੇ,
ਫੇਰ ਮੀਡੀਆ ਉਤੇ ਪਾਈ ਜਾਂਦੇ ਨੇ।

ਦੋ ਚਿੱਤੀ ਵਿੱਚ ਪਾਉਂਦੇ ਸ਼ਰਧਾਵਾਨਾ ਨੂੰ,
ਦੇਣ ਲਗਾਮ ਨਾ ਇਹ ਨਾਪਾਕ ਜ਼ੁਬਾਨਾ ਨੂੰ।

ਗੁਪਤ ਬਾਜਵਾ ਦੱਲੇ ਨੇ ਸਰਕਾਰਾਂ ਦੇ,
ਦੁਸ਼ਮਣ ਹੁੰਦੇ ਸ਼ਾਂਤੀ ਅਤੇ ਬਹਾਰਾਂ ਦੇ।

ਲਾਈ ਲੱਗ ਲੋਕਾਂ ਨੂੰ ਕੀ ਸਮਝਾਵਾਂ ਮੈਂ,
ਦੱਸੋ ਕਿੱਦਾਂ ਸੜਦਾ ਮੁਲਕ ਬਚਾਵਾਂ ਮੈਂ।

◆

**ਮੋਬਾ. 9416734506**

ਕਹਾਣੀ : **ਗ.ਸ. ਨਕਸ਼ਦੀਪ ਪੰਜਕੋਹਾ**



# ਮਕਸਦ

ਕੋਰੀ ਸ਼ਾਮ ਦੀ ਸ਼ਿਫਟ ਲਾ ਕੇ ਘਰ ਪਰਤਿਆ। ਹਮੇਸ਼ਾ ਵਾਂਗ, ਖਾਣਾ ਉਹ ਬਾਹਰੋਂ ਖਾ ਆਇਆ ਸੀ। ਪਹਿਲਾਂ ਉਹ ਸਿੱਧਾ ਆਪਣੇ ਛੋਟੇ ਭਰਾ ਸਕਾਟ ਦੇ ਕਮਰੇ ਨੂੰ ਗਿਆ ਜਿਵੇਂ ਉਹਦੀ ਇਹ ਆਦਤ ਸੀ।

ਕੋਰੀ ਅਜੇ ਵੀ ਆਪਣੇ ਮਾਂ ਪਿਓ ਨਾਲ ਰਹਿੰਦਾ ਸੀ, ਕਿਉਂਕਿ ਬਾਹਰ ਇਕੱਲਾ ਕਿਰਾਇਆ ਹੀ ਉਸ ਦੀ ਤਨਖਾਹ ਦੇ ਅੱਧ ਨਾਲੋਂ ਜਿਆਦਾ ਹੋ ਚੁੱਕਿਆ ਸੀ। ਉਹ ਆਪਣੀ ਤਨਖਾਹ ਵਿੱਚੋਂ ਪੱਚੀ ਕੁ ਪਰਸੇਂਟ ਆਪਣੇ ਮਾਂ ਪਿਓ ਨੂੰ ਦੇ ਦੇਂਦਾ ਸੀ,ਜਿਹੜੇ ਅਜੇ ਵੀ ਆਪੋ ਆਪਣੀਆਂ ਨੌਕਰੀਆਂ ਕਰਦੇ ਸਨ।

ਉਸਦਾ ਛੋਟਾ ਭਰਾਸਕਾਟ, ਹੁਣੇ ਤੇਰਾਂ ਸਾਲ ਦਾ ਹੋਇਆ ਸੀ। ਉਹਦੇ ਜਨਮ ਦਿਨ ਉੱਤੇ ਉਹਨੇ ਉਹਨੂੰ, ਸਾਰਾ ਸਾਲ ਬਚਤ ਕਰਕੇ, ਇੱਕ ਅਜਿਹਾ ਸਾਈਕਲ ਲੈ ਕੇ ਦਿੱਤਾ ਸੀ, ਜਿਸ ਨਾਲ ਪਹਾੜੀ ਵਾਲੇ ਰਾਹ ਉੱਤੇ ਚੜ੍ਹਨਾ ਵੀ ਅਸਾਨ ਸੀ। ਸਕੂਲ ਵਿੱਚ ਸਕਾਟ ਪੜ੍ਹਨ ਨੂੰ ਬਹੁਤ ਹੁਸ਼ਿਆਰ ਸੀ ਤੇ ਕੋਰੀ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਉਹਦਾ ਨਿੱਕਾ ਭਰਾ ਐਨਾ ਦਿਮਾਗੀ ਨਿਕਲਿਆ ਸੀ, ਕਿਉਂਕਿ ਉਹ ਖ਼ੁਦ ਸਕੂਲ ਵਿੱਚੋਂ ਗਿਆਰਵੀਂ ਕਰਕੇ ਹਟ ਗਿਆ ਸੀ। ਛੁੱਟੀ ਵਾਲੀ ਸ਼ਾਮ, ਉਹ ਕੋਰੀ ਨਾਲ ਹੁਣ ਉੱਚੀਆਂ ਉੱਚੀਆਂ ਪਹਾੜੀਆਂ ਵੱਲ ਜਾਂਦੀ ਸੜਕ ਉੱਤੇ ਸਾਈਕਲਿੰਗਕਰਨ ਲੱਗ ਪਏ ਸਨ।

ਇੱਕ ਸ਼ਾਮ ਰਸਤੇ ਵਿੱਚ, ਉਨ੍ਹਾਂ ਨੂੰ ਕੋਰੀ ਦਾ ਪੁਰਾਣਾ ਜਮਾਤੀ ਕਰਕ ਸ਼ੀਨ ਮਿਲ ਗਿਆ, ਜੋ ਕਸਬੇ ਤੋਂ ਹਟ ਕੇ ਇੱਕ ਕੈਬਿਨ ਵਿੱਚ ਰਹਿੰਦਾ ਸੀ। ਉਹ ਨੇੜੇ ਹੀ 'ਵਾਟਰ ਸਿਸਟਮ ਕੰਪਨੀ' ਜੋ ਉੱਥੇ ਰਹਿੰਦੇ ਲੋਕਾਂ ਤੀਕ ਪਾਣੀ ਪਹੁੰਚਾਉਣ ਦਾ ਕੰਮ ਕਰਦਾ ਸੀ, ਵਿੱਚ ਨੌਕਰੀ ਕਰਦਾ ਸੀ। ਉਹ ਉਨ੍ਹਾਂ ਨੂੰ ਆਪਣੇ ਕੈਬਿਨ ਵਿੱਚ ਲੈ ਗਿਆ। ਉੱਥੇ ਉਹਨੇ ਉਨ੍ਹਾਂ ਨੂੰ ਟਰਕੀ ਖਵਾਈ, ਜਿਸ ਨੂੰ ਜੰਗਲ ਵਿੱਚੋਂ ਉਹ ਆਪ ਮਾਰ ਕੇ ਲਿਆਇਆ ਸੀ। ਫੇਰ ਉਹ ਤਿੰਨੋਂ ਸਾਈਕਲਿੰਗ ਕਰਦੇ ਰਹੇ। ਜਰਾ ਅਨ੍ਹੇਰੇ ਹੋਏ ਤੋਂ, ਕੋਰੀ ਅਤੇ ਸਕਾਟ ਆਪਣੇ ਘਰ ਨੂੰ ਆ ਗਏ।

ਸਕਾਟ ਹੁਣ ਤਕਰੀਬਨ ਰੋਜ਼ ਇਕੱਲਾ ਹੀ ਥੋੜੀ ਬਹੁਤੀ ਸਾਈਕਲਿੰਗ ਕਰਦਾ ਰਹਿੰਦਾ ਸੀ, ਪਰ ਅਨ੍ਹੇਰਾ ਉਤਰ ਆਉਣ ਤੋਂ ਪਹਿਲਾਂ ਹੀ ਉਹ ਘਰ ਪਰਤ ਆਉਂਦਾ ਸੀ। ਇੱਕ ਸ਼ਾਮ ਨੂੰ, ਜਦ ਉਹ ਘਰ ਨੂੰ ਪਰਤਣ ਲੱਗਿਆ, ਉਸ ਨੂੰ ਰਸਤੇ ਵਿੱਚ ਕਰਕ ਸ਼ੀਨ ਮਿਲ ਗਿਆ। ਉਹ ਸਕਾਟ ਨੂੰ ਆਪਣੇ ਕੈਬਿਨ ਵਿੱਚ ਲੈ ਗਿਆ। ਉੱਥੇ ਉਸ ਨੇ ਉਹਨੂੰ ਚਿਕਨ ਖਵਾਇਆ ਤੇ ਪੀਣ ਨੂੰ ਸ਼ਰਾਬ ਵੀ ਦਿੱਤੀ। ਸਕਾਟ ਨੂੰ ਸ਼ਰਾਬ ਨਾ ਪੀਣ ਦੀ ਕੋਰੀ ਨੇ ਨਸੀਹਤ ਦਿੱਤੀ ਹੋਈ ਸੀ, ਇਹ ਆਖ ਕੇ ਕਿ ਉਸ ਨੂੰ ਅਠਾਰਾਂ ਸਾਲ ਦਾ ਹੋਣ ਤੀਕ ਸ਼ਰਾਬ ਨਹੀਂ ਪੀਣੀ ਚਾਹੀਦੀ ਤੇ ਇਹੋ ਗੱਲ ਉਸ ਦੇ ਮਾਂ ਪਿਉ ਉਹਨੂੰ ਆਖਦੇ ਹੁੰਦੇ ਸੀ, ਪਰ ਉਸ ਸ਼ਾਮ ਕਰਕ ਸ਼ੀਨ ਨੇ ਉਸ ਉੱਤੇ ਬੜਾ ਜ਼ੋਰ ਪਾ ਕੇ ਉਹਨੂੰ ਸ਼ਰਾਬ ਪਿਲਾ ਹੀ ਦਿੱਤੀ। ਜਲਦੀ ਹੀ ਸਕਾਟ ਨੂੰ ਬਹੁਤ ਨਸ਼ਾ ਹੋ ਗਿਆ, ਕਿਉਂਕਿ ਉਹਨੇ ਪਹਿਲਾਂ ਕਦੇ ਸ਼ਰਾਬ ਨਹੀਂ ਸੀ ਪੀਤੀ। ਫੇਰ ਉਸ ਨੂੰ ਕੁਝ ਪਤਾ ਨਾ ਰਿਹਾ ਕਿ ਉਹ ਕਿੱਥੇ ਸੀ। ਕੋਰੀ ਦੇ ਆਉਣ ਤੋਂ ਦੋ ਘੰਟੇ ਪਹਿਲਾਂ ਹੀ,ਕਰਕ ਸ਼ੀਨ ਸਕਾਟ ਨੂੰ ਉਸ ਦੇ ਸਾਈਕਲ ਸਮੇਤ ਉਸਦੇ ਘਰ ਦੇ ਦਰਵਾਜ਼ੇ ਉੱਤੇ ਛੱਡ ਕੇ ਵਾਪਿਸ ਪਰਤ ਗਿਆ।

ਮਾਂ ਪਿਉ ਨੇ ਸਮਝਿਆ ਕਿ ਉਹ ਆਪਣੇ ਮਿੱਤਰਾਂ ਨਾਲ ਪੀ ਆਇਆ ਹੋਣਾ, ਇਸ ਕਰਕੇ ਉਨ੍ਹਾਂ ਨੇ ਬਿਨਾਂ ਕੋਈ ਸਵਾਲ ਕੀਤਿਆਂ ਸਕਾਟ ਨੂੰ ਉਸਦੇ ਕਮਰੇ ਵਿੱਚ ਪਾ ਦਿੱਤਾ।

ਸਕਾਟ ਦਾ ਜਦ ਨਸ਼ਾ ਉਤਰਿਆ,ਉਹਨੇ ਆਪਣੇ ਪਿੱਛੇ ਲਹੂ ਮਹਿਸੂਸ ਕੀਤਾ। ਉਹ ਉਠ ਕੇ ਨਹਾਉਣ ਲੱਗਾ ਤੇ ਯਾਦ ਕਰਨ ਲੱਗਾ ਕਿ ਕੈਬਿਨ ਵਿੱਚ ਕੀ ਹੋਇਆ ਸੀ; ਪਿੱਛੋਂ ਲਹੂ ਚੈੱਕ ਕਰਨ 'ਤੇ ਉਹਨੂੰ ਧੁੰਦਲੀ ਯਾਦ ਆਈ ਕਿ ਕਰਕ ਨੇ ਉਸ ਨਾਲ ਗਲਤ ਕੰਮ ਕੀਤਾ ਸੀ ਤੇ ਉਹ ਨਸ਼ੇ ਵਿੱਚ ਕੁਝ ਵੀ ਨਹੀਂ ਸੀ ਕਰ ਸਕਿਆ। ਉਹ ਅੰਦਰੋਂ ਬਹੁਤ ਪਰੇਸ਼ਾਨ ਹੋ ਗਿਆ।

ਹਮੇਸ਼ਾ ਵਾਂਗ, ਉਸ ਸ਼ਾਮ ਵੀ ਕੋਰੀ ਸੌਣ ਤੋਂ ਪਹਿਲਾਂ,ਸਕਾਟ ਦੇ ਕਮਰੇ ਵਿੱਚ ਗਿਆ। ਸਕਾਟ ਨੂੰ ਉਦਾਸ ਵੇਖ ਕੇ, ਉਹਨੇ ਪੁੱਛਿਆ, "ਸਕੌਟੀ, ਕੀ ਗੱਲ, ਭਰਾਵਾ ? ਕੀ ਤੇਰੀ ਸਿਹਤ ਠੀਕ ਨਹੀਂ ?"

ਵਾਰ-ਵਾਰ ਪੁੱਛਣ 'ਤੇ ਉਹ ਰੋਣ ਲੱਗ ਪਿਆ ਤੇ ਉਹਨੇ ਉਹਨੂੰ ਐਨਾ ਹੀ ਦੱਸਿਆ ਕਿ ਕਰਕ ਸ਼ੀਨ ਨੇ ਉਸ ਨੂੰ ਸ਼ਰਾਬ ਪਿਲਾ ਕੇ ਉਸ ਨਾਲ ਗਲਤ ਕੰਮ ਕੀਤਾ। ਉਹਦੀਆਂ ਅੱਖਾਂ ਵਿੱਚ ਹੰਝੂ ਵੇਖ ਕੇ, ਕੋਰੀ ਨੇ ਆਪਣੇ ਪਿਓ ਦੀ ਗੰਨ, ਅਲਮਾਰੀ ਚੋਂ ਚੁੱਕੀ ਤੇ ਘਰੋਂ ਨਾਹਰ ਨਿਕਲ ਗਿਆ। ਉਹ ਸਿੱਧਾ ਕਰਕ ਸ਼ੀਨ ਦੇ ਕੈਬਿਨ ਨੂੰ ਗਿਆ। ਕਰਕ ਸ਼ੀਨ ਉੱਥੇ ਨਹੀਂ ਸੀ। ਕੋਰੀ ਗੁੱਸੇ ਵਿੱਚ ਪਾਗਲ ਸੀ। ਉੱਥੇ ਕੁਝ ਚਿਰ ਉਡੀਕ ਕੇ, ਕੋਰੀ ਜਦ ਘਰ ਆਇਆ, ਸਕੌਟ ਦੀ ਗੱਲ ਦਾ ਉਸਦੇ ਮਾਂ ਤੇ ਪਿਉ ਨੂੰ ਵੀ ਨੂੰ ਪਤਾ ਲੱਗ ਚੁੱਕਿਆ ਸੀ।ਕੋਰੀ ਦੇ ਘਰ ਪੁੱਜਣ 'ਤੇ, ਉਹਦੇ ਪਿਓ ਨੇ ਉਹਨੂੰ ਐਨਾ ਹੀ ਕਿਹਾ, "ਇਸ ਦਾ ਸਵੇਰੇ ਡਾਕਟਰੀ ਮੁਆਇਨਾ ਕਰਵਾ ਕੇ, ਆਪਾਂ ਕਰਕਸ਼ੀਨ ਉੱਤੇ ਬਲਾਤਕਾਰ ਦਾ ਮੁਕੱਦਮਾ ਕਰਾਂਗੇ।"

ਕੋਰੀ ਚੁੱਪ ਰਿਹਾ, ਪਰ ਆਪਣੇ ਅੰਦਰ ਬਲਦੀ ਅੱਗ ਨੂੰ ਸਾਂਭਣਾ ਉਹਦੇ ਲਈ ਔਖਾ ਹੋ ਚੁੱਕਿਆਸੀ। ਉਸਦੇ ਪਿਓ ਵੱਲੋਂ ਜੋ ਦਲੀਲਾਂ

ਦਿੱਤੀਆਂ ਗਈਆਂ ਸਨ, ਉਹ ਉਹਨੂੰ ਇੱਕ ਬੁਜ਼ਦਿਲ ਬੰਦੇ ਦੀਆਂ ਦਲੀਲਾਂ ਲੱਗੀਆਂ ਸਨ। ਕੋਰੀ ਸਭ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਸਦੇ ਪਰਵਾਰ ਨੂੰ ਜੇ ਕੋਈ ਨੁਕਸਾਨ ਕਰੇਗਾ, ਉਸਨੂੰ ਉਹ ਕੋਰਟ ਨਹੀਂ ਲੈ ਕੇ ਜਾਏਗਾ ਬਲਕਿ ਆਪ ਸਜ਼ਾ ਦੇਵੇਗਾ। ਤਿੰਨ ਸਾਲ ਹੋਏ, ਆਪਣੇ ਨਾਲ ਕੰਮ ਕਰਦੀ ਇੱਕ ਕੁੜੀ ਦੇ ਹੋਏ ਬਲਾਤਕਾਰ ਦੇ ਪ੍ਰਸੰਗ ਵਿੱਚ ਕੋਰਟ ਵਿੱਚ ਵਕੀਲਾਂ ਵੱਲੋਂ ਉਸ ਕੁੜੀ ਦਾ ਉਡਾਇਆਮਜ਼ਾਕ ਉਹਨੇ ਆਪ ਸੁਣਿਆ ਸੀ। ਕਿਸੇ ਜੁਰਮੀ ਬੰਦੇ ਨੂੰ ਛਡਾਉਣ ਖਾਤਰ ਵਕੀਲ ਬਿਲਕੁਲ ਨੀਵਾਂ ਡਿੱਗ ਕੇ ਪੀੜਤ ਦਾ ਮਖੌਲ ਉਠਾਉਂਦੇ ਹਨ, ਇਸ ਕਰਕੇ ਕੋਰੀ ਨੂੰ ਵਕੀਲ ਬਹੁਤ ਬੁਰੇ ਲੱਗਦੇ ਸੀ।ਸਕਾਟ ਦੇ ਪ੍ਰਸੰਗ ਵਿੱਚ ਕੋਰਟ ਵਿੱਚ ਅਜਿਹੇ ਤਮਾਸ਼ੇ ਵੇਖਣੇ ਉਹਦੇ ਲਈ ਬਹੁਤ ਅਸਹਿ ਸਨ। ਉਸ ਤੋਂ ਬਾਅਦ, ਉਹ ਕਦੇ ਕਿਸੇ ਵੀ ਕੇਸ ਨੂੰ ਵੇਖਣ ਕਿਸੇ ਕੋਰਟ ਵਿੱਚ ਨਹੀਂ ਸੀ ਗਿਆ। "ਨਹੀਂ, ਉਹ ਸਕਾਟ ਨੂੰ ਇਨਸਾਫ਼ ਖਾਤਰ ਕੋਰਟ ਵਿੱਚ ਨਹੀਂ ਲਿਜਾਏਗਾ", ਇਹ ਉਸਨੇ ਇਹ ਤੈਅ ਕਰ ਲਿਆ ਸੀ।

ਦੂਸਰੇ ਦਿਨ ਉਹਨੂੰ ਰਸਤੇ ਵਿੱਚ ਕਰਕ ਸ਼ੀਨ ਟੱਕਰ ਗਿਆ। ਗੋਡੇ ਭਾਰ ਹੋ ਕੇ ਕਰਕ ਨੇ ਕੋਰੀ ਨੂੰ ਆਖਿਆ, "ਮੁਆਫ਼ ਕਰਦੇ, ਨਸ਼ੇ ਵਿੱਚ ਮੈਨੂੰ ਪਤਾ ਨਹੀਂ ਸੀ ਰਿਹਾ, ਪਰ ਮੈਂ ਬਹੁਤ ਸ਼ਰਮਿੰਦਾ ਹਾਂ।"

ਬਿਨਾਂ ਉਸਦੀ ਹੋਰ ਸੁਣਿਆਂ, ਉਹਨੇ ਉਸ ਦੀਆਂ ਲੱਤਾਂ ਦੇ ਵਿੱਚਕਾਰ ਇੱਕ ਗੋਲੀ ਮਾਰ ਦਿੱਤੀ ਤੇ ਇੱਕ ਉਸਦੇ ਮੱਥੇ ਵਿੱਚ ਮਾਰੀ। ਫੇਰ ਉਹ ਸਿੱਧਾ ਪੁਲਸ ਕੋਲ ਚਲਿਆ ਗਿਆ।

ਕੋਰੀ ਨੂੰ ਅਠਾਰਾਂ ਸਾਲ ਦੀ ਸਜ਼ਾ ਮਿਲੀ।

ਜੇਲ੍ਹ ਨੇ ਉਸ ਦੀ ਸਾਰੀ ਅਜ਼ਾਦੀ ਖੋਹ ਲਈ। ਉੱਥੇ ਕੁਝ ਕੁ ਕੈਦੀਆਂ ਨੇ ਉਸਨੂੰ ਆਪਣੇ ਬਾਹਰ ਚੱਲ ਰਹੇ ਡਰੱਗ ਦੇ ਧੰਦੇ ਵਿੱਚ ਪੈਣ ਦੀਆਂ ਸਲਾਹਾਂ ਵੀ ਦਿੱਤੀਆਂ। ਕਈ ਕੈਦੀਆਂ ਨੇ ਉਹਨੂੰ ਜੇਲ੍ਹ ਅੰਦਰ ਇੱਕ ਬੌਸ ਵਾਂਗ ਰਹਿਣ ਦੀਆਂ ਵਿਉਂਤਾਂ ਵੀ ਦੱਸੀਆਂ, ਕਿਉਂਕਿ ਉਸ ਵੱਲੋਂ ਕੀਤੇ ਗਏ ਕਤਲ ਬਾਰੇ ਸਾਰੇ ਮੀਡੀਏ ਵਿੱਚ ਬਹੁਤ ਰੌਲਾ ਪਿਆ ਸੀ ਤੇ ਉਸ ਨੂੰ ਬਹੁਤ ਦਲੇਰ ਜਵਾਨ ਮੰਨਿਆ ਗਿਆ ਸੀ। ਪਰ ਉਹ ਆਪਣੇ ਭਰਾ ਸਕਾਟ ਉੱਤੇ ਕੇਂਦਰਤ ਸੀ।

ਉਹਦਾ ਇੱਕੋ ਮਕਸਦ ਸੀ ਕਿ ਸਕਾਟ ਆਪਣੇ ਨਾਲ ਵਾਪਰੀ ਬੁਰੀ ਘਟਨਾ ਨੂੰ ਭੁੱਲ ਕੇ ਮਾਨਸਿਕ ਪੱਖੋਂ ਤਕੜਾ ਰਹੇ ਤੇ ਪੜ੍ਹ ਕੇ ਕੁਝ ਬਣੇ। ਜੇਲ੍ਹ ਵਿੱਚ ਮਿਲਣ ਆਏ ਸਕਾਟ ਨੂੰ ਉਹ ਇਹੋ ਸਮਝਾਉਂਦਾ ਕਿ ਉਸ ਵਰਗਾ ਕੋਈ ਹੋਰ ਨਹੀਂ ਸੀ।ਸਕਾਟ ਨੂੰ ਉਹ ਅਕਸਰ ਸਮਝਾਉਂਦਾ, "ਅਜਿਹੀਆਂ ਘਟਨਾਵਾਂ ਬਹੁਤ ਲੋਕਾਂ ਨਾਲ ਵਾਪਰ ਜਾਂਦੀਆਂ ਹਨ, ਪਰ ਸਭ ਲੋਕ ਦਿਲ ਨਹੀਂ ਛੱਡਦੇ। ਤੂੰ ਸਕਾਟ ਕੁਝ ਬਣਨਾ ਏਂ ਤੇ ਤੂੰ ਜਰੂਰ ਕੁਝ ਬਣੇਗਾ.. ਤੂੰ ਤਾਂ ਸਾਡਾ ਚੜ੍ਹ ਰਿਹਾ ਸਟਾਰ ਏਂ...।" ਇਸ ਦਾ ਸਕਾਟ ਉੱਤੇ ਚੰਗਾ ਅਸਰ ਪਿਆ ਤੇ ਇਸ ਤੋਂ ਬਿਨਾਂ,ਕੌਂਸਲਰਾਂ ਦੀ ਕੌਂਸਲਿੰਗ ਨੇ ਵੀ ਸਕਾਟ ਨੂੰ ਉਸ ਟਰੌਮੇ ਵਿੱਚੋਂ ਹੌਲੀ ਹੌਲੀ ਬਾਹਰ ਕੱਢ ਦਿੱਤਾ।

ਸਕਾਟ ਇੰਜਨਿਆਰ ਬਣ ਗਿਆ ਤੇ ਇੱਕ ਵੱਡੀ ਕੰਪਨੀ ਵਿੱਚ ਕੰਮ ਕਰਨ ਲੱਗ ਪਿਆ। ਇਹ ਜਾਣ ਕੇਕੋਰੀ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ, ਕਿਉਂਕਿ ਇਹੋ ਤਾਂ ਉਹ ਚਾਹੁੰਦਾ ਸੀ। ਫੇਰ ਉਹਨੂੰ ਪਤਾ ਚਲਿਆ ਕਿ ਸਕਾਟ ਨੇ ਆਪਣੀ ਕਾਲਜ ਦੀ ਜਮਾਤਣ ਨਾਲ ਵਿਆਹ ਕਰਵਾ ਲਿਆ। ਡੇਢ ਸਾਲ ਬਾਅਦ, ਸਕੌਟ ਇੱਕ ਲੜਕੇ ਦਾ ਪਿਓ ਵੀ ਬਣ ਗਿਆ। ਇਹ ਸਭ ਖ਼ਬਰਾਂ ਕੋਰੀ ਲਈ ਬਹੁਤ ਮਹੱਤਤਾ ਰੱਖਦੀਆਂ ਸਨ ਤੇ ਉਹ ਬਹੁਤ ਖੁਸ਼ ਰਹਿਣ ਲੱਗ ਪਿਆ ਸੀ। ਮਹੀਨੇ ਦੋ ਮਹੀਨੇ ਵਿੱਚ ਇੱਕ ਵਾਰ, ਕੋਰੀ ਨੂੰ ਸਕਾਟ ਤੇ ਉਸਦੀ ਪਤਨੀ ਜੇਲ੍ਹ ਵਿੱਚ ਨਿੱਕੇ ਬੱਚੇ ਸਮੇਤ ਮਿਲਣ ਵੀ ਆਉਂਦੇ ਰਹੇ। ਉਨ੍ਹਾਂ ਦੇ ਜਾਣ ਤੋਂ ਬਾਅਦ, ਉਹ ਆਪਣੇ ਸਾਥੀਆਂ ਨੂੰ ਦੱਸਦਾ ਕਿ ਉਹਦਾ ਭਰਾ ਕਿੰਨਾ ਬੁੱਧੀਮਾਨ ਸੀ।

ਇੱਕ ਦਿਨ ਜਦ ਸਕਾਟ ਕੋਰੀ ਨੂੰ ਮਿਲਣ ਆਇਆ, ਤਦ ਕੋਰੀ ਨੇ ਉਹਨੂੰ ਦੱਸਿਆ, "ਨਿੱਕੇ ਭਰਾ, ਮੈਂ ਤਿੰਨ ਮਹੀਨੇ ਬਾਅਦ ਬਾਹਰ ਆ ਰਿਹਾ ਹਾਂ।"

ਸਕਾਟ ਖੁਸ਼ੀ ਵਿੱਚ ਨੱਚਣ ਲੱਗ ਪਿਆ ਤੇ ਫੇਰ ਉਹਨੇ ਉਹਦਾ ਹੱਥ ਫੜ ਕੇ ਕਿਹਾ "ਕਿੰਨਾ ਵਧੀਆ ਹੋਏਗਾ ਬਰੋ, ਮੈਂ ਬਹੁਤ ਖੁਸ਼ ਹਾਂ...ਮੈਨੂੰ ਤੇਰੇ ਉੱਤੇ ਬਹੁਤ ਮਾਣ ਹੈ, ਮੈਂ ਆਪਣੇ ਵੱਡੇ ਮਨੇਜਰ ਨਾਲ ਗੱਲ ਕਰ ਚੁੱਕਿਆ ਹਾਂ...ਤੈਨੂੰ ਉਹ ਕੰਪਨੀ ਵਿੱਚ ਕਿਤੇ ਨਾ ਕਿਤੇ ਫਿੱਟ ਜ਼ਰੂਰ ਕਰੇਗਾ, ਕਿਉਂਕਿ ਉਹ ਮੇਰੇ ਬਹੁਤ ਨੇੜੇ ਹੈ। ਤੂੰ ਘਰ ਆ ਮੇਰੇ ਬਰੋ...ਮੌਮ, ਡੈਡ, ਮੇਰੀ ਪਤਨੀ ਕੇਟੀ ਤੇ ਨਿੱਕਾ ਗੋਲਡੀ.. ਹੁਣ ਬੜੀ ਤਾਂਘ ਨਾਲ ਤੈਨੂੰ ਉਡੀਕ ਰਹੇ ਹਾਂ।"

"ਗੋਲਡੀ ਕਿੰਨੇ ਚਿਰ ਦਾ ਹੋ ਗਿਆ ?"

"ਡੇਢ ਸਾਲ ਦਾ, ਤੂੰ ਭੁੱਲ ਗਿਆ, ਉਹਨੂੰ ਤੇਰੇ ਕੋਲ ਐਨੀ ਵਾਰ ਤਾਂ ਅਸੀਂ ਲੈ ਕੇ ਆਏ ਸੀ ?"

"ਹਾਂ...ਹਾਂ, ਮੇਰਾ ਮਤਲਬ ਕਿੱਡਾ ਵੱਡਾ ਹੋ ਗਿਆ।"

"ਉਹ ਬਹੁਤ ਜਲਦ ਵੱਡਾ ਹੋ ਰਿਹਾ।"

"ਮੈਂ ਤੇਰੇ ਲਈ ਬਹੁਤ ਖੁਸ਼ ਹਾਂ, ਸਕਾਟੀ!"ਕੋਰੀ ਦੇ ਗਲੇਡੂ ਭਰ ਆਏ।

"ਮੈਨੂੰ ਪਤਾ ਹੈ ਭਰਾ...ਮੈਨੂੰ ਪਤਾ ਏ, ਯਾਦ ਰੱਖਣਾ ਤੂੰ ਵੀ ਮੇਰੇ ਦਿਲ ਵਿੱਚ ਏਂ", ਸਕਾਟ ਦਾ ਵੀ ਗਲਾ ਭਰ ਆਇਆ।

ਜੇਲ੍ਹ ਤੋਂ ਛੁੱਟੀ ਮਿਲਣ ਤੋਂ ਇੱਕ ਮਹੀਨਾ ਪਹਿਲਾਂ,ਕੋਰੀ ਨੂੰ ਉਹਦੀ ਮਾਂ ਮਿਲਣ ਆਈ। ਉਹਨੇ ਨੱਸ ਕੇ ਮਾਂ ਦੇ ਹੱਥਾਂ ਵਿੱਚ ਹੱਥ ਦਿੱਤੇ ਤੇ ਬੋਲਿਆ, "ਬਸ ਮੌਮ, ਇੱਕ ਮਹੀਨਾ ਹੋਰ, ਫੇਰ ਮੈਂ ਤੇਰੇ ਕੋਲ ਹੋਵਾਂਗਾ, ਡੈਡ ਕੋਲ ਤੇ ਸਕਾਟ ਕੋਲ ਤੇ ਨਿੱਕੇ ਗੋਲਡੀ ਕੋਲ...", ਫੇਰ ਅਚਾਨਕ ਉਹਨੇ ਵੇਖਿਆ ਕਿ ਉਸ ਦੀ ਮਾਂ ਰੋਣ ਲੱਗ ਪਈ ਸੀ।

"ਮੌਮ, ਕੀ ਗੱਲ ਤੂੰ ਖੁਸ਼ ਨਹੀਂ?"

ਮੁਸ਼ਕਿਲ ਨਾਲ ਉਹਨੇ ਐਨਾ ਕਿਹਾ, "ਕੋਰੀ, ਸਕਾਟ ਤਾਂ ਦੁਨੀਆ ਨੂੰ ਹੀ ਹਮੇਸ਼ਾਂ ਲਈ ਅਲਵਿਦਾ ਆਖ ਗਿਆ," ਉਹ ਫੇਰ ਰੋਣ ਲੱਗ ਪਈ।

ਕੋਰੀ ਨੂੰ ਜਿਵੇਂ ਕਿਸੇ ਨੇ ਖੂਹ ਵਿੱਚ ਧੱਕਾ ਦੇ ਦਿੱਤਾ ਹੋਵੇ। ਉਹਦਾ ਮਕਸਦ ਚੂਰ-ਚੂਰ ਹੋ ਕੇ ਜਿਵੇਂ ਉਸ ਦੇ ਸਾਹਮਣੇ ਬਿਖਰ ਗਿਆ।

**ਮੋਬਾ. 81469-10997**

ਕਹਾਣੀ : **ਗੁਰਮੇਲ ਬੀਰੋਕੇ**



# ਅੱਧ ਵਿਆਹੀ

ਪੰਜਾਬ ਦੇ ਪਿੰਡੇ ਉਤਲੇ ਜ਼ਖ਼ਮਾਂ ਨੂੰ ਖਰੀਂਢ ਆਉਣ ਲੱਗ ਪਏ ਸਨ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੀ ਸ਼ੁਰੂਆਤ ਸੀ। ਕਦੇ-ਕਦੇ, ਕੋਈ-ਕੋਈ, ਨਿੱਕੀ-ਮੋਟੀ ਘਟਨਾ ਹਾਲੇ ਵੀ ਜ਼ਖ਼ਮ ਉਚੇੜ ਦਿੰਦੀ ਸੀ ਪਰ ਉਂਞ ਸੁੱਖ-ਸਾਂਦ ਸੀ।

ਬਠਿੰਡੇ ਸ਼ਹਿਰ ਦਾ ਰੇਲਵੇ ਸਟੇਸ਼ਨ, ਸੱਤ ਲਾਈਨਾਂ ਵਾਲਾ, ਸਵਾਰੀਆਂ ਨਾਲ ਭਰਿਆ ਹੋਇਆ ਸੀ। ਸ਼ਹਿਰ ਦੇ ਨੇੜਲੇ ਪਿੰਡ ’ਚ ਉਸ ਦਿਨ ਕੋਈ ਮੇਲਾ ਸੀ।

ਜਨਵਰੀ ਮਹੀਨੇ ਦਾ ਪਹਿਲਾ ਐਤਵਾਰ ਸੀ। ਵਿਜੇ ਪਿੰਡ ਛੁੱਟੀਆਂ ਕੱਟ ਕੇ ਯੂਨੀਵਰਸਿਟੀ ਚੱਲਿਆ ਸੀ। ਉਹ ਬੈਂਚ ’ਤੇ ਬੈਠਾ ਗੱਡੀ ਦੀ ਉਡੀਕ ਕਰ ਰਿਹਾ ਸੀ। ਉਸ ਦੇ ਨਾਲ ਵਾਲੇ ਬੈਂਚ ’ਤੇ ਇੱਕ ਕੁੜੀ ਤੇ ਬੁੜ੍ਹੀ ਬੈਠੀਆਂ ਸਨ। ਉਦੋਂ ਵਿਜੇ ਐੱਮ. ਏ. ਦਾ ਵਿਦਿਆਰਥੀ ਸੀ।

ਉਹ ਕੁੜੀ ਵਿਜੇ ਵੱਲ ਚੋਰੀ ਅੱਖ ਨਾਲ ਦੇਖ ਲੈਂਦੀ, ਜਦ ਵਿਜੇ ਉਸ ਵੱਲ ਝਾਕਣ ਲੱਗਦਾ ਤਾਂ ਮੂੰਹ ਪਰ੍ਹਾਂ ਭੁਆਂ ਲੈਂਦੀ...ਅੱਖਾਂ ਚੁਰਾ ਲੈਂਦੀ।

“ਅੱਜ ਤਾਂ ਲਗਦੈ, ਗੱਡੀ ਲੇਟ ਐ...।” ਬੁੜ੍ਹੀ ਐਨਕਾਂ ਵਾਲੀਆਂ ਅੱਖਾਂ ਉੱਤੇ ਹੱਥ ਰੱਖ ਕੇ ਲਾਈਨਾਂ ਵੱਲ ਦੇਖਦੀ ਹੋਈ ਕਹਿਣ ਲੱਗੀ। ਮੁੰਡੇ ਤੇ ਕੁੜੀ ਦੀ ‘ਅੱਖਾਂ ਵਾਲੀ ਖੇਡ’ ਰੁਕ ਗਈ।

“ਆਪਾਂ ਕਿਸੇ ਨੂੰ ਪੁੱਛ ਲੈਨੇ ਆਂ।” ਕੁੜੀ ਨੇ ਬਹੁਤ ਹੀ ਨਰਮ ਜਿਹੀ ਅਵਾਜ਼ ਵਿੱਚ ਕਿਹਾ ਤੇ ਫਿਰ ਉਸ ਨੇ ਬੈਂਚ ‘ਤੋਂ ਉੱਠ ਕੇ ਅੰਗੜਾਈ ਲਈ...ਵਿਜੇ ਨੂੰ ਜਾਪਿਆ ਜਿਵੇਂ ਕੁੜੀ ਦਾ ਪੂਰਾ ਸਰੀਰ ਇਸ ਤਰ੍ਹਾਂ ਖਿੜਿਆ ਹੋਇਆ ਹੋਵੇ ਜਿਵੇਂ ਕਪਾਹ ਦੀ ਛਟੀ ਦੇ ਸਾਰੇ ਟੀਂਡੇ ਫੁੱਟ ਬਣੇ ਪਏ ਹੋਣ।

ਉਹ ਖੜ੍ਹ ਕੇ ਵਿਜੇ ਵੱਲ ਟੇਢੀ ਜਿਹੀ ਅੱਖ ਕਰਕੇ ਦੇਖਣ ਲੱਗੀ। ਵਿਜੇ ਵੀ ਪੂਰੀ ਚੁਸਤੀ ਨਾਲ ਅੱਖਾਂ ਗੱਡ ਕੇ ਦੇਖਦਾ ਰਿਹਾ। ਉਸ ਵਾਰ ਉਨ੍ਹਾਂ ਦੀਆਂ ਅੱਖਾਂ ਆਪਸ ਵਿੱਚ ਟਕਰਾ ਗਈਆਂ ਤੇ ਚਾਰੇ ਨੈਣ ਕਟਾ-ਵੱਢ ਹੋਗੇ...। ਸਟੇਸ਼ਨ ਦੀ ਹਲਚਲ, ਲੋਕਾਂ ਦੀਆਂ ਗੱਲਾਂ, ਗੱਡੀਆਂ ਦੇ ਇੰਜਣਾਂ ਦੀ ਅਵਾਜ਼ ਤੇ ਹੋਰ ਸਭ ਕੁਛ ਥੋੜ੍ਹੇ ਵਕਤ ਲਈ ਉਹਨਾਂ ਨੂੰ ਸੁਣਨੋਂ ਹਟ ਗਿਆ।

...ਤੇ ਕੁੜੀ ਹੌਲੀ-ਹੌਲੀ ਵਿਜੇ ਵੱਲ ਤੁਰ ਪਈ। ਉਸ ਦੀ ਤੋਰ ਵਿੱਚ ਕੋਈ ਮਿੱਠੀ-ਮਿੱਠੀ ਛਣਕਾਰ ਸੀ ਜੋ ਵਿਜੇ ਦੇ ਦਿਲ ਤੱਕ ਪਹੁੰਚ ਰਹੀ ਸੀ।

ਵਿਜੇ ਦੇ ਮਨ ਵਿੱਚ ਇੱਕੋ ਵਾਰ ਹੀ ਕਈ ਰੰਗ ਖਿੱਲਰਨ ਲੱਗੇ, ਹੈਰਾਨੀ, ਖ਼ੁਸ਼ੀ, ਡਰ ਤੇ ਉਤਸੁਕਤਾ ਦੇ। ਉਸ ਦੀ ਸੋਚ ਵਿੱਚ ਰਲ਼ੇ ਮਿਲ਼ੇ ਵਿਚਾਰ ਭੱਜਣ ਲੱਗੇ, ‘ਕਮਾਲ ਹੋਗੀ... ਕਿਤੇ ਗਲ਼ ਈ ਨਾ ਪੈ ਜੇ... ਨਹੀਂ, ਨਹੀਂ...!’ ਪਰ ਨਾਲ ਹੀ ਕੋਈ ਸਰੂਰ ਉਸ ਅੰਦਰ ਚਾਅ ਦੀਆਂ ਤਰੰਗਾ ਪੈਦਾ ਕਰ ਰਿਹਾ ਸੀ। ਦਿਲ ਜ਼ੋਰ ਨਾਲ ਧੜਕ ਰਿਹਾ ਸੀ ਤੇ ਧੜਕਣ ਦੇ ਹਰ ਝਟਕੇ ਨਾਲ ਉਸ ਨੂੰ ਲੱਗ ਰਿਹਾ ਸੀ ਕਿ ਕੁਝ ਹੋਣ ਵਾਲਾ ਹੈ। ‘ਕੀ ਪਤੈ... ਗੱਲ ਈ ਕਰਨ ਆਉਂਦੀ ਹੋਵੇ?’ ਇਹ ਖ਼ਿਆਲ ਆਉਂਦੇ ਹੀ ਉਸ ਦੇ ਬੁੱਲ੍ਹਾਂ ’ਤੇ ਕਿਸੇ ਨਸ਼ੇ ਨਾਲ ਲੱਦੀ ਮੁਸਕਰਾਹਟ ਆ ਗਈ, ਜਿਵੇਂ ਅਨੰਦਮਈ ਸੁਪਨੇ ਦੇ ਦਰਵਾਜ਼ੇ ਉੱਤੇ ਪਹਿਲੀ ਆਸ ਭਰੀ ਕਿਰਨ ਪੈਣ ਲੱਗੀ ਹੋਵੇ।

ਉਹ ਉਸ ਦੇ ਬਿਲਕੁਲ ਨੇੜੇ ਆ ਕੇ ਨਰਮੀ ਭਰੇ ਸ਼ਬਦਾਂ ਨਾਲ ਪੁੱਛਣ ਲੱਗੀ, “ਥੋਨੂੰ ਪਟਿਆਲ਼ੇ ਆਲ਼ੀ ਗੱਡੀ ਦਾ ਪਤੈ ਜੀ, ਬਈ ਰਾਈਟ ਟਾਈਮ ’ਤੇ ਈ ਆ ਰਹੀ ਐ ?”

ਵਿਜੇ ਕੁਛ ਸਕਿੰਟ ਕੁੜੀ ਵੱਲ ਦੇਖਦਾ ਰਿਹਾ ਤੇ ਫੇਰ ਕਹਿਣ ਲੱਗਾ, “ਹਾਂ ਜੀ, ਰਾਈਟ ਟਾਈਮ ’ਤੇ ਈ ਆ ਰਹੀ ਐ।” ਜਾਪਦਾ ਸੀ ਜਿਵੇਂ ਇਹ ਸ਼ਬਦ ਉਸ ਨੇ ਆਪਣੀਆਂ ਸੋਚਾਂ ਦੇ ਘੁੰਗਰੂਆਂ ਵਿੱਚੋਂ ਬੜੀ ਹੀ ਔਖ ਨਾਲ ਲੱਭ ਕੇ ਬਾਹਰ ਕੱਢੇ ਹੋਣ।

ਕੁੜੀ ਉਸ ਦੇ ਕੋਲੇ ਖੜ੍ਹ ਕੇ ਦੂਰ ਲਾਇਨ ’ਤੇ ਖ਼ਾਲੀ ਖੜ੍ਹੇ ਡੱਬਿਆਂ ਵੱਲ ਤੱਕਣ ਲੱਗ ਪਈ। ਥੋੜ੍ਹਾ ਜਿਹਾ ਖੰਘ ਕੇ, ਵਿਜੇ ਵੱਲ ਝਾਕ ਕੇ ਫਿਰ ਬੋਲੀ, “ਤੁਸੀਂ ਕਿੱਥੇ ਜਾਣੈ ਜੀ?”

“ਮੈਂ ਪਟਿਆਲ਼ੇ ਜਾਣੈ ਜੀ।”

“ਅਸੀਂ ਵੀ ਪਟਿਆਲ਼ੇ ਈ ਜਾਣੈ।”

“ਠੀਕ ਐ ਜੀ।” ਕਹਿ ਕੇ ਵਿਜੇ ਚੁੱਪ ਹੋ ਗਿਆ। ਉਸ ਦੀ ਚੁੱਪ ਵਿੱਚ ਕਿੰਨੀਆਂ ਹੀ ਗੱਲਾਂ ਰਲੀਆਂ ਹੋਈਆਂ ਸਨ ਜੋ ਬੋਲ ਨਾ ਬਣ ਸਕੀਆਂ ਤੇ ਜਾਪਦਾ ਸੀ ਜਿਵੇਂ ਕੁੜੀ ਵੀ ਗੱਲ ਤੋਰਨਾ ਚਾਹੁੰਦੀ ਸੀ, ਪਰ ਸ਼ਾਇਦ ਸ਼ਬਦ ਉਸ ਦੇ ਬੁੱਲ੍ਹਾਂ ਤੱਕ ਆ ਕੇ ਗੁੰਮ ਹੋ ਗਏ। ਫਿਰ ਉਹ ਨੀਵੀਂ ਪਾ ਕੇ ਥੱਲੇ ਨੂੰ ਦੇਖਣ ਲੱਗ ਪਈ ਤੇ ਵਿਜੇ ਉਸ ਨੂੰ ਇੰਝ ਦੇਖਣ ਲੱਗਾ ਜਿਵੇਂ ਕਿਸੇ ਕਹਾਣੀ ਦਾ ਅਰੰਭ ਪੜ੍ਹ ਰਿਹਾ ਹੋਵੇ।

...ਤੇ ਉਹ ਸੋਚਣ ਲੱਗਾ, ਕੱਪੜੇ ਲੀੜੇ ਤੋਂ ਤਾਂ ਪੜ੍ਹੀ-ਲਿਖੀ ਲਗਦੀ ਹੈ...ਬੋਲ-ਚਾਲ ਦਾ ਲਹਿਜ਼ਾ ਵੀ ਸੋਹਣਾ ਹੈ...ਪਰ ਬੁੜ੍ਹੀ ਪਤਾ ਨਹੀਂ ਕੌਣ ਹੈ ਇਹਦੇ ਨਾਲ ?

...ਤੇ ਗੱਡੀ ਆ ਗਈ। ਸਟੇਸ਼ਨ ’ਤੇ ਭਾਜੜ ਪੈ ਗਈ। ਸਵਾਰੀਆਂ ਡੱਬਿਆਂ ਵੱਲ ਦੌੜ ਪਈਆਂ। ਹਰ-ਕੋਈ ਪਹਿਲਾਂ ਚੜ੍ਹਨਾ ਚਾਹੁੰਦਾ ਸੀ ਤੇ ਇੱਕ ਸਿਆਣੀ ਉਮਰ ਦੇ ਬਜ਼ੁਰਗ ਨੂੰ ਕਿਸੇ ਨੇ ਧੱਕਾ ਮਾਰ ਦਿੱਤਾ। ਉਸ ਦੇ ਪੈਰ ਉੱਖੜ ਗਏ। ਡਿੱਗ ਪਿਆ। ਕੁੜੀ ਨੇ ਬਜ਼ੁਰਗ ਸਹਾਰਾ ਦੇ ਕੇ ਖੜ੍ਹਾ ਕਰ ਦਿੱਤਾ। ਉਹ ਕੁੜੀ ਦਾ ਸ਼ੁਕਰੀਆ ਕਰਨ ਤੋਂ ਬਾਅਦ ਕਹਿ ਰਿਹਾ ਸੀ, “ਓ, ਭਾਈ ! ਹੌਲ਼ੀ ਚੜ੍ਹੋ...। ਗੱਡੀ ਬਥੇਰੀ ਵੱਡੀ ਐ। ਸਭ ਨੂੰ ਲੈ ਕੇ ਜਾਊ। ਸਮਾਈ

ਰੱਖੋ, ਸਮਾਈ...।"

ਵਿਜੇ ਡੱਬੇ 'ਚ ਚੜ੍ਹ ਗਿਆ। ਭੀੜ ਭਾਵੇਂ ਬਹੁਤ ਸੀ, ਪਰ ਉਸ ਨੂੰ ਸੀਟ ਮਿਲ ਗਈ। ਗੱਡੀ ਤੁਰ ਪਈ। ਉਹ ਕੁੜੀ ਤੇ ਬੁੜ੍ਹੀ ਵੀ ਉਸੇ ਡੱਬੇ 'ਚ ਦੂਜੀ ਬਾਰੀ ਥਾਣੀਂ ਚੜ੍ਹ ਗਈਆਂ ਸਨ ਤੇ ਕੁਛ ਸਮੇਂ ਪਿੱਛੋਂ ਉਹ ਵਿਜੇ ਦੀ ਸੀਟ ਕੋਲ ਆ ਪਹੁੰਚੀਆਂ। ਵਿਜੇ ਨੇ ਖੜ੍ਹਾ ਹੁੰਦਿਆਂ ਉਨ੍ਹਾਂ ਨੂੰ ਸੀਟ ਛੱਡ ਦਿੱਤੀ। ਉਹ ਦੋਹੇਂ ਜਣੀਆਂ ਘੁਸੜ ਕੇ ਇੱਕ ਸਵਾਰੀ ਦੀ ਥਾਂ ਵਿੱਚ ਹੀ ਬਹਿ ਗਈਆਂ।

ਬੈਠੀ-ਬੈਠੀ ਕੁੜੀ ਫਿਰ ਚੋਰੀ ਅੱਖ ਨਾਲ ਵਿਜੇ ਵੱਲ ਦੇਖਣ ਲੱਗ ਪਈ। ਜਾਪਦਾ ਸੀ ਜਿਵੇਂ ਉਹ ਸਨੇਹ ਦੇ ਬੰਬਲ਼ ਵੱਟ ਰਹੀ ਹੋਵੇ। ਵਿਜੇ ਵੀ ਖ਼ਿਆਲਾਂ ਦੀ ਤਾਣੀ ਤਣਨ ਲੱਗਿਆ, 'ਜਾਂ ਤਾਂ ਇਹ ਪਾਗਲ ਹੈ, ਜਾਂ ਫਿਰ ਮੈਂ ਇਹਦੇ ਪਸੰਦ ਆ ਗਿਆ ਹਾਂ ਤੇ ਜਾਂ ਫਿਰ...ਪਤਾ ਨਹੀਂ...?'

ਅਗਲੇ ਸਟੇਸ਼ਨ 'ਤੇ ਕੁਛ ਸਵਾਰੀਆਂ ਉਤਰ ਗਈਆਂ। ਸੀਟ ਤੋਂ ਇੱਕ ਸਵਾਰੀ ਘਟ ਗਈ। ਕੁੜੀ ਨੇ 'ਕੱਠੀ ਜਿਹੀ ਹੋਕੇ, ਵਿਜੇ ਵੱਲ ਤੱਕਿਆ। ਹੁਣ ਉਸ ਦੀਆਂ ਅੱਖਾਂ ਵਿੱਚ ਤਰਲਾ ਸੀ। ਅੱਖਾਂ ਵਿਜੇ ਨੂੰ ਕਹਿ ਰਹੀਆਂ ਸਨ, 'ਬਹਿ ਜਾਓ, ਪਲੀਜ਼!' ਥਾਂ ਭਾਵੇਂ ਹੈ ਨਹੀਂ ਸੀ ਪਰ ਫਿਰ ਵੀ ਉਹ ਬਹਿ ਗਿਆ।

ਥਾਂ ਦੀ ਘਾਟ ਕਾਰਨ ਉਹ ਇੰਝ ਬੈਠੇ ਸਨ ਜਿਵੇਂ ਫਾਨਿਆਂ ਵਾਂਗਰ ਠੁਕੇ ਪਏ ਹੋਣ। ਵਿਜੇ ਦਾ ਬੈਗ ਪਹਿਲਾਂ ਹੀ ਸੀਟ ਦੇ ਥੱਲੇ ਪਿਆ ਸੀ ਤੇ ਉਹਨੇ ਆਪਣੇ ਹੱਥ 'ਚ ਇੱਕ ਕਿਤਾਬ ਫੜ ਰੱਖੀ ਸੀ। ਸੀਟ 'ਤੇ ਬਹਿ ਕੇ ਕਿਤਾਬ ਉਸ ਨੇ ਆਪਣੇ ਪੱਟਾਂ 'ਤੇ ਰੱਖ ਲਈ। ਗੱਡੀ ਕਿਸੇ ਪਿੰਡ ਦੇ ਸਟੇਸ਼ਨ ਕੋਲ ਪਹੁੰਚੀ, ਉੱਥੇ ਗੱਡੀ ਨੇ ਰੁਕਣਾ ਨਹੀਂ ਸੀ। ਗੱਡੀ ਨੇ ਕਾਂਟਾ ਬਦਲਿਆ ਤਾਂ ਝਟਕਾ ਜਿਹਾ ਵੱਜਿਆ ਤੇ ਵਿਜੇ ਦੀ ਕਿਤਾਬ ਹਿੱਲ ਕੇ ਕੁੜੀ ਦੀ ਝੋਲ਼ੀ ਵਿੱਚ ਪਹੁੰਚ ਗਈ। ਜਦ ਉਹ ਕਿਤਾਬ ਨੂੰ ਆਪਣੇ ਵੱਲ ਖਿੱਚਣ ਲੱਗਾ ਤਾਂ ਕੁੜੀ ਨੇ ਉਸ ਦੀਆਂ ਅੱਖਾਂ 'ਚ ਅੱਖਾਂ ਪਾਕੇ, ਮੁਸਕਰਾ ਕੇ ਨਾਂਹ ਵਿੱਚ ਸਿਰ ਇੰਝ ਹਿਲਾਉਂਦਿਆਂ ਜਿਵੇਂ ਕਹਿ ਰਹੀ ਹੋਵੇ, 'ਕਿਤਾਬ ਨੂੰ ਕੁਛ ਸਮਾਂ ਮੇਰੀ ਗੋਦੀ ਦਾ ਵੀ ਨਿੱਘ ਮਾਣ ਲੈਣ ਦਿਓ, ਪਲੀਜ਼!' ਵਿਜੇ ਦੇ ਹੱਥ ਥਾਏਂ ਹੀ ਰੁਕ ਗਏ ਤੇ ਕੁੜੀ ਦੀਆਂ ਅੱਖਾਂ ਦੀ ਮੁਸਕਰਾਹਟ ਵਿਚਲਾ ਨਸ਼ਾ ਉਸ ਦੇ ਸਰੀਰ 'ਚ ਬਿਜਲੀ ਦੇ ਕਰੰਟ ਵਾਂਗਰ ਫਿਰ ਗਿਆ। ਉਸ ਨੂੰ ਜਾਪਿਆ ਜਿਵੇਂ ਆਲ਼ਾ-ਦੁਆਲ਼ਾ ਧੁੰਦਲਾ ਜਿਹਾ ਹੋ ਗਿਆ ਹੋਵੇ ਤੇ ਡੱਬੇ ਵਿੱਚ ਸਿਰਫ਼ ਉਹ ਦੋ ਜਣੇ ਹੀ ਸਫ਼ਰ ਕਰ ਰਹੇ ਹੋਣ।

ਕੁੜੀ ਨੇ ਪਿਆਜ਼ੀ ਰੰਗ ਦਾ ਸ਼ਾਲ ਲਿਆ ਹੋਇਆ ਸੀ, ਜਿਸ 'ਤੇ ਫਿੱਕੇ ਜਾਮਣੀ ਰੰਗ ਦੀਆਂ ਛੋਟੀਆਂ-ਛੋਟੀਆਂ ਬੂਟੀਆਂ ਸਨ ਤੇ ਬੂਟੀਆਂ ਦਾ ਰੰਗ ਉਸ ਦੇ ਸਲਵਾਰ-ਕਮੀਜ਼ ਨਾਲ ਮਿਲਦਾ ਸੀ।

...ਵਿਜੇ ਦਾ ਦਿਲ ਤੇਜ਼-ਤੇਜ਼ ਧੜਕ ਰਿਹਾ ਸੀ ਤੇ ਮਨ ਉਸ ਦੇ ਆਪੇ ਤੋਂ ਬਾਹਰ ਹੋ ਰਿਹਾ ਸੀ। ਉਸ ਨੇ ਆਪਣਾ ਆਪ ਬਹੁਤ ਸਥਿਰ ਕਰਨ ਦੀ ਕੋਸ਼ਸ਼ ਕੀਤੀ ਪਰ ਨਾ ਕਰ ਸਕਿਆ। ਉਸ ਦਾ ਆਪਣੇ ਆਪ ਉੱਤੇ ਕਾਬੂ ਨਾ ਰਿਹਾ।ਉਸ ਦੇ ਰੋਕਦਿਆਂ ਹੋਇਆਂ ਵੀ ਉਸ ਦਾ ਹੱਥ ਮਲਕੜੇ ਜਿਹੇ ਕੁੜੀ ਦੇ ਸ਼ਾਲ ਦੇ ਹੇਠਾਂ ਚਲਾ ਗਿਆ ਤੇ ਉਂਗਲਾਂ ਕੁੜੀ ਦੇ ਕੂਲ਼ੇ-ਕੂਲ਼ੇ ਤੇ ਨਿੱਘੇ-ਨਿੱਘੇ ਹੱਥ ਨਾਲ ਲੱਗ ਗਈਆਂ। ਇੱਕ ਵਾਰ ਤਾਂ ਕੁੜੀ ਤ੍ਰਭਕ ਗਈ ਤੇ ਇੰਝ ਮਹਿਸੂਸ ਹੋਇਆ ਜਿਵੇਂ ਉਸ ਨੂੰ ਬੁਰਾ ਲੱਗਾ ਹੋਵੇ। ਉਹ ਵੀ ਠਠੰਬਰ ਗਿਆ। ਦੋਹੇਂ ਆਸੇ-ਪਾਸੇ ਦੇਖਣ ਲੱਗੇ ਤੇ ਕੁਛ ਪਲਾਂ ਮਗਰੋਂ ਸਭ ਕੁਛ ਸ਼ਾਂਤ ਹੋ ਗਿਆ। ਝਿਜਕ ਤੇ ਚਾਹਤ ਵਿਚਲਾ ਪਰਦਾ ਲਹਿ ਗਿਆ ਤੇ ਕੁੜੀ ਨੇ ਵਿਜੇ ਦਾ ਹੱਥ ਆਪਣੇ ਦੋਹਾਂ ਹੱਥਾਂ ਵਿੱਚ ਘੁੱਟ ਲਿਆ। ਸਵਾਰੀਆਂ ਦਾ ਰੌਲ਼ਾ ਅਤੇ ਗੱਡੀ ਦੇ ਪਹੀਆਂ ਦਾ ਖੜਕਾ ਦੋਨਾਂ ਨੂੰ ਸੁਣਨੋਂ ਹਟ ਗਿਆ ਤੇ ਹੱਥਾਂ ਦੀ ਛੂਹ ਸਦਕਾ ਉਹ ਇੱਕ ਦੂਜੇ 'ਚ ਸਮਾਉਣ ਲੱਗੇ...।

...ਗੱਡੀ ਰੁਕ ਗਈ। ਸ਼ਾਇਦ ਕੋਈ ਸਟੇਸ਼ਨ ਆ ਗਿਆ ਸੀ। ਸਵਾਰੀਆਂ ਉੱਤਰਨ ਤੇ ਚੜ੍ਹਨ ਲੱਗੀਆਂ। ਚੜ੍ਹਨ ਵਾਲੀਆਂ ਸਵਾਰੀਆਂ ਘੱਟ ਸਨ ਤੇ ਉੱਤਰਨ ਵਾਲੀਆਂ ਵੱਧ ਸਨ। ਛੀੜ ਹੋ ਗਈ। ਬਹੁਤ ਸਾਰੀਆਂ ਸੀਟਾਂ ਖ਼ਾਲੀ ਹੋ ਗਈਆਂ। ਸਾਰੇ ਖੁੱਲ੍ਹੇ-ਖੁੱਲ੍ਹੇ ਹੋਕੇ ਬੈਠਣ ਲੱਗੇ। ਬੁੜ੍ਹੀ ਅਤੇ ਵਿਜੇ ਦੇ ਵਿਚਕਾਰ ਕੁੜੀ ਬੈਠੀ ਸੀ। ਬੁੜ੍ਹੀ ਹੁਣ ਖਿੜਕੀ ਵਾਲੇ ਪਾਸੇ ਨੂੰ ਦੂਰ ਹੋਕੇ ਬਹਿ ਗਈ। ਉਨ੍ਹਾਂ ਦੋਹਾਂ ਨੂੰ ਵੀ ਦੂਰ-ਦੂਰ ਹੋਕੇ ਬੈਠਣਾ ਪਿਆ ਤੇ ਹੱਥਾਂ 'ਚੋਂ ਹੱਥ ਛੱਡਣੇ ਪਏ...।

ਕੁੜੀ ਕਿਤਾਬ ਦੇ ਵਰਕੇ ਫਰੋਲ਼ਣ ਲੱਗ ਪਈ ਤੇ ਵਿਜੇ ਖੜ੍ਹਾ ਹੋਕੇ ਦਰਵਾਜ਼ੇ ਵੱਲ ਨੂੰ ਚਲਾ ਗਿਆ। ਥੋੜ੍ਹਾ ਚਿਰ ਉੱਥੇ ਖੜ੍ਹਨ ਤੋਂ ਬਾਅਦ ਉਸ ਨੇ ਬੁੜ੍ਹੀ ਤੋਂ ਬਚਦਿਆਂ ਕੁੜੀ ਨੂੰ ਇਸ਼ਾਰਾ ਕੀਤਾ ਕਿ ਐਧਰ ਆ ਜਾ। ਕੁੜੀ ਬੁੜ੍ਹੀ ਨੂੰ ਕੁਛ ਕਹਿ ਕੇ ਵਿਜੇ ਦੇ ਕੋਲ ਆ ਗਈ। ਬੁੜ੍ਹੀ ਪਿੱਛੇ ਨੂੰ ਢੋਹ ਲਾਕੇ ਅੱਖਾਂ ਬੰਦ ਕਰ ਕੇ ਬਹਿ ਗਈ ਸੀ।

ਮੁੰਡਾ ਤੇ ਕੁੜੀ ਆਹਮੋ-ਸਾਹਮਣੇ ਖੜ੍ਹੇ ਸਨ, ਉਨ੍ਹਾਂ ਦੇ ਦਿਲਾਂ 'ਚ ਤੂਫ਼ਾਨ ਉੱਠਿਆ ਹੋਇਆ ਸੀ। ਦੋਹੇਂ ਹੀ ਬਹੁਤ ਕੁਛ ਬੋਲਣਾ ਚਾਹੁੰਦੇ ਸਨ ਪਰ ਸ਼ਬਦ ਬੁੱਲ੍ਹਾਂ ਉੱਤੇ ਨਹੀਂ ਚੜ੍ਹ ਰਹੇ ਸਨ।

ਵਿਜੇ ਨੇ ਕੁਛ ਸਮੇਂ ਬਾਅਦ ਹਿੰਮਤ ਕੀਤੀ ਤੇ ਕੰਬਦੇ ਬੋਲਾਂ ਨਾਲ ਪੁੱਛਿਆ, "ਕੀ ਨਾਉਂ ਐ ਜੀ ਥੋਡਾ ?"

"ਅਮਨਵੀਰ ਐ ਜੀ।...ਥੋਡਾ ਨਾਂ ਕੀ ਐ ?" ਕੁੜੀ ਨੀਵੀਂ ਪਾ ਕੇ ਬੋਲ ਰਹੀ ਸੀ।

"ਮੇਰਾ ਨਾਂ ਵਿਜੇ ਐ।" ਵਿਜੇ ਦੇ ਇਹ ਸ਼ਬਦ ਜਿਵੇਂ ਹੌਲੀ-ਹੌਲੀ ਹਵਾ ਵਿੱਚ ਤੈਰਦੇ ਹੋਏ ਅਮਨਵੀਰ ਦੇ ਦਿਲ ਤੱਕ ਪਹੁੰਚੇ। ਉਸ ਨੇ ਸਿਰ ਉੱਤੇ ਚੁੱਕਿਆ ਤੇ ਵਿਜੇ ਵੱਲ ਵੇਖਿਆ। ਹੁਣ ਦੋਹਾਂ ਦੀਆਂ ਨਜ਼ਰਾਂ ਵਿੱਚ ਮੋਹ ਦੀਆਂ ਛੱਲਾਂ ਸਨ।

...ਫੇਰ ਕੁਛ ਚਿਰ ਉਹ ਚੁੱਪ ਖੜ੍ਹੇ ਰਹੇ। ਪਰ ਅੱਖਾਂ ਗੱਲਾਂ ਕਰਦੀਆਂ ਰਹੀਆਂ। ਹੁਣ ਉਨ੍ਹਾਂ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਡੱਬੇ ਵਿਚਲੀਆਂ ਸਾਰੀਆਂ ਹੀ ਸਵਾਰੀਆਂ ਉਨ੍ਹਾਂ ਨੂੰ ਤਾੜ ਰਹੀਆਂ ਹੋਣ।

"ਥੋਡੇ ਨਾਲ ਥੋਡੀ ਮਦਰ ਐ ?" ਵਿਜੇ ਨੇ ਥੱਲੇ ਨੂੰ ਝਾਕਦਿਆਂ ਤੇ ਆਲ਼ੇ-ਦੁਆਲ਼ੇ ਤੋਂ ਬਚਦਿਆਂ ਪੁੱਛਿਆ।

"ਨਹੀਂ ਜੀ, ਉਹ ਤਾਂ ਮੇਰੀ ਸੱਸ ਐ।"

"ਅੱਛਾ! ਤੁਸੀਂ ਵਿਆਹੇ ਹੋਏ ਓਂ?" ਵਿਜੇ ਦੇ ਸ਼ਬਦਾਂ ਵਿੱਚ

ਕਾਂਬਾ ਸੀ ਤੇ ਉਸ ਨੂੰ ਮਹਿਸੂਸ ਹੋਣ ਲੱਗਾ ਜਿਵੇਂ ਪਿਆਰ ਦਾ ਪਾਣੀ ਉਸ ਦੇ ਦਿਲ ਦੀ ਕਿਆਰੀ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਸੁੱਕ ਗਿਆ ਹੋਵੇ।

"ਹਾਂ ਜੀ, ਮੈਂ ਅਧ-ਵਿਆਹੀ ਆਂ।" ਅਮਨਵੀਰ ਨੇ ਬੁੱਲ੍ਹਾਂ 'ਤੇ ਮੁਸਕਾਨ ਲਿਆਉਣ ਦੀ ਕੋਸ਼ਸ਼ ਕੀਤੀ ਪਰ ਆ ਨਾ ਸਕੀ।

"ਹੈਂ...! ਕੋਈ ਅੱਧਾ ਵਿਆਹਿਆ ਵੀ ਹੁੰਦੈ ?" ਵਿਜੇ ਦਾ ਮਨ ਅੱਧ-ਵਿਆਹੀ ਵਾਲੀ ਗੱਲ ਸੁਣ ਕੇ ਹੈਰਾਨੀ ਦੇ ਤੂਫ਼ਾਨ ਵਿੱਚ ਘਿਰ ਗਿਆ।

"ਜੀ, ਮੈਂ ਥੋਡੇ ਸਾਹਮਣੇ ਆਂ।" ਉਹ ਕਹਿਣ ਲੱਗੀ।

...ਵਿਜੇ ਨੇ ਸੋਚਿਆ ਕਿ ਇਹਦੀ ਮੰਗਣੀ ਵਗ਼ੈਰਾ ਹੋਈ ਹੋਵੇਗੀ, ਜਾਂ ਵਿਆਹੀ ਹੋਈ ਹੋਵੇਗੀ ਤੇ ਹਾਲੇ ਮੁਕਲਾਵਾ ਨਹੀਂ ਤੋਰਿਆ ਹੋਣਾ। "ਅੱਧਾ ਵਿਆਹ, ਮਤਲਬ ਮੰਗਣਾ ਵਗ਼ੈਰਾ ਹੋਇਆ ਹੋਇਐ?" ਵਿਜੇ ਨੇ ਜਾਣਨ ਵਾਸਤੇ ਪੁੱਛਿਆ।

"ਨਹੀਂ ਜੀ ਨਹੀਂ, ਵਿਆਹ ਤਾਂ ਰਸਮੋ-ਰਿਵਾਜ ਮੁਤਾਬਕ ਹੋਇਆ ਹੋਇਐ, ਪਰ ਹੋਇਆ ਅੱਧਾ ਈ ਐ।"

ਗੱਡੀ ਪੂਰੀ ਰਫ਼ਤਾਰ ਨਾਲ ਭੱਜੀ ਜਾ ਰਹੀ ਸੀ, ਦਰੱਖਤ ਪਿੱਛੇ ਰਹਿੰਦੇ ਜਾ ਰਹੇ ਸਨ ਤੇ ਵਿਜੇ ਦਾ ਮਨ ਸਵਾਲਾਂ ਦੀਆਂ ਟਾਹਣੀਆਂ ਵਿੱਚ ਫਸ ਕੇ ਕਿਧਰੇ ਹੋਰ ਹੀ ਉੱਡਣ ਲੱਗਾ।

ਥੋੜ੍ਹੇ ਚਿਰ ਬਾਅਦ ਸਵਾਲਾਂ ਵਿੱਚੋਂ ਨਿਕਲਣ ਵਾਸਤੇ ਉਸ ਨੇ ਆਪਣੀ ਨਿਗਾਹ ਅਮਨਵੀਰ ਦੀ ਸੱਸ ਵੱਲ ਮੋੜੀ ਤੇ ਉਸ ਨੂੰ ਪੁੱਛਿਆ, "ਥੋਡੀ ਸੱਸ ਬੁਰਾ ਨ੍ਹੀਂ ਮਨਾਊਗੀ, ਬਈ ਤੁਸੀਂ ਮੇਰੇ ਨਾਲ਼ ਗੱਲਾਂ ਕਰਦੇ ਓਂ?"

"ਨਾਂਹ ਜੀ ਨਾਂਹ, ਮੇਰੀ ਸੱਸ ਨੇ ਮੇਰੇ 'ਤੇ ਕਦੇ ਕੋਈ ਪਾਬੰਦੀ ਨ੍ਹੀਂ ਲਾਈ। ਬਹੁਤ ਚੰਗੇ ਨੇ ਸਾਡੇ ਬੀਬੀ ਜੀ।...ਤੇ ਦੂਜੀ ਗੱਲ, ਉਨ੍ਹਾਂ ਦੀ ਦੂਰ ਦੀ ਨਿਗਾਹ ਬਹੁਤ ਈ ਕਮਜ਼ੋਰ ਐ।"

"ਤੁਸੀਂ ਉਨ੍ਹਾਂ ਦੀ ਸ਼ਰਾਫ਼ਤ ਤੇ ਕਮਜ਼ੋਰ ਨਿਗਾਹ ਦਾ ਫ਼ਾਇਦਾ ਉਠਾਉਂਦੇ ਓਂ?" ਵਿਜੇ ਹੱਸਿਆ।

"ਨਹੀਂ ਜੀ, ਐਹੀ ਜ੍ਹੀ ਕੋਈ ਗੱਲ ਨ੍ਹੀਂ। ਜੋ ਮੈਂ ਠੀਕ ਸਮਝਦੀਆਂ, ਜੋ ਮੈਨੂੰ ਚੰਗਾ ਲਗਦੈ, ਉਹ ਮੈਂ ਕਰਦੀ ਆਂ।" ਕੁੜੀ ਦੇ ਬੋਲ ਦ੍ਰਿੜ੍ਹ ਇਰਾਦੇ ਵਾਲੇ ਜਾਪਦੇ ਸਨ।

...ਥੋੜ੍ਹਾ ਸਮਾਂ ਉਹ ਖੜ੍ਹੇ ਗੱਲਾਂ ਕਰਦੇ ਰਹੇ ਤੇ ਫਿਰ ਅਮਨਵੀਰ ਆਪਣੀ ਸੱਸ ਕੋਲ ਜਾ ਕੇ ਬੈਠ ਗਈ। ਦੋ ਕੁ ਹੋਰ ਸਟੇਸ਼ਨ ਲੰਘਣ ਮਗਰੋਂ ਡੱਬੇ ਵਿਚਲੀਆਂ ਲਗਭਗ ਸਾਰੀਆਂ ਹੀ ਸਵਾਰੀਆਂ ਬਦਲ ਗਈਆਂ। ਪਹਿਲੀਆਂ ਉਤਰ ਗਈਆਂ ਤੇ ਨਵੀਆਂ ਚੜ੍ਹ ਗਈਆਂ।

ਵਿਜੇ ਦੂਜੇ ਪਾਸੇ ਵਾਲੀ ਬਾਰੀ ਕੋਲ ਜਾ ਖੜਿਆ। ਉੱਥੋਂ ਅਮਨਵੀਰ ਤੇ ਉਸ ਦੀ ਸੱਸ ਉਹਨੂੰ ਦਿਸਦੀਆਂ ਨਹੀਂ ਸਨ। ਉਸ ਦਾ ਮਨ ਯੂਨੀਵਰਸਿਟੀ ਪਹੁੰਚ ਗਿਆ, ਅੱਜ ਹੋਸਟਲ ਜਾ ਕੇ ਪਿਛਲਾ ਰਹਿੰਦਾ ਕਲਾਸ ਦਾ ਸਾਰਾ ਕੰਮ ਨਿਬੇੜਾਂਗਾ, ਫਿਰ ਆਹ ਪੜੂੰ ਤੇ ਫਿਰ ਉਹ ਪੜੂੰ...। ਅਮਨਵੀਰ ਉਸ ਦੇ ਪਿੱਛੇ ਆਕੇ ਖੜ੍ਹ ਗਈ ਤੇ ਉਸ ਦੀ ਪੜ੍ਹਾਈ ਵਾਲੀ ਸੋਚਣੀ ਬੰਦ ਹੋ ਗਈ।

"ਤੁਸੀਂ ਕੀ ਕੰਮ ਕਰਦੇ ਓਂ ਜੀ?" ਉਹ ਪੁੱਛਣ ਲੱਗੀ।

"ਮੈਂ ਐੱਮ. ਏ. ਕਰਦਾਂ ਜੀ, ਯੂਨੀਵਰਸਿਟੀ 'ਚ।"

"ਕਿਹੜੇ ਸਬਜੈੱਕਟ ਦੀ ?"

"ਇੰਗਲਿਸ਼ ਦੀ।"

"ਬਹੁਤ ਵਧੀਆ! ਫਿਰ ਤਾਂ ਤੁਸੀਂ ਹੁਸ਼ਿਆਰ ਬੱਚੇ ਓਂ...।" ਉਹ ਹੱਸਣ ਲੱਗੀ।

"ਤੁਸੀਂ ਕਿੰਨਾ ਪੜ੍ਹੇ ਓਂ ?" ਵਿਜੇ ਉਸ ਨੂੰ ਪੁੱਛਣ ਲੱਗਿਆ।

"ਮੈਂ ਬੀ. ਐੱਸਸੀ. ਮੈਡੀਕਲ ਕੀਤੀ ਸੀ ਤੇ ਉਸ ਤੋਂ ਬਾਅਦ...ਬੱਸ...।" ਇਹ ਦੱਸਦਿਆਂ ਉਸ ਦਾ ਚਿਹਰਾ ਕੁਮਲ਼ਾ ਗਿਆ। ਉਸ ਦੀਆਂ ਅੱਖਾਂ ਦੱਸ ਰਹੀਆਂ ਸਨ ਜਿਵੇਂ ਕੋਈ ਯਾਦਾਂ ਦਾ ਦਰਵਾਜ਼ਾ ਖੁੱਲ੍ਹਿਆ ਤਾਂ ਹੋਵੇ ਪਰ ਉਹ ਅੰਦਰ ਜਾਣੋਂ ਡਰਦੀ ਹੋਵੇ।

"ਚਲੋ, ਫਿਰ ਵੀ ਬਹੁਤ ਵਧੀਐ...।" ਵਿਜੇ ਨੇ ਉਸ ਨੂੰ ਸਹਿਜ ਕਰਨ ਵਾਸਤੇ ਇਹ ਸ਼ਬਦ ਬੋਲੇ ਤੇ ਫਿਰ ਉਹ ਉਸ ਵੱਲ ਦੇਖਣ ਲੱਗਾ।

"..." ਉਹ ਕੁਛ ਨਾ ਬੋਲੀ। ਚੁੱਪ ਰਹੀ। ਉਸ ਦੀ ਚੁੱਪ ਵਿੱਚ ਪਤਾ ਨਹੀਂ ਕੀ ਕੁਛ ਕੈਦ ਸੀ?

"ਤੁਸੀਂ ਪਟਿਆਲ਼ੇ ਈ ਜਾਣੈ ਜਾਂ ਕਿਤੇ ਅੱਗੇ ਜਾਣੈ?" ਵਿਜੇ ਥੋੜ੍ਹੇ ਚਿਰ ਬਾਅਦ ਪੁੱਛਣ ਲੱਗਿਆ।

"ਹਾਂ ਜੀ, ਅਸੀਂ ਥੇਹ ਆਲ਼ੇ ਪਿੰਡ ਜਾਣੈ।" ਉਹ ਦੱਸਣ ਲੱਗੀ।

"ਇਹ ਪਿੰਡ ਕਿੱਥੇ ਕੁ ਐ?" ਵਿਜੇ ਨੇ ਇਸ ਪਿੰਡ ਦਾ ਨਾਂ ਪਹਿਲੀ ਵਾਰ ਸੁਣਿਆ ਸੀ।

"ਇਹ ਪਟਿਆਲ਼ੇ ਤੋਂ ਥੋੜ੍ਹੀ ਦੂਰ ਐ। ਇਹ ਸਾਡੇ ਪੁਰਾਣੇ ਪਿੰਡ ਦਾ ਥੇਹ ਐ ਤੇ ਓਥੇ ਇੱਕ ਡੇਰਾ ਐ। ਕਹਿੰਦੇ ਨੇ ਕਿ ਪਹਿਲਾਂ ਸਾਡਾ ਸਾਰਾ ਪਿੰਡ ਡੇਰੇ ਨੂੰ ਮੰਨਦਾ ਹੁੰਦਾ ਸੀ, ਹੁਣ ਤਾਂ ਕੋਈ-ਕੋਈ ਘਰ ਡੇਰੇ ਜਾਂਦੈ। ਮੇਰੀ ਬੀਬੀ ਨੇ ਸੁੱਖ ਸੁੱਖੀ ਸੀ ਤੇ ਉਹ ਲਾਹੁਣ ਚੱਲੇ ਆਂ।" ਹੁਣ ਉਹ ਬਹੁਤ ਹੀ ਸਹਿਜ ਸੁਭਾਅ ਦੱਸ ਰਹੀ ਸੀ।

"ਠੀਕ ਐ...ਤੇ ਆਏ ਕਿੱਥੋਂ ਓਂ ?"

"ਹਮੀਰਪੁਰ ਤੋਂ।"

"ਜਿਹੜਾ ਬਠਿੰਡੇ ਦੇ ਨਾਲ ਲੱਗਵੈਂ?"

"ਹਾਂ ਜੀ, ਉਹੀ।...ਥੋਡਾ ਪਿੰਡ ਕਿਹੜੈ?"

"ਮੇਰਾ ਪਿੰਡ ਤਾਂ ਚੱਕ ਐ, ਅਬੋਹਰ ਕੋਲ਼ੇ।"

"ਅੱਛਾ, ਤੁਸੀਂ ਯੂਨੀਵਰਸਿਟੀ ਹੋਸਟਲ 'ਚ ਰਹਿੰਦੇ ਓਂ ?"

"ਹਾਂ ਜੀ।"

ਉਹ ਗੱਲਾਂ ਵਿੱਚ ਐਨੇ ਮਗਨ ਹੋ ਗਏ ਕਿ ਉਨ੍ਹਾਂ ਦੇ ਮਨਾਂ ਵਿਚਲਾ ਡਰ, ਜਿਹੜਾ ਸਵਾਰੀਆਂ ਤੋਂ ਪਹਿਲਾਂ ਲਗਦਾ ਸੀ, ਹੁਣ ਖ਼ਤਮ ਹੋ ਗਿਆ ਸੀ। ਉਹ ਇੱਕ ਦੂਜੇ ਨਾਲ ਇੰਝ ਘੁਲ਼-ਮਿਲ਼ ਗਏ ਸਨ ਜਿਵੇਂ ਚਿਰਾਂ ਦੀ ਪੁਰਾਣੀ ਜਾਣ-ਪਹਿਚਾਣ ਹੋਵੇ ਤੇ ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ ਕਿ ਕਦ ਪਟਿਆਲਾ ਆ ਗਿਆ।

"ਤੁਸੀਂ ਸਾਡੇ ਨਾਲ ਚੱਲਿਓ...।" ਅਮਨਵੀਰ ਵਿਜੇ ਨੂੰ ਕਹਿਣ ਲੱਗੀ।

"ਇਹ ਕਿਵੇਂ ਹੋ ਸਕਦੈ?" ਵਿਜੇ ਹੈਰਾਨ ਹੋਇਆ।

"ਲੈ...ਹੋ ਕਿਉਂ ਨ੍ਹੀਂ ਸਕਦਾ। ਤੁਸੀਂ ਚੱਲਣੈ...ਬੱਸ।...ਮੈਂ ਰਕਿਊਸਟ ਕਰਦੀ ਆਂ, ਪਲੀਜ!" ਉਹ ਇੱਕ ਖ਼ਾਸ ਅੰਦਾਜ਼ ਨਾਲ ਸਿਰ ਹਿਲਾਉਂਦੀ ਕਹਿ ਰਹੀ ਸੀ।

"ਉੱਥੇ ਰਹਿਣ ਦਾ ਇੰਤਜ਼ਾਮ ਕਿੱਥੇ ਹੋਊ...?" ਮੁੰਡੇ ਦੇ ਮਨ 'ਚ ਬਹੁਤ ਸਾਰੇ ਸਵਾਲ ਉਤਪੰਨ ਹੋਏ।

"ਡੇਰੇ 'ਚ ਸਾਡੇ ਪਿੰਡ ਦੇ ਬਹੁਤ ਕਮਰੇ ਬਣੇ ਹੋਏ ਨੇ। ਅੱਜਕੱਲ੍ਹ ਸਾਡੇ ਪਿੰਡ ਦਾ ਡੇਰੇ 'ਚ ਕੋਈ ਨ੍ਹੀਂ ਆਉਂਦਾ। ਕਮਰੇ ਬੰਦ ਈ ਹੁੰਦੇ ਨੇ। ਤੁਸੀਂ ਵੀ ਸਾਡੇ ਵਾਂਗੂੰ, ਸਾਡੇ ਪਿੰਡ ਦਾ ਨਾਂ ਲੈ ਕੇ ਕਮਰੇ ਦੀ ਚਾਬੀ ਲੈ ਲਿਓ...।" ਅਮਨਵੀਰ ਨੇ ਮੁੰਡੇ ਦੇ ਰਹਿਣ ਵਾਲਾ ਮਸਲਾ ਹੱਲ ਕਰ ਦਿੱਤਾ।

"ਥੋਡੇ ਬੀਬੀ ਜੀ ਨ੍ਹੀਂ ਪੁੱਛਣਗੇ, ਬਈ ਏਹ ਮੁੰਡਾ ਕੌਣ ਐ?" ਮੁੰਡਾ ਬੁੜ੍ਹੀ ਕੋਲੋਂ ਡਰਦਾ ਸੀ।

"ਨਹੀਂ ਪੁੱਛਦੇ। ਉਹ ਆਲ਼ੇ-ਦੁਆਲ਼ੇ ਦਾ ਬਹੁਤਾ ਖ਼ਿਆਲ ਈ ਨ੍ਹੀਂ ਰੱਖਦੇ।...ਜੇ ਪੁੱਛ ਵੀ ਲੈਣਗੇ ਤਾਂ ਮੈਂ ਕਹਿਦੂੰ, ਆਪਣੇ ਪਿੰਡ ਦੇ ਕਿਸੇ ਹੋਰ ਅਗਵਾੜ 'ਚੋਂ ਐ। ਉਨ੍ਹਾਂ ਕੋਲੋਂ ਨਾ ਡਰੋ। ਮੈਂ ਆਪੇ ਸਾਂਭ ਲੂੰਗੀ।" ਉਹ ਪੂਰੇ ਹੌਸਲੇ ਨਾਲ ਕਹਿ ਰਹੀ ਸੀ।

"ਉਹ ਸਰਦਾਰਾਂ ਨੂੰ ਕਮਰਾ ਦਿੰਦੇ ਹੋਣਗੇ...।" ਵਿਜੇ ਨੇ ਆਪਣੇ ਮੋਨੇ ਸਿਰ 'ਤੇ ਹੱਥ ਫੇਰਦਿਆਂ ਹੋਰ ਬਹਾਨਾ ਲਾਇਆ।

"ਓ ਬਾਬਾ ਗੁਰੂ! ਉੱਥੇ ਕੋਈ ਨ੍ਹੀਂ ਪੁੱਛਦਾ ਮੋਨੇ ਤੇ ਸਰਦਾਰ ਨੂੰ। ਤੁਸੀਂ ਮੇਰੀ ਗੱਲ ਮੰਨੋ, ਪਲੀਜ਼...।" ਕੁੜੀ ਦੀਆਂ ਗੱਲਾਂ ਵਿੱਚ ਹੁਣ ਮਿੰਨਤ ਦੇ ਨਾਲ ਗ਼ੁੱਸਾ ਰਲਿਆ ਹੋਇਆ ਸੀ।

ਵਿਜੇ ਸੋਚਾਂ ਵਿੱਚ ਪੈ ਗਿਆ ਕਿ ਕੀ ਕੀਤਾ ਜਾਵੇ? ਉਸ ਨੂੰ ਇਹ ਖ਼ਿਆਲ ਬਾਰ-ਬਾਰ ਆ ਰਿਹਾ ਸੀ ਕਿ ਜੇ ਕੋਈ ਉੱਨੀ-ਇੱਕੀ ਹੋ ਗਈ ਤਾਂ ਕੀਹਦੀ ਮਾਂ ਨੂੰ ਮਾਸੀ ਆਖੂੰਗਾ...? ਖ਼ਤਰਾ ਬਹੁਤ ਹੈ, ਇਸ ਗੱਲ 'ਚ...।

"ਜੇ ਕੋਈ ਪੰਗਾ ਛਿੜ ਗਿਆ ਤਾਂ...।" ਵਿਜੇ ਆਪਣੇ ਮਨ ਵਿਚਲਾ ਡਰ ਦੱਸਣ ਹੀ ਲੱਗਿਆ ਸੀ ਕਿ ਅਮਨਵੀਰ ਬੋਲ ਪਈ, "ਮੇਰੇ 'ਤੇ ਵਿਸ਼ਵਾਸ ਕਰੋ।...ਕੁਛ ਨ੍ਹੀਂ ਹੁੰਦਾ।...ਹਾਏ! ਸਟੇਸ਼ਨ ਆਉਣ ਆਲ਼ੈ...ਛੇਤੀ-ਛੇਤੀ ਡਸ਼ੀਜ਼ਨ ਬਣਾਓ...ਪਲੀਜ਼!" ਕੁੜੀ ਨੇ ਮੁੰਡੇ ਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਫੜ ਕੇ ਛਾਤੀ ਨਾਲ ਲਾਕੇ ਘੁੱਟਦਿਆਂ, ਵਾਸਤਾ ਪਾਇਆ।

...ਕੁੜੀ ਦੀ ਛੂਹ ਨਾਲ ਮੁੰਡਾ ਹਾਂ ਕਹਿਣ ਲਈ ਤਿਆਰ ਹੋ ਗਿਆ ਤੇ ਕੁੜੀ ਦੇ ਨੇੜੇ ਹੁੰਦਿਆਂ ਕਹਿਣ ਲੱਗਾ, "ਮੈਥੋਂ ਕੀ ਕਰਾਉਂਗੇ ਨਾਲ ਲਿਜਾ ਕੇ...?"

"ਗੱਲਾਂ ਕਰੂੰਗੀ... ਥੋਡੇ ਨਾਲ...।" ਕੁੜੀ ਮੁੰਡੇ ਦੇ ਨਾਲ ਲਗਦੀ ਕਹਿਣ ਲੱਗੀ।

...ਵਿਜੇ ਉਨ੍ਹਾਂ ਦੇ ਮਗਰ ਹੀ ਪਟਿਆਲੇ ਤੋਂ ਬੱਸ ਚੜ੍ਹ ਗਿਆ ਤੇ ਉਂਝ ਉਨ੍ਹਾਂ ਕੋਲੋਂ ਕਾਫ਼ੀ ਵਿੱਥ ਪਾ ਕੇ, ਦੂਰ ਹੀ ਰਿਹਾ।

ਉਹ ਡੇਰੇ ਵਿੱਚ ਜਾ ਪਹੁੰਚੇ। ਉੱਥੇ ਕਾਫ਼ੀ ਸੰਗਤ ਆਈ ਹੋਈ ਸੀ। ਕੋਈ ਸਮਾਗਮ ਚੱਲ ਰਿਹਾ ਸੀ। ਅਮਨਵੀਰ ਤੇ ਉਸ ਦੀ ਬੀਬੀ ਨੇ ਜਾਂਦਿਆਂ ਹੀ ਸੇਵਾਦਾਰ ਕੋਲੋਂ ਚਾਬੀਆਂ ਲੈ ਕੇ ਇੱਕ ਕਮਰਾ ਖੋਲ੍ਹ ਲਿਆ।

ਬਹੁਤ ਸਾਰੇ ਕਮਰੇ ਇੱਕ ਲਾਇਨ 'ਚ ਬਣੇ ਹੋਏ ਸਨ। ਉਸ ਲਾਇਨ ਦੇ ਉੱਪਰ ਲਿਖਿਆ ਹੋਇਆ ਸੀ, "ਹਮੀਰਪੁਰ ਦੇ ਕਮਰੇ।" ਹੋਰ ਵੀ ਕਈ ਪਿੰਡਾਂ ਦੇ ਕਮਰੇ ਸਨ। ਹਮੀਰਪੁਰ ਦੇ ਕਮਰੇ ਡੇਰੇ ਦੀ ਬਾਹਰਲੀ ਕੰਧ ਦੇ ਨਾਲ ਬਣੇ ਹੋਏ ਸਨ। ਉਨ੍ਹਾਂ ਦੇ ਬੂਹੇ ਡੇਰੇ ਦੇ ਅੰਦਰ ਵੀ ਖੁੱਲ੍ਹਦੇ ਸਨ ਤੇ ਬਾਹਰ ਖੇਤਾਂ ਵੱਲ ਵੀ ਖੁੱਲ੍ਹਦੇ ਸਨ। ਡੇਰਾ ਬਹੁਤ ਵੱਡਾ ਸੀ। ਥੇਹ ਵਾਲਾ ਥਾਂ ਕਾਫ਼ੀ ਉੱਚਾ ਸੀ ਤੇ ਡੇਰਾ ਟੀਸੀ 'ਤੇ ਬਣਿਆ ਹੋਇਆ ਸੀ।

ਵਿਜੇ ਲੰਗਰ ਵਿੱਚ ਚਾਹ-ਪਾਣੀ ਪੀ ਕੇ ਬਾਹਰ ਵਿਹੜੇ 'ਚ ਆ ਗਿਆ ਤੇ ਇੱਕ ਵੱਡੀ-ਵੱਡੀ ਦਾੜ੍ਹੀ ਵਾਲੇ ਬੋਹੜ ਥੱਲੇ ਬਣੇ ਚੌਂਤਰੇ ਉੱਤੇ ਬਹਿ ਗਿਆ। ਉਹ ਹਾਲੇ ਵੀ ਸੋਚਾਂ 'ਚ ਡੁੱਬਿਆ ਹੋਇਆ ਸੀ ਤੇ ਉਸ ਦਾ ਮਨ ਹਾਲੇ ਵੀ ਡਰ ਰਿਹਾ ਸੀ। ਉਸ ਨੂੰ ਦੇਖ ਕੇ ਅਮਨਵੀਰ ਉਸ ਦੇ ਕੋਲ ਆ ਗਈ ਤੇ ਹੈਰਾਨ ਜਿਹੀ ਹੋਕੇ ਪੁੱਛਣ ਲੱਗੀ, "ਤੁਸੀਂ ਕਮਰਾ ਨ੍ਹੀਂ ਲਿਆ ਹਾਲੇ...?"

"ਅਮਨਵੀਰ, ਮੈਨੂੰ ਤਾਂ ਡਰ ਲਗਦੈ...!" ਉਹ ਬੋਲਿਆ।

"ਲੈ...ਹੁਣ ਕਿਉਂ ਬਾਣੀਆਂ ਆਲ਼ੀਆਂ ਗੱਲਾਂ ਕਰਦੇ ਓਂ...ਹੈਂ!" ਕੁੜੀ ਨੇ ਨਿਹੋਰਾ ਮਾਰਿਆ।

"ਬਾਣੀਆਂ ਹੋਵੇ ਚਾਹੇ ਜੱਟ, ਜਦ ਕਿਸੇ ਦਾ ਮਾੜਾ ਸਮਾਂ ਆਉਂਦੈ ਤਾਂ ਜਾਤ-ਪਾਤ, ਧਰਮ, ਨਸਲ ਦੇਖ ਕੇ ਨ੍ਹੀਂ ਆਉਂਦਾ ਹੁੰਦਾ।...ਨਾਲ਼ੇ ਦੁਖ ਸਾਰਿਆਂ ਦੇ ਇੱਕੋ ਜ੍ਹਾ ਈ ਲਗਦਾ ਹੁੰਦੈ...।" ਮੁੰਡਾ ਕੁੜੀ ਵੱਲ ਤੱਕਦਾ ਕਹਿਣ ਲੱਗਾ।

ਕੁੜੀ ਮੁੰਡੇ ਦੀ ਗੱਲ ਕੱਟਦੀ ਬੋਲੀ, "ਚੰਗਾ, ਹੁਣ ਬਾਹਲ਼ੀ ਫ਼ਿਲਾਸਫ਼ੀ ਨਾ ਘੋਟੋ...ਔਹ ਸਾਹਮਣੇ ਕਮਰੇ 'ਚ ਜਾ ਕੇ, ਸੇਵਾਦਾਰ ਤੋਂ ਚਾਬੀ ਲੈ ਕੇ ਕਮਰਾ ਖੋਲ੍ਹ ਲੋ।...ਅਸੀਂ ਇੱਕ ਨੰਬਰ ਕਮਰੇ 'ਚ ਆਂ। ਤੁਸੀਂ ਸਾਥੋਂ ਦੂਰ ਲਿਓ...ਹਾਂ, ਦਸ ਨੰਬਰ ਠੀਕ ਰਹੂ। ਨਾਲ਼ੇ ਉੱਥੇ ਬੀਬੀ ਜੀ ਦੀ ਨਿਗਾਹ ਨ੍ਹੀਂ ਜਾਣੀ...।" ਕਹਿ ਕੇ ਉਹ ਹੱਸ ਪਈ।

"ਜੇ ਸੇਵਾਦਾਰ ਨੇ ਮੇਰਾ ਨਾਂ ਪੁੱਛਿਆ ਤਾਂ ਕੀ ਦੱਸਾਂ ?"

"ਸਾਡਾ ਪਿੰਡ ਕਸਬੇ ਵਰਗਾ ਬਣਿਆ ਪਿਐ। ਪਿੰਡ ਦੇ ਇੱਕ ਪਾਸੇ ਤੋਂ ਦੂਜੇ ਪਾਸੇ ਨੂੰ ਕੋਈ ਨ੍ਹੀਂ ਜਾਣਦਾ। ਤੁਸੀਂ ਆਵਦਾ ਨਾਉਂ ਤੇ ਆਵਦੇ ਪਿਤਾ ਜੀ ਦਾ ਨਾਉਂ ਲਿਖਾ ਦਿਓ ਤੇ ਸਹੀ ਈ ਲਿਖਾ ਦਿਓ...ਪਰ ਪਿੰਡ ਦਾ ਨਾਉਂ ਹਮੀਰਪੁਰ ਈ ਦੱਸਿਓ...ਠੀਕ ਐ।" ਕਹਿ ਕੇ ਉਹ ਤੁਰ ਗਈ।

ਵਿਜੇ ਡਰਦਾ-ਡਰਦਾ ਚਾਬੀ ਲੈ ਆਇਆ ਤੇ ਕਮਰਾ ਖੋਲ੍ਹ ਲਿਆ। ਕਮਰਾ ਕਿਸੇ ਆਲੀਸ਼ਾਨ ਹੋਟਲ ਦੇ ਕਮਰੇ ਨੂੰ ਮਾਤ ਪਾਉਂਦਾ ਸੀ। ਸਾਰੀਆਂ ਸਹੂਲਤਾਂ ਵਿੱਚ ਹੀ ਸਨ।

ਸੂਰਜ ਆਪਣਾ ਪੈਂਡਾ ਖ਼ਤਮ ਕਰਕੇ ਧਰਤੀ ਦੇ ਦੂਜੇ ਪਾਸੇ ਜਾ ਚੁੱਕਾ ਸੀ। ਹਨੇਰੇ ਦੀ ਚਾਦਰ ਪਸਰਨ ਲੱਗੀ ਸੀ। ਵਿਜੇ ਨੇ ਬੱਤੀ ਜਗਾ ਕੇ ਆਪਣਾ ਬੈਗ ਮੇਜ਼ ਉੱਤੇ ਰੱਖ ਦਿੱਤਾ ਤੇ ਐਨੇ ਨੂੰ ਅਮਨਵੀਰ ਆ ਪਹੁੰਚੀ।

"ਤੁਸੀਂ ਐਥੇ ਕਿਵੇਂ ਆਗੇ?...ਜਾਓ, ਤੁਸੀਂ ਬੀਬੀ ਜੀ ਕੋਲ਼ੇ ਬੈਠੋ। ਐਵੇਂ ਉਨ੍ਹਾਂ ਨੂੰ ਸ਼ੱਕ ਹੋਜੂ।" ਵਿਜੇ ਨੇ ਅਮਨਵੀਰ ਨੂੰ ਦੇਖਦਿਆਂ ਸਾਰ ਕਿਹਾ। ਡਰ ਵਾਲਾ ਪਾਲ਼ਾ ਉਸ ਦੇ ਅੰਦਰੋਂ ਨਿਕਲ ਨਹੀਂ ਰਿਹਾ ਸੀ।

"ਤੁਸੀਂ ਫ਼ਿਕਰ ਨਾ ਕਰੋ। ਬੀਬੀ ਜੀ ਤਾਂ ਹੁਣ ਭਜਨ ਸੁਣਨ 'ਚ ਮਗਨ ਨੇ। ਉਹ ਨ੍ਹੀਂ ਹੁਣ ਉੱਥੋਂ ਉੱਠਦੇ। ਤਿੰਨੇ ਦਿਨ, ਚੌਵੀ ਘੰਟੇ ਉੱਥੇ ਈ ਰਹਿਣਗੇ। ਮੈਂ ਦੱਸ ਕੇ ਆਈ ਆਂ ਬਈ ਮੈਂ ਨ੍ਹਾਉਣ ਚੱਲੀ ਆਂ।" ਅਮਨਵੀਰ ਨੇ ਵਿਜੇ ਦਾ ਡਰ ਦੂਰ ਕਰਨ ਲਈ ਕਿਹਾ।

"ਕੋਈ ਸੇਵਾਦਾਰ ਵਗ਼ੈਰਾ ਨਾ ਦੇਖਲੇ ਕਿਤੇ...।"

"ਓਏ, ਐਧਰ ਕੋਈ ਨ੍ਹੀਂ ਆਉਂਦਾ, ਤੁਸੀਂ ਡਰ ਮਨ ਚੋਂ ਕੱਢੋ...।" ਕੁੜੀ ਦਲੇਰ ਸੀ।

ਵਿਜੇ ਬੈੱਡ ਦੀ ਚਾਦਰ ਝਾੜਨ ਲੱਗਿਆ ਤਾਂ ਅਮਨਵੀਰ ਨੇ ਉਸ ਨੂੰ ਰੋਕਦਿਆਂ ਕਿਹਾ, "ਤੁਸੀਂ ਇਹ ਛੱਡੋ, ਮੈਂ ਆਪੇ ਕਰੂੰ ਇਹ ਸਾਰਾ ਕੁਛ। ਤੁਸੀਂ ਨ੍ਹਾ ਲੋ। ਫਿਰ ਲੰਗਰ 'ਚ ਪੇਟ ਪੂਜਾ ਕਰ ਆਇਓ।"

...ਲੰਗਰ ਦਾ ਪ੍ਰਬੰਧ ਬਹੁਤ ਹੀ ਵਧੀਆ ਸੀ। ਸੰਗਤ ਵਾਸਤੇ ਚੰਗਾ ਭੋਜਨ ਬਣਿਆ ਹੋਇਆ ਸੀ। ਵਿਜੇ ਨੇ ਆਪਣੀ ਲੋੜ ਅਨੁਸਾਰ ਭੋਜਨ ਕਰ ਲਿਆ।

ਵੱਡੇ ਦਰਬਾਰ ਵਿੱਚ ਸੰਗਤਾਂ ਭਜਨ-ਬੰਦਗੀ 'ਚ ਲੀਨ ਸਨ। ਅਮਨਵੀਰ ਤੇ ਉਸ ਦੀ ਬੀਬੀ ਵੀ ਬੈਠੀਆਂ ਸਨ। ਸ਼ਰਧਾਲੂ ਅੱਖਾਂ ਬੰਦ ਕਰੀਂ ਬੈਠੇ ਸਨ। ਵਿਜੇ ਥੋੜ੍ਹਾ ਸਮਾਂ ਬੈਠਿਆ ਤੇ ਬਾਹਰ ਆ ਗਿਆ। ਕਮਰੇ ਦੀ ਚਾਬੀ ਅਮਨਵੀਰ ਕੋਲ ਸੀ। ਉਹ ਡੇਰੇ ਦੇ ਮੁੱਖ ਦੁਆਰ 'ਤੇ ਖੜ੍ਹ ਗਿਆ। ਦੂਰ ਤੱਕ ਹਨੇਰੇ ਵਿੱਚ ਡੁੱਬੇ ਹੋਏ ਖੇਤ ਸਨ, ਕਿਤੇ ਕੋਈ ਦੀਵਾ-ਬੱਤੀ ਨਜ਼ਰ ਨਹੀਂ ਆਉਂਦਾ ਸੀ।...ਉੱਥੇ ਉਸ ਨੂੰ ਠੰਢ ਮਹਿਸੂਸ ਹੋਈ ਤੇ ਉਹ ਅੰਦਰ ਵੱਲ ਨੂੰ ਮੁੜ ਪਿਆ।

ਕਮਰਿਆਂ ਦੇ ਮੂਹਰੇ ਬਣੇ ਬਰਾਂਡੇ 'ਚ ਉਹ ਟਹਿਲਣ ਲੱਗ ਪਿਆ। ਹੁਣ ਉਸ ਦਾ ਚਿੱਤ ਕੁਛ ਟਿਕਾਅ ਵਿੱਚ ਸੀ।...ਜਦ ਉਹ ਆਪਣੇ ਕਮਰੇ ਦੇ ਮੂਹਰੇ ਆਇਆ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਅੰਦਰ ਕੋਈ ਖੜਕਾ ਹੋਇਆ ਹੋਵੇ। ਡਰ ਦੀਆਂ ਤਰੰਗਾ ਦੁਬਾਰਾ ਉਸ ਦੇ ਮਨ 'ਚ ਉੱਠ ਪਈਆਂ। ਉਹ ਸੋਚਣ ਲੱਗਾ, ਅਮਨਵੀਰ ਤਾਂ ਬੀਬੀ ਕੋਲ ਬੈਠੀ ਹੈ, ਇੱਥੇ ਕੌਣ ਹੋ ਸਕਦਾ ਹੈ...? ਉਸ ਨੇ ਸਹਿਮੇ ਹੋਏ ਨੇ ਕਮਰੇ ਦਾ ਦਰਵਾਜ਼ਾ ਅੰਦਰ ਨੂੰ ਧੱਕਿਆ। ਬੂਹਾ ਖੁੱਲ੍ਹਦੇ ਸਾਰ ਕਮਰੇ ਅੰਦਰਲੀ ਝਲਕ ਦੇਖ ਕੇ ਉਹ ਦੰਗ ਰਹਿ ਗਿਆ...!

ਹਰ ਇੱਕ ਚੀਜ਼ ਕਮਰੇ ਵਿੱਚ ਬਹੁਤ ਹੀ ਸਲੀਕੇ ਨਾਲ ਝਾੜ-ਪੂੰਝ ਕੇ ਸਜਾਈ ਹੋਈ ਸੀ। ਇਤਰ ਦੀ ਹਲਕੀ-ਹਲਕੀ ਮਹਿਕ ਆ ਰਹੀ ਸੀ। ਅਮਨਵੀਰ ਬੈੱਡ ਦੀ ਚਾਦਰ ਵਿਛਾ ਰਹੀ ਸੀ।

ਵਿਜੇ ਪਾਸੇ 'ਤੇ ਪਈ ਕੁਰਸੀ 'ਤੇ ਬਹਿ ਗਿਆ ਤੇ ਅਮਨਵੀਰ ਬੂਹਾ ਬੰਦ ਕਰ ਕੇ ਬੈੱਡ ਦੇ ਉੱਤੇ ਬਹਿ ਗਈ...।

"ਆਪ ਜੀ, ਮੇਰੇ ਕਮਰੇ 'ਚ ਕੀ ਕਰਦੇ ਓਂ ?" ਵਿਜੇ ਹੱਸ ਕੇ ਪੁੱਛਣ ਲੱਗਾ।

"ਕਮਰਾ ਸਾਫ਼ ਕਰਨ ਆਈ ਆਂ।" ਕੁੜੀ ਨੇ ਜਵਾਬ ਦਿੱਤਾ।

"ਹੋ ਗਿਆ ਤੇ ਹੁਣ ਜਾਓ...।" ਮੁੰਡੇ ਨੇ ਕੁੜੀ ਦੀਆਂ ਅੱਖਾਂ 'ਚ ਅੱਖਾਂ ਪਾ ਲਈਆਂ।

"ਮੈਂ ਗੱਲਾਂ ਵੀ ਕਰਨੀਆਂ ਨੇ ਥੋਡੇ ਨਾਲ਼...।" ਕੁੜੀ ਦੀ ਅਵਾਜ਼ ਕਿਸੇ ਨਸ਼ੇ ਵਿੱਚ ਭਿੱਜ ਗਈ।

"ਪਹਿਲਾਂ ਮੈਨੂੰ ਆਵਦੇ ਅੱਧੇ ਵਿਆਹ ਆਲ਼ੀ ਗੱਲ ਦੱਸੋ।" ਮੁੰਡੇ ਦੇ ਮਨ 'ਚ ਦਿਨ ਵਾਲੀ ਗੱਲ ਘੁੰਮ ਰਹੀ ਸੀ।

"ਉਹ ਛੱਡੋ...ਫੇਰ ਕਰਾਂਗੇ ਕਦੇ। ਹੋਰ ਗੱਲਾਂ ਕਰਦੇ ਆਂ।" ਕੁੜੀ ਨੇ ਗੱਲ ਟਾਲ਼ ਦਿੱਤੀ।

"ਹੋਰ ਗੱਲਾਂ ਤਾਂ ਮੈਨੂੰ ਕਰਨੀਆਂ ਨ੍ਹੀਂ ਆਉਂਦੀਆਂ...।" ਮੁੰਡਾ ਲਾਚੜ ਕੇ ਬੋਲਿਆ।

"ਹਾਏ! ਲੈ ਦੇਖੀਂ...ਟਰੇਨ 'ਚ ਤਾਂ ਐਨੀਆਂ ਸੋਹਣੀਆਂ-ਸੋਹਣੀਆਂ ਗੱਲਾਂ ਕਰਦੇ ਸੀ।...ਆਏਂ ਨਾ ਕਰੋ, ਕੋਈ ਮਿੱਠੀ ਜ੍ਹੀ ਗੱਲ ਸੁਣਾਓ...।"

"ਉਹ ਤਾਂ ਮੈਨੂੰ ਆਉਂਦੀ ਨ੍ਹੀਂ....ਤੇ ਨਾਲ਼ੇ ਟਰੇਨ 'ਚ ਤਾਂ ਐਵੇਂ ਈ ਸੀ।" ਮੁੰਡਾ ਕੁਰਸੀ ਤੋਂ ਉੱਠ ਕੇ, ਕੁੜੀ ਦੇ ਬਰਾਬਰ ਬੈੱਡ 'ਤੇ ਬਹਿੰਦਾ ਬੋਲਿਆ।

"ਝੂਠੇ ਕਿਸੇ ਥਾਂ ਦੇ! ਐਵੇਂ ਕੀ ਸੀ ?...ਉਦੋਂ ਤਾਂ ਦੇਖੀਂ...ਕਿਵੇਂ ਮੇਰਾ ਹੱਥ...ਘੁੱਟ...ਲਿਆ ਸੀ।" ਕੁੜੀ ਨੇ ਨੀਵੀਂ ਪਾ ਕੇ ਆਪਣਾ ਹੱਥ ਆਪਣੇ ਹੱਥ 'ਚ ਘੁੱਟਦਿਆਂ ਕਿਹਾ।

"ਹੱਥ ਤਾਂ ਮੈਂ ਹੁਣ ਵੀ ਘੁੱਟ ਸਕਦਾਂ...।" ਮੁੰਡਾ ਕੁੜੀ ਦੇ ਨਾਲ ਲੱਗ ਗਿਆ।

"ਅੱਛਾ ਜੀ...!" ਕਹਿ ਕੇ ਕੁੜੀ ਮੁੰਡੇ ਦੀ ਬੁੱਕਲ਼ 'ਚ ਢੇਰੀ ਹੋ ਗਈ ਤੇ ਮੁੰਡੇ ਨੇ ਕੁੜੀ ਦੇ ਦੋਹੇਂ ਹੱਥ ਆਪਣੇ ਹੱਥਾਂ 'ਚ ਫੜ ਲਏ।

...ਤੇ ਫਿਰ ਮਲਕੜੇ-ਮਲਕੜੇ...ਦੋਹਾਂ ਦੇ ਸਾਹ ਇੱਕ ਦੂਜੇ ਵਿੱਚ ਘੁਲ਼ ਗਏ।

+++

ਦੂਜੇ ਦਿਨ ਇੱਕ ਬਜ਼ੁਰਗ ਨਾਲ ਗੱਲਾਂ ਕਰਦਿਆਂ ਵਿਜੇ ਨੂੰ ਥੇਹ ਬਾਰੇ ਜਾਣਕਾਰੀ ਮਿਲੀ।...ਜਿੱਥੇ ਥੇਹ ਹੈ, ਇੱਥੇ ਪੁਰਾਣੇ ਸਮਿਆਂ 'ਚ ਕਦੇ ਇੱਕ ਪਿੰਡ ਹੁੰਦਾ ਸੀ। ਲੋਕ ਕਾਫ਼ੀ ਅਮੀਰ ਸਨ। ਕਿਸੇ ਕਾਰਨ ਕਰਕੇ ਉਹ ਪਿੰਡ ਉੱਜੜ ਗਿਆ। ਪਿੰਡ ਉੱਜੜਨ ਦਾ ਕਾਰਨ ਕਿਸੇ ਨੂੰ ਪਤਾ ਨਹੀਂ ਹੈ। ਜਿਹੜਾ ਥੇਹ ਕੋਲ ਦੀ ਬਰਸਾਤੀ ਨਾਲ਼ਾ ਲੰਘਦਾ ਹੈ, ਕਹਿੰਦੇ ਹਨ ਕਿ ਇਹ ਦਰਿਆ ਸੀ। ਕਈ ਕਾਰਨਾਂ ਕਰਕੇ ਦਰਿਆਵਾਂ ਦੇ ਵਹਿਣ ਬਦਲ ਜਾਂਦੇ ਹਨ। ਇਸ ਨਾਲ਼ੇ ਦੇ ਦਰਿਆ ਹੋਣ ਦੇ ਸਬੂਤ ਇਸ ਗੱਲ ਤੋਂ ਮਿਲਦੇ ਹਨ ਕਿ ਬਹੁਤ ਸਾਰੇ ਪੁਰਾਣੇ ਤੇ ਵੱਡੇ ਸ਼ਹਿਰਾਂ ਤੇ ਕਸਬਿਆਂ ਕੋਲ ਦੀ ਇਹ ਨਾਲ਼ਾ ਅੱਜ ਵੀ ਲੰਘਦਾ ਹੈ। ਇਸ ਥਾਂ ਤੋਂ ਉੱਜੜੇ ਲੋਕਾਂ ਨੇ ਹੋਰ ਥਾਂਵਾਂ 'ਤੇ ਜਾ ਕੇ ਪਿੰਡ ਵਸਾ ਲਏ ਸਨ। ਉਨ੍ਹਾਂ ਪਿੰਡਾਂ ਦੇ ਲੋਕ ਇਸ ਥੇਹ 'ਤੇ ਪਹਿਲਾਂ ਬਹੁਤ ਆਇਆ ਕਰਦੇ ਸਨ। ਕਹਿੰਦੇ ਹਨ ਕਿ ਜੇ ਕਿਸੇ ਪਰਿਵਾਰ ਨੂੰ ਕੋਈ ਆਰਥਿਕ ਘਾਟਾ ਪੈ ਜਾਂਦਾ ਤਾਂ ਉਹ ਪਰਿਵਾਰ ਇਸ ਥੇਹ 'ਤੋਂ ਠੀਕਰੀਆਂ, ਮਿੱਟੀ ਤੇ ਪੁਰਾਣੀਆਂ ਇੱਟਾਂ

ਲਿਜਾ ਕੇ ਆਪਣੇ ਘਰ ਰੱਖ ਲੈਂਦਾ ਤਾਂ ਲਹਿਰਾਂ-ਬਹਿਰਾਂ ਹੋ ਜਾਂਦੀਆਂ। ਫਿਰ ਥੇਹ 'ਤੇ ਕੋਈ ਸੰਤ ਆ ਕੇ ਰਹਿਣ ਲੱਗ ਪਿਆ ਤੇ ਡੇਰਾ ਬਣ ਗਿਆ। ਲੋਕ ਡੇਰੇ ਦੀ ਮੰਨਤਾਂ ਕਰਨ ਲੱਗ ਪਏ।

...ਤੇ ਉਸ ਬਜ਼ੁਰਗ ਨੇ ਇੱਕ ਗੱਲ ਇਹ ਵੀ ਦੱਸੀ ਕਿ ਸਾਧ-ਸੰਤ ਕਹਿੰਦੇ ਨੇ, "ਇਸ ਥੇਹ ਦੇ ਥੱਲੇ ਬਹੁਤ ਵੱਡਾ ਖ਼ਜ਼ਾਨਾ ਦੱਬਿਆ ਹੋਇਆ ਹੈ। ਉਸ ਖ਼ਜ਼ਾਨੇ ਦੀ ਰਾਖੀ ਵੱਡੇ-ਵੱਡੇ ਨਾਗ ਕਰਦੇ ਹਨ।"

ਵਿਜੇ ਨੇ ਡੇਰੇ ਦੇ ਆਲ਼ੇ-ਦੁਆਲ਼ੇ ਘੁੰਮ ਕੇ ਦੇਖਿਆ। ਮੀਂਹ ਦੇ ਪਾਣੀ ਦੀਆਂ ਚੱਲੀਆਂ ਘਰਾਲ਼ਾਂ ਵਾਲੇ ਥਾਵਾਂ ਵਿੱਚ ਪੁਰਾਣੀਆਂ ਠੀਕਰੀਆਂ, ਇੱਟਾਂ ਤੇ ਹੱਡੀਆਂ ਪਈਆਂ ਦਿਸਦੀਆਂ ਸਨ। ਇਹ ਚੀਜ਼ਾਂ ਇਸ ਗੱਲ ਦੀਆਂ ਗਵਾਹ ਸਨ ਕਿ ਇੱਥੇ ਕਿਸੇ ਸਮੇਂ ਮਨੁੱਖਤਾ ਦਾ ਵਾਸਾ ਸੀ। ਉਸ ਨੂੰ ਬਜ਼ੁਰਗ ਦੀਆਂ ਕਾਫ਼ੀ ਗੱਲਾਂ ਸਚਾਈ ਦੇ ਨੇੜੇ ਜਾਪੀਆਂ, ਜਿਵੇਂ ਇਤਿਹਾਸ ਦੇ ਟੁੱਟੇ ਹੋਏ ਸਬੂਤ ਹੋਣ। ਜਦ ਕਿ ਕੁਝ ਸਿਰਫ਼ ਮਨ ਦੀ ਉਡਾਰੀ ਜਾਪੀਆਂ। ਲੋਕ-ਕਥਾਵਾਂ ਦੀਆਂ ਝਲਕਾਂ ਵਰਗੀਆਂ, ਸੱਚ ਅਤੇ ਕਲਪਨਾ ਦੇ ਦਰਮਿਆਨ ਲਟਕਦੀਆਂ ਹੋਈਆਂ।

ਦੂਜੀ ਰਾਤ ਜਦੋਂ ਉਹਨਾਂ ਦੀ ਸਾਂਝ ਹੋਰ ਗਹਿਰੀ ਹੋ ਗਈ ਤਾਂ ਵਿਜੇ ਨੇ ਅਮਨਵੀਰ ਨੂੰ ਨਾਲ ਘੁੱਟਦਿਆਂ ਹੌਲ਼ੀ ਜਿਹੇ ਉਸ ਦੇ ਅਧੂਰੇ ਵਿਆਹ ਬਾਰੇ ਦੁਬਾਰਾ ਪੁੱਛ ਲਿਆ। ਹੁਣ ਉਸ ਦੀ ਆਵਾਜ਼ ਵਿੱਚ ਜਿਗਿਆਸਾ ਘੱਟ ਤੇ ਦਰਦ ਸੋਕ ਲੈਣ ਦੀ ਤਾਨ ਵੱਧ ਸੀ। ਅਮਨਵੀਰ ਕੁਝ ਪਲ ਚੁੱਪ ਰਹੀ ਜਿਵੇਂ ਸ਼ਬਦ ਕਿਤੇ ਫਸ ਗਏ ਹੋਣ। ਫਿਰ ਉਹ ਦਰਦ ਲੁਕਾਉਣ ਲਈ ਚਿਹਰੇ ਉੱਤੇ ਮੁਸਕਰਾਹਟ ਲਿਆ ਕੇ ਦੱਸਣ ਲੱਗੀ, "ਮੇਰਾ ਪਤੀ ਇੱਕ ਬੱਚੇ ਵਰਗੈ...। ਲੋਕਾਂ ਸਾਹਮਣੇ ਮੇਰਾ ਸਿਰ ਢਕਣ ਐ, ਬੱਸ। ਉਸ ਦੀ ਦੁਨੀਆ ਮੇਰੇ ਆਸਰੇ ਚੱਲਦੀ ਐ ਪਰ ਮੇਰੀ ਦੁਨੀਆ ਸੁੰਨੀ ਐ।...ਇਨਸਾਨ ਸਿਰਫ਼ ਰੋਟੀ ਨਾਲ ਨਹੀਂ ਜਿਉਂਦਾ।" ਉਹ ਹੌਲ਼ੀ-ਹੌਲ਼ੀ ਬੋਲਦੀ ਰਹੀ, "ਮੈਂ ਤਾਂ ਮਾਰੂ ਟਿੱਬਿਆਂ ਦੀ ਰੇਤ ਸੀ, ਜਿਹੜੀ ਉੱਤੇ ਕਦੇ ਪਾਣੀ ਦਾ ਛਿੱਟਾ ਵੀ ਨਹੀਂ ਲੱਗਿਆ ਸੀ...।" ਉਸ ਦੀ ਆਵਾਜ਼ ਵਿੱਚ ਇਕਲਾਪੇ ਦੀ ਹੂਕ ਸੀ। ਕਮਰੇ ਵਿੱਚ ਖ਼ਾਮੋਸ਼ੀ ਫੈਲ ਗਈ, ਜਿਵੇਂ ਦੀਵਾਰਾਂ ਵੀ ਉਸ ਦੀ ਕਹਾਣੀ ਨੂੰ ਸੁਣ ਰਹੀਆਂ ਹੋਣ।

ਥੋੜ੍ਹੇ ਸਮੇਂ ਬਾਅਦ ਵਿਜੇ ਬੋਲਿਆ," ਇੱਕ ਗੱਲ ਹੋਰ ਪੁੱਛ ਲਵਾਂ ਪਲੀਜ਼?"

"ਹਾਂ ਜੀ।"

"ਤੁਸੀਂ ਮੇਰੇ ਨਾਲ ਕਿਉਂ ਜੁੜੇ ?"

"ਥੋਡੀਆਂ ਅੱਖਾਂ ਵਿੱਚ ਕੋਈ ਖਿੱਚ ਐ ਜਿਹੜੀ ਨੇ ਮੈਨੂੰ ਖਿੱਚ ਲਿਆ। ਬਾਕੀ ਮੈਨੂੰ ਹੋਰ ਕੁਛ ਨ੍ਹੀਂ ਪਤਾ, ਇਹ ਸਾਰਾ ਕੁਛ ਕਿਵੇਂ ਹੋਇਆ। ਊਂ ਜੋ ਹੋਇਆ ਚੰਗਾ ਈ ਹੋਇਆ।" ਕਹਿ ਕੇ ਉਹ ਵਿਜੇ ਨਾਲ ਲਿਪਟ ਗਈ।

...ਤੇ ਤਿੰਨ ਰਾਤਾਂ ਮਗਰੋਂ ਚੌਥਾ ਦਿਨ ਚੜ੍ਹਿਆ। ਉਸ ਦਿਨ ਡੇਰੇ ਵਿੱਚ ਸਮਾਗਮ ਦਾ ਆਖ਼ਰੀ ਦਿਨ ਸੀ। ਸੰਗਤ ਨੇ ਭੋਗ ਤੋਂ ਬਾਅਦ ਆਪੋ-ਆਪਣੇ ਪਿੰਡਾਂ ਨੂੰ ਪਰਤ ਜਾਣਾ ਸੀ।

ਅਮਨਵੀਰ ਆਪਣੇ ਬੀਬੀ ਜੀ ਨੂੰ ਦੀਵਾਨ ਹਾਲ ਵਿੱਚ ਛੱਡ ਕੇ, ਵਿਜੇ ਕੋਲ ਆਈ ਤੇ ਉਸ ਨੂੰ ਚਿੰਬੜ ਕੇ ਰੋਣ ਲੱਗ ਪਈ।...ਜ਼ਿੰਦਗੀ 'ਚ ਪਹਿਲੀ ਵਾਰ ਉਸ ਨੇ ਸਰੂਰੀ ਪੀਂਘ ਦੇ ਝੂਟੇ ਲਏ ਸਨ। ਲੱਜ ਨੇ ਹੁਣ ਫਿਰ ਟਾਹਣੇ ਤੋਂ ਲਹਿ ਜਾਣਾ ਸੀ ਤੇ ਫਿਰ ਪਤਾ ਨਹੀਂ ਕਦ...?

"ਮੈਨੂੰ ਮਾਫ਼ ਕਰਨਾ ਅਮਨਵੀਰ, ਮੈਂ ਤੈਨੂੰ ਕੋਈ ਤੋਹਫ਼ਾ ਨ੍ਹੀਂ ਦੇ ਸਕਿਆ।" ਵਿਜੇ ਉਸ ਨੂੰ ਗਲਵੱਕੜੀ ਵਿੱਚ ਘੁੱਟ ਕੇ ਵਰਾਉਂਦਾ ਹੋਇਆ ਕਹਿਣ ਲੱਗਾ।

"ਕੋਈ ਗੱਲ ਨ੍ਹੀਂ ਵਿਜੇ, ਜਦ ਆਪਾਂ ਫਿਰ ਕਦੇ ਮਿਲੇ ਤਾਂ ਉਦੋਂ ਸਹੀ...।" ਉਹ ਅੱਖਾਂ ਪੂੰਝਦੀ ਬੋਲੀ।

...ਦੋਹਾਂ ਨੇ ਇੱਕ ਦੂਜੇ ਤੋਂ ਪੱਕੇ ਪਤੇ ਲੈ ਲਏ ਤੇ ਲਿਖ ਕੇ ਆਪੋ-ਆਪਣੇ ਬੈਗਾਂ 'ਚ ਸਾਂਭ ਲਏ। ਪਟਿਆਲੇ ਤਕ ਉਹ ਇੱਕ ਹੀ ਬੱਸ 'ਚ ਆਏ। ਬੱਸ ਵਿੱਚੋਂ ਉਤਰ ਕੇ ਜਦ ਆਪੋ-ਆਪਣੇ ਪਾਸਿਆਂ ਨੂੰ ਤੁਰਨ ਲੱਗੇ ਤਾਂ ਦੋਹਾਂ ਦੀਆਂ ਰੂਹਾਂ ਵਿਲਕ ਰਹੀਆਂ ਸਨ। ਅਮਨਵੀਰ ਤਾਂ ਆਪਣੇ ਬੀਬੀ ਜੀ ਤੋਂ ਲੁਕੋ ਕੇ, ਹੰਝੂ ਡੋਲ੍ਹਦੀ-ਡੋਲ੍ਹਦੀ ਹੀ ਤੁਰੀ...।

+++

ਵਿਜੇ ਤੇ ਅਮਨਵੀਰ ਨੂੰ ਮਿਲਿਆਂ ਛੇ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਸੀ। ਵਿਜੇ ਨੂੰ ਜਦ ਅਮਨਵੀਰ ਯਾਦ ਆਉਂਦੀ ਤਾਂ ਉਸ ਦੇ ਖੋਹ ਜਿਹੀ ਪੈਂਦੀ। ਮਿਲਣ ਨੂੰ ਚਿੱਤ ਕਰਦਾ। ਉਸ ਨੇ ਕਿਸੇ ਔਰਤ ਦਾ ਸੰਗ ਪਹਿਲੀ ਵਾਰ ਮਾਣਿਆ ਸੀ। ਥੇਹ ਵਾਲੇ ਡੇਰੇ ਦੀਆਂ ਯਾਦਾਂ ਉਸ ਦਾ ਖਹਿੜਾ ਨਹੀਂ ਛੱਡਦੀਆਂ ਸਨ। ਉਹ ਚਿੱਠੀ ਉਡੀਕਦਾ ਰਿਹਾ, ਪਰ ਅਮਨਵੀਰ ਵੱਲੋਂ ਕੋਈ ਚਿੱਠੀ ਨਾ ਆਈ ਤੇ ਫਿਰ ਉਸ ਨੇ ਇੱਕ ਦਿਨ ਆਪ ਹੀ ਅਮਨਵੀਰ ਨੂੰ ਚਿੱਠੀ ਲਿਖ ਦਿੱਤੀ। ਜਵਾਬ ਉਡੀਕਣ ਲੱਗਾ...ਪਰ ਨਾ ਆਇਆ।

ਕੁਝ ਸਮਾਂ ਉਡੀਕਣ ਤੋਂ ਮਗਰੋਂ ਉਸ ਨੇ ਆਪਣੇ ਮਿੱਤਰ, ਦਲੇਵਾਂ ਵਾਲੇ ਸੁੱਖੇ ਨਾਲ ਗੱਲ ਕੀਤੀ। ਉਹ ਪਹਿਲਾਂ ਵੀ ਇੱਕ ਦੂਜੇ ਨਾਲ ਬਹੁਤ ਕੁਛ ਸਾਂਝਾ ਕਰ ਲੈਂਦੇ ਸਨ।

"ਵਿਜੇ, ਜਿਹੜਾ ਕੁਛ ਤੈਂ ਕਰ ਲਿਆ, ਉਹੀ ਬਹੁਤ ਐ। ਹੁਣ ਸਿਆਣਪ ਇਹੀ ਐ, ਤੂੰ ਹੋਰ ਅੱਗੇ ਨਾ ਵਧ। ਭੁੱਲ ਜਾ ਹੁਣ ਤੂੰ ਉਹਨੂੰ...।" ਸੁੱਖਾ ਕਹਿਣ ਲੱਗਾ।

"ਯਾਰ, ਭੁੱਲਿਆ ਨ੍ਹੀਂ ਜਾਂਦਾ...ਕੀ ਕਰਾਂ...?" ਵਿਜੇ ਬਹੁਤ ਤੰਗ ਸੀ।

"ਚੰਗਾ ਫਿਰ ਆਏਂ ਕਰ, ਉਹਦੇ ਪਿੰਡ ਜਾਹ ਤੇ ਉੱਥੇ ਜਾ ਕੇ ਛਿੱਤਰ ਖਾ...। ਨਾਲੇ ਤੈਨੂੰ ਪਤੈ, ਬਈ ਪੰਜਾਬ ਦਾ ਮਹੌਲ ਕਿਹਾ ਜ੍ਹਾ ਐ? ਊਂ ਕਹਿਣ ਨੂੰ ਸ਼ਾਂਤ ਐ, ਪਰ ਹਾਲੇ ਵੀ ਕੁਛ ਵਾਰਦਾਤਾਂ ਹੋ ਰਹੀਆਂ ਨੇ। ਜੇ ਕਿਸੇ ਨੇ ਮਾਰ ਕੇ ਸਿੱਟ 'ਤਾ...? ਹੈਂ? ਦੱਸ ਕੀ ਬਣੂੰ?...ਪੁਲਿਸ ਨੇ ਰਿਪੋਰਟ ਵੀ ਨ੍ਹੀਂ ਲਿਖਣੀ ।...ਕਹਿ ਦੇਣਗੇ, ਖਾੜਕੂ ਮਾਰਗੇ...।" ਸੁੱਖਾ ਉਸ ਨੂੰ ਸਮਝਾਉਂਦਾ ਰਿਹਾ, "ਵਿਜੇ, ਭਲਾ ਏਸੇ 'ਚ ਈ ਐ, ਬਈ ਸਾਰਾ ਕੁਛ ਭੁੱਲ ਕੇ ਪੜ੍ਹਾਈ ਕਰ...।"

ਸੁੱਖੇ ਦੀਆਂ ਗੱਲਾਂ ਨੇ ਵਿਜੇ ਦੇ ਮਨ ਨੂੰ ਅਸਲੀਅਤ ਵਾਲੇ ਪਾਸੇ ਤੋਰਨ 'ਚ ਸਹਾਇਤਾ ਕੀਤੀ। ਹੌਲੀ-ਹੌਲੀ ਵਿਜੇ ਨੇ ਸਭ ਕੁਛ ਸੁਫ਼ਨਾ ਸਮਝ ਕੇ ਭੁੱਲਣ ਦਾ ਜਤਨ ਕੀਤਾ ਤੇ ਉਸ ਨੂੰ ਸਫਲਤਾ ਮਿਲੀ। ਉਸ ਨੇ ਲਾਇਬਰੇਰੀ 'ਚ ਜ਼ਿਆਦਾ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ। ਮਨ ਕਿਤਾਬਾਂ ਨਾਲ ਜੋੜ ਲਿਆ।

ਐੱਮ. ਏ. ਖ਼ਤਮ ਕਰਕੇ ਉਸ ਨੇ ਨੌਕਰੀ ਪ੍ਰਾਪਤ ਕਰਨ ਦੇ ਮੌਕੇ ਵਧਾਉਣ ਲਈ, ਬੀ. ਐਡ. ਕਰ ਲਈ। ਉਸ ਤੋਂ ਮਗਰੋਂ ਇੱਕ ਪ੍ਰਾਈਵੇਟ ਸਕੂਲ 'ਚ ਪੜ੍ਹਾਉਣ ਲੱਗ ਪਿਆ। ਕੁਛ ਸਮੇਂ ਬਾਅਦ ਸਰਕਾਰੀ ਅਧਿਆਪਕਾਂ ਦੀਆਂ ਪੋਸਟਾਂ ਨਿਕਲੀਆਂ ਤੇ ਉਸ ਨੂੰ ਨੌਕਰੀ ਮਿਲ ਗਈ। ਜਦ ਪੋਸਟਿੰਗ ਵਾਲੀ ਚਿੱਠੀ ਆਈ ਤਾਂ ਉਹ ਬਹੁਤ ਹੈਰਾਨ ਹੋਇਆ। ਉਸ ਨੇ ਹਮੀਰਪੁਰ ਦੇ ਨਾਲ ਲਗਵੇਂ ਪਿੰਡ ਦੇ ਸਕੂਲ 'ਚ ਜੁਆਇਨ ਕਰਨਾ ਸੀ। ਸਕੂਲ ਹਮੀਰਪੁਰ ਤੇ ਨਾਲ ਲਗਵੇਂ ਪਿੰਡ ਦਾ ਸਾਂਝਾ ਸਕੂਲ ਸੀ।

...ਵਿਜੇ ਸਰਕਾਰੀ ਹਾਈ ਸਕੂਲ 'ਚ ਪੜਾਉਣ ਲੱਗ ਪਿਆ। ਉਸ ਨੇ ਆਪਣਾ ਰਹਾਇਸ਼ੀ ਟਿਕਾਣਾ ਪਿੰਡ ਦੇ ਨਾਲ ਲਗਵੀਂ ਮੰਡੀ ਵਿੱਚ ਕਿਰਾਏ ਦੇ ਕਮਰੇ ਵਿੱਚ ਕਰ ਲਿਆ। ਅਮਨਵੀਰ ਉਸ ਨੂੰ ਦੁਬਾਰਾ ਯਾਦ ਆਉਣ ਲੱਗ ਪਈ। ਉਹ ਸੋਚਣ ਲੱਗ ਪੈਂਦਾ ਕਿ ਅਮਨਵੀਰ ਨੂੰ ਮਿਲਿਆ ਜਾਵੇ...ਪਰ ਸਵਾਲ ਇਹ ਖੜ੍ਹਾ ਹੋ ਜਾਂਦਾ ਕਿ ਕਿਵੇਂ...?

ਹੌਲੀ-ਹੌਲੀ ਸਕੂਲ 'ਚ ਪਹਿਲਾਂ ਪੜ੍ਹਾਉਂਦੇ ਅਧਿਆਪਕ ਉਸ ਦੇ ਮਿੱਤਰ ਬਣ ਗਏ। ਉਹਦਾ ਸਭ ਤੋਂ ਵਧੀਆ ਮਿੱਤਰ ਹਿਸਾਬ ਮਾਸਟਰ ਤਾਰਾ ਸਿੰਘ ਸੀ। ਉਹ ਵੀ ਉਸ ਦੇ ਵਾਂਗੂੰ ਹਾਲੇ ਵਿਆਹਿਆ-ਵਰਿਆ ਨਹੀਂ ਸੀ ਤੇ ਦੂਜੀ ਗੱਲ ਸਬੱਬ ਦੀ ਇਹ ਸੀ ਕਿ ਤਾਰਾ ਸਿੰਘ ਇੱਕ ਕਿਰਾਏ ਦੇ ਚੁਬਾਰੇ 'ਚ ਹਮੀਰਪੁਰ ਰਹਿੰਦਾ ਸੀ। ਉੱਥੇ ਉਹ ਪਿੰਡ ਦੇ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਂਦਾ ਸੀ। ਉਨ੍ਹਾਂ ਦੋਹਾਂ ਦੀ ਚੰਗੀ ਸੱਥਰੀ ਪੈਂਦੀ ਸੀ। ਆਪਸ ਵਿੱਚ ਉਹ ਕਾਫ਼ੀ ਖੁੱਲ੍ਹ ਚੁੱਕੇ ਸਨ। ਛੁੱਟੀ ਵਾਲੇ ਦਿਨ ਉਹ ਸ਼ਹਿਰ ਜਾ ਕੇ ਫ਼ਿਲਮ ਵੀ ਦੇਖ ਆਉਂਦੇ। ਕਦੇ-ਕਦੇ ਪੈੱਗ ਵੀ ਖੜਕਾ ਲੈਂਦੇ ਤੇ ਬੈਠਕ ਉਨ੍ਹਾਂ ਦੀ ਵਿਜੇ ਦੇ ਮੰਡੀ ਵਾਲੇ ਕਮਰੇ ਵਿੱਚ ਹੀ ਹੁੰਦੀ।

...ਇੱਕ ਦਿਨ ਉਨ੍ਹਾਂ ਨੇ ਮੌਜ-ਮਸਤੀ ਦਾ ਪ੍ਰੋਗਰਾਮ ਬਣਾਇਆ। ਭੁੱਚੋ ਕੈਂਚੀਆਂ 'ਚੋਂ ਮੁਰਗ਼ਾ ਤੇ ਬੋਤਲ ਖ਼ਰੀਦ ਕੇ ਉਨ੍ਹਾਂ ਨੇ ਮਹਿਫ਼ਲ ਸਜਾ ਲਈ। ਵਿਜੇ ਬਹੁਤ ਦਿਨਾਂ ਤੋਂ ਤਾਰਾ ਸਿੰਘ ਨਾਲ ਗੱਲ ਕਰਨੀ ਚਾਹੁੰਦਾ ਸੀ ਤੇ ਅੱਜ ਉਹ ਸਬੱਬ ਬਣ ਗਿਆ ਸੀ। ਉਹ ਸੋਚ ਰਿਹਾ ਸੀ ਕਿ ਕਿਵੇਂ ਨਾ ਕਿਵੇਂ ਅੱਜ ਮੈਂ ਹਿਸਾਬ ਵਾਲੇ ਮਾਸਟਰ ਤੋਂ ਹਮੀਰਪੁਰ ਪਿੰਡ ਦਾ ਹਿਸਾਬ-ਕਿਤਾਬ ਲਵਾਂ।...ਤੇ ਪਰ ਉਹ ਸਾਰਾ ਲਘੂਤਮ ਸਮਾਪਵਰਤਕ ਟੇਢੇ ਫ਼ਾਰਮੂਲਿਆਂ ਰਾਹੀਂ ਹੀ ਕੱਢਣਾ ਚਾਹੁੰਦਾ ਸੀ।

"ਤਾਰੇ, ਯਾਰ ਤੂੰ ਕਿੰਨੇ ਕੁ ਸਾਲਾਂ ਤੋਂ ਹਮੀਰਪੁਰ 'ਚ ਰਹਿਨੈ?" ਵਿਜੇ ਨੇ ਦੋ ਕੁ ਪੈੱਗ ਪੀਣ ਤੋਂ ਬਾਅਦ ਗੱਲ ਤੋਰ ਲਈ।

"ਮੈਨੂੰ, ਹੋਗੇ ਕੋਈ ਤਿੰਨ ਕੁ ਸਾਲ।" ਤਾਰੇ ਨੇ ਗਲਾਸ 'ਚੋਂ ਘੁੱਟ ਭਰਦਿਆਂ ਜਵਾਬ ਦਿੱਤਾ।

"ਫਿਰ ਤਾਂ ਤੂੰ ਪਿੰਡ ਦੇ ਬਹੁਤ ਲੋਕਾਂ ਨੂੰ ਜਾਣਦਾ ਹੋਏਂਗਾ?"

"ਹਾਂ, ਜਾਣਦਾਂ। ਤੈਨੂੰ ਕੰਮ ਐ ਕੋਈ ਹਮੀਰਪੁਰ 'ਚ?" ਤਾਰਾ ਵਿਜੇ ਵੱਲ ਟੇਢਾ ਜਿਹਾ ਝਾਕਿਆ।

"ਕੰਮ-ਕੁੰਮ ਤਾਂ ਮੈਨੂੰ ਕੋਈ ਨ੍ਹੀਂ।" ਵਿਜੇ ਨੂੰ ਗੱਲ ਦਾ ਖਿਲਾਰਾ ਪੈਣ ਦਾ ਵੀ ਡਰ ਸੀ, "ਚੱਲ ਛੱਡ ਯਾਰ, ਪੈੱਗ ਲਾ...ਛੱਡ ਪਰ੍ਹਾਂ।" ਉਸ ਨੇ ਗੱਲ ਟਾਲਣੀ ਚਾਹੀ।

"ਛੱਡ ਕਿਉਂ?...ਹੁਣ ਤਾਂ ਤੂੰ ਪੁੱਛ। ਤੂੰ ਹੁਣ ਟਾਲ਼ਾ ਜ੍ਹਾ ਨਾ ਮਾਰ।...ਪੁੱਛ ਜੋ ਪੁੱਛਣੈ?" ਤਾਰਾ ਸ਼ਰਾਬੀਆਂ ਵਾਲੀ ਜਿਦ ਕਰਦਾ ਬੋਲਣ ਲੱਗਾ।

"ਫੇਰ ਕਿਸੇ ਦਿਨ ਸਹੀ।" ਵਿਜੇ ਹਾਲਾਤ ਨੂੰ ਭਾਂਪਦਿਆਂ ਗੱਲ ਅਗਾਂਹ ਨਹੀਂ ਤੋਰਨਾ ਚਾਹੁੰਦਾ ਸੀ।

"ਅੱਜ ਈ ਪੁੱਛ...ਮੈਂ ਤਾਂ ਅੱਜ ਈ ਦੱਸੂੰ...।" ਤਾਰਾ ਸੱਜੇ ਹੱਥ ਨੂੰ ਹਵਾ 'ਚ ਕਿਸੇ ਦੇਸ਼ ਦੇ ਕੌਮੀ ਝੰਡੇ ਵਾਂਗਰ ਲਹਿਰਾ ਰਿਹਾ ਸੀ।

ਵਿਜੇ ਨੇ ਸੋਚਿਆ ਕਿ ਪੁੱਠਾ ਪੰਗਾ ਹੀ ਲੈ ਲਿਆ। ਉਸ ਨੇ ਟੇਢਾ ਫ਼ਾਰਮੂਲਾ ਵਰਤਦਿਆਂ ਸਵਾਲ ਨੂੰ ਅੱਗੇ ਤੋਰ ਲਿਆ, "ਯਾਰ, ਮੇਰਾ ਇੱਕ ਮਿੱਤਰ ਹੁੰਦਾ ਸੀ, ਯੂਨੀਵਰਸਿਟੀ 'ਚ। ਉਹਦੀ ਕੋਈ ਰਿਸ਼ਤੇਦਾਰੀ ਐ ਹਮੀਰਪੁਰ 'ਚ। ਉਹਨੇ ਮੈਨੂੰ ਕਿਹਾ ਸੀ ਕਿ ਜੇ ਤੈਨੂੰ ਕਦੇ ਕੋਈ ਲੋੜ ਹੋਵੇ ਤਾਂ ਤੂੰ ਮੇਰੇ ਰਿਸ਼ਤੇਦਾਰਾਂ ਨੂੰ ਮਿਲ਼ ਲਈਂ।"

"ਨਾਉਂ ਦੱਸ ਮਿੱਤਰ ਦੇ ਰਿਸ਼ਤੇਦਾਰ ਦਾ...। ਨਾਲ਼ੇ ਆਹ ਤੂੰ ਹੁਣ ਮੇਰਾ ਮਿੱਤਰ ਤੇ ਤੇਰਾ ਮਿੱਤਰ ਨਾ ਕਰਿਆ ਕਰ।...ਐਨਾ ਚਿਰ ਹੋਗਿਆ 'ਕੱਠੇ ਰਹਿੰਦਿਆਂ ਨੂੰ...ਹੁਣ ਤਾਂ ਪਤੰਦਰਾ ਆਪਣਾ ਈ ਕਿਹਾ ਕਰ...ਆਪਣਾ।" ਕਹਿ ਕੇ ਤਾਰਾ ਹੱਸ ਪਿਆ।

"ਨਾਉਂ ਤਾਂ ਹੁਣ ਯਾਦ ਨ੍ਹੀਂ, ਯਾਰ।" ਵਿਜੇ ਨੇ ਸਿਰ ਖੁਰਕਦਿਆਂ ਕਿਹਾ। ਅਸਲ ਵਿੱਚ ਉਹ ਗੱਲ ਨੂੰ ਅੱਗੇ ਵਧਾਉਣ ਤੋਂ ਝਿਜਕ ਰਿਹਾ ਸੀ।

"ਚੰਗਾ ਭਰਾਵਾ...ਯਾਦ ਕਰਕੇ ਦੱਸਦੀਂ।" ਤਾਰੇ ਨੇ ਜਿਦ ਛੱਡ ਦਿੱਤੀ।

...ਥੋੜ੍ਹੇ ਦਿਨਾਂ ਮਗਰੋਂ, ਇੱਕ ਦਿਨ ਅੱਧੀ ਛੁੱਟੀ ਵੇਲੇ ਤਾਰਾ ਸਿੰਘ ਤੇ ਵਿਜੇ ਇਕੱਠੇ ਬੈਠੇ ਸਨ। ਤਾਰੇ ਨੇ ਉਹੀ ਗੱਲ ਮੁੜ ਛੇੜ ਲਈ, "ਵਿਜੇ, ਤੈਨੂੰ ਯਾਦ ਆਇਐ, ਉਹ ਆਪਣੇ ਮਿੱਤਰ ਦੇ ਰਿਸ਼ਤੇਦਾਰ ਦਾ ਨਾਉਂ? ...ਹਮੀਰਪੁਰ ਆਲ਼ੇ ਦਾ? ਜੀਹਦਾ ਜ਼ਿਕਰ ਤੂੰ ਪਿਛਲੇ ਐਤਵਾਰ ਕਰਦਾ ਸੀ।"

"......" ਵਿਜੇ ਨੂੰ ਕੁਛ ਸੁੱਝ ਨਹੀਂ ਰਿਹਾ ਸੀ ਕਿ ਉਹ ਕੀ ਜਵਾਬ ਦੇਵੇ। ਉਹ ਚੁੱਪ ਬੈਠਾ ਰਿਹਾ।

"ਦੱਸ ਯਾਰ, ਆਪਾਂ ਪਤਾ ਕਰ ਲਾਂਗੇ, ਕਿਹੜੇ ਲਾਣੇ 'ਚੋਂ ਨੇ ਉਹ?...ਕਿਹੋ ਜ੍ਹਾ ਪਰਿਵਾਰ ਐ?" ਤਾਰਾ ਰਿਸ਼ਤੇਦਾਰਾਂ ਦਾ ਅਤਾ-ਪਤਾ ਲੱਭਣ ਲਈ ਕਾਹਲ਼ਾ ਸੀ।

"ਪੂਰੀ ਜਾਣਕਾਰੀ ਤਾਂ ਮੇਰੇ ਕੋਲ਼ੇ ਹੈਨੀਂ। ਬੱਸ, ਮੈਨੂੰ ਉਨ੍ਹਾਂ ਦੇ ਬਜ਼ੁਰਗ ਦਾ ਨਾਉਂ ਪਤੈ।...ਆਪਾਂ ਆਏਂ ਕਰਾਂਗੇ, ਤੇਰੇ ਚੁਬਾਰੇ 'ਚ ਬੈਠਾਂਗੇ ਤੇ ਉੱਥੇ ਤੇਰੇ ਟਿਊਸ਼ਨ ਆਲ਼ੇ ਮੁੰਡੇ-ਕੁੜੀਆਂ ਤੋਂ ਪੁੱਛਾਂਗੇ।" ਵਿਜੇ ਨੇ ਗੱਲ ਲਮਕਾਅ ਦਿੱਤੀ।

"ਚਲ, ਅੱਜ ਈ ਚੱਲ ਮੇਰੇ ਨਾਲ਼, ਮੇਰੇ ਚੁਬਾਰੇ 'ਚ।" ਤਾਰਾ ਸਵਾਲ ਦਾ ਉੱਤਰ ਫੁਰਤੀ ਨਾਲ ਲੱਭਣਾ ਚਾਹੁੰਦਾ ਸੀ।

"ਅੱਜ ਨ੍ਹੀਂ, ਯਾਰ। ਕੱਲ੍ਹ ਨੂੰ ਚੱਲਾਂਗੇ...।" ਵਿਜੇ ਨੇ ਇੱਕ ਦਿਨ ਵਾਸਤੇ ਹੋਰ ਗੱਲ ਅੱਗੇ ਪਾ ਦਿੱਤੀ।

...ਵਿਜੇ ਆਪਣੇ ਕਮਰੇ 'ਚ ਪਿਆ ਸਾਰੀ ਰਾਤ ਸੋਚਦਾ ਰਿਹਾ, ਕਿਤੇ ਕੋਈ ਗੱਲ ਗ਼ਲਤ ਨਾ ਹੋ ਜਾਵੇ...? ਐਵੇਂ ਅਮਨਵੀਰ ਦੀ ਇੱਜ਼ਤ ਤੇ ਮਾਣ-ਮਰਿਆਦਾ ਨੂੰ ਠੇਸ...। ਉਸ ਦੇ ਪਰਿਵਾਰ ਦਾ ਸਤਿਕਾਰ...। ਅਮਨਵੀਰ ਨੇ ਆਪਣੇ ਸਹੁਰੇ ਤੇ ਹਸਬੈਂਡ ਦਾ ਨਾਂ ਤਾਂ ਦੱਸਿਆ ਸੀ ਤੇ ਉਹਨੇ ਇਹ ਵੀ ਕਿਹਾ ਸੀ ਕਿ ਮੇਰੇ ਪਤੀ ਨੂੰ ਤਾਂ ਪਿੰਡ 'ਚ ਬਹੁਤ ਥੋੜ੍ਹੇ ਲੋਕ ਜਾਣਦੇ ਨੇ ਕਿਉਂਕਿ ਉਹਦਾ ਬਾਹਰ ਜਾਣ-ਆਉਣ ਬਹੁਤ ਘੱਟ ਹੈ।

ਦੂਜੇ ਦਿਨ ਤਾਰੇ ਨੇ ਵਿਜੇ ਨੂੰ ਫਿਰ ਘੇਰ ਲਿਆ ਤੇ ਵਿਜੇ ਉਸ ਦੇ ਨਾਲ ਜਾਣ ਤੋਂ ਨਾਂਹ ਨਾ ਕਰ ਸਕਿਆ। ਛੁੱਟੀ ਤੋਂ ਮਗਰੋਂ ਉਹ ਹਮੀਰਪੁਰ ਪਿੰਡ 'ਚ ਤਾਰਾ ਸਿਉਂ ਹਿਸਾਬ ਵਾਲੇ ਮਾਸਟਰ ਦੇ ਚੁਬਾਰੇ ਵਿੱਚ ਬੈਠਾ ਸੀ। ਚੁਬਾਰਾ ਬਹੁਤ ਹੀ ਸੋਹਣੇ ਸਲੀਕੇ ਨਾਲ ਸਜਾਇਆ ਹੋਇਆ ਸੀ।

...ਤੇ ਵਿਜੇ ਦਾ ਕਾਲ਼ਜਾ ਡਰ ਨਾਲ ਫੜਕ ਰਿਹਾ ਸੀ। ਉਹ ਸੋਚ ਰਿਹਾ ਸੀ, ਪਤਾ ਨਹੀਂ ਕੀ ਬਣੇਗਾ...?

ਮੁੰਡਿਆਂ ਦਾ ਟਿਊਸ਼ਨ ਪੜ੍ਹਨ ਵਾਲਾ ਗਰੁੱਪ ਆ ਗਿਆ। ਕੁਛ ਮੁੰਡੇ ਮੰਜਿਆਂ 'ਤੇ ਬਹਿ ਗਏ ਤੇ ਕੁਛ ਕੁਰਸੀਆਂ 'ਤੇ। ਤਾਰਾ ਸਿਉਂ ਮਾਸਟਰ ਪੜ੍ਹਾਉਣ ਲੱਗ ਪਿਆ। ਵਿਜੇ ਬਾਹਰ ਅਖ਼ਬਾਰ ਲੈ ਕੇ ਬਹਿ ਗਿਆ।

ਜਦ ਕਲਾਸ ਦਾ ਸਮਾਂ ਮੁੱਕਿਆ ਤਾਂ ਤਾਰਾ ਸਿੰਘ ਨੇ ਮੁੰਡਿਆਂ ਨੂੰ ਪੁੱਛਿਆ, "ਥੋਡੇ 'ਚੋਂ ਕੋਈ ਜਣਾ ਹਰਨਾਮ ਸਿਉਂ ਨੂੰ ਜਾਣਦੈ?"

ਮੁੰਡੇ ਇੱਕ ਦੂਜੇ ਵੱਲ ਦੇਖਣ ਲੱਗੇ ਤੇ ਕੁਛ ਪਲਾਂ ਮਗਰੋਂ ਘੁਸਰ-ਮੁਸਰ ਜਿਹੀ ਕਰਨ ਲੱਗੇ, "ਫਲਾਣਾ ਹਰਨਾਮ ਸਿਉਂ...ਨਹੀਂ ਉਹ ਨ੍ਹੀਂ...ਫਲਾਣਾ ਹਰਨਾਮਾ ਬੁੜ੍ਹਾ...ਨਹੀਂ-ਨਹੀਂ, ਪਰਲੇ ਅਗਵਾੜ ਆਲ਼ਾ ਹਰਨਾਮ ਸਿਉਂ...।"

ਪਿੰਡ 'ਚ ਹਰਨਾਮ ਸਿੰਘ ਕਈ ਸਨ ਤੇ ਫਿਰ ਇੱਕ ਮੁੰਡਾ ਤਾਰਾ ਸਿਉਂ ਵੱਲ ਮੂੰਹ ਕਰਕੇ ਬੋਲਿਆ, "ਹਾਂ ਜੀ, ਮਾਸਟਰ ਜੀ, ਇੱਕ ਹਰਨਾਮ ਸਿਉਂ ਤਾਂ ਸਾਡੇ ਘਰਾਂ ਚੋਂ ਈ ਐ ਜੀ। ਕਿਤੇ ਤੁਸੀਂ ਓਸੇ ਦੀ ਗੱਲ ਤਾਂ ਨ੍ਹੀਂ ਕਰਦੇ?" ਇਹ ਮੁੰਡਾ ਦੂਜੇ ਅਗਵਾੜ 'ਚੋਂ ਸੀ।

"ਅੱਛਾ, ਠੀਕ ਐ। ਉਨ੍ਹਾਂ ਦੇ ਕਿਸੇ ਮੁੰਡੇ ਦਾ ਨਾਉਂ ਦੱਸ?" ਤਾਰਾ ਸਿੰਘ ਨੇ ਪੱਕਾ ਕਰਨ ਲਈ ਪੁੱਛਿਆ ਕਿ ਇਹ ਉਹੀ ਹਰਨਾਮ ਸਿੰਘ ਹੈ, ਜਿਸ ਨੂੰ ਉਹ ਲੱਭਦੇ ਸਨ।

"ਹਾਂ ਜੀ, ਮਾਸਟਰ ਜੀ, ਉਨ੍ਹਾਂ ਦੇ ਮੁੰਡੇ ਦਾ ਨਾਉਂ ਧਰਮਾਂ ਐ ਜੀ।"

"ਹਾਂ ਇਹੀ ਐ ਸ਼ਾਇਦ।" ਤਾਰਾ ਸਿੰਘ ਨੇ ਕਿਹਾ ਤੇ ਉਸ ਨੂੰ ਪਤਾ ਸੀ ਕਿ ਮੁੰਡੇ ਹੁਣ ਇਸ ਪਰਿਵਾਰ ਬਾਰੇ ਤਾਂ ਪੂਰੀ ਡੂੰਘਾਈ ਤੱਕ ਦੱਸ ਦੇਣਗੇ।

ਧਰਮੇਂ ਦਾ ਨਾਂ ਸੁਣ ਕੇ ਕਈ ਮੁੰਡਿਆਂ ਨੂੰ ਸਮਝ ਲੱਗ ਗਈ ਕਿ ਕਿਹੜੇ ਹਰਨਾਮ ਸਿਉਂ ਬਾਰੇ ਗੱਲ ਤੁਰ ਪਈ ਹੈ ਤੇ ਫਿਰ ਮੁੰਡੇ ਆਪੋ-ਆਪਣੇ ਢੰਗ ਨਾਲ ਵਿਸਥਾਰ ਦੱਸਣ ਲੱਗੇ;

"ਉਨ੍ਹਾਂ ਦਾ ਵੱਡਾ ਮੁੰਡਾ ਹੁੰਦਾ ਸੀ ਜੀ, ਸੁਖਵੰਤ। ਉਹ ਨਾਂਹ, ਪੁਲਿਸ 'ਚ ਬਹੁਤ ਵੱਡਾ ਅਫ਼ਸਰ ਸੀ ਜੀ। ਉਹਨੂੰ ਖਾੜਕੂਆਂ ਨੇ ਮਾਰ 'ਤਾ ਸੀ ਜੀ...!" ਇੱਕ ਮੁੰਡੇ ਨੇ ਜਦ ਇਸ ਤਰ੍ਹਾਂ ਦੱਸਿਆ ਤਾਂ ਸਾਰੇ ਹੀ ਮੁੰਡੇ ਸਮਝ ਗਏ ਕਿ ਕਿਸ ਪਰਿਵਾਰ ਬਾਰੇ ਗੱਲ ਹੋ ਰਹੀ ਹੈ?

"ਬਹੁਤ ਚੰਗਾ ਪਰਿਵਾਰ ਐ, ਮਾਸਟਰ ਜੀ!" ਦੂਜਾ ਮੁੰਡਾ ਬੋਲਿਆ।

"ਸੁਖਵੰਤ ਦੀ ਮਾਂ, ਮੇਰੀ ਤਾਈ ਗੁਰਦਿਆਲ ਕੁਰ ਬਹੁਤ ਚੰਗੀ ਐ ਜੀ!" ਇੱਕ ਹੋਰ ਮੁੰਡੇ ਨੇ ਬੁੜ੍ਹੀ ਦੀ ਤਾਰੀਫ਼ ਕੀਤੀ।

ਵਿਜੇ ਬਾਹਰ ਬੈਠਾ ਡਰਦਾ-ਡਰਦਾ ਗੱਲਾਂ ਸੁਣਨ ਦੀ ਕੋਸ਼ਸ਼ ਕਰ ਰਿਹਾ ਸੀ। ਕੁਛ ਹੀ ਗੱਲਾਂ ਉਸ ਨੂੰ ਸਾਫ਼ ਸੁਣਦੀਆਂ ਸਨ, ਬਹੁਤੀਆਂ ਨਹੀਂ।

"ਥੇਹ ਆਲ਼ੇ ਡੇਰੇ ਦੀ ਸੁੱਖ ਨਾਲ਼ ਉਨ੍ਹਾਂ ਦੀ ਬਹੂ ਲਵੇ ਮੁੰਡਾ ਹੋਇਐ ਜੀ।" ਇੱਕ ਮੁੰਡਾ ਦੱਸਣ ਲੱਗਾ, "ਮਾਸਟਰ ਜੀ, ਸਾਡੇ ਪਿੰਡ ਦੇ ਲੋਕ ਥੇਹ ਆਲ਼ੇ ਡੇਰੇ ਨੂੰ ਮੰਨਣੋਂ ਹਟਗੇ ਸੀ ਜੀ...ਹੁਣ ਇਨ੍ਹਾਂ ਦੇ ਮੁੰਡਾ ਹੋਣ ਤੋਂ ਮਗਰੋਂ ਫੇਰ ਮੰਨਣ ਲਾਗੇ ਜੀ।"

"ਐਹਦੀ ਬੇਬੇ ਤੇ ਬਾਪੂ ਤਾਂ ਜੀ, ਹਰੇਕ ਸਾਲ ਥੇਹ ਆਲ਼ੇ ਡੇਰੇ ਜਾਂਦੇ ਨੇ ਜੀ...।" ਇੱਕ ਮੁੰਡੇ ਨੇ ਦੂਜੇ ਵੱਲ ਹੱਥ ਕਰਕੇ ਕਿਹਾ।

"ਤੇਰੇ ਕਿਹੜਾ ਨਈਂ ਜਾਂਦੇ।" ਦੂਜਾ ਬੋਲਿਆ।

"ਧਰਮਾਂ ਉਨ੍ਹਾਂ ਦਾ ਛੋਟਾ ਮੁੰਡਾ ਤਾਂ ਮਾਸਟਰ ਜੀ, ਬਿਚਾਰਾ ਸਿੱਧਾ ਜ੍ਹਾ ਬੰਦਾ ਈ ਐ...।" ਹਰਨਾਮ ਸਿਉਂ ਦੇ ਘਰਾਂ ਵਾਲਾ ਮੁੰਡਾ ਦੱਸਣ ਲੱਗਿਆ ਸੀ ਕਿ ਇੱਕ ਹੋਰ ਜ਼ਿਆਦਾ ਕਾਹਲ਼ਾ ਅੱਗੇ ਦੱਸਣ ਲੱਗ ਪਿਆ, "ਉਹਦੀ ਬਹੂ ਐ ਜੀ, ਅਮਨਵੀਰ। ਮਾਸਟਰ ਜੀ, ਉਹ ਬਹੁਤ ਸਿਆਣੀ ਐ ਜੀ! ਸਾਰੇ ਪਿੰਡ ਦੀਆਂ ਬੁੜ੍ਹੀਆਂ ਕੁੜੀਆਂ ਉਹਦੀ ਬਹੁਤ ਜ਼ਿਆਦੇ ਸਲਾਹੁਤਾ ਕਰਦੀਆਂ ਨੇ ਜੀ...ਤੇ ਜੇ ਕਦੇ ਅਸੀਂ ਉਹਦੇ ਕੋਲ਼ੇ ਕੁਛ ਪੜ੍ਹਨ ਵਗਜੀਏ ਤਾਂ ਸਾਨੂੰ ਪੜ੍ਹਾ ਵੀ ਦਿੰਦੀ ਐ ਜੀ। ਉਹ ਪੜ੍ਹਾਉਣ ਦੇ ਨਾਲ਼, ਹੋਰ ਵੀ ਬਹੁਤ ਸਿਆਣੀਆਂ-ਸਿਆਣੀਆਂ ਗੱਲਾਂ ਦੱਸਦੀ ਹੁੰਦੀ ਐ ਜੀ...ਮਾਸਟਰ ਜੀ, ਉਹ ਨਾਂਹ ਸਾਇੰਸ ਦੀਆਂ ਚੌਦਾਂ ਕਲਾਸਾਂ ਪਾਸ ਐ ਜੀ।"

ਅਮਨਵੀਰ ਦਾ ਨਾਂ ਵਿਜੇ ਨੂੰ ਸਾਫ਼ ਸੁਣਾਈ ਦਿੱਤਾ। ਉਸ ਦੇ ਦਿਲ 'ਚ ਬਹੁਤ ਜ਼ਿਆਦਾ ਤੀਬਰਤਾ ਵਾਲੇ ਭੁਚਾਲ਼ ਦੇ ਝਟਕੇ ਵੱਜਣ ਲੱਗੇ। ਉਸ ਨੂੰ ਗੱਲ ਤੂੜੀ ਦੀ ਪੰਡ ਵਾਂਗਰਾਂ ਖੁੱਲ੍ਹ ਕੇ ਖਿੰਡਦੀ ਜਾਪੀ...ਤੇ ਪਰ ਉਸ ਦੇ ਮਨ ਦਾ ਇੱਕ ਹਿੱਸਾ ਹੁਣ ਇਹ ਵੀ ਕਹਿ ਰਿਹਾ ਸੀ, 'ਚਲ, ਦੇਖੀ ਜਾਊ, ਜੋ ਹੋਊਗਾ!'

ਹਰਨਾਮ ਸਿਉਂ ਦੇ ਪਰਿਵਾਰ ਬਾਰੇ ਦੱਸਦਿਆਂ ਮੁੰਡਿਆਂ ਨੂੰ ਤਾਰਾ ਸਿੰਘ ਨੇ ਮਸਾਂ ਰੋਕਿਆ ਤੇ ਕਿਹਾ, "ਚਲੋ, ਪੁੱਤਰੋ! ਹੁਣ ਜਾਓ, ਆਪਣੇ ਅੰਗਰੇਜ਼ੀ ਆਲ਼ੇ ਮਾਸਟਰ ਵਿਜੇ ਕੁਮਾਰ ਜੀ ਹੋਰਾਂ ਦੇ ਇੱਕ ਦੋਸਤ ਦੀ ਹਰਨਾਮ ਸਿਉਂ ਕੇ ਘਰੇ ਰਿਸ਼ਤੇਦਾਰੀ ਐ।...ਚਲੋ, ਬਾਕੀ ਗੱਲਾਂ ਫੇਰ ਕਰਾਂਗੇ।" ਤਾਰਾ ਸਿੰਘ ਨੇ ਗੱਲ ਨੂੰ

ਸਮੇਟ ਦਿੱਤਾ।

ਅਗਲਾ ਟਿਊਸ਼ਨ ਪੜ੍ਹਨ ਵਾਲਾ ਗਰੁੱਪ ਕੁੜੀਆਂ ਦਾ ਸੀ ਤੇ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਪੰਦਰਾਂ ਕੁ ਮਿੰਟ ਵਿਹਲਾ ਸਮਾਂ ਸੀ। ਤਾਰਾ ਸਿੰਘ ਵਿਜੇ ਨੂੰ ਦੱਸਣ ਲੱਗ ਪਿਆ, "ਏਸ ਪਰਿਵਾਰ ਬਾਰੇ ਤਾਂ ਮੈਂ ਪਹਿਲਾਂ ਵੀ ਸੁਣਿਆ ਸੀ, ਪਰ ਮੈਨੂੰ ਪਰਿਵਾਰ ਦੇ ਮੈਂਬਰਾਂ ਦੇ ਨਾਵਾਂ ਦਾ ਨ੍ਹੀਂ ਪਤਾ ਸੀ। ਏਸ ਕਰਕੇ ਇਹ ਨ੍ਹੀਂ ਪਤਾ ਸੀ ਕਿ ਏਸੇ ਪਰਿਵਾਰ 'ਚ ਆਪਣੇ ਮਿੱਤਰ ਦੀ ਰਿਸ਼ਤੇਦਾਰੀ ਐ।...ਮੇਰੇ ਕੋਲ਼ੇ ਹਰਨਾਮ ਸਿਉਂ ਕੇ ਅਗਵਾੜ 'ਚੋਂ ਇੱਕ ਕੁੜੀ ਪੜ੍ਹਨ ਆਉਂਦੀ ਹੁੰਦੀ ਐ, ਉਹਨੇ ਮੈਨੂੰ ਏਸ ਪਰਿਵਾਰ ਦੀ ਕਹਾਣੀ ਦੱਸੀ ਸੀ। ਮੈਂ ਤੈਨੂੰ ਰਾਤ ਨੂੰ ਸੁਣਾਊਂ ਸਾਰੀ ਗੱਲ...ਇਹ ਤਾਂ ਬਹੁਤ ਹੀ ਦੁੱਖਾਂ ਦਾ ਭੰਨਿਆਂ ਹੋਇਆ ਪਰਿਵਾਰ ਐ, ਯਾਰ।"

"ਚਲ, ਠੀਕ ਐ...।" ਕਹਿ ਕੇ ਵਿਜੇ ਫਿਰ ਬਾਹਰ ਬਹਿ ਗਿਆ ਤੇ ਤਾਰਾ ਸਿੰਘ ਕੁੜੀਆਂ ਨੂੰ ਪੜ੍ਹਾਉਣ ਲੱਗ ਪਿਆ।

...ਰਾਤ ਹੋ ਗਈ। ਉਹ ਦੋਹੇਂ ਜਣੇ ਬਹਿ ਕੇ ਗੱਲਾਂ ਕਰਨ ਲੱਗ ਪਏ। ਤਾਰੇ ਨੇ ਹਰਨਾਮ ਸਿਉਂ ਦੇ ਪਰਿਵਾਰ ਦੀ ਗੱਲ ਤੋਰ ਲਈ, "ਜਿਹੜੀ ਕੁੜੀ ਨੇ ਮੈਨੂੰ ਹਰਨਾਮ ਸਿਉਂ ਕੇ ਘਰ-ਪਰਿਵਾਰ ਬਾਰੇ ਦੱਸਿਆ ਸੀ, ਉਹ ਘੁਮਿਆਰਾਂ ਦੀ ਕੁੜੀ ਐ। ਬਾਰ੍ਹਵੀਂ 'ਚ ਪੜ੍ਹਦੀ ਐ, ਨਾਨ-ਮੈਡੀਕਲ 'ਚ। ਪੜ੍ਹਨ 'ਚ ਕੁੜੀ ਬਹੁਤ ਈ ਹੁਸ਼ਿਆਰ ਐ। ਅਮਨਵੀਰ ਓਸ ਕੁੜੀ ਨੂੰ ਪੜ੍ਹਾਉਂਦੀ ਹੁੰਦੀ ਸੀ ਤੇ ਹੁਣ ਵੀ ਪੜ੍ਹਾਉਂਦੀ ਐ।"

"ਅਮਨਵੀਰ ਟਿਊਸ਼ਨ ਪੜ੍ਹਾਉਂਦੀ ਐ?" ਵਿਜੇ ਪੁੱਛਣ ਲੱਗਾ।

"ਨਹੀਂ ਯਾਰ।" ਤਾਰਾ ਸਿੰਘ ਗੱਲਾਂ ਕਰਦਾ-ਕਰਦਾ ਖਾਣ-ਪੀਣ ਦਾ ਸਮਾਨ ਵੀ ਤਿਆਰ ਕਰ ਰਿਹਾ ਸੀ, "ਉਹ ਲੋੜਵੰਦ ਬੱਚਿਆਂ ਨੂੰ ਸਾਇੰਸ ਦੇ ਵਿਸ਼ੇ ਪੜ੍ਹਾ ਦਿੰਦੀ ਐ...ਖ਼ਾਸ ਕਰਕੇ ਗਿਆਰ੍ਹਵੀਂ ਤੇ ਬਾਰ੍ਹਵੀਂ ਆਲ਼ਿਆਂ ਨੂੰ। ਇੱਕ ਖ਼ਾਸ ਗੱਲ ਇਹ ਐ ਕਿ ਜਿਹੜੇ ਬੱਚੇ ਅਮਨਵੀਰ ਕੋਲ਼ੋਂ ਪੜ੍ਹੇ ਨੇ, ਉਹ ਕਮਾਲ ਦੇ ਬੱਚੇ ਨੇ, ਬਹੁਤ ਈ ਬਰੀਲੀਐਂਟ! ਬੱਚੇ ਦੱਸਦੇ ਹੁੰਦੇ ਨੇ ਕਿ ਅਮਨਵੀਰ ਦਾ ਪੜ੍ਹਾਉਣ ਦਾ ਤਰੀਕਾ ਹੀ ਕਮਾਲ ਦਾ ਐ।...ਉਹ ਹਰ ਗੱਲ ਨੂੰ ਸਮਝਾਉਣ ਵੇਲੇ, ਰੋਜ਼ਾਨਾ ਜ਼ਿੰਦਗੀ ਵਿੱਚੋਂ ਉਦਾਹਰਨਾਂ ਦੇ ਕੇ ਸਮਝਾਉਂਦੀ ਐ।" ਤਾਰੇ ਨੇ ਆਪਣਾ ਪੈੱਗ ਪੀ ਲਿਆ ਸੀ ਤੇ ਆਪਣੀ ਗੱਲ ਜਾਰੀ ਰੱਖੀ, "ਹਰਨਾਮ ਸਿਉਂ ਦਾ ਪਰਿਵਾਰ ਇੱਕ ਮੱਧ ਵਰਗੀ ਕਿਸਾਨ ਪਰਿਵਾਰ ਐ। ਹਰਨਾਮ ਸਿਉਂ ਦੇ ਇੱਕ ਧੀ ਤੇ ਦੋ ਪੁੱਤ ਸੀ। ਧੀ ਉਸ ਨੇ ਵਿਆਹ ਕੇ ਸਹੁਰੇ ਤੋਰ 'ਤੀ ਸੀ। ਛੋਟੇ ਮੁੰਡੇ ਨੂੰ ਨਿੱਕੇ ਹੁੰਦਿਆਂ ਪੋਲੀਓ ਹੋ ਗਿਆ ਸੀ। ਬਿਮਾਰੀ ਕਾਰਨ ਉਸ ਦਾ ਮਾਨਸਿਕ ਵਿਕਾਸ ਚੰਗੀ ਤਰ੍ਹਾਂ ਨ੍ਹੀਂ ਹੋਇਆ। ਹਰਨਾਮ ਸਿਉਂ ਨੇ ਬਹੁਤ ਇਲਾਜ ਕਰਾਇਆ ਪਰ ਉਹ ਬੱਚਿਆਂ ਵਰਗਾ ਈ ਐ।"

ਵਿਜੇ ਬੈਠਾ ਸੁਣਦਾ ਰਿਹਾ ਤੇ ਤਾਰਾ ਸਿੰਘ ਦੱਸਦਾ ਰਿਹਾ, "ਵੱਡਾ ਮੁੰਡਾ ਸੁਖਵੰਤ ਚੰਗਾ ਪੜ੍ਹਿਆ-ਲਿਖਿਆ ਸੀ। ਉਹ ਪੁਲਿਸ 'ਚ ਚੰਗਾ ਅਫ਼ਸਰ ਸੀ ਤੇ ਜਦ ਉਸ ਦੇ ਵਿਆਹ ਦੀ ਗੱਲ ਘਰਦਿਆਂ ਨੇ ਚਲਾਈ ਤਾਂ ਉਸ ਨੇ ਆਪਣੀ ਆਪ ਲੱਭੀ ਹੋਈ ਕੁੜੀ ਅਮਨਵੀਰ ਨਾਲ਼ ਵਿਆਹ ਕਰਾ ਲਿਆ। ਕਹਿੰਦੇ ਨੇ, ਅਮਨਵੀਰ ਉਹਦੇ ਨਾਲ਼ ਪੜ੍ਹਦੀ ਹੁੰਦੀ ਸੀ।...ਓਧਰ ਅਮਨਵੀਰ ਦਾ ਇੱਕ ਈ ਭਰਾ ਸੀ ਤੇ ਉਹ ਖਾੜਕੂਆਂ ਨਾਲ਼ ਰਲ਼ ਕੇ ਘਰੋਂ ਭੱਜ ਗਿਆ ਸੀ। ਉਹ ਇੱਕ ਵਾਰੀਂ ਭੱਜਿਆ, ਮੁੜ ਕੇ ਘਰ ਨ੍ਹੀਂ ਆਇਆ। ਲੋਕਾਂ ਦਾ ਕਹਿਣੈ ਕਿ ਉਹ ਪੁਲਿਸ ਨੇ ਮਾਰ ਕੇ ਖਪਾ 'ਤਾ...।"

ਤਾਰਾ ਸਿੰਘ ਤੇ ਵਿਜੇ ਰੋਟੀ ਖਾਣ ਲੱਗ ਪਏ। ਤਾਰਾ ਸਿੰਘ ਰੋਟੀ ਖਾਂਦਾ ਵੀ ਗੱਲ ਸੁਣਾਉਂਦਾ ਰਿਹਾ, "ਸੁਖਵੰਤ ਤੇ ਅਮਨਵੀਰ ਦੇ ਵਿਆਹ ਆਲ਼ਾ ਦਿਨ ਸੀ। ਅਮਨਵੀਰ ਨੂੰ ਵਿਆਹ ਕੇ ਇਹ ਹਮੀਰਪੁਰ ਮੁੜ ਆਏ ਸੀਗੇ। ਘਰ 'ਚ ਖ਼ੁਸ਼ੀਆਂ ਈ ਖ਼ੁਸ਼ੀਆਂ ਸੀ। ਕਿੱਧਰੋਂ ਕੋਈ ਦੋ ਬੰਦੇ ਆਏ। ਉਨ੍ਹਾਂ ਨੇ ਲੋਈਆਂ ਦੀਆਂ ਬੁੱਕਲ਼ਾਂ ਮਾਰੀਆਂ ਹੋਈਆਂ ਸੀਗੀਆਂ। ਉਨ੍ਹਾਂ ਨੇ ਸੁਖਵੰਤ ਤੇ ਉਹਦੇ ਭਣੋਈਏ ਬਾਰੇ ਪੁੱਛਿਆ। ਫਿਰ ਉਹ ਉਨ੍ਹਾਂ ਕੋਲ਼ੇ ਵਾਗੇ ਤੇ ਜਾਂਦਿਆਂ ਈ ਉਨ੍ਹਾਂ ਲੋਈਆਂ ਆਲ਼ਿਆਂ ਨੇ ਅੰਨ੍ਹੇਵਾਹ ਫਾਇਰਿੰਗ ਕਰ 'ਤੀ।...ਸੁਖਵੰਤ, ਸੁਖਵੰਤ ਦੀ ਭੈਣ, ਭਣੋਈਆ ਤੇ ਦਸ ਕੁ ਸਾਲ ਦਾ ਭਾਣਜਾ ਥਾਏਂ ਮਾਰੇ ਗਏ।...ਇਨ੍ਹਾਂ ਦੀ ਭੈਣ ਦਾ ਘਰ ਤਾਂ ਬਿਲਕੁਲ ਈ ਖ਼ਾਲੀ ਹੋ ਗਿਆ। ਕਾਰਾ ਕਰਨ ਆਲ਼ੇ ਘਰ ਨੂੰ ਮੂਧਾ ਕਰ ਕੇ ਤੁਰਗੇ।...ਉਸ ਤੋਂ ਮਗਰੋਂ ਕਈ ਬੁੜ੍ਹੀਆਂ ਤਾਂ ਇਹ ਵੀ ਕਹਿੰਦੀਆਂ ਸੁਣੀਆਂ ਗਈਆਂ ਕਿ ਅਮਨਵੀਰ ਫ਼ੁੱਟੇ ਲੇਖਾਂ ਆਲ਼ੀ ਐ, ਆਉਂਦੀ ਨੇ ਬਰਬਾਦੀ ਕਰ 'ਤੀ...।"

ਗੱਲਾਂ ਕਰਦੇ-ਕਰਦੇ ਤਾਰੇ ਅਤੇ ਵਿਜੇ ਨੇ ਬਿਸਤਰੇ ਵਿਛਾ ਲਏ ਤੇ ਮੰਜਿਆਂ 'ਤੇ ਪੈ ਗਏ। ਤਾਰਾ ਫਿਰ ਪਿਆ-ਪਿਆ ਬੋਲਦਾ ਰਿਹਾ, "ਅਮਨਵੀਰ ਮੇਰੇ ਹਿਸਾਬ ਨਾਲ਼ ਬਹੁਤ ਈ ਸਿਆਣੀ ਤੇ ਦਲੇਰ ਕੁੜੀ ਐ, ਜਿਹੜੀ ਨੇ ਇਸ ਸਭ ਕਾਸੇ ਦਾ ਸਾਹਮਣਾ ਕੀਤਾ।...ਤੇ ਫਿਰ ਜਦ ਅਮਨਵੀਰ ਦੀ ਪੂਰੀ ਜ਼ਿੰਦਗੀ ਦਾ ਸਵਾਲ ਸਭ ਦੇ ਸਾਹਮਣੇ ਖੜ੍ਹਾ ਸੀ ਤਾਂ ਅਮਨਵੀਰ ਨੇ ਆਪ ਖ਼ੁਦ ਬਹੁਤ ਈ ਹਿੰਮਤ ਨਾਲ਼ ਸਭ ਕੁਛ ਸੰਭਾਲ਼ਿਆ। ਦੱਸਣ ਆਲ਼ੇ ਦੱਸਦੇ ਨੇ ਕਿ ਇਹ ਨੇ ਆਪ ਕਿਹਾ ਕਿ ਮੈਨੂੰ ਧਰਮੇਂ ਦੇ ਲੜ ਲਾ ਦੋ। ਮਾਂ-ਬਾਪ ਤੇ ਹੋਰ ਸਿਆਣੇ ਲੋਕ ਕਹਿਣ ਲੱਗੇ ਕਿ ਇਹ ਕਿਵੇਂ ਹੋ ਸਕਦੈ? ਤੇਰੀ ਪਹਾੜ ਜਿੱਡੀ ਜ਼ਿੰਦਗੀ ਐ, ਤੂੰ ਓਸ ਮੰਦ-ਬੁੱਧੀ ਇਨਸਾਨ ਨਾਲ਼ ਕਿਵੇਂ ਲੰਘਾਏਗੀ?...ਤੇ ਅਮਨਵੀਰ ਕਹਿਣ ਲੱਗੀ, 'ਤੁਸੀਂ ਮੇਰੀ ਚਿੰਤਾ ਨਾ ਕਰੋ, ਮੈਂ ਆਪੇ ਜ਼ਿੰਦਗੀ ਕੱਟ ਲੂੰਗੀ ਤੇ ਮੈਂ ਹੁਣ ਏਸ ਘਰ 'ਚੋਂ ਕਿਤੇ ਹੋਰ ਨ੍ਹੀਂ ਜਾਣਾ।' ਆਏਂ ਕਰਕੇ ਅਮਨਵੀਰ ਧਰਮੇਂ ਦੀ ਪਤਨੀ ਬਣਗੀ।...ਤੇ ਫਿਰ ਕਹਿੰਦੇ ਕਿ ਅਮਨਵੀਰ ਦੇ ਬੱਚਾ ਨ੍ਹੀਂ ਹੋ ਰਿਹਾ ਸੀ। ਇਹਦੀ ਸੱਸ ਇਹਨੂੰ ਕਦੇ ਕਿਤੇ ਲਿਜਾਵੇ ਤੇ ਕਦੇ ਕਿਤੇ ਲਿਜਾਵੇ...। ਹਮੀਰਪੁਰ ਪਿੰਡ ਕਿਤੋਂ ਹੋਰ ਉੱਜੜ ਕੇ ਵਸਿਆ ਹੋਇਆ ਪਿੰਡ ਐ ਤੇ ਏਸ ਪਿੰਡ ਦਾ ਪੁਰਾਣਾ ਥੇਹ ਐ। ਉੱਥੇ ਇੱਕ ਡੇਰਾ ਐ। ਅਮਨਵੀਰ ਦੀ ਸੱਸ ਗੁਰਦਿਆਲ ਕੁਰ ਨੇ ਉੱਥੇ ਸੁੱਖ ਸੁੱਖ ਲਈ, ਬਈ ਸਾਡੇ ਘਰ ਦੀ ਵੇਲ ਵਧੇ।...ਲੋਕ ਮੰਨਦੇ ਨੇ ਕਿ ਇਨ੍ਹਾਂ ਦੀ ਉਹ ਸੁੱਖ ਪੂਰੀ ਹੋਗੀ।...ਤੇ ਇਹਨਾਂ ਦੇ ਘਰੇ ਮੁੰਡਾ ਜੰਮ ਪਿਆ।"

...ਤੇ ਹੌਲ਼ੀ-ਹੌਲ਼ੀ ਵਿਜੇ ਗੱਲਾਂ ਹੁੰਗਾਰਾ ਭਰਨੋਂ ਹਟ ਗਿਆ,

ਜਿਵੇਂ ਸੌਂ ਗਿਆ ਹੋਵੇ। ਤਾਰਾ ਸਿੰਘ ਕੁਛ ਸਮਾਂ ਬੋਲਦਾ ਰਿਹਾ। ਜਦ ਉਸ ਨੇ ਮਹਿਸੂਸ ਕੀਤਾ ਕਿ ਵਿਜੇ ਸੌਂ ਗਿਆ ਤਾਂ ਉਹ ਵੀ ਬੱਤੀ ਬੁਝਾ ਕੇ ਪੈ ਗਿਆ। ਉਸ ਨੂੰ ਪੈਂਦੇ ਨੂੰ ਹੀ ਨੀਂਦ ਆ ਗਈ।

ਅਮਨਵੀਰ ਦੀ ਦੁੱਖਾਂ ਭਰੀ ਦਾਸਤਾਨ ਸੁਣ ਕੇ ਵਿਜੇ ਦੀ ਹੁੰਗਾਰਾ ਭਰਨ ਦੀ ਹਿੰਮਤ ਮੁੱਕ ਗਈ ਸੀ। ਉਸ ਦਾ ਮਨ ਸੋਚਾਂ ਵਿੱਚ ਘਿਰ ਗਿਆ ਸੀ। ਕੁਛ ਸਮਾਂ ਉਹ ਪਾਸੇ ਮਾਰਦਾ ਰਿਹਾ। ਸੌਣ ਦੀ ਕੋਸ਼ਸ਼ ਕਰਦਾ ਰਿਹਾ ਪਰ ਅਸਫਲ ਰਿਹਾ।

ਉਸ ਨੇ ਮਲਕੜੇ ਜਿਹੇ ਮੰਜੇ ਥੱਲੇ ਪਈ ਬੋਤਲ ਚੁੱਕ ਲਈ ਤੇ ਮੂੰਹ ਨੂੰ ਲਾ ਕੇ ਬਚੀ ਹੋਈ ਸ਼ਰਾਬ ਪੀ ਗਿਆ। ਫੇਰ ਬਿਨਾਂ ਖੜਕਾ ਕਰੇ ਬੋਤਲ ਥੱਲੇ ਧਰ ਕੇ ਮੰਜੇ 'ਤੇ ਟੇਢਾ ਹੋ ਗਿਆ।

+++

ਵਿਜੇ ਦੇ ਖ਼ਿਆਲਾਂ 'ਚ ਹੁਣ ਹਰ ਪਲ ਹੀ ਅਮਨਵੀਰ ਦੀ ਤਸਵੀਰ ਘੁੰਮਦੀ ਰਹਿੰਦੀ। ਉਹ ਬਹੁਤ ਕੋਸ਼ਸ਼ ਕਰਦਾ ਕਿ ਸੋਚ ਨੂੰ ਕਿਸੇ ਹੋਰ ਪਾਸੇ ਮੋੜ ਲਵੇ ਪਰ ਦਿਲ ਮੰਨਣ ਨੂੰ ਤਿਆਰ ਨਾ ਹੁੰਦਾ।

ਸਮਾਂ ਤੁਰਦਾ ਗਿਆ।

...ਉਨ੍ਹਾਂ ਦਿਨਾਂ 'ਚ ਸਰਕਾਰ ਵੱਲੋਂ ਪੰਜਾਬ 'ਚ ਕੋਈ ਸਰਵੇ ਕਰਵਾਇਆ ਜਾ ਰਿਹਾ ਸੀ। ਉਸ ਸਰਵੇ ਵਿੱਚ ਪੰਜਾਬ ਦੇ ਪਿੰਡਾਂ 'ਚ ਰਹਿਣ ਵਾਲੇ ਪਰਿਵਾਰਾਂ ਬਾਰੇ ਕੁਛ ਜਾਣਕਾਰੀ ਇਕੱਤਰ ਕਰਨੀ ਸੀ। ਸਕੂਲ ਅਧਿਆਪਕਾਂ ਦੀਆਂ ਡਿਊਟੀਆਂ ਇਸ ਸਰਵੇ ਵਾਸਤੇ ਲੱਗ ਗਈਆਂ।

ਵਿਜੇ ਦੀ ਡਿਊਟੀ ਹਮੀਰਪੁਰ 'ਚ ਲੱਗ ਗਈ। ਪਹਿਲੇ ਦਿਨ ਉਸ ਨੇ ਪਿੰਡ ਦੇ ਚੌਕੀਦਾਰ ਨੂੰ ਨਾਲ ਤੋਰ ਲਿਆ। ਉਹ ਜਿਸ ਘਰ ਵੀ ਜਾਂਦਾ ਤਾਂ ਸੋਚਦਾ, 'ਇਹ ਘਰ ਕਿਤੇ ਅਮਨਵੀਰ ਕਾ ਨਾ ਹੋਵੇ ?' ਇੰਝ ਕੰਮ ਕਰਦਿਆਂ ਉਸ ਨੂੰ ਆਥਣ ਹੋ ਗਿਆ।

...ਤੇ ਉਹ ਪਿੰਡ ਦੇ ਲੋਕਾਂ ਦੇ ਸੁਭਾਅ ਤੋਂ ਕਾਫ਼ੀ ਜਾਣੂ ਹੋ ਗਿਆ। ਲੋਕ ਬਹੁਤ ਹੀ ਮਿਲਣਸਾਰ ਤੇ ਸਾਊ ਸੁਭਾਅ ਦੇ ਸਨ। ਜਿਸ ਘਰ ਵੀ ਉਹ ਗਿਆ, ਉਸ ਘਰ ਦੇ ਪਰਿਵਾਰ ਨੇ ਉਸ ਨੂੰ ਮਾਣ ਤੇ ਸਤਿਕਾਰ ਦਿੱਤਾ।

ਦੂਜੇ ਦਿਨ ਵਿਜੇ ਨੇ ਸੋਚਿਆ ਕਿ ਇਕੱਲੇ ਹੀ ਕੰਮ ਕੀਤਾ ਜਾਵੇ। ਉਹ ਰਜਿਸਟਰ ਲੈ ਕੇ ਘਰੋ-ਘਰੀ ਇਕੱਲਾ ਹੀ ਜਾਣ ਲੱਗਾ।...ਦੁਪਹਿਰ ਦਾ ਵੇਲਾ ਸੀ। ਉਸ ਨੇ ਇੱਕ ਘਰ ਦੇ ਦਰਵਾਜ਼ੇ ਉੱਤੇ ਜਾ ਦਸਤਕ ਦਿੱਤੀ। ਘਰ ਪਿੰਡ ਤੋਂ ਬਾਹਰਵਾਰ ਫਿਰਨੀ ਉੱਤੇ ਸੀ। ਖੁੱਲ੍ਹਾ ਵਿਹੜਾ ਸੀ, ਵੱਡਾ ਸਾਰਾ ਦਰਵਾਜ਼ਾ ਸੀ।

...ਤੇ ਅੰਦਰੋਂ ਨਿਕਲੀ ਔਰਤ ਦੇਖ ਕੇ, ਵਿਜੇ ਦੇ ਹੱਥੋਂ ਰਜਿਸਟਰ ਡਿੱਗਦਾ-ਡਿੱਗਦਾ ਮਸਾਂ ਹੀ ਬਚਿਆ। ਦੂਜੇ ਪਾਸੇ ਉਹ ਔਰਤ ਵਿਜੇ ਨੂੰ ਦੇਖ ਕੇ ਪੂਣੀ ਵਾਂਗਰ ਬੱਗੀ ਹੋ ਗਈ। ਇੰਝ ਜਾਪਿਆ ਕਿ ਕੁਛ ਪਲਾਂ ਲਈ ਸਭ ਕੁਛ ਥੰਮ੍ਹ ਗਿਆ ਹੋਵੇ।

ਭਾਵੇਂ ਵਿਜੇ ਦੇ ਮਨ 'ਚ ਇਹ ਗੱਲ ਹੈਗੀ ਸੀ ਕਿ ਅਮਨਵੀਰ ਉਸ ਨੂੰ ਮਿਲ ਸਕਦੀ ਹੈ। ਪਰ ਕਿਸ ਘਰ 'ਚ ਮਿਲ ਸਕਦੀ ਹੈ...? ਇਹ ਸਵਾਲ ਸੀ ਤੇ ਜਦ ਸਵਾਲ ਹੱਲ ਹੋਇਆ ਤਾਂ ਉਸ ਦੇ ਮਨ ਨੂੰ ਝਟਕਾ ਲੱਗਾ। ਇਹ ਗੱਲ ਉਹ ਸਮਝ ਨਾ ਸਕਿਆ ਕਿ ਇਹ ਝਟਕਾ ਖ਼ੁਸ਼ੀ ਦਾ ਹੈ, ਗ਼ਮੀ ਦਾ ਹੈ ਜਾਂ ਡਰ ਦਾ ਹੈ?

ਅਮਨਵੀਰ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਵਿਜੇ ਇੰਝ ਉਸ ਨੂੰ ਘਰੇ ਆ ਕੇ ਮਿਲੇਗਾ?

"ਇਹ ਥੋਡਾ ਘਰ ਐ?" ਰਜਿਸਟਰ ਸੰਭਾਲਦਿਆਂ ਵਿਜੇ ਨੇ ਬੇਲੋੜਾ ਜਿਹਾ ਸਵਾਲ ਅਮਨਵੀਰ ਨੂੰ ਕੀਤਾ।

"ਹਾਂ ਜੀ...ਤੁਸੀਂ ਇੱਥੇ ਕਿਵੇਂ?" ਉਹ ਆਲ਼ਾ-ਦੁਆਲ਼ਾ ਦੇਖਦੀ ਕੰਬਦੀ ਅਵਾਜ਼ 'ਚ ਬੋਲੀ।

"ਮੇਰੀ ਇੱਕ ਸਰਵੇ ਕਰਨ ਵਾਸਤੇ ਡਿਊਟੀ ਲੱਗੀ ਹੋਈ ਐ। ਮੈਂ ਥੋਡੇ ਪਰਿਵਾਰ ਬਾਰੇ ਤੇ ਹੋਰ ਕਈ ਗੱਲਾਂ ਬਾਰੇ ਪੁੱਛਣੈ।"

"ਆ ਜੋ।" ਉਹ ਡਰਦੀ ਜਿਹੀ ਵਿਜੇ ਨੂੰ ਬੈਠਕ 'ਚ ਲੈ ਗਈ, "ਬੈਠੋ ਮੈਂ ਹੁਣੇ ਆਈ...।" ਕਹਿ ਕੇ ਉਹ ਪਾਣੀ ਲੈਣ ਚਲੀ ਗਈ।

ਪਾਣੀ ਪੀ ਕੇ ਵਿਜੇ ਨੇ ਆਪਣਾ ਰਜਿਸਟਰ ਖੋਲ੍ਹ ਲਿਆ ਤੇ ਸਵਾਲ ਪੁੱਛਣ ਲੱਗ ਪਿਆ ਤੇ ਉਹ ਦੱਸਦੀ ਰਹੀ;

"ਤੁਸੀਂ ਘਰ 'ਚ ਕਿੰਨੇ ਮੈਂਬਰ ਓਂ?"

"ਜੀ ਚਾਰ।"

"ਥੋਡੇ ਕਿੰਨੇ ਬੱਚੇ ਨੇ?" ਵਿਜੇ ਦੇ ਮਨ 'ਚ ਸਵਾਲ ਤਾਂ ਹੋਰ ਚੱਲ ਰਹੇ ਸਨ ਪਰ ਉਹ ਰਜਿਸਟਰ ਦੇ ਖ਼ਾਨੇ ਭਰਨ ਵਾਸਤੇ ਸਵਾਲ ਪੁੱਛ ਰਿਹਾ ਸੀ।

"ਇੱਕ ਬੇਟਾ ਐ ਜੀ।"

"ਕੀ ਨਾਂ ਐ ਬੇਟੇ ਦਾ?"

"ਜੀ, ਹਰਦੀਪ ਸਿੰਘ ਐ।"

"ਪਿਤਾ ਦਾ ਨਾਂ?"

"..." ਇਸ ਸਵਾਲ 'ਤੇ ਅਮਨਵੀਰ ਚੁੱਪ ਹੋ ਗਈ ਤੇ ਨੀਵੀਂ ਪਾ ਕੇ ਬੈੱਡ 'ਤੇ ਬੈਠ ਗਈ। ਵਿਜੇ ਕੁਰਸੀ 'ਤੇ ਬੈਠਾ ਲਿਖ ਰਿਹਾ ਸੀ।

"ਪਿਤਾ ਦਾ ਨਾਮ ਕੀ ਐ ਜੀ?" ਵਿਜੇ ਨੇ ਦੁਬਾਰਾ ਪੁੱਛਿਆ।

ਅਮਨਵੀਰ ਨੇ ਹੌਲੀ-ਹੌਲੀ ਅੱਖਾਂ ਉੱਪਰ ਕੀਤੀਆਂ ਤੇ ਵਿਜੇ ਵੱਲ ਝਾਕੀ। ਕੁਛ ਪਲਾਂ ਬਾਅਦ ਦੁਬਾਰਾ ਨੀਵੀਂ ਪਾ ਕੇ, ਬੈੱਡ ਦੀ ਚਾਦਰ ਦੇ ਬੰਬਲ਼ ਹੱਥ 'ਚ ਫੜ ਕੇ, ਰੋਣ ਵਰਗੀ ਅਵਾਜ਼ ਵਿੱਚ ਦੱਸਣ ਲੱਗੀ, "ਜੀ...ਲਿਖ...ਲਓ...ਜੀ...ਧਰਮਪ੍ਰੀਤ... ਸਿੰਘ...।"

ਵਿਜੇ ਨੇ ਆਪਣਾ ਰਜਿਸਟਰ ਤੇ ਪੈੱਨ ਪਾਸੇ 'ਤੇ ਰੱਖ ਦਿੱਤੇ ਤੇ ਉਹ ਅਮਨਵੀਰ ਦੇ ਚਿਹਰੇ ਵੱਲ ਦੇਖਣ ਲੱਗ ਪਿਆ।...ਤੇ ਦੇਖਦਾ ਹੀ ਰਿਹਾ। ਉਹ ਨੀਵੀਂ ਪਾ ਕੇ ਬੈਠੀ ਰਹੀ। ਜਦ ਉਹ ਲਗਾਤਾਰ ਹੀ ਝਾਕਦਾ ਰਿਹਾ ਤਾਂ ਉਹ ਰੋਣ ਲੱਗ ਪਈ...।

"ਅਮਨਵੀਰ, ਮੈਂ ਤੈਨੂੰ ਦੁਖੀ ਕਰਨ ਨ੍ਹੀਂ ਆਇਆ।...ਮੇਰਾ ਦਿਲ ਚਾਹੁੰਦਾ ਸੀ ਕਿ ਮੈਂ ਤੈਨੂੰ ਮਿਲਾਂ ਪਰ ਮੈਂ ਦਿਲ ਨੂੰ ਬਹੁਤ ਸਮਾਂ ਰੋਕੀਂ ਰੱਖਿਆ।...ਪਰ ਕੁਦਰਤ ਨੇ ਸਬੱਬੀਂ ਮੇਲੇ ਕਰਾ 'ਤੇ। ਮੇਰੇ ਮਨ 'ਚ ਇੱਕ ਬਹੁਤ ਵੱਡਾ ਸਵਾਲ ਐ। ਪਲੀਜ਼! ਸੱਚੋ-ਸੱਚ ਦੱਸਣਾ।" ਵਿਜੇ ਢਿੱਲੇ ਜਿਹੇ ਬੋਲਾਂ ਨਾਲ ਪੁੱਛਣ ਲੱਗਿਆ।

“ਹਾਂ ਜੀ, ਪੁੱਛੋ।” ਉਹ ਆਪਣੇ ਆਪ ਨੂੰ ਸੰਭਾਲਦੀ ਹੋਈ, ਗਲ਼ਾ ਸਾਫ਼ ਕਰਦੀ ਬੋਲੀ।

“ਤੇਰਾ ਬੇਟਾ ਕਿੰਨੇ ਸਾਲਾਂ ਦਾ ਹੋਗਿਆ?”

"ਤਿੰਨ ਸਾਲਾਂ ਦਾ।”

“ਜਦ ਆਪਾਂ ਥੇਹ ਆਲ਼ੇ ਡੇਰੇ ’ਚ ਮਿਲ਼ੇ ਸੀ...ਉਸੇ ਮਿਲਣੀ ’ਚੋਂ...?”

“ਹਾਂ...ਜ...ਜ...ਜੀ...।” ਹੌਕਾ ਲੈ ਕੇ ਉਹ ਫਿਰ ਰੋ ਪਈ ਤੇ ਜਲਦੀ ਹੀ ਆਪਾ ਸਾਂਭਦੀ-ਸਾਂਭਦੀ ਬਾਹਰ ਵੱਲ ਦੇਖਣ ਲੱਗ ਪਈ।...ਕੁਛ ਪਲ ਦੋਹੇਂ ਚੁੱਪ ਰਹੇ ਤੇ ਫਿਰ ਅਮਨਵੀਰ ਕਹਿਣ ਲੱਗੀ, “ਵਿਜੇ, ਮੈਂ ਥੋਡੇ ਮੂਹਰੇ ਹੱਥ ਬੰਨ੍ਹਦੀਆਂ, ਉਹ ਗੱਲਾਂ ਨਾ ਕਰੋ, ਪਲੀਜ਼!” ਉਹ ਸੱਚ-ਮੁਚ ਹੀ ਹੱਥ ਜੋੜਨ ਲੱਗ ਪਈ।

“ਡੇਰੇ ਤੋਂ ਵਾਪਸ ਆ ਕੇ ਤੈਂ ਮੈਨੂੰ ਕੋਈ ਚਿੱਠੀ ਕਿਉਂ ਨਾ ਪਾਈ...?” ਵਿਜੇ ਪੁੱਛਣ ਲੱਗਾ।

“ਮੈਨੂੰ ਟਾਈਮ ਈ ਨ੍ਹੀਂ ਮਿਲਿਆ।”

“ਮੈਂ ਜਿਹੜੀ ਚਿੱਠੀ ਪਾਈ ਸੀ, ਉਹ ਮਿਲਗੀ ਸੀ?”

“ਹਾਂ ਜੀ, ਉਹ ਤਾਂ ਮਿਲਗੀ ਸੀ। ਉਦੋਂ ਤੱਕ ਤਾਂ ਬਹੁਤ ਕੁਛ ਬਦਲ ਗਿਆ ਸੀ।” ਉਹ ਹੌਕਾ ਲੈ ਕੇ ਬੋਲੀ।

“ਕੀ ਬਦਲ ਗਿਆ ਸੀ?”

“ਇੱਕ ਮਿੰਟ ਮੈਂ ਆਈ...।” ਕਹਿਕੇ ਉਹ ਬੈਠਕ ’ਚੋਂ ਨਿਕਲ ਕੇ ਅੰਦਰਲੇ ਕਮਰਿਆਂ ਵੱਲ ਚਲੀ ਗਈ ਤੇ ਵਿਜੇ ਖੜ੍ਹਾ ਹੋ ਕੇ ਕੰਧ ਉੱਤੇ ਲੱਗੀਆਂ ਫ਼ੋਟੋਆਂ ਦੇਖਣ ਲੱਗ ਪਿਆ। ਫੇਰ ਬੈੱਡ ਉੱਤੇ ਬਹਿ ਗਿਆ।

ਥੋੜ੍ਹੇ ਸਮੇਂ ਮਗਰੋਂ ਵਾਪਸ ਆ ਕੇ ਅਮਨਵੀਰ ਬੋਲੀ, “ਸ਼ੁਕਰ ਐ! ਉਹ ਹਾਲੇ ਸੁੱਤੇ ਪਏ ਨੇ!”

“ਉਹ ਕੌਣ?” ਵਿਜੇ ਨੇ ਹੈਰਾਨ ਹੁੰਦਿਆਂ ਪੁੱਛਿਆ।

“ਧਰਮਾਂ ਤੇ ਹਰਦੀਪ।” ਉਹ ਲੰਮਾ ਜਿਹਾ ਸਾਹ ਲੈਂਦੀ ਬੋਲੀ।

“ਧਰਮੇਂ ਤੇ ਹਰਦੀਪ ਤੋਂ ਬਿਨਾਂ, ਹੋਰ ਕੌਣ ਐ ਘਰੇ?”

“ਕੋਈ ਨ੍ਹੀਂ।...ਬੀਬੀ ਜੀ ਅੱਜ ਗੁਆਂਢੀਆਂ ਨਾਲ਼ ਗਈ ਐ। ਕਿਸੇ ਦਾ ਕੋਈ ਬੁੜ੍ਹਾ ਮਰ ਗਿਆ ਸੀ, ਉਹ ਮਕਾਣ ਗਈਆਂ ਨੇ।” ਉਹ ਖੜ੍ਹੀ ਹੀ ਦੱਸਦੀ ਰਹੀ।

“ਚੰਗਾ ਇਹ ਦੱਸ, ਚਿੱਠੀ ਕਿਉਂ ਨ੍ਹੀਂ ਪਾਈ?” ਵਿਜੇ ਦੁਬਾਰਾ ਪੁੱਛਣ ਲੱਗਾ।

...ਤੇ ਉਹ ਜਵਾਬ ਦੇਣ ਦੀ ਬਜਾਏ, ਵਿਜੇ ਦੇ ਗਲ਼ ਨੂੰ ਚਿੰਬੜ ਗਈ ਤੇ ਹੁਬਕੀਆਂ ਲੈ ਕੇ ਰੋਣ ਲੱਗ ਪਈ। ਵਿਜੇ ਉਸ ਨੂੰ ਵਰਾਉਂਦਾ ਰਿਹਾ ਪਰ...। ਜਿਵੇਂ ਬੰਨ੍ਹ ਲਾ ਕੇ ਉੱਚੇ ਥਾਂ ਰੋਕੇ ਹੋਏ ਪਾਣੀ ਦਾ ਨੱਕਾ ਟੁੱਟਦਾ ਹੈ, ਉਸੇ ਤਰ੍ਹਾਂ ਅਮਨਵੀਰ ਦਾ ਹਾਲ ਸੀ।...ਤੇ ਫਿਰ ਮਸਾਂ ਹੀ ਉਹ ਸਾਰਾ ਪਾਣੀ ਵਹਿਆ...ਫਿਰ ਉਹ ਚੁੱਪ ਹੋ ਕੇ ਵਿਜੇ ਨਾਲ ਗੱਲਾਂ ਕਰਨ ਲੱਗ ਪਈ। ਗੱਲਾਂ ਕਰਦੀ-ਕਰਦੀ ਆਪਣੇ ਬਾਰੇ ਦੱਸਣ ਲੱਗ ਪਈ;

“ਜਦ ਮੈਂ ਤੇ ਬੀਬੀ ਜੀ ਡੇਰੇ ਤੋਂ ਵਾਪਸ ਮੁੜੀਆਂ ਤਾਂ ਸਭ ਠੀਕ ਸੀ।...ਤੇ ਕੁਛ ਦਿਨਾਂ ਮਗਰੋਂ ਮੈਨੂੰ ਉਲਟੀਆਂ ਲੱਗ ਗਈਆਂ। ਦਵਾਈ ਲਈ ਤਾਂ ਹਟਗੀਆਂ। ਮੈਂ ਸੋਚਿਆ, ਐਵੇਂ ਪੇਟ ਖ਼ਰਾਬ ਐ ਖਾਣ-ਪੀਣ ਕਰਕੇ।...ਤੇ ਦੋ-ਤਿੰਨ ਦਿਨਾਂ ਬਾਅਦ ਫਿਰ ਜੀ ਕੱਚਾ ਹੋਣ ਲੱਗ ਪਿਆ, ਦੁਬਾਰੇ ਉਲਟੀਆਂ ਸ਼ੁਰੂ ਹੋਗਈਆਂ। ਮੇਰਾ ਮਨ ਡਰੇ, ਨਾਲ਼ੇ ਅੰਦਰੇ-ਅੰਦਰ ਕੋਈ ਖ਼ੁਮਾਰੀ ਜ੍ਹੀ ਵੀ ਚੜ੍ਹੇ। ਉਲਟੀਆਂ ਨਾਲ਼ ਐਨੀ ਬੁਰੀ ਹਾਲਤ ਹੋਗੀ ਕਿ ਮਿਹਦੇ ’ਚ ਪਾਣੀ ਵੀ ਖੜ੍ਹਨੋਂ ਹਟਗਿਆ। ਮੈਨੂੰ ਸ਼ਹਿਰ ਡਾਕਟਰ ਕੋਲ਼ੇ ਲੈਗੇ। ਉੱਥੇ ਚੈੱਕਅਪ ਕਰਨ ਮਗਰੋਂ ਡਾਕਟਰ ਨੇ ਬੀਬੀ ਜੀ ਨੂੰ ਹੱਸਦਿਆਂ-ਹੱਸਦਿਆਂ ਕਿਹਾ, ‘ਤੂੰ ਦਾਦੀ ਬਣਨ ਆਲ਼ੀ ਐਂ!’ ਡਾਕਟਰ ਦੀ ਗੱਲ ਸੁਣ ਕੇ ਮੇਰੇ ਦੌਰਾ ਪੈਣ ਆਲ਼ਾ ਹੋਗਿਆ। ਮੈਂ ਸੱਚੀਓਂ ਮਰਨ ਆਲ਼ੀ ਹੋਗੀ!...ਫਿਰ ਜਦ ਮੈਂ ਬੀਬੀ ਜੀ ਦੇ ਚਿਹਰੇ ਕੰਨੀ ਦੇਖਿਆ ਤਾਂ ਉਹ ਅੰਤਾਂ ਦੇ ਖ਼ੁਸ਼ ਸੀ ਤੇ ਪਾਪਾ ਜੀ ਵੀ ਪੂਰੇ ਖ਼ੁਸ਼ ਸੀ। ਧਰਮੇਂ ਦੇ ਚਿਹਰੇ ’ਤੇ ਵੀ ਮੁਸਕਾਨ ਸੀ, ਊਂ ਭਾਵੇਂ ਉਹਨੂੰ ਬਹੁਤੀਆਂ ਗੱਲਾਂ ਦੀ ਸਮਝ ਹੈਨੀਂ।...ਸਾਰਾ ਕੁਛ ਸੋਚ, ਸਮਝ ਕੇ ਤੇ ਦੇਖ ਕੇ ਮੈਂ ਮਨ ਨੂੰ ਸਮਝਾਇਆ ਕਿ ਮਨਾਂ ਜੇ ਮੇਰੀ ਇਹ ਕਿਰਿਆ, ਇਨ੍ਹਾਂ ਨੂੰ ਖ਼ੁਸ਼ੀਆਂ ਤੇ ਚਾਅ ਦੇ ਸਕਦੀ ਐ ਤਾਂ ਇਹ ਕੋਈ ਮਾੜੀ ਗੱਲ ਨ੍ਹੀਂ ਹੈਗੀ।...ਦੂਜੇ ਪਾਸੇ ਇਹ ਵੀ ਸੱਚ ਸੀ ਕਿ ਘਰ ਦੇ ਵਿਹੜੇ ’ਚ ਨਵਾਂ ਬੂਟਾ ਲਾਉਣ ਦਾ ਕੋਈ ਹੋਰ ਚਾਰਾ ਵੀ ਨ੍ਹੀਂ ਸੀ। ਮੈਂ ਆਪਣੇ ਆਪ ਨੂੰ ਮਨਾ ਲਿਆ ਕਿ ਪਰਿਵਾਰ ਦੇ ਚਾਉ ਨਾਲ ਮੈਨੂੰ ਵੀ ਚਾਉ ਚੜ੍ਹਨਾ ਚਾਹੀਦੈ...। ਫਿਰ ਪਤਾ ਨ੍ਹੀਂ ਕਿਉਂ, ਮੇਰਾ ਰੋਣ ਨਿਕਲ਼ ਗਿਆ। ਬੀਬੀ ਜੀ ਨੇ ਬਹੁਤ ਈ ਪਿਆਰ ਨਾਲ਼ ਮੈਨੂੰ ਹਿੱਕ ਨਾਲ਼ ਘੁੱਟ ਲਿਆ ਤੇ ਪਾਪਾ ਜੀ ਮੇਰੇ ਸਿਰ ’ਤੇ ਹੱਥ ਫੇਰਨ ਲੱਗਪੇ!...ਵਿਜੇ ਮੈਂ ਥੋਡੀ ਨਿਸ਼ਾਨੀ ਆਪਣੇ ਅੰਦਰ ਪਾਲ਼ਨ ਲੱਗੀ।...ਤੇ ਫਿਰ ਥੋਡੀ ਚਿੱਠੀ ਆਈ, ਉਸ ਵਕਤ ਸੱਤਵਾਂ ਮਹੀਨਾ ਚਲਦਾ ਸੀ। ਚਿੱਠੀ ਪੜ੍ਹ ਕੇ ਮਣਾਂ-ਮੂੰਹੀਂ ਖ਼ੁਸ਼ੀ ਹੋਈ। ਥੋਨੂੰ ਮਿਲ਼ਨ ਨੂੰ ਬਹੁਤ ਜੀਅ ਕੀਤਾ, ਬਹੁਤ ਯਾਦ ਆਈ ਥੋਡੀ...! ਪਰ ਮੈਂ ਯਾਦਾਂ ਨੂੰ ਅੰਦਰ ਈ ਦੱਬ ਲਿਆ।”

ਵਿਜੇ ਬੈਠਾ ਸੁਣਦਾ ਰਿਹਾ ਤੇ ਅਮਨਵੀਰ ਦੱਸਦੀ ਰਹੀ;

“ਜਦ ਬੇਟਾ ਦੋ ਸਾਲਾਂ ਦਾ ਹੋਇਆ ਤਾਂ ਸਾਡੇ ਪਾਪਾ ਜੀ ਹਰਟ ਅਟੈਕ ਨਾਲ਼ ਪੂਰੇ ਹੋਗੇ। ਘਰ ਦੀਆਂ ਸਾਰੀਆਂ ਖ਼ੁਸ਼ੀਆਂ ਤੇ ਚਾਉ ਫਿਰ ਗ਼ਮਾਂ ’ਚ ਰੁਲ਼ਗੇ। ਘਰ ਦਾ ਆਸਰਾ, ਘਰ ਦੀ ਓਟ ਮੁੱਕਗੀ!...ਮੈਂ ਬੀਬੀ ਜੀ ਨੂੰ ਸੰਭਾਲ਼ਿਆ, ਅੱਗੇ ਲੱਗ ਕੇ ਤੁਰੀ ਤੇ ਤੁਰ ਰਹੀ ਆਂ...।”

...ਤੇ ਉਹ ਬੋਲਦੀ-ਬੋਲਦੀ ਰੁਕ ਗਈ। ਬਾਹਰ ਵੱਲ ਦੇਖਣ ਲੱਗ ਪਈ ਤੇ ਫਿਰ ਅਗਾਂਹ ਦੱਸਣ ਲੱਗੀ, “ਪੇਕਿਆਂ ਆਲ਼ੇ ਪਾਸੇ ਤੋਂ ਵੀ ਮੈਂ ਬੇਸਹਾਰਾ ਆਂ। ਮੇਰਾ ਇੱਕ ਈ ਵੱਡਾ ਭਾਈ ਸੀ। ਉਹ ਲੁਧਿਆਣੇ ਇੰਜੀਨੀਅਰਿੰਗ ਕਾਲਜ ’ਚ ਪੜ੍ਹਦਾ ਸੀ। ਡਿਗਰੀ ਦੇ ਤੀਜੇ ਸਾਲ ’ਚ ਸੀ, ਜਦ ਉਹ ਖਾੜਕੂਆਂ ਨਾਲ ਰਲ਼ ਗਿਆ ਸੀ।”

“ਉਹ ਕਿਵੇਂ ਹੋਇਆ ਸੀ?” ਵਿਜੇ ਨੇ ਪੁੱਛਿਆ।

“ਮੇਰਾ ਭਾਈ ਸੰਦੀਪ ਤੇ ਸੁਖਵੰਤ ‘ਕੱਠੇ ਪੜ੍ਹਦੇ ਹੁੰਦੇ।...ਲੁਧਿਆਣੇ, ਗਿੱਲਾਂ ਆਲ਼ੇ ਕਾਲਜ ’ਚ ਮੁੰਡਿਆਂ ਦੀ ਧੜੇਬੰਦੀ ਚਲਦੀ ਸੀ। ਇੱਕ ਧੜਾ ਖਾੜਕੂਆਂ ਦੇ ਨਾਂ ’ਤੇ

ਗੁੰਡਾਗਰਦੀ ਕਰਦਾ ਰਹਿੰਦਾ ਸੀ। ਓਸ ਧੜੇ ਨੇ ਇੱਕ ਮੁੰਡਾ ਰਵੀ ਸ਼ਰਮਾ ਐਨਾ ਕੁੱਟਿਆ ਕਿ ਉਹ ਮੁੜ ਕੇ ਬੋਲਣ ਜੋਗਾ ਨਾ ਹੋਇਆ। ਉਹਦੇ ਸਿਰ 'ਚ ਕੋਈ ਐਹੀ ਜੀ ਸੱਟ ਮਾਰੀ ਕਿ ਉਹਦੀ ਅਵਾਜ਼ ਖ਼ਤਮ ਹੋਗੀ।...ਰਵੀ, ਮੇਰਾ ਭਾਈ ਸੰਦੀਪ ਤੇ ਸੁਖਵੰਤ 'ਕੱਠੇ ਹਾਕੀ ਖੇਡਦੇ ਹੁੰਦੇ ਤੇ ਇਹ ਤਿੰਨੇ ਬਹੁਤ ਚੰਗੇ ਦੋਸਤ ਵੀ ਸੀ, ਜਵਾਂ ਸਕੇ ਭਰਾਵਾਂ ਵਰਗੇ।...ਇਹ 'ਕੱਠੇ ਸਾਡੇ ਪਿੰਡ ਬਹੁਤ ਆਉਂਦੇ ਹੁੰਦੇ ਤੇ ਆ ਕੇ ਕਈ-ਕਈ ਦਿਨ ਰਹਿੰਦੇ। ਘਰ 'ਚ ਬਹੁਤ ਰੌਣਕਾਂ ਲਗਦੀਆਂ। ਓਦੋਂ ਮੈਂ ਸ਼ਹਿਰ ਦੇ ਕਾਲਜ 'ਚ ਬੀ. ਐਸਸੀ. ਕਰਦੀ ਹੁੰਦੀ। ਇਹ ਮੈਨੂੰ ਕਹਿ ਦਿੰਦੇ ਸੀ, "ਭਾਈ ਅਮਨ, ਤੂੰ ਜ਼ੋਰ ਲਾ ਕੇ ਪੜ੍ਹਿਆ ਕਰ।...ਤੂੰਪੀਐੱਚ. ਡੀ. ਕਰੀਂ!" ..ਤੇ ਇਹ ਤਿੰਨੇ ਜਣੇ ਕਾਲਜ ਦੇ ਕਿਸੇ ਵੀ ਧੜੇ ਨਾਲ਼ ਨ੍ਹੀਂ ਜੁੜੇ ਹੋਏ ਸੀ, ਪਰ ਫਿਰ ਵੀ, ਪਤਾ ਨ੍ਹੀਂ ਕਿਉਂ ਖਾੜਕੂ ਅਖਵਾਉਣ ਆਲ਼ੇ ਧੜੇ ਨੇ ਰਵੀ ਨੂੰ ਕੁੱਟਿਆ?...ਉਸੇ ਮਾਰ ਦਾ ਬਦਲਾ ਲੈਣ ਖ਼ਾਤਰ ਸੰਦੀਪ ਖਾੜਕੂਆਂ ਨਾਲ਼ ਰਲ਼ ਗਿਆ ਸੀ। ਕਾਲਜ 'ਚ ਗੁੰਡਾਗਰਦੀ ਤਾਂ ਬੰਦ ਹੋਗੀ, ਗੁੰਡਿਆਂ ਦੇ ਧੜੇ ਦੇ ਕਈ ਮੂਹਰਲੇ ਆਗੂ ਖ਼ਤਮ ਹੋਗੇ ਪਰ ਮੇਰਾ ਵੀਰ ਸੰਦੀਪ ਮੁੜ ਕੇ ਘਰ ਨ੍ਹੀਂ ਪਰਤਿਆ।...ਲੋਕ ਕਹਿੰਦੇ ਨੇ ਕਿ ਉਹ ਪੁਲਿਸ ਨੇ ਝੂਠੇ ਮੁਕਾਬਲੇ 'ਚ ਮਾਰ 'ਤਾ।...ਤੇ ਮੇਰੇ ਬਾਪੂ ਜੀ ਕੋਲ਼ੇ ਕੋਈ ਬਹੁਤੀ ਜ਼ਮੀਨ-ਜਾਇਦਾਦ ਹੈਨ੍ਹੀਂ ਸੀ। ਉਹ ਤਾਂ ਸਾਨੂੰ ਦੁੱਧ ਵੇਚ ਕੇ ਪੜ੍ਹਾਉਂਦੇ ਸੀ। ਸੰਦੀਪ ਦੇ ਜਾਣ ਤੋਂ ਮਗਰੋਂ, ਸਾਡਾ ਘਰ ਈ ਖ਼ਤਮ ਹੋਗਿਆ।...ਤੇ ਮੇਰੀ ਮਾਂ ਸਾਰਾ-ਸਾਰਾ ਦਿਨ ਰੋਂਦੀ ਰਹਿੰਦੀ। ਬਾਪੂ ਜੀ ਨੇ ਦੁੱਧ ਦਾ ਕੰਮ ਬੰਦ ਕਰ ਕੇ ਮੈਸਾਂ ਵੇਚ 'ਤੀਆਂ।...ਇੱਧਰ ਸੁਖਵੰਤ ਨੇ ਇੰਜੀਨੀਅਰਿੰਗ ਦੀ ਡਿਗਰੀ ਪੂਰੀ ਕਰ ਕੇ, ਆਈ. ਪੀ. ਐਸ. ਦਾ ਇਮਤਿਹਾਨ ਪਾਸ ਕਰ ਲਿਆ।...ਤੇ ਇਹਨੇ ਆਪਣੇ ਦੋਸਤ ਦੀ ਦੋਸਤੀ ਨਿਭਾਉਂਦਿਆਂ, ਮੇਰੇ ਬਾਪੂ ਜੀ ਕੋਲੋਂ ਮੇਰਾ ਹੱਥ ਮੰਗ ਲਿਆ, ਤਾਂਕਿ ਮੇਰੇ ਮਾਪਿਆਂ ਦੀ ਵੱਡੀ ਚਿੰਤਾ ਖ਼ਤਮ ਹੋ ਸਕੇ।...ਇਹ ਮੈਨੂੰ ਵਿਆਹ ਦੀਆਂ ਸਾਦੀਆਂ ਜੀਆਂ ਰਸਮਾਂ ਕਰ ਕੇ ਐਥੇ ਹਮੀਰਪੁਰ ਲੈ ਆਏ। ਆਉਂਦਿਆਂ ਸਾਰ, ਉਸੇ ਰਾਤ ਸਾਡੇ ਘਰ ਦਾ...!" ਦੱਸਦੀ-ਦੱਸਦੀ ਅਮਨਵੀਰ ਭੁੱਬਾਂ ਮਾਰ ਕੇ ਰੋਣ ਲੱਗ ਪਈ ਤੇ ਵਿਜੇ ਦੀਆਂ ਵੀ ਅੱਖਾਂ ਵਹਿ ਤੁਰੀਆਂ।

...ਅਮਨਵੀਰ ਕੁਛ ਸੰਭਲ ਕੇ ਦੁਬਾਰਾ ਦੱਸਣ ਲੱਗ ਪਈ, "ਬਹੁਤੇ ਲੋਕ ਤਾਂ ਇਹ ਕਹਿੰਦੇ ਨੇ ਕਿ ਸੁਖਵੰਤ ਹੁਰਾਂ ਦੇ ਕਤਲ ਇਨ੍ਹਾਂ ਦੇ ਭਣੋਈਏ ਦੇ ਸ਼ਰੀਕਾਂ ਨੇ ਕਰਾਏ ਨੇ। ਕੁਛ ਕਹਿੰਦੇ ਨੇ ਕਿ ਇਹ ਕਾਰਾ ਖਾੜਕੂਆਂ ਨੇ ਕੀਤੇ...ਜਿੰਨੇ ਮੂੰਹ, ਓਨੀਆਂ ਈ ਗੱਲਾਂ...।"

ਉਨ੍ਹਾਂ ਦੇ ਗੱਲਾਂ ਕਰਦਿਆਂ-ਕਰਦਿਆਂ ਹਰਦੀਪ ਸੁੱਤਾ ਉੱਠ ਕੇ 'ਮੰਮੀ, ਮੰਮੀ' ਕਰਦਾ ਆ ਗਿਆ। ਉਸ ਦੇ ਜੂੜੇ 'ਤੇ ਬਹੁਤ ਹੀ ਸੋਹਣਾ ਰੁਮਾਲ ਬੰਨ੍ਹਿਆ ਹੋਇਆ ਸੀ।...ਮੁੰਡਾ ਵਿਜੇ ਨੂੰ ਦੇਖ ਕੇ ਹੈਰਾਨ ਜਿਹਾ ਹੋਇਆ। ਉਸ ਦੀਆਂ ਅੱਖਾਂ ਮਾਂ 'ਤੇ ਗਈਆਂ ਸਨ, ਵਾਲ਼ਾਂ ਦਾ ਰੰਗ ਵੀ ਮਾਂ ਵਾਂਗੂੰ ਭੂਰਾ ਸੀ ਤੇ ਮਾਮੂਲੀ ਜਿਹਾ ਮੜੰਗਾ ਵਿਜੇ 'ਤੇ ਸੀ।

"ਇਹ ਐ ਹਰਦੀਪ ਬੇਟਾ?" ਵਿਜੇ ਨੇ ਉਸ ਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ।

"ਹਾਂ ਜੀ।...ਕੀਹਦੇ ਵਰਗਾ ਲਗਦੈ ਭਲਾਂ?" ਅਮਨਵੀਰ ਅੱਖਾਂ 'ਚ ਹੱਸਦੀ ਪੁੱਛਣ ਲੱਗੀ।

"ਤੇਰਾ ਪੁੱਤ ਐ ਤੇ ਜਵਾਂ ਤੇਰੇ ਵਰਗਾ ਈ ਲਗਦੈ...।" ਵਿਜੇ ਨੇ ਜਵਾਬ ਦਿੱਤਾ।

"..." ਅਮਨਵੀਰ ਨੇ ਮੁਸਕਰਾ ਕੇ ਨੀਵੀਂ ਪਾ ਲਈ। ਫਿਰ ਉਹ ਹਰਦੀਪ ਨੂੰ ਗੋਦੀ ਚੁੱਕਦੀ ਬੋਲੀ, "ਤੂੰ ਪੁੱਤ ਹੁਣੀਂ ਕਿਉਂ ਉੱਠ ਖੜ੍ਹਿਆ ? ਚੱਲ ਤੈਨੂੰ ਸੁਆ ਕੇ ਆਵਾਂ।" ਉਹ ਉਸ ਨੂੰ ਅੰਦਰ ਸਵਾਉਣ ਚਲੀ ਗਈ।

...ਤੇ ਕੁਛ ਸਮੇਂ ਬਾਅਦ ਵਾਪਸ ਆ ਕੇ ਵਿਜੇ ਨੂੰ ਪੁੱਛਣ ਲੱਗੀ, "ਮੈਂ ਥੋਡੀ ਕੀ ਸੇਵਾ ਕਰਾਂ?"

"ਬੱਸ, ਕੁਛ ਨ੍ਹੀਂ। ਮੇਲੇ ਹੋਗੇ। ਇਹੀ ਬਹੁਤ ਐ।" ਵਿਜੇ ਨੇ ਆਪਣਾ ਸਮਾਨ ਚੁੱਕਦਿਆਂ ਕਿਹਾ, "ਚੰਗਾ ਮੈਂ ਚਲਦਾਂ ਹੁਣ।"

"ਹੈਂ! ਲੈ ਦੱਸ...ਐਨਾ ਛੇਤੀ ਜਾਓਂਗੇ ? ਰੋਟੀ ਖਾ ਕੇ ਜਾਇਓ...। ਥੋੜ੍ਹਾ ਚਿਰ ਹੋਰ ਰੁਕ ਜੋ ਪਲੀਜ!" ਉਹ ਉਸ ਨੂੰ ਰੋਕਣ ਲੱਗੀ।

"ਬੱਸ, ਹੁਣ ਇਜਾਜ਼ਤ ਦੇ ਅਮਨਵੀਰ।" ਉਹ ਜਾਣ ਲਈ ਕਾਹਲ ਕਰਨ ਲੱਗਿਆ।

"ਵਿਜੇ, ਤੈਂ ਮੈਨੂੰ ਤੇ ਐਸ ਘਰ ਨੂੰ ਬਹੁਤ ਈ ਵੱਡਾ ਤੋਹਫ਼ਾ ਦਿੱਤੈ। ਪਰ ਮੇਰੇ ਕੋਲ਼ੇ ਕੁਛ ਨ੍ਹੀਂ ਹੈਗਾ ਤੈਨੂੰ ਦੇਣ ਵਾਸਤੇ...।" ਕਹਿ ਕੇ ਉਹ ਧਰਤੀ ਵੱਲ ਨੂੰ ਝਾਕਣ ਲੱਗ ਪਈ।

ਵਿਜੇ ਨੇ ਅਮਨਵੀਰ ਦੇ ਹੱਥ ਫੜ ਲਏ ਤੇ ਚੁੰਮ ਕੇ ਕਹਿਣ ਲੱਗਾ, "ਅਮਨਵੀਰ, ਤੇਰੀਆਂ ਖ਼ੁਸ਼ੀਆਂ ਤੇ ਤੇਰੇ ਪਰਿਵਾਰ ਦੇ ਚਾਉ ਮੇਰੇ ਲਈ ਬਹੁਤ ਵੱਡੇ ਤੋਹਫ਼ੇ ਨੇ...ਤੂੰ ਹੱਸਦੀ, ਵੱਸਦੀ ਰਹਿ!"

...ਤੇ ਜਦ ਉਹ ਤੁਰਨ ਲੱਗਾ ਤਾਂ ਅਮਨਵੀਰ ਨੇ ਗਲਵੱਕੜੀ ਪਾ ਕੇ ਉਸ ਨੂੰ ਆਪਣੇ ਨਾਲ ਘੁੱਟ ਕੇ ਲਾ ਲਿਆ ਤੇ ਕਹਿਣ ਲੱਗੀ, "ਵਿਜੇ, ਮੈਂ ਬਹੁਤ ਦੁੱਖ-ਤਕਲੀਫ਼ਾਂ ਝੱਲ ਕੇ ਆਵਦੀ ਜ਼ਿੰਦਗੀ ਰੋੜ੍ਹੀ ਐ।...ਹੁਣ ਮੈਂ ਬਹੁਤ ਖ਼ੁਸ਼ ਆਂ। ਮੇਰੇ ਰਾਹਾਂ 'ਚ ਕੰਡੇ ਆਉਣ ਤੋਂ ਬਚਾਇਓ, ਪਲੀਜ਼! ਮੇਰੀ ਇਹ ਥੋਡੇ ਮੂਹਰੇ ਬੇਨਤੀ ਐ...ਕਿਸੇ ਕੋਲ਼ੇ ਇਹ ਭਾਫ਼ ਨਾ ਕੱਢਿਓ ਬਈ ਹਰਦੀਪ...।"

"ਅਮਨਵੀਰ, ਤੂੰ ਬੇਫ਼ਿਕਰ ਰਹਿ।" ਉਹ ਉਸ ਦੀ ਗੱਲ ਕੱਟਦਾ ਬੋਲਿਆ, "ਇਹ ਕਦੇ ਵੀ ਨ੍ਹੀਂ ਹੋਊਗਾ।...ਏਸ ਗੱਲ ਦਾ ਵਾਅਦਾ ਰਿਹਾ। ਏਸ ਗੱਲ ਦੀ ਭਿਣਕ ਕਦੇ ਹਵਾ ਦੇ ਕੰਨ੍ਹੀਂ ਵੀ ਨ੍ਹੀਂ ਪਊਗੀ।" ਇਹ ਕਹਿੰਦਿਆਂ ਉਸ ਨੇ ਅਮਨਵੀਰ ਦਾ ਮੱਥਾ ਚੁੰਮ ਲਿਆ।

...ਫਿਰ ਉਹ ਆਪਣਾ ਸਮਾਨ ਸੰਭਾਲਦਾ ਤੁਰ ਪਿਆ। ਅਮਨਵੀਰ ਓਹਲੇ ਖੜ੍ਹ ਕੇ ਬਾਰ ਦੇ ਤਖ਼ਤਿਆਂ ਦੀਆਂ ਵਿਰਲਾਂ ਥਾਣੀਂ ਉਸ ਨੂੰ ਜਾਂਦੇ ਨੂੰ ਪਿੱਛੋਂ ਦੇਖਦੀ ਰਹੀ...।

...ਤੇ ਕੁਛ ਮਹੀਨਿਆਂ ਮਗਰੋਂ ਵਿਜੇ ਨੇ ਆਪਣੇ ਪਿੰਡ ਦੇ ਨੇੜਲੇ ਸਕੂਲ ਵਿੱਚ ਬਦਲੀ ਕਰਵਾ ਲਈ।

◆ ◆ ◆

**ਫ਼ੋਨ ਅਤੇ ਵਟਸਐਪ ਨੰਬਰ: +1604-825-8053**

ਕਹਾਣੀ : **ਨੇਚਰਦੀਪ ਕਾਹਲੋਂ**



# ਦਾਜ ਵਾਲਾ ਅਟੈਚੀ

ਘਰ ਵਿੱਚ ਖੁਸ਼ੀ ਦਾ ਮਾਹੌਲ ਹੈ। ਕੋਈ ਆ ਰਿਹਾ ਹੈ ਕੋਈ ਜਾ ਰਿਹਾ ਹੈ। ਪੂਰੀਆਂ ਰੌਣਕਾਂ ਨੇ। ਕਲੀਆਂ ਹੋ ਰਹੀਆਂ ਹਨ, ਧੀ ਦਾ ਵਿਆਹ ਜੋ ਧਰਿਆ ਹੈ। ਇਸ ਵਾਰ ਵੀ ਰੰਗ ਸਫੈਦ ਹੀ ਕਰਵਾਇਆ ਜਾ ਰਿਹਾ ਹੈ। ਰੰਗ ਸੋਂਹਦੇ ਤੇ ਸਾਰੇ ਹੀ ਬਹੁਤ ਨੇ ਪਰ ਸਫੈਦ ਰੰਗ ਦੀ ਅਪਣੀ ਹੀ ਖੂਬਸੂਰਤੀ ਹੈ॥ ਘਰ ਦੀ ਸਾਂਭ ਸੰਭਾਲ ਨਵੇਂ ਸਿਰੇ ਤੋਂ ਹੋ ਰਹੀ ਹੈ ਪੁਰਾਣਾ ਹੰਢਿਆ ਟੁੱਟਿਆ ਵਰਤਿਆ ਸਮਾਨ ਸਭ ਉੱਥਲ ਪੁੱਥਲ ਕਰ ਵੇਖਿਆ ਜਾ ਰਿਹਾ ਹੈ ਤਾਂ ਕਿ ਬੇਲੋੜਾ ਸੁੱਟਿਆ ਜਾ ਸਕੇ, ਲੋੜ ਵਾਲਾ ਸੰਭਾਲਿਆ ਜਾ ਸਕੇ। ਜੋ ਨਵਾਂ ਲਿਆਉਣ ਵਾਲਾ ਉਹ ਵੀ ਪਤਾ ਲੱਗ ਸਕੇ। ਕੰਮਕਾਰ ਕਰਦੇ ਬੰਦੇ ਹਰ ਦੋ ਮਿੰਟ ਬਾਅਦ ਆਵਾਜ਼ ਮਾਰ ਦੇਂਦੇ ਨੇ ਸਰਦਾਰਨੀ ਜੀ, ਆਇਓ ਜਰਾ, ਆ ਕਿਵੇਂ ਕਰਨਾ, ਆ ਕਿੱਥੇ ਰੱਖਣਾ, ਸਿਰ ਖੁਰਕਣ ਦਾ ਵਿਹਲ ਨਹੀਂ ਮਿਲਦਾ। ਕਦੇ ਚਾਹ ਪਾਣੀ, ਕਦੇ ਰੋਟੀ ਟੁੱਕ ਪਰ ਸਭ ਚਾਈ ਚਾਈ ਹੋ ਰਿਹਾ। ਇੱਕ ਧੀ ਤੋਂ ਨੂੰਹ ਤੱਕ ਦਾ ਸ਼ਫ਼ਰ ਤਾਂ ਆਸਾਨ ਹੁੰਦਾ ਪਰ ਨੂੰਹ ਤੋਂ ਫਿਰ ਧੀ ਤੱਕ ਦਾ ਸ਼ਫ਼ਰ ਡਾਹਢੇ ਔਖੇਂ ਪੈਂਡਿਆਂ ਥਾਈ ਲੰਘਣਾ ਪੈਂਦਾ।

ਸਟੋਰ ਵਿਚੋਂ ਜਦੋਂ ਸਮਾਨ ਬਾਹਰ ਕੱਢ ਕੱਢ ਰੱਖ ਰਹੇ ਸਨ,ਉਸ ਵਿੱਚੋਂ ਸੂਹੇ ਲਾਲ ਰੰਗ ਦਾ ਅਟੈਚੀ ਵੇਖ ਧੀ ਨੂੰ ਚਾਅ ਚੜ ਗਿਆ ਤੇ ਉੱਚੀ ਉੱਚੀ ਆਵਾਜ਼ ਮਾਰ ਮੈਨੂੰ ਬੁਲਾਉਣ ਲੱਗੀ। ਅਟੈਚੀ ਜੋ ਸੂਹੇ ਲਾਲ ਰੰਗ ਦਾ ਏ ਜਿਸ ਦੇ ਹੈਂਡਲ ਉੱਤੇ ਛੱਬੀ ਸਾਲ ਪਹਿਲਾਂ ਵਾਲੀ ਮੌਲੀ ਅਜੇ ਵੀ ਉਸ ਤਰ੍ਹਾਂ ਹੀ ਬੱਝੀ ਹੋਈ ਫੱਬ ਰਹੀ ਹੈ। ਹਾਂ ਸਮੇਂ ਨਾਲ ਹੁਣ ਭਾਵੇਂ ਰੰਗ ਸੂਹਾ ਨਹੀਂ ਹੈ ਪੂਰਾ ਪਰ ਦੂਰੋਂ ਹੀ ਵੇਖ ਦਾਜ ਵਾਲਾ ਅਟੈਚੀ ਹੈ ਪਛਾਣਿਆ ਜਾ ਸਕਦਾ ਹੈ। ਇਹ ਸਟੋਰ ਵਿੱਚ ਵੱਡੀ ਚੌੜੀ ਪੇਟੀ ਉੱਤੇ ਰੱਖਿਆ ਸੀ ਪਿੱਛੇ ਜਿਹੇ ਲੁੱਕਾ ਕੇ। ਸ਼ਾਇਦ ਬੇਧਿਆਨੀ ਵਿੱਚ ਇਹ ਪੇਟੀ ਤੇ ਦੀਵਾਰ ਵਿਚਲੀ ਜਗ੍ਹਾ ਵਿੱਚ ਫਸ ਗਿਆ ਹੋਵੇਗਾ। ਕਦੀ ਲੋੜ ਨਹੀਂ ਸਮਝੀ ਨਾ ਯਾਦ ਕੀਤਾ ਸੋ ਇਹ ਅਟੈਚੀ ਵਿਸਰ ਗਿਆ ਹੋਵੇਗਾ। ਆਵਾਜ਼ ਸੁਣ ਜਦੋਂ ਧੀ ਨੂੰ ਵੇਖਿਆ ਉਹ ਅਟੈਚੀ ਵਿਚਲੇ ਸਮਾਨ ਨੂੰ ਵਿਹੜੇ ਵਿੱਚ ਖਿਲਾਰ ਕੇ ਬੈਠੀ ਸੀ। ਉਸ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ। ਉਸ ਵਿੱਚ ਮੇਰੇ ਵਿਆਹ ਦੇ ਪਹਿਲੇ ਸਾਲਾਂ ਦੀਆਂ ਲਿਖੀਆਂ ਡਾਇਰੀਆਂ ਵਿਆਹ ਵਾਲਾ ਜੌੜਾ, ਫੇਰਾ ਪਾਉਣ ਗਈ ਨੂੰ ਮੇਰੀ ਮਾਂ ਨੇ ਦਿੱਤਾ ਮੇਰਾ ਸੂਹਾ ਲਾਲ ਰੰਗ ਦਾ ਸੂਟ, ਗੁਲਾਬੀ ਰੰਗ ਦਾ ਗਰਾਰਾ ਤੇ ਮੋਰ ਪੱਖੀਏ ਰੰਗ ਦਾ ਘਗਰਾ ਸੀ ਜੋ ਪਹਿਲੀ ਲੋਹੜੀ ਤੇ ਲਿਆਏ ਸੀ ਮੇਰੇ ਮਾਪੇ, ਜੋ ਸ਼ਾਇਦ ਇੱਕ ਅੱਧ ਵਾਰ ਪਾਏ ਹੋਣ ਜਾ ਅਣਲੱਗ ਵੀ ਹੋਣ ਯਾਦ ਨਹੀਂ ਹੁਣ ਤਾਂ। ਨਵੇਂ ਨਕੋਰ ਪੂਰੇ, ਸੰਭਾਲੇ ਹੋਣ ਕਾਰਨ ਨਵਿਆਂ ਦਾ ਭੁਲੇਖਾ ਹੀ ਪਾਉਂਦੇ ਨੇ ਇਹ ਕਪੜੇ। ਵੱਡੇ ਵੱਡੇ ਕਈ ਝੁਮਕੇ, ਵਾਲੀਆਂ ਬਿੰਦੀਆਂ ਦੇ ਪੱਤੇ, ਪਰਾਂਦੀਆਂ, ਪੈਰਾਂ ਦੀਆਂ ਝਾਂਜਰਾਂ,ਮਹਿੰਦੀ ਦੀਆਂ ਸੁੱਕੀਆਂ ਕੁੱਪੀਆਂ। ਉਹ ਚਿੱਠੀਆਂ ਜੋ ਲਿਖੀਆ ਸਨ ਬਾਬਲ ਨੂੰ ਪਰ ਪੋਸਟ ਨਾ ਕਰ ਸਕੀ ਤੇ ਕਈ ਹੋਰ ਨਿੱਕ ਸੁੱਕ। ।

ਅਟੈਚੀ ਨੂੰ ਵੇਖ ਬਹੁਤ ਸਾਲ ਪਹਿਲਾਂ ਵਾਲੀ ਕੁੜੀ ਮੈਨੂੰ ਯਾਦ ਆ ਗਈ। ਉਹ ਕੁੜੀ ਮਲੂਕ ਜਿਹੀ ਮਸਾ ਵੀਂਹ ਕੁ ਸਾਲ ਦੀ, ਮਸਾਂ ਤਰਵੱਜਾ ਕਿਲੋਂ ਭਾਰ ਸੀ। ਉਹ ਕੁੜੀ ਜਿਹੜੀ ਸਦਾ ਹਸੂ ਹਸੂ ਕਰਦੀ ਸੀ ਕਿਵੇਂ ਸਿਆਣੀ ਹੋ ਗਈ ਸੀ ਏਨੇ ਸਾਲਾਂ ਵਿੱਚ ਚੁੱਪ ਚਾਪ ਜਿਹੀ ਖਾਮੋਸ਼ ਜਿਹੀ।

ਜਦੋਂ ਇਹ ਅਟੈਚੀ ਆਇਆ ਸੀ ਕਿੰਨਾ ਚਾਅ ਚੜ੍ਹਿਆ ਸੀ ਸਭ ਨੂੰ। ਮਾਂ ਪਿਤਾ ਜੀ ਨੇ ਜਦੋਂ ਖਰੀਦ ਕੇ ਘਰੇ ਲਿਆਂਦਾ ਸੀ ਬੂਹੇ ਕੋਲੋਂ ਹੀ ਹਾਕ ਮਾਰ ਕੰਮਵਾਲੀ ਬੀਬੀ ਮੁਖਤਾਰਾ ਨੂੰ ਆਖਿਆ ਸੀ ਭੈਣ! ਤੇਲ ਲੈ ਕੇ ਆ ਸ਼ੰਗਨਾ ਦੀ ਚੀਜ ਏ, ਤੇਲ ਚੋਅ ਕੇ ਲੰਘਾਉਣੀ ਏ ਘਰੇ। ਮਾਂ ਨੇ ਤੇਲ ਚੌਂਦੀ ਭੈਣ ਮੁਖਤਾਰਾ ਦੇ ਹੱਥ ਤੇ ਪਿਤਾ ਜੀ ਕੋਲੋਂ ਲੈ ਦੱਸ ਰੁਪਏ ਰੱਖੇ ਸੀ। ਭੈਣ ਨੇ ਕਿੰਨੀਆਂ ਅਸੀਸਾਂ ਦਿੱਤੀਆਂ ਸਨ ਤੇ ਝੱਟ ਫੜ ਮੱਥੇ ਨਾਲ ਲਾ ਕੇ ਵਾਗੁਰੂ ਆਖ ਚੁੰਨੀ ਦੇ ਪੱਲੇ ਨਾਲ ਬੰਨ ਚੁੰਨੀ ਨੂੰ ਮੋਢੇ ਤੇ ਸੁੱਟ ਲਿਆ ਸੀ। ਉਦੋਂ ਦੱਸਾ ਦਾ ਨੋਟ ਵੀ ਬੜੀ ਵੱਡੀ ਚੀਜ ਸੀ। ਕਿਵੇਂ ਮਾਂ ਅਟੈਚੀ ਵਿੱਚ ਸੁਆਰ ਸੁਆਰ, ਸੰਭਾਲ ਸੰਭਾਲ ਚੀਜਾਂ ਧਰਦੀ ਸੀ। ਜਦੋਂ ਅਟੈਚੀ ਵਿੱਚ ਸਮਾਨ ਰੱਖਦੀ ਸੀ ਮਾਂ, ਅਸ਼ੀਸਾ ਦੇਦੀ ਸੀ, ਅਰਦਾਸ ਕਰਦੀ ਸੀ ਮੇਰੇ ਲਈ। ਸੁੱਖ ਹੰਢਾਉਣਾ ਹੋਵੇ। ਉਦੋਂ ਉਹ ਕਹਾਵਤ ਸੱਚ ਹੋਈ ਮਾਲੂਮ ਹੁੰਦੀ ਸੀ ਅਖੇ ਮਾਂਵਾਂ ਤੇ ਜੰਮਦੀਆਂ ਧੀਆਂ ਲਈ ਦਾਜ ਜੋੜਣ ਲੱਗ ਪੈਂਦੀਆਂ ਨੇ। ਮਾਂ ਨੇ ਕਿਵੇਂ ਜੋੜ ਜੋੜ ਰੱਖਿਆ ਸੀ ਸਮਾਨ ਅਪਣੀ ਧੀ ਲਈ, ਅਟੈਚੀ ਪੂਰਾ ਭਰ ਦਿੱਤਾ ਸੀ॥ ਮਾਂ ਨੂੰ ਕਿਤਿਓਂ ਮਿਲੀ ਹਰੇ ਰੰਗ ਦੀ ਸ਼ਾਲ, ਆਰੀ ਦੀ ਕੰਢਾਈ ਵਾਲਾ ਨਾਨੀ ਕੋਲੋਂ ਮਿਲਿਆ ਗੁਲਾਬੀ ਸੂਟ ਮਾਂ ਨੇ ਮੇਰੇ ਵਿਆਹ ਲਈ ਸੰਭਾਲ ਰੱਖਿਆ ਸੀ। ਕਦੀ ਕਦੀ ਬਾਜਾਰ ਗਈ ਜੋੜ ਜੋੜ ਰੱਖੇ ਪੈਸਿਆਂ ਚੋਂ ਖੇਸ ਲਿਆਉਦੀ ਕਦੇ ਚਾਦਰਾਂ ਕਦੇ ਸੂਟ। ਅਪਣੇ ਵਿਆਹ ਵਾਲਾ ਨੌ ਰਤਨਾਂ ਵਾਲਾ ਸੈਟ ਹੀ ਮੈਨੂੰ ਪਾਇਆ ਸੀ ਮਾਂ ਨੇ, ਮੈਨੂੰ ਪਸੰਦ ਜੋ ਬੜਾ ਸੀ।

ਮੇਰੀ ਮਾਂ ਨੂੰ ਵੀ ਚੀਜਾਂ ਸੰਭਾਲਣ ਦਾ, ਯਾਦਾਂ ਸਾਂਭਣ ਦਾ ਬੜਾ ਸ਼ੌਕ ਸੀ ਤੇ ਮਾਂ ਕੋਲੋਂ ਗੁੜਤੀ ਚ ਮੈਂ ਵੀ ਲੈ ਲਿਆ ਇਹ ਸ਼ੌਕ ਤੇ ਅੱਗਿਓਂ ਮੇਰੀ ਧੀ ਨੇ ਵੀ ਸ਼ਾਇਦ।

ਇੱਕ ਕੁੜੀ ਜਦੋਂ ਵਿਆਹੀ ਜਾਂਦੀ ਏ ਕਿਵੇਂ ਬਦਲ ਲੈਂਦੀ ਏ ਖੁਦ ਨੂੰ। ਸਲਾਦ ਤੋਂ ਬਿਨਾਂ ਤੇ ਜਰਾ ਜਿੰਨੀ ਵੀ ਠੰਡੀ ਰੋਟੀ ਨਹੀਂ ਸੀ ਲੰਘਦੀ ਪਰ ਵਿਆਹ ਤੋਂ ਬਾਅਦ ਕੰਮ ਕਾਰ ਮੁੱਕਾ ਸੁੱਕੀ ਠੰਡੀ ਰੋਟੀ ਵੀ ਆਰਾਮ ਨਾਲ ਖਾ ਲਈ ਦੀ ਸੀ। ਚੁੰਨੀ ਸਿਰ ਤੇ ਬਸ ਚਾਅ ਆਉਣ ਤੇ ਲਈਦੀ ਸੀ ਪਰ ਸਹੁਰਿਆਂ ਵਾਲੀ ਬਣਨ ਨਾਲ

ਹੀ ਕਿਵੇਂ ਸਿਆਣਪ ਆ ਜਾਂਦੀ ਏ ਤੇ ਸਿਰ ਤੋਂ ਚੁੰਨੀ ਲੱਥਣ ਨਹੀਂ ਸੀ ਦਈਦੀ। ਬੀਬੀ (ਸੱਸ) ਦੇ ਇੱਕ ਵਾਰ ਆਖਣ ਤੇ ਸਲਾਮੀਆਂ ਦੇ ਪੈਸੇ ਧਰ ਦਿੱਤੇ ਸੀ ਬੀਬੀ (ਸੱਸ) ਦੇ ਹੱਥ ਤੇ ਮਾਂ ਨੇ ਕਹਿ ਕੇ ਤੋਰਿਆ ਸੀ ਪੁੱਤ ਸੱਸ ਨੂੰ ਵੀ ਮਾਂ ਜਾਣੀ।ਬਾਕੀ ਬਚੇ ਦਿਉਰ ਨੇ ਸ਼ਗਨ ਲੈ ਲਿਆ ਸੀ ਭਾਬੀ ਤੋਂ ਪੱਟ ਤੇ ਬੈਠਣ ਵਾਲੀ ਰਸਮ ਦੇ ਤੌਰ ਤੇ।ਅਟੈਜੀ ਦੀਆਂ ਚੀਜਾਂ ਫਰੋਲਦਿਆਂ ਯਾਦ ਆਇਆ ਬਚਪਨ ਵਿੱਚ ਕਿਵੇਂ ਪਟਾਕ ਪਟਾਕ ਗੱਲਾਂ ਮਾਰਨ ਵਾਲੀ ਕੁੜੀ ਇੱਕ ਦਮ ਖਾਮੋਸ਼ ਰਹਿਣਾ ਸਿੱਖ ਗਈ ਸੀ।

ਘੁੰਮਣ ਦਾ ਸ਼ੌਕ ਰੱਖਣ ਵਾਲੀ ਨੂੰ ਕਿਵੇਂ ਘਰ ਲੱਗ ਜਾਂਦਾ। ਉਸ ਨੂੰ ਪੇਕੇ ਯਾਦ ਤੇ ਆਉਦੇ ਨੇ ਬਸ ਉਹ ਰੋ ਲੈਂਦੀ ਏ ਗੁੱਸਲਖਾਨੇ ਦੀ ਟੂਟੀ ਚਲਾ, ਰਜਾਈ ਚ ਮੂੰਹ ਦੇ ਪਰ ਕਦੇ ਨਹੀਂ ਕਹਿੰਦੀ ਜੀਅ ਕਰਦਾ ਏ ਪੇਕੇ ਜਾਣ ਨੂੰ।

ਚੂੜਾ ਬੜਾ ਪਸੰਦ ਸੀ ਪਾਉਣਾ, ਹੰਢਾਉਣਾ ਪਰ ਬੀਬੀ( ਸੱਸ) ਦੇ ਕਹਿਣ ਤੇ ਬੜਾ ਪਾ ਲਿਆ ਹੁਣ ਵਧਾ ਦੇ, ਚੱਟ ਵਧਾ ਕੇ ਸੰਭਾਲ ਲਿਆ। ਝੱਟ ਨਨਾਣ ਨੇ ਆਖ ਦਿੱਤਾ ਭਾਬੀ ਦਾ ਆ ਗੁਲਾਬੀ ਸੂਟ ਮੈਨੂੰ ਬੜਾ ਪਸੰਦ ਏ ਤੇ ਬੀਬੀ( ਸੱਸ )ਨੇ ਫੜ ਕੇ ਨਨਾਣ ਨੂੰ ਦੇ ਦੇਣ ਤੇ ਭਰੇ ਗੱਚ ਨਾਲ ਵੀ ਮੁਸਕਰਾ ਕੇ ਕਿਹਾ ਸੀ ਫਿਰ ਕੀ ਆ ਲੈ ਲੋ ਤੇ ਰਸੋਈ ਚ ਜਾ ਕੇ ਅੱਥਰੂ ਵਹਾ ਲਏ ਸਨ। ਨਾਨੀ ਨੇ ਮਾਂ ਨੂੰ ਦਿੱਤਾ ਸੀ ਤੇ ਮਾਂ ਨੇ ਆਪ ਨਹੀ ਸੀ ਸਵਾਇਆ, ਮੇਰੇ ਦਾਜ ਲਈ ਰੱਖਿਆ ਸੀ ਪਰ ਉਹ ਸ਼ਾਇਦ ਮੇਰੀ ਨਨਾਣ ਲਈ ਹੀ ਬਣਿਆ ਸੀ ਸੋਚ ਜੇਰਾ ਕਰ ਲਿਆ ਸੀ।

ਅਟੈਚੀ ਚ ਪਈਆ ਮਹਿੰਦੀ ਦੀਆਂ ਕੁਪੀਆਂ ਵੇਖ ਚੇਤੇ ਆਇਆ ਮੇਂਹਦੀ ਲਵਾ ਲਈ ਸੀ ਨਵੀਂ ਸਵੀ ਨੇ ਨਨਾਣ ਦੇ ਵਿਆਹ ਉੱਤੇ ਚਾਅ ਨਾਲ, ਬੀਬੀ ਨੇ ਅਪਣੇ ਪੁੱਤ ਦੇ ਅਜਿਹੇ ਕੰਨ ਭਰੇ ਉਹ ਕਈ ਦਿਨ ਬੋਲਿਆ ਨਹੀਂ ਸੀ ਅਖੇ ਘਰ ਦੀ ਨੂੰਹ ਏ ਹੁਣ ਤੂੰ, ਕੋਈ ਜਿੰਮੇਵਾਰੀ ਨਹੀਂ ਤੇਰੀ, ਹੱਥ ਰੰਗ ਕੇ ਬਰਾਬਰ ਬੈਠ ਗਈ ਏ ਭੈਣ ਦੇ।ਘਰਦਿਆਂ ਦੇ ਗੁੱਸੇ ਨੂੰ ਵੇਖ ਝੱਟ ਹੱਥ ਧੋ ਲਏ ਸੀ ਤੇ ਉਸ ਦਿਨ ਤੋਂ ਬਾਅਦ ਕਦੀ ਮਹਿੰਦੀ ਨਹੀਂ ਸੀ ਲਾਈ ਮੁੜ ਹੱਥਾਂ ਤੇ।

ਝਾਂਜਰਾਂ ਪਾਉਣ ਦਾ ਬੜਾ ਚਾਅ ਸੀ, ਮਾਂ ਨੇ ਬੜੇ ਚਾਵਾਂ ਨਾਲ ਵੱਡੇ ਬੂਰਾਂ ਵਾਲੀਆਂ ਝਾਂਜਰਾਂ ਬਣਵਾ ਕਿ ਦਿੱਤੀਆਂ ਸਨ ਪਰ ਸਾਡੇ ਘਰਾਂ ਵਿੱਚ ਰਿਵਾਜ ਨਹੀਂ ਛਣ ਛਣ ਕਰਦੇ ਫ਼ਿਰਨ ਦਾ, ਨਨਾਣ ਨੇ ਆਖ ਲੁਆ ਦਿੱਤੀਆਂ ਸਨ।

ਨਾਲੇ ਆ ਬਿੰਦੀਆਂ ਬਾਮਣ ਲਾਉਂਦੇ ਨੇ ਜੱਟਾਂ ਵਿੱਚ ਨਹੀਂ ਰਿਵਾਜ ਏਦਾਂ ਦਾ ਤੇ ਚਲੋ ਜੀ ਬਿੰਦੀਆਂ ਵੀ ਰੱਖ ਦਿੱਤੀਆਂ ਸਨ ਅਟੈਚੀ ਵਿੱਚ। ਹਰ ਉਹ ਚੀਜ ਜੋ ਪਸੰਦ ਸੀ ਪਰ ਜਿਸ ਦੀ ਇਜਾਜਤ ਨਹੀਂ ਸੀ ਝੱਟ ਅਟੈਚੀ ਚ ਸੁੱਟ ਭੁਲਾ ਦੇਂਦੀ ਸੀ ਉਹ ਕੁੜੀ।

ਯਾਦ ਆ ਗਿਆ ਜਦੋਂ ਸਿਰ ਦਾ ਸਾਈ ਸੂਟ ਜਾ ਕੋਈ ਚੀਜ਼ ਲਿਆਉਦੇ ਸੀ ਬੀਬੀ ਅਪਣੇ ਲਈ ਤੇ ਭੈਣ ਨਣਦੇ ਅਪਣੇ ਲਈ ਪਹਿਲਾਂ ਚੁਣ ਕੇ ਰੱਖ ਲੈਦੀਆ ਤੇ ਸਿਉਣੇ ਦੇ ਦੇਂਦੀਆਂ ਬਾਕੀ ਸਟੋਰ ਵਿੱਚ ਪਈ ਕਾਲੀ ਪੇਟੀ ਚ ਰੱਖ ਆਉਦੀਆਂ।ਹੌਸਲਾ ਹੀ ਨਹੀਂ ਸੀ ਪੈਂਦਾ ਆਖਾ ਮੈ ਵੀ ਸਵਾਉਣੇ ਨੇ ਤੇ ਨਾ ਕਦੇ ਉਹ ਆਖਦੀਆਂ। ਚੋਰੀ ਚੋਰੀ ਜਦੋਂ ਕਦੇ ਕੋਈ ਘਰ ਨਾ ਹੁੰਦਾ ਪੇਟੀ ਖੋਲ ਸੂਟ ਕੱਢ ਵੇਖ ਲੈਦੀ ਰੀਝ ਨਾਲ ਫਿਰ ਰੱਖ ਦੇਂਦੀ ਪੇਟੀ ਵਿੱਚ।ਮੇਰੇ ਚਾਅ ਉੱਥੇ ਦੇ ਉੱਥੇ ਰਹਿ ਜਾਦੇ ਨਵੇਂ ਲੀੜੇ ਸਵਾਉਣ ਦੇ।ਪੇਕੇ ਜਦੋਂ ਜਾਣ ਦਾ ਮੌਕਾ ਮਿਲਦਾ ਮਾਂ ਹਰ ਚਾਅ ਪੂਰਾ ਕਰ ਦੇਦੀ ਤਾਂ ਕਿ ਮਨ ਵਿੱਚ ਖਾਇਸ਼ ਨਾ ਰਹੇ।

ਮਾਂ ਲੱਸਣ ਦਾ ਗੁੜ ਵਾਲਾ ਖੱਟਾ ਮਿੱਠਾ ਆਚਾਰ ਬਹੁਤ ਸੁਆਦ ਬਣਾਉਂਦੇ ਸਨ।ਇੱਕ ਵਾਰ ਘਰੇ ਆਇਆ ਨੂੰ ਲਸਣ ਦੀਆਂ ਦੋ ਗੰਠਾ ਦੇ ਦਿੱਤੀਆਂ ਮੈਂ।ਚਲੋ! ਆਚਾਰ ਬਣਾ ਦੇਣਗੇ ਸ਼ੌਕੀਨ ਸਾ ਆਚਾਰ ਦੀ।ਉਦੋਂ ਸ਼ਾਇਦ ਨਿਆਣਮੱਤ ਸਾ, ਪੁੱਛਿਆ ਨਾ ਬੀਬੀ ਕੋਲੋਂ ਉਹਨਾਂ ਖੌਰੇ ਵੇਖ ਲਿਆ ਜਾ ਬੀਬੀ ਖੌਰੇ ਗਿਣ ਕੇ ਰੱਖਦੇ ਸਨ ਗੰਠੀਆ। ਪੂਰੀ ਪੁੱਛ ਪੜਤਾਲ ਹੋਈ ਖੁਦ ਨੂੰ ਮੁਜਰਮ ਲੱਗੀ ਮੈਂ। ਜਦੋਂ ਦੱਸਿਆ ਕੇ ਮਾਂ ਖੱਟਾ ਮਿੱਠਾ ਆਚਾਰ ਬਣਾ ਕੇ ਭੇਜਣਗੇ ਤਾਂ ਉਹਨਾਂ ਨੂੰ ਸਾਂਤੀ ਮਿਲੀ ਪਰ ਜਦੋਂ ਤੱਕ ਆਚਾਰ ਨਹੀਂ ਆਇਆ ਸੱਸ ਹਠੋਰੇ ਮਾਰਨੋਂ ਨਾ ਹਟੇ ਕੀ ਗੱਲ, ਉੱਥੇ ਲੱਸਣ ਨਹੀਂ ਮਿਲਦਾ ਕਿੰਨੀ ਮੇਹਨਤ ਲੱਗਦੀ ਏ ਬੀਜਣ ਤੇ।

ਅਪਣੀਆਂ ਮਨਪਸੰਦ ਚੀਜਾਂ ਸੰਭਾਲ ਸੰਭਾਲ, ਜੋੜ ਜੋੜ ਰੱਖਣ ਵਾਲੀ ਕਿਵੇਂ ਦਿਲ ਵੱਡਾ ਕਰਕੇ ਨਨਾਣ ਨੂੰ ਦੇ ਦੇਂਦੀਆ ਨੇ ਧੀਆਂ, ਨਨਾਣ ਦੇ ਵਿਆਹ ਵਾਸਤੇ।ਜਦੋਂ ਮਿਲਣੀ ਤੇ ਸਹੁਰਾ ਸਾਹਿਬ ਨੂੰ ਦਿੱਤਾ ਵੱਡਾ ਕੰਬਲ ਬੀਬੀ ਨੇ ਨਨਾਣ ਦੇ ਸਹੁਰੇ ਨੂੰ ਲਾ ਦਿੱਤਾ ਸੀ ਨੋਗੇ ਵਿੱਚ, ਬੜੀ ਤਕਲੀਫ ਹੋਈ ਸੀ ਹਾਏ ਮੇਰੇ ਮਾਪਿਆਂ ਤਾਂ ਚਾਅ ਨਾਲ ਅਪਣੇ ਕੁੜਮਾਂ ਲਈ ਲਿਆਂਦਾ ਸੀ।

ਬੀਬੀ ਨੇ ਮਾਂ ਨੂੰ ਆਖਿਆ ਸੀ ਨਾ ਨਾ ਰਿਵਾਜ ਤਾਂ ਐਵੇਂ ਹੀ ਬਣਾਏ ਹੋਏ ਨੇ, ਕਿਸੇ ਚੀਜ ਦੀ ਲੋੜ ਨਹੀਂ ਲੋਹੜੀ ਲਾਹੜੀ ਤੇ, ਕਿਸੇ ਚੀਜ਼ ਦੀ ਖੇਚਲ ਨਾ ਕਰਿਓ।ਮਾਂ ਹੋਰੀ ਖੁਸ਼ ਸਨ ਚੰਗੇ ਜੁੜੇ ਨੇ ਕੁੜਮ।ਸਭ ਨੂੰ ਦੱਸਦੇ ਫ਼ਿਰਨ ਪਰ ਲੋਹੜੀ ਤੋਂ ਇੱਕ ਦਿਨ ਪਹਿਲਾਂ ਸ਼ਾਮ ਨੂੰ ਬੀਬੀ ਆਖਦੇ ਨੇ ਕਲ ਤੇਰੇ ਪੇਕਿਆਂ ਵੀ ਆਉਣਾ ਹੁਣਾਂ ਏ ਲੋਹੜੀ ਏ ਪਹਿਲੀ ਤੇਰੀ।

ਭੋਲੇ ਭਾਅ ਆਖ ਦਿੱਤਾ ਤੁਸੀਂ ਕਿਹਾ ਸੀ ਨਾ ਲੋੜ ਨਹੀਂ ਕਿਸੇ ਚੀਜ ਦੀ ਖੇਚਲ ਨਾ ਕਰਿਓ ਸੁਣ ਪੂਰੇ ਗੁੱਸੇ ਨਾਲ ਆਖਦੇ ਨੇ, ਨਾ ਤੇਰੀ ਮਾਂ ਨਿਆਣੀ ਏ ਉਸ ਨੂੰ ਨਹੀਂ ਪਤਾ ਰਸਮਾਂ ਰਿਵਾਜਾਂ ਦਾ ਆਖਣਾ ਤਾਂ ਹੁੰਦਾ ਈ ਏ।ਸੁਣ ਬੜੀ ਪ੍ਰੇਸ਼ਾਨ ਹੋਈ ਸਾ, ਹਾਏ ਕਿਵੇਂ ਕਰਨਗੇ ਮਾਂ ਪਿਤਾ ਜੀ ? ਕਿਵੇਂ ਜਿਵੇਂ ਮੌਕਾ ਮਿਲਿਆ, ਰੱਬ ਦੇ ਸ਼ੁਕਰ ਨਾਲ ਫੋਨ ਚਲਦਾ ਸੀ ਮਾਂ ਨੂੰ ਦੱਸਿਆ, ਵਿਚਾਰੇ ਪ੍ਰੇਸ਼ਾਨ ਹੋਏ ਆਖਦੇ ਪੁੱਤ ਉਹ ਤਾਂ ਕਹਿੰਦੇ ਸੀ ਲੋੜ ਨਹੀਂ!!

ਪਰ! ਤੂੰ ਫ਼ਿਕਰ ਨਾ ਕਰ, ਕਰਦੇਆ ਕੁੱਝ।

ਖੜੇ ਪੈਰ ਕਿਤਿਓਂ ਫੜ ਫੜਾ ਲੋਹੜੀ ਲਿਆਏ ਸੀ ਸਭ ਜੀਆਂ ਲਈ, ਪੂਰੀ ਸਾਕ ਸਕੀਰੀ ਲਈ ਸੂਟ, ਫਲ ਫਰੂਟ ਮਠਿਆਈ ਨਿੱਕ ਸੁੱਕ।

ਭੈਣ ਨਣਦੇ ਨੇ ਹਰ ਗੱਲ ਤੇ ਤਾਹਨੇ ਦੇਣੇ ਤੁਸੀਂ ਸਾਡੇ ਹਿਸਾਬ ਦੇ ਨਹੀਂ।ਤੁਹਾਡਾ ਸਟੈਂਡਰਡ ਸਾਡੇ ਹਿਸਾਬ ਦਾ ਨਹੀਂ ਹੈ।ਸਭ ਨੇ ਕੰਮਾਂ ਕਾਰਾ ਤੇ ਤੁਰ ਜਾਣਾ ਤੇ ਮੈਨੂੰ ਇਹ ਨਾ ਸੁਰਤ ਹੋਣੀ ਕੰਮਕਾਰ

ਕਰਦਿਆਂ ਰੋਟੀ ਟੁੱਕ ਵੀ ਖਾਂਦੀ ਏ ਜਾ ਨਹੀਂ, ਸਿਰ ਵੀ ਵਾਹਿਆ ਹੈ ਜਾ ਨਹੀਂ।

ਸਾਗ ਨਹੀਂ ਸੀ ਬਣਾਇਆ ਕਦੇ ਬੀਬੀ ਨੇ ਹੁਕਮ ਸੁਣਾ ਦਿੱਤਾ ਪਿੱਛਿਓਂ ਖੇਤ ਚੋਂ ਸਾਗ ਤੋੜ ਛਿੱਲ ਬਣਾ ਕੇ ਧੋ ਕੱਟ ਕੇ ਧਰ ਲਵੀਂ। ਸ਼ਹਿਰਣ ਨੂੰ ਕੀ ਪਤਾ ਕਿਵੇਂ ਤੋੜਣਾ ਕਿਵੇਂ ਧਰਨਾ ਏ, ਬਹੁਤ ਡਰ ਆਇਆ ਪਰ ਅੱਖਾਂ ਬੰਦ ਕਰ ਮਾਂ ਨੂੰ ਯਾਦ ਕੀਤਾ ਕਿਵੇਂ ਕਰਵਾਉਦੇ ਸੀ ਕੰਮ। ਭੈਣ ਮੁਖਤਾਰਾਂ ਕਿਵੇਂ ਤੋੜਦੀ ਸੀ ਕਲਪਨਾ ਕਰ ਸਾਗ ਤੋੜ ਲਿਆ, ਕਿਵੇਂ ਮਾਂ ਤੇ ਦਾਦੀ ਛਿਲਦੇ ਸਨ ਕਿਵੇਂ ਧੋ ਬਣਾ ਮੁਖਤਾਰਾਂ ਭੈਣ ਚੀਰਦੀ ਸੀ ਬਸ ਰੱਬ ਦਾ ਨਾਂ ਲੈ ਉਸ ਤਰ੍ਹਾਂ ਹੀ ਕੀਤਾ ਤੇ ਬਸ ਕੁਕਰ ਚ ਪਾ ਧਰ ਦਿੱਤਾ ਹੱਥ ਭਾਵੇਂ ਲਹੂ ਲੁਹਾਨ ਹੋ ਗਿਆ ਪਰ ਡਰ ਨਿਕਲ ਗਿਆ ਜਦੋਂ ਸਭ ਨੇ ਕਿਹਾ ਚੰਗਾ ਬਣਿਆ।

ਪੇਕੇ ਘਰੇ ਕਾਰ ਨਹੀਂ ਸੀ ਏਥੇ ਹੈ ਸੀ। ਕਾਰ ਦਾ ਦਰਵਾਜ਼ਾ ਡਰਦਿਆਂ ਅਕਸਰ ਹੌਲੀ ਬੰਦ ਕਰਨਾ ਤੇ ਉਹ ਬੰਦ ਹੋਣੋ ਰਹਿ ਜਾਣਾ। ਜਦੋਂ ਕਦੇ ਸਹੁਰਾ ਸਾਹਿਬ ਨਾਲ ਜਾਣਾ ਉਹਨਾਂ ਅਕਸਰ ਮੇਹਣਾ ਮਾਰਨਾ ਬੈਠਣਾ ਅਗਲੀ ਸੀਟ ਤੇ, ਤੇ ਬੂਹਾ ਬੰਦ ਕਰਨਾ ਨਹੀਂ ਆਉਦਾ। ਅੰਦਰੋਂ ਅੰਦਰੀ ਭਰੇ ਗੱਚ ਨਾਲ ਸੁਣਦੇ ਰਹਿਣਾ।

ਧੀ ਹੋਈ ਤਾਂ ਜੰਮਣੀ ਲੈ ਕੇ ਆਏ ਪੇਕਿਆਂ ਦੀ ਘਰ ਆਇਆ ਦੀ ਬੜੀ ਬੇਇੱਜ਼ਤੀ ਕੀਤੀ ਸਹੁਰਾ ਸਾਹਿਬ ਨੇ। ਢੇਰ ਮੇਰੀਆਂ ਸ਼ਿਕਾਇਤਾਂ ਦਾ ਰੱਖ ਦਿੱਤਾ ਉਹਨਾਂ ਅੱਗੇ। ਮਾਂ ਦੀ ਹਰ ਗੱਲ ਨੂੰ ਵਧਾ ਚੜਾ ਬਣਾ ਦਿੱਤਾ। ਜਦੋਂ ਅਪਣੇ ਘਰ ਦੇ ਨੂੰ ਕਿਹਾ ਸਰਦਾਰਾਂ ਇਹਨਾਂ ਨੂੰ ਚੁੱਪ ਕਰਵਾ, ਚਾਅ ਨਾਲ ਘਰ ਆਇਆ ਦੀ, ਜਣੇਪਾ ਲਿਆਇਆਂ ਦੀ ਇਤਨੀ ਬੇਇੱਜ਼ਤੀ ਨਹੀਂ ਕਰੀਦੀ ਰੱਬ ਦਾ ਖੌਫ਼ ਖਾਓ ਕੁਝ ਤਾਂ। ਘਰਦੇ ਨੇ ਮੂੰਹ ਭਰ ਕੇ ਕਿਹਾ ਸੀ ਚੁੱਪ ਕਰ ਕੇ ਕੰਨ ਬੰਦ ਕਰ ਕੇ ਬੈਠ ਜਾ, ਜੇ ਤੂੰ ਬੋਲੀ, ਤੂੰ ਵੀ ਅੱਜ ਇਹਨਾਂ ਨਾਲ ਹੀ ਵਾਪਸ ਜਾਏਗੀ। ਸੁਣ ਬਸ ਰੋ ਹੀ ਸਕੀ ਸਾਂ, ਮਾਪੇ ਤਾਂ ਮਸਾਂ ਭਾਰਾ ਲਾਹੁੰਦੇ ਨੇ ਧੀ ਦਾ। ਮਸਾਂ ਵਿਆਹ ਕਰਦੇ ਨੇ ਹਾਏ ਕਿਵੇਂ ਜਰਨਗੇ ਇਹ ਸਭ। ਬਿਨਾਂ ਗਲਤੀ ਤੋਂ ਵੀ ਮਾਫ਼ੀ ਮੰਗ ਜਦੋਂ ਮਾਂ ਹੋਰੀਂ ਗਏ ਸਨ ਵਾਪਸ, ਬੀਬੀ ਬੜੀ ਖੁਸ਼ ਸੀ ਜਿਵੇਂ ਮੈਦਾਨ ਜਿੱਤ ਲਿਆ ਹੋਵੇ। ਹੈਰਾਨ ਸਾਂ ਔਰਤ ਵੀ ਔਰਤ ਨਾਲ ਏਦਾਂ ਕਰਦੀ ਏ। ਉਸ ਦਿਨ ਮਿੱਠੀ ਪਿਆਰੀ ਬਣ ਵਾਰ ਵਾਰ ਪੁੱਛੇ ਤੂੰ ਖਾਣਾ ਖਾ ਲਿਆ?? ਕਿੱਥੋਂ ਲੰਘਣਾ ਸੀ ਅੰਦਰ ਕੁਝ, ਜਿਸ ਦੇ ਮਾਪਿਆਂ ਨਾਲ ਆਹ ਸਲੂਕ ਹੋਇਆ ਹੋਵੇ ਉਹ ਧੀ ਕਿਵੇਂ ਖੁਸ਼ ਹੋ ਸਕਦੀ ਏ ਕਿਵੇਂ ਕੁਝ ਖਾ ਸਕਦੀ ਏ। ਜਦੋਂ ਅਪਣੀ ਧੀ ਦੀ ਸੱਸ ਮਾੜਾ ਚੰਗਾ ਆਖਦੀ ਏ ਫਿਰ ਤਕਲੀਫ਼ ਕਿਓ ਹੁੰਦੀ ਏ? ਕੀ ਫਿਰ ਨੂੰਹ ਨਾਲ ਕੀਤੀਆਂ ਜਿਆਦਤੀਆਂ ਯਾਦ ਨਹੀਂ ਆਉਦੀਆਂ ?

ਚੁੱਪ ਨਾਲ ਕਿਵੇਂ ਗੰਢ ਲੈਦੀਆਂ ਨੇ ਦੋਸਤੀ ਧੀਆਂ। ਕਿਵੇਂ ਜਰ ਲੈਦੀਆਂ ਨੇ ਚੋਭ ਦੇਂਦੀਆ ਗੱਲਾਂ। ਮਾਂ ਕੋਲ ਜ਼ਿੱਦ ਕਰਨ ਵਾਲੀਆਂ ਧੀਆਂ ਕਿਵੇਂ ਆਰਾਮ ਨਾਲ ਹਾਂ ਚ ਹਾਂ ਮਿਲਾ ਸਹਿਮਤੀ ਪ੍ਰਗਟਾ ਦੇਂਦੀਆਂ ਨੇ। ਡਾਇਰੀ ਫੜ ਜਿਵੇਂ ਖੋਲ੍ਹੀ ਵਿੱਚ ਲਿਖਿਆ ਫੱਟ ਯਾਦ ਆ ਗਿਆ ਇੱਕ ਲਾਇਨ ਪੜ੍ਹ ਕੇ ਹੀ। ਪੇਕੇ ਜਾਣ ਨੂੰ ਦਿਲ ਕਰਦਾ ਸੀ ਪਰ ਐਨ ਮੌਕੇ ਅਕਸਰ ਭੈਣ ਨਣਦੇ ਆ ਜਾਂਦੀ ਸੀ ਤੇ ਤਿਆਰ ਹੋਈ ਹੋਈ ਕਪੜੇ ਬਦਲ ਰੋਟੀ ਪਾਣੀ ਦੇ ਆਹਰ 'ਚ ਲੱਗ ਜਾਂਦੀ ਸਾਂ।

ਯਾਦ ਆਇਆ ਸਰਦਾਰ ਹੋਰੀਂ ਇੱਕ ਵਾਰ ਮਹੀਨੇ ਬਾਅਦ ਆਏ ਸਨ। ਉਹਨਾਂ ਦੇ ਆਉਣ ਦੇ ਚਾਅ ਵਿੱਚ ਤਿਆਰ ਹੋ ਕੇ ਰੰਗ ਬਰੰਗੀਆਂ ਚੂੜੀਆਂ ਪਾ ਲਈਆਂ ਪਰ ਬੀਬੀ ਨੇ ਆਉਦੇ ਪੁੱਤ ਦੇ ਐਸੇ ਕੰਨ ਭਰੇ ਉਹ ਅਪਣੀ ਤੀਵੀਂ ਨਾਲ ਸਵਾਦ ਨਾਲ ਬੋਲਿਆ ਵੀ ਨਹੀਂ ਸੀ ਮੈਨੂੰ ਪਤਾ ਵੀ ਨਾ ਹੁੰਦਾ ਨਾਰਾਜਗੀ ਹੈ ਕਿਸ ਗੱਲ ਦੀ। ਕਿੰਨੇ ਕੌੜੇ ਘੁੱਟ ਭਰਨੇ ਪੈਂਦੇ ਨੇ ਇੱਕ ਧੀ ਨੂੰ ਜ਼ਿੰਦਗੀ ਨੂੰ ਲੀਹੇ ਪਾਉਣ ਲਈ।

ਪੇਕੇ ਗਈ ਇੱਕ ਵਾਰ ਤੇ ਬੀਬੀ ਨੇ ਫੌਨ ਕਰ ਦਿੱਤਾ ਛੱਡ ਜਾਓ ਹੁਣ, ਮਾਂ ਨੇ ਆਖਿਆ ਭੈਣ ਜੀ ਦੋ ਦਿਨ ਹੋਰ ਰਹਿ ਲੈਣ ਦਿਓ। ਮਾਂ ਨੂੰ ਤਾਂ ਇਜਾਜ਼ਤ ਦੇ ਦਿੱਤੀ ਪਰ ਖੌਰੇ ਪੁੱਤ ਨੂੰ ਕੀ ਪੜ੍ਹਾਇਆ ਪੁੱਤ ਨੇ ਫੱਟ ਫੌਨ ਕਰ ਦਿੱਤਾ ਏਨੇ ਸਾਲ ਪੇਕੇ ਹੀ ਰਹੀ ਏ ਦਿਲ ਨਹੀਂ ਭਰਿਆ ਅਜੇ, ਰੋਂਦੀ ਨੂੰ ਵੇਖ ਪਿਤਾ ਜੀ ਸਮਝ ਗਏ, ਕੋਲ ਆ ਆਖਦੇ ਨੇ ਪੁੱਤ ਧੀਆਂ ਸਹੁਰੇ ਹੀ ਚੰਗੀਆਂ ਲੱਗਦੀਆਂ ਨੇ ਉੱਠ ਮੇਰੀ ਬੀਬੀ ਧੀ ਮੂੰਹ ਧੋ ਤੇ ਹੋ ਤਿਆਰ ਤੈਨੂੰ ਛੱਡ ਆਵਾ। ਧੀਆਂ ਉੱਤੇ ਮਾਪਿਆਂ ਦਾ ਹੱਕ ਖੌਰੇ ਕਿਸੇ ਦੂਜੇ ਦੇ ਲੜ ਲੱਗਾ ਕੇ ਮਾਪੇ ਗਵਾ ਲੈਦੇ ਨੇ ਤੇ ਉਹ ਓਪਰਾ ਕਿਵੇਂ ਸਾਡਾ ਹੱਕਦਾਰ ਹੋ ਜਾਂਦਾ ਪਲਾਂ ਵਿੱਚ। ਉਸ ਦਿਨ ਮਾਂ ਦੇ ਗਲ ਲੱਗ ਜਾਣ ਲੱਗੀ ਨੇ ਆਖਿਆ ਸੀ ਮਾਂ ਇਹ ਘਰ ਛੱਡਣੇ ਏਨੇ ਔਖੇ ਕਿਉ ਲੱਗਦੇ ਨੇ ਧੀਆਂ ਨੂੰ

ਡਾਇਰੀ ਦਾ ਪੰਨਾ ਪਲਟਦਿਆਂ ਯਾਦ ਆਇਆ ਘਰ ਦੀ ਰੈਨੋਵੈਸ਼ਨ ਹੋ ਰਹੀ ਸੀ ਫਰਿੱਜ ਬਾਹਰ ਵਰਾਂਡੇ ਵਿੱਚ ਰੱਖਿਆ ਸੀ ਜਦੋਂ ਸਵੇਰੇ ਚਾਹ ਬਣਾਉਣ ਲੱਗਣਾ ਫਰਿੱਜ ਖੁੱਲ੍ਹਾ ਹੋਣਾ, ਵਿੱਚ ਕਿਸੇ ਜਾਨਵਰ ਦੇ ਪੈਰ ਲੱਗੇ ਹੋਣੇ। ਮੇਰਾ ਨਾਂ ਲੱਗ ਜਾਣਾ ਇਸ ਦਾ ਧਿਆਨ ਨਹੀਂ ਹੁੰਦਾ ਕੰਮ ਵੱਲ ਖੁੱਲ੍ਹਾ ਰਹਿਣ ਦੇਂਦੀ ਏ ਤੇ ਕੁੱਤਾ ਕੋਈ ਗਲੀ ਵਿੱਚੋਂ ਆ ਜਾਂਦਾ ਤੇ ਦੁੱਧ ਪੀ ਜਾਂਦਾ, ਮੈਂ ਆਖਦੀ ਨਹੀਂ! ਮੈਂ ਤਾਂ ਜੀ ਬੰਦ ਕਰਦੀ ਹਾਂ ਇਹ ਜਰੂਰ ਬਿੱਲੀ ਹੈ ਤਾਂ ਪਿਤਾ ਜੀ (ਸਹੁਰਾ ਸਾਹਿਬ)ਨੇ ਹਨੋਰਾ ਮਾਰਨਾ ਅੱਛਾ ਕੋਈ ਪੜੀ ਲਿਖੀ ਬਿੱਲੀ ਹੋਵੇਗੀ ਚੰਗੀ ਸਿੱਖਲਾਈ ਲਈ ਹੋਵੇਗੀ ਦੁੱਧ ਪੀ ਕੇ ਫਿਰ ਚਲੀ ਜਾਂਦੀ ਹੈ ਤੇਰੇ ਪੇਕਿਆਂ ਤੋਂ ਹੈ ਕੋਈ ਲੱਗਦੀ। ਮਨ ਨੂੰ ਬੜਾ ਧੱਕਾ ਲੱਗਣਾ। ਜਿਸ ਦਿਨ ਫਰਿਜ ਅੱਗੇ ਭਾਰੀ ਕੁਰਸੀ ਰੱਖਣੀ ਉਸ ਦਿਨ ਫਰਿਜ ਨਾ ਖੁੱਲਣਾ ਤੇ ਉਸ ਦਿਨ ਅੰਦਰ ਪੈਰ ਨਾ ਲੱਗੇ ਹੋਣੇ ਜਾਨਵਰਾਂ ਦੇ। ਮੈਂ ਅਪਣੀ ਬੇਗੁਨਾਹੀ ਸਾਬਤ ਨਾ ਕਰ ਸਕੀ। ਫਿਰ ਇਕ ਦਿਨ ਪਿਤਾ ਜੀ ਘਰੇ ਹੀ ਸਨ ਤੇ ਉਹਨਾਂ ਦੇ ਸਾਹਮਣੇ ਜਦੋਂ ਬਿੱਲੀ ਆਈ ਤੇ ਅਪਣੇ ਪੰਜਿਆਂ ਨਾਲ ਦਰਵਾਜ਼ਾ ਖੋਲ ਦੁੱਧ ਪੀਣ ਲੱਗੀ ਤਾਂ ਪਿਤਾ ਜੀ ਕੋਲ ਕੋਈ ਜਵਾਬ ਨਹੀਂ ਸੀ ਮੈਨੂੰ ਕਹਿਣ ਲਈ। ਜਿੰਦਗੀ ਇਮਤਿਹਾਨ ਲੈਦੀ ਹੈ ਪਰ ਹੱਲ ਵੀ ਕਰ ਦੇਂਦੀ ਏ ਆਪ ਹੀ। ਸਮਾਂ ਬੜਾ ਬਲਵਾਨ ਹੈ ਪਰ ਇਮਤਿਹਾਨ ਜਰੂਰ ਲੈਂਦਾ। ਜਦੋਂ ਉਹ ਸਮਾਂ ਹੁੰਦਾ ਜਿੰਦਗੀ ਵਿੱਚ, ਏਦਾਂ ਲੱਗਦਾ ਜਿਵੇਂ ਸਮਾਂ ਰੁੱਕ ਗਿਆ ਦਿਨ ਚੌਵੀ ਘੰਟੇ ਦੇ ਨਹੀਂ ਇਹ ਤਾਂ ਸਦੀਆਂ ਤੋਂ ਵੀ ਲੰਮੇ ਨੇ।

ਬਾਜ਼ਾਰ ਜ਼ਰੂਰੀ ਸਮਾਨ ਲੈਣ ਜਾਣਾ ਹੁੰਦਾ ਤਾਂ ਸਿਰ ਦਾ ਸਾਈ

ਆਖਦਾ ਜਾ ਪੁੱਛ ਲੈ ਬੀਬੀ ਨੂੰ ਜੇ ਮੰਨਦੀਏ ਤਾਂ ਲੈ ਜਾਊਂਗਾ ਤੇ ਪੁੱਛਣ ਤੇ ਬੀਬੀ ਦੀ ਚੁੱਪ ਨੂੰ, ਚੁੱਪ ਚਾਪ ਪੱਲੇ ਨਾਲ ਬੰਨ ਦਿਲ ਸਮਝਾ ਲਈਦਾ ਸੀ। ਸਾਰਾ ਦਿਨ ਕੰਮ ਕਾਰ ਕਰਦਿਆਂ ਜਦੋਂ ਸਾਰਾ ਪਰਿਵਾਰ ਇੱਕਠਾ ਬੈਠਿਆਂ ਹੁੰਦਾ ਮੈਨੂੰ ਅਪਣੇ ਕਮਰੇ ਚ ਭੇਜ ਦਿੱਤਾ ਜਾਂਦਾ, ਚੁੱਪ ਚਾਪ ਆਗਿਆ ਦਾ ਪਾਲਣ ਕਰਦੀ। ਡਰਦਿਆਂ ਘਰਦਿਆਂ ਨੂੰ ਚਿੱਠੀ ਲਿੱਖਣ ਦੀ ਥਾਂ ਕਿ ਪੋਸਟ ਕਰਨ ਲੱਗਿਆ ਹੀ ਕੋਈ ਪੜ ਨਾ ਲਵੇ ਲਿਖੀ ਚਿੱਠੀ ਇਸ ਅਟੈਚੀ ਵਿੱਚ ਸੁੱਟ ਦੇਂਦੀ, ਇਹ ਅਟੈਚੀ ਜੋ ਹੁਣ ਪੁਰਾਣੇ ਰਿਵਾਜ ਦਾ ਪੁਰਾਣਾ ਹੋ ਚੁੱਕਿਆ ਹੈ, ਸਮੇਂ ਨਾਲ ਤੇ ਜਾਂ ਡਾਇਰੀ ਚ ਲਿਖ ਲਈਦਾ ਸੀ ਸੁੱਖ ਦੁੱਖ, ਖੌਰੇ ਕਿੰਨੇ ਕਿੱਸੇ ਇਸ ਅਟੈਚੀ ਨੇ ਸੰਭਾਲੇ ਸੀ। ਕਿੰਨੇ ਕਿੱਸੇ ਇਹਨਾਂ ਡਾਇਰੀਆਂ ਦੇ ਪੰਨਿਆਂ ਵਿੱਚ ਦਰਜ ਹਨ।

ਬੀਬੀ ਦੇ ਕਹਿਣ ਤੇ ਚੌਲ ਨਹੀਂ ਖਾਂਦੇ ਸਾਡੇ ਜਿਆਦਾ, ਚੌਲ ਖਾਣੇ ਛੱਡ ਦਿੱਤੇ। ਕਿਵੇਂ ਮਨ ਮਾਰ ਲੈਂਦੀਆ ਨੇ ਧੀਆਂ ਅਪਣੀ ਮਨ ਪਸੰਦ ਦੀ ਚੀਜ ਲਈ। ਖਿਚੜੀ ਉਹ ਤੇ ਨਹੀਂ ਸੀ ਪਸੰਦ ਪਰ ਉਸ ਨੂੰ ਪਸੰਦ ਬਣਾ ਲਿਆ, ਧੀ ਨੂੰ ਜੋ ਪਸੰਦ ਸੀ। ਮੱਕੀ ਦੀ ਰੋਟੀ ਨਹੀਂ ਸੀ ਚੰਗੀ ਲੱਗਦੀ ਪਰ ਪੁੱਤ ਨੂੰ ਮੱਕੀ ਦੀ ਚੂਰੀ ਪਸੰਦ ਸੀ ਸੋ ਮੱਕੀ ਦੀ ਰੋਟੀ ਪਕਾਉਣੀ ਵੀ ਸਿੱਖ ਲਈ ਤੇ ਚੂਰੀ ਬਣਾਉਣੀ ਵੀ।

ਹਰ ਗੱਲ ਤੇ ਸ਼ੱਕ ਦੀ ਸੂਈ ਸ਼ਾਇਦ ਮੇਰੇ ਤੇ ਆ ਰੁੱਕ ਜਾਂਦੀ। ਨੌਕਰ ਨਾਲ ਵੀ ਗੱਲ ਕਰਨ ਨੂੰ ਮਾੜਾ ਮੰਨਿਆ ਜਾਂਦਾ। ਨੌਕਰ ਨੂੰ ਆਵਾਜ਼ ਮਾਰਨ ਤੇ ਜੇ ਉਹ ਨਾ ਆਉਂਦਾ ਮੇਰਾ ਬੈਡਰੂਮ ਚੈਕ ਕੀਤਾ ਜਾਂਦਾ। ਕੋਈ ਚੀਜ਼ ਨਾ ਮਿਲਦੀ ਮੇਰੇ ਕੋਲੋਂ ਇਸ ਤਰ੍ਹਾਂ ਪੁੱਛ ਪੜਤਾਲ ਹੁੰਦੀ ਜਿਵੇਂ ਮੈਂ ਚੋਰ ਹੋਵਾਂ। ਅਪਣੇ ਤੋਂ ਵੱਡੇ ਘਰ ਧੀ ਵਿਆਹੁਣਾ ਵੀ ਬਹੁਤ ਵੱਡੀ ਕੀਮਤ ਮੰਗਦਾ ਹੈ ਧੀ ਕੋਲੋਂ! ਜ਼ਿੰਦਗੀ ਦੇ ਕਈ ਕੀਮਤੀ ਸਾਲ ਇਮਤਿਹਾਨ ਦੇਂਦਿਆਂ ਹੀ ਨਿਕਲ ਜਾਂਦੇ ਨੇ ਧੀ ਦੇ। ਕਿਸੇ ਕੰਮ ਵਾਲੀ ਨਾਲ ਹੱਸ ਬੋਲ ਲੈਣਾ ਤਾਂ ਆਵਾਜ਼ ਸੁਣ ਸਹੁਰਾ ਸਾਹਿਬ ਨੇ ਆਖਣਾ ਇਹ ਦੋ ਜਣਿਆਂ ਨਾਲ ਹੀ ਖੁਸ਼ ਰਹਿ ਸਕਦੀ ਹੈ ਜਾਂ ਕੰਮ ਵਾਲਿਆਂ ਨਾਲ ਜਾ ਜਾਨਵਰਾਂ ਨਾਲ ਇਹਨਾਂ ਕੁੱਤਿਆਂ ਬਿੱਲਿਆਂ ਨਾਲ, ਸੁਣ ਅੱਖਾਂ ਚੋਂ ਵੱਡੇ ਵੱਡੇ ਗਲੇਡੂ ਡਿੱਗਣੇ ਪਰ ਚੁੱਪ ਚਾਪ ਚੁੰਨੀ ਨਾਲ ਪੂੰਝ ਕੰਮੇ ਲੱਗ ਜਾਣਾ।

ਜਦੋਂ ਹੌਲੀ ਹੌਲੀ ਸਿਰ ਦੇ ਸਾਈ ਨੂੰ ਅਪਣੀ ਮਾਂ ਦੀਆਂ ਬੁਰਾਈਆਂ ਦਾ ਬੁਰੇ ਵਰਤਾਰੇ ਦਾ ਅਹਿਸਾਸ ਹੋਇਆ, ਜਦੋਂ ਉਸ ਨੂੰ ਅਪਣੀ ਗਲਤੀ ਦਾ ਅਹਿਸਾਸ ਹੋਇਆ ਮੇਰੇ ਨਾਲ ਹੋ ਰਹੀਆਂ ਵਧੀਕੀਆਂ ਦਾ ਅਹਿਸਾਸ ਹੋਇਆ। ਹੌਲੀ ਹੌਲੀ ਮੇਰੀ ਦੁਨੀਆਂ ਬਦਲਣ ਲੱਗੀ। ਹੌਲੀ ਹੌਲੀ ਬੀਬੀ ਦਾ ਸੁਭਾਅ ਵੀ ਬਦਲਣ ਲੱਗਿਆ ਖੌਰੇ ਜਿਉਂ ਜਿਉਂ ਉਮਰ ਵਧੀ ਉਹਨਾਂ ਨੂੰ ਵੀ ਅਹਿਸਾਸ ਹੋਣ ਲੱਗਿਆ ਮੇਰੀ ਅੱਪਣਤ ਦਾ, ਮੋਹ ਦਾ, ਸੇਵਾ ਦਾ ਜਾਂ ਉਹਨਾਂ ਨੂੰ ਡਰ ਸੀ ਪੁੱਤ ਹੀ ਨਾ ਹੱਥੋਂ ਨਿਕਲ ਜਾਵੇ ਸਾਰੇ ਦਾ ਸਾਰਾ ਪਤਾ ਨਹੀਂ ਪਰ ਜੋ ਹੋਇਆ ਮੇਰੇ ਹੱਕ ਚ ਹੋਇਆ ਫਿਰ। ਸਹੁਰਾ ਸਾਹਿਬ ਦੀ ਸੇਹਤ ਖਰਾਬ ਰਹਿਣ ਲੱਗੀ। ਸੇਵਾ ਕਰਨੀ ਸਭ ਤੋਂ ਔਖੀ ਹੈ ਉਹ ਵੀ ਮੰਜੇ ਤੇ ਪਿਆ ਦੀ। ਕੋਲ ਬੈਠ ਰੋਟੀ ਖਵਾਉਣੀ ਦਵਾਈਆਂ ਦੇਣੀਆਂ ਸਰਦਾਰ ਜੀ ਨੇ ਇਸ਼ਨਾਨ ਕਰਵਾਉਣਾ ਪਗੜੀ ਅਪਣੇ ਹੱਥ ਨਾਲ ਬੰਨਣੀ, ਟਹਿਲ ਕਰਨੀ। ਮੈਂ ਕੋਲ ਬੈਠ ਸਿਰ ਪਲੋਸਣਾ ਪਾਠ ਕਰਨਾ, ਅੰਤ ਸਮੇਂ ਇੱਕ ਦਿਨ ਮੇਰਾ ਹੱਥ ਫੜ ਚੁੰਮ ਮੱਥੇ ਨੂੰ ਲਾਇਆ ਤੇ ਮੇਰੇ ਪੁੱਛਣ ਤੇ ਬੋਲੇ ਤੂੰ ਧੀ ਏ ਮੇਰੀ। ਸੁਣ ਜਿਵੇਂ ਲੱਗਿਆ ਇਹੀ ਕਮਾਈ ਏ ਮੇਰੀ ਚੌਵੀ ਸਾਲਾਂ ਦੀ ਮੇਹਨਤ ਦੀ। ਜਦੋਂ ਔਰਤ ਵਿਆਹੀ ਜਾਂਦੀ ਏ ਉਹ ਇੱਕਲੀ ਜਾਂਦੀ ਏ ਉਸ ਘਰੇ ਤੇ ਦੂਸਰੇ ਬੰਨੇ ਪੂਰਾ ਪਰਿਵਾਰ ਹੁੰਦਾ ਏ, ਮਰਦ ਦਾ ਝੁਕਾਅ ਅਪਣੇ ਪਰਿਵਾਰ ਵੱਲ ਜਿਆਦਾ ਹੁੰਦਾ ਏ ਪਰ ਸਮੇਂ ਨਾਲ ਔਰਤ ਅਪਣੇ ਨਾਲ ਧੀਰਜ ਨੂੰ ਜੋੜਦੀ ਏ ਸਿਆਣਪ ਨੂੰ ਰੱਖਦੀ ਏ ਕੋਲ, ਸਿੱਦਕ ਸ਼ਬਰ ਨਾਲ ਤੁਰਦੀ ਤੁਰਦੀ ਦਾ ਇਮਤਿਹਾਨਾਂ ਚੋਂ ਲੰਘਦੀ, ਇਮਤਿਹਾਨ ਪਾਰ ਕਰਦੀ ਦਾ ਪਲੜਾ ਫਿਰ ਜਿਆਦਾ ਭਾਰਾ ਹੋ ਜਾਂਦਾ ਫਿਰ ਉਹੀ ਪਰਿਵਾਰ ਉਸ ਨੂੰ ਅੱਖਾਂ ਉੱਤੇ ਬਿਠਾਉਂਦਾ ਹੈ।

ਆਦਮੀ ਦੀ ਬੇਪਰਵਾਹੀ ਨੂੰ ਲਾਪਰਵਾਹੀ ਨੂੰ ਸਬਰ ਨਾਲ ਕਿਵੇਂ ਅਪਨਾ ਲੈਂਦੀਆਂ ਨੇ ਤੇ ਮੁੱਹਬਤ ਨਾਲ ਕਿਵੇਂ ਜਿੱਤ ਲੈਂਦੀਆਂ ਨੇ ਸਭ ਦੇ ਦਿਲ ਧੀਆਂ ਨੂੰਹਾਂ ਬਣ। ਫਿਰ ਕਿਵੇਂ ਮੁੜ ਹੌਲੀ ਹੌਲੀ ਇਹ ਨੂੰਹਾਂ ਧੀਆਂ ਹੋ ਜਾਂਦੀਆਂ ਨੇ ਸਦਾ ਲਈ।

ਹਾਏ ਰੱਬਾ ਕਿੰਨੀਆਂ ਯਾਦਾਂ ਸੰਭਾਲ ਛੱਡੀਆਂ ਇਸ ਅਟੈਚੀ ਨੇ। ਸਿੱਦਕ ਨਾਲ ਹਰ ਬੇੜਾ ਪਾਰ ਕਰ ਲੈਂਦੀ ਹੈ ਹਰ ਧੀ।

ਸੋਚਾਂ ’ਚ ਡੁੱਬੀ ਨੂੰ ਫੜ ਹਲੂਣਦਿਆਂ ਧੀ ਨੇ ਅੱਖਾਂ ਚ ਆਏ ਅੱਥਰੂਆਂ ਨੂੰ ਪੂੰਝਦਿਆਂ ਜਦੋਂ ਪੁੱਛਿਆ

ਮੰਮਾ ਕੀ ਹੋਇਆ, ਤਾਂ ਉਸ ਅਟੈਚੀ ਦੀਆਂ ਯਾਦਾਂ ਚੋਂ ਬਾਹਰ ਆਈ ਨੇ ਮੁੜ ਅਟੈਚੀ ਚ ਸਾਰਾ ਸਮਾਨ ਰੱਖ ਉਸ ਦੀ ਖਰਾਬ ਹੋ ਰਹੀ ਜਿਪ ਨੂੰ ਧਿਆਨ ਨਾਲ ਓਵੇਂ ਹੀ ਬੰਦ ਕਰ ਦਿੱਤਾ ਜਿਵੇਂ ਖੋਲਿਆ ਸੀ। ਧੀ ਆਖਣ ਲੱਗੀ ਇਸ ਵਿੱਚ ਸਮਾਨ ਤੇ ਬਹੁਤ ਥੋੜਾ ਪਰ ਇਹ ਬਹੁਤ ਭਾਰੀ ਕਿਉਂ ਏ??? ਧੀ ਨੂੰ ਕੀ ਦੱਸਦੀ ਇਸ ਅਟੈਚੀ ਵਿੱਚ ਸਮਾਨ ਤੋਂ ਇਲਾਵਾ ਹਰ ਅਧੂਰੀ ਖਾਹਿਸ਼ ਤੇ ਬੁਰੀ ਯਾਦ ਪਾ ਪਾ ਭਰ ਦਿੱਤੀ ਸੀ ਨੱਕੋ ਨੱਕ, ਇਹ ਅਟੈਚੀ, ਜੋ, ਅੱਜ ਵਰ੍ਹਿਆਂ ਬਾਅਦ ਖੁੱਲ੍ਹੀ ਤੇ ਹਰ ਗੱਲ ਹਰ ਖਾਹਿਸ਼ ਫਿਰ ਯਾਦ ਆ ਗਈ ਸੀ, ਹੋਰ ਹੰਝੂ ਕਾਹਦੇ ਨੇ। ਔਰਤ ਅੰਦਰੋਂ ਅੰਦਰੀ ਜਰਦੀ ਹੈ ਸਭ ਕੁੱਝ ਤੇ ਸਮੇਂ ਨਾਲ ਸਭ ਨੂੰ ਅਪਣਾ ਬਣਾ ਲੈਂਦੀ ਏ ਖੌਰੇ ਇਤਨੀ ਹਿੰਮਤ ਕਿਵੇਂ ਭਰ ਦੇਂਦਾ ਏ ਰੱਬ ਸੋਹਣਾ ਧੀਆਂ ਦੇ ਅੰਦਰ।

ਧੀ ਨੂੰ ਘੁੱਟ ਕੇ ਗਲ ਨਾਲ ਲਾ ਲਿਆ ਤੇ ਇਤਨਾ ਹੀ ਆਖ ਸਕੀ ਪੁੱਤ ਇਸ ਸਮਾਨ ਤੋਂ ਇਲਾਵਾ ਇਸ ਅਟੈਚੀ ਵਿੱਚ ਤੇਰੀ ਨਾਨੀ ਨੇ ਦਿਆ, ਸਿੱਦਕ, ਸਬਰ, ਹੌਸਲਾ, ਹਿੰਮਤ, ਹਲੀਮੀ ਤੇ ਮੁੱਹਬਤ ਵੀ ਦਿੱਤੀ ਸੀ ਤਾਂ ਹੀ ਤੇ ਇਤਨੀ ਭਾਰੀ ਹੈ ਇਹ ਅਟੈਚੀ ਤੇ ਇਹ ਸਾਰੀਆਂ ਚੀਜ਼ਾਂ ਦਇਆ ਸਿੱਦਕ ਸਬਰ ਹੌਂਸਲਾ ਹਲੀਮੀ ਮੁੱਹਬਤ ਆਪਾਂ ਤੇਰੇ ਦਾਜ ਵਾਲੇ ਅਟੈਚੀ ਵਿੱਚ ਵੀ ਰੱਖਣੀਆਂ ਨੇ ਤਾਂ ਕਿ ਰੱਬ ਨਾ ਕਰੇ, ਪਰ ਜੇ ਇਮਤਿਹਾਨ ਆਉਣ ਤੂੰ ਉਹਨਾਂ ਨੂੰ ਮਾਂ ਦੀ ਤਰ੍ਹਾਂ ਸਬਰ ਨਾਲ ਜਰ, ਸੰਭਾਲ ਲਵੇ ਸਭ।

• • •

**ਮੋਬਾ. 99155-01435**

ਕਹਾਣੀ : **ਗੁਰਮੀਤ ਸਿੰਘ ਮਰਾੜ੍ਹ**



# ਤੁਰਦੀਆਂ ਲਾਸ਼ਾਂ

"ਚਾਚਾ ਖੇਤ ਚੱਲੇ ਹੋ, ਇਹ ਮੁੰਡਾ...?" ਸਾਹਮਣਿਓ ਆ ਰਹੇ ਤੀਹ ਬੱਤੀ ਸਾਲ ਦੇ ਨੌਜਵਾਨ ਨੇ ਇਕਦਮ ਫੁੱਫੜ ਜੀ ਨੂੰ ਸਵਾਲ ਕੀਤਾ। ਸ਼ਾਇਦ ਉਹ ਕੋਈ ਵੱਡੀ ਜਾਂ ਰਾਜ਼ ਵਾਲੀ ਗੱਲ ਕਰਨੀ ਚਾਹੁੰਦਾ ਸੀ। ਉਹ ਥੋੜ੍ਹਾ ਘਬਰਾਇਆ ਹੋਇਆ ਵੀ ਸੀ।

"ਇਹ ਤੇਰੀ ਚਾਚੀ ਦਾ ਭਤੀਜਾ ਹੈ, ਜੇਕਰ ਕੋਈ ਭੇਦ ਵਾਲੀ ਗੱਲ ਹੈ ਤਾਂ ਬੇਫਿਕਰ ਹੋ ਕੇ ਦੱਸ।" ਫੁੱਫੜ ਜੀ ਨੇ ਬਹੁਤ ਹੀ ਆਦਰ ਨਾਲ ਮੇਰੇ ਬਾਰੇ ਦੱਸਿਆ ਸੀ। ਇਹ ਨਹੀਂ ਕਿ ਅੱਜ ਦੀ ਪੀੜ੍ਹੀ ਵਾਂਗ ਜੀਜੇ ਸਾਲੇ ਵਾਲੀ ਰਿਸ਼ਤੇਦਾਰੀ ਵਾਲਾ ਹੋਛਾਪਣ ਵਿਖਾਇਆ ਸੀ।

"ਚਾਚਾ ਤੁਹਾਡੇ ਮੱਥੇ ਲਾਸ਼...। ਕੰਮ ਤਾਂ ਮੈਂ ਹੀ ਨਿਬੇੜ ਆਉਂਦਾ ਪਰ ਦਿਨ ਬਹੁਤ ਚੜ੍ਹ ਗਿਆ ਸੀ। ਮੈਂ ਪਾਸਾ ਵੱਟ ਕੇ ਚੱਕਵੇਂ ਪੈਰੀਂ ਆ ਗਿਆ। ਉਧਰ ਨਾ ਹੀ ਜਾਓ, ਪੱਠੇ ਵੀ ਸਾਡਿਓਂ ਨਿਆਈਂ 'ਚੋਂ ਵੱਡ ਲਵੀਂ। ਨੇਰੇ -ਸਵੇਰੇ ਵੇਖ ਲਵੋ ਜੇ..।ਘਰੋਂ ਵੀ ਪਾਸਾ ਹੀ ਰੱਖੀਂ।" ਨੌਜਵਾਨ ਆਸੇ ਪਾਸੇ ਦੇਖਦਾ ਆਪਣੀ ਗੱਲ ਕਹਿ ਤੁਰ ਗਿਆ ਸੀ। ਫੁੱਫੜ ਜੀ ਦੇ ਮੱਥੇ ਇਕਦਮ ਪਸੀਨਾ ਆ ਗਿਆ ਸੀ। ਉਨ੍ਹਾਂ ਮੈਨੂੰ ਉੱਥੋਂ ਹੀ ਮੁੜਨ ਲਈ ਕਿਹਾ।ਮੇਰੇ ਪੁੱਛਣ ਤੇ ਵੀ ਕੋਈ ਗੱਲ ਨਾ ਦੱਸੀ ਸਗੋਂ ਚੱਕਵੇਂ ਪੈਰੀਂ ਘਰ ਵੱਲ ਨੂੰ ਹੋ ਤੁਰੇ।ਮੈਨੂੰ ਬੜੀ ਹੈਰਾਨੀ ਹੋ ਰਹੀ ਸੀ ਕਿ ਇਹ ਲਾਸ਼ ਵਾਲਾ ਚੱਕਰ ਕੀ ਹੈ।

ਘਰੇ ਆ ਫੁੱਫੜ ਜੀ ਨੇ ਭੂਆ ਦੇ ਕੰਨ ਵਿੱਚ ਇਹ ਗੱਲ ਦੱਸੀ ਤਾਂ ਉਨ੍ਹਾਂ ਦਾ ਰੰਗ ਵੀ ਇਕਦਮ ਉੱਡ ਗਿਆ। ਉਹ ਜਲਦੀ ਨਾਲ ਰੋਟੀ ਖਾ, ਖਾ ਨਹੀਂ ਨਿਗਲ ਘਰੋਂ ਨਿਕਲ ਗਏ। "ਮਿੰਦੋ ਮੁੰਡੇ ਨੂੰ ਕਿਸੇ ਦੇ ਮੱਥੇ ਨਾ ਲਾਵੀਂ, ਅੰਦਰ ਹੀ ਰੱਖੀਂ।" ਜਾਂਦਿਆਂ ਭੂਆ ਜੀ ਨੂੰ ਤਾਕੀਦ ਕਰ ਗਏ।ਭੂਆ ਜੀ ਨੇ ਵੀ ਉਸੇ ਵਕਤ ਬੂਹਾ ਬੰਦ ਕਰ ਲਿਆ ਸੀ ਤੇ ਮੈਨੂੰ ਕਹਿ ਦਿੱਤਾ ਸੀ ਕਿ ਕਿਸੇ ਦੇ ਆਵਾਜ਼ ਮਾਰਨ ਵੇਲੇ ਬਾਹਰ ਨਾ ਨਿਕਲ਼ਾਂ ਸਗੋਂ ਕਮਰੇ ਅੰਦਰ ਰਿਹਾਂ।

ਕਿੰਨੇ ਚਾਅ ਨਾਲ ਮੈਂ ਉਨ੍ਹਾਂ ਨੂੰ ਮਿਲਣ ਲਈ ਪਿੰਡ ਆਇਆ ਸੀ ਤੇ ਆਉਂਦਿਆਂ ਹੀ ਨਵੀਂ ਮੁਸੀਬਤ ਖੜ੍ਹੀ ਹੋ ਗਈ ਸੀ। ਕਾਫ਼ੀ ਚਿਰ ਹੋ ਗਿਆ ਸੀ ਉਨ੍ਹਾਂ ਨੂੰ ਮਿਲਿਆਂ ਸੋ ਬੜਾ ਜੀਅ ਕਰਦਾ ਸੀ ਮਿਲਣ ਨੂੰ। ਮੰਮੀ ਪਾਪਾ ਹੋਰੀਂ ਵੀ ਮਨ੍ਹਾ ਕਰਦੇ ਸੀ ਕਿਉਂਕਿ ਇੱਕ ਤਾਂ ਆਉਣ ਜਾਣ ਦੀ ਸਮੱਸਿਆ ਸੀ ਛੇਤੀ ਕੀਤੇ ਕੋਈ ਸਾਧਨ ਨਹੀਂ ਸੀ ਮਿਲਦਾ, ਦੂਜਾ ਹਾਲਾਤ ਵੀ ਠੀਕ ਨਹੀਂ ਸੀ। ਮੈਨੂੰ ਭੂਆ ਹੋਰਾਂ ਦਾ ਪਿਆਰ ਅਤੇ ਉਨ੍ਹਾਂ ਦੇ ਵੱਡੇ ਲੜਕੇ ਜਗਤਾਰ ਦੀ ਯਾਦ ਖਿੱਚ ਲਿਆਈ ਸੀ। ਮੈਂ ਤੇ ਜਗਤਾਰ ਹਾਣੀ ਸਾਂ ਤੇ ਕਾਲਜ ਵਿੱਚ ਇਕੱਠੇ ਹੀ ਪੜ੍ਹਦੇ ਸੀ। ਉਂਝ ਜਗਤਾਰ ਕੱਦ-ਕਾਠ ਵਿੱਚ ਮੇਰੇ ਨਾਲੋਂ ਸਿਰ ਕੱਢਵਾਂ ਸੀ, ਇੱਕ ਤਾਂ ਪਿੰਡਾਂ ਵਿੱਚ ਘਰ ਦਾ ਦੁੱਧ ਘਿਓ, ਦੂਜਾ ਖੇਤੀ ਦੇ ਕੰਮ ਵਿੱਚ ਲੱਗੇ ਹੋਣ ਕਰਕੇ ਵਰਜਿਸ਼ ਹੁੰਦੀ ਰਹਿੰਦੀ ਸੀ। ਕਿੱਥੇ ਸ਼ਹਿਰ ਵਿੱਚ ਮੁੱਲ ਦਾ ਦੁੱਧ, ਦੁੱਧ ਵੀ ਕਾਹਨੂੰ ਚਿੱਟਾ ਪਾਣੀ ਸੀ। ਮੇਰਾ ਵੈਸੇ ਵੀ ਘਰ ਦੀ ਬਿੱਲੀ, ਘਰੇ ਮਿਆਊਂ ਵਾਲੀ ਹਾਲਤ ਸੀ, ਨਾ ਕੋਈ ਖੇਡ ਨਾ ਕੋਈ ਦੌੜ ਭੱਜ।ਜਗਤਾਰ ਪਟਿਆਲਾ ਸ਼ਾਹੀ ਪੱਗ ਨਾਲ ਮੇਚਵੀਂ ਫਿਫਟੀ ਲਗਾ ਕਿਸੇ ਹੀਰੋ ਵਾਂਗ ਲੱਗਦਾ ਸੀ, ਦੂਸਰਾ ਉਸਦਾ ਹੱਸਮੁੱਖ ਸੁਭਾਅ ਸਭ ਨੂੰ ਮੋਹ ਲੈਂਦਾਂ ਸੀ। ਉਹ ਪੜ੍ਹਨ ਵਿੱਚ ਵੀ ਪੂਰਾ ਹੁਸ਼ਿਆਰ ਸੀ ਤੇ ਜ਼ਿੰਦਗੀ ਦਾ ਕੋਈ ਉੱਚਾ ਦਾਈਆ ਮਿੱਥਿਆ ਹੋਇਆ ਸੀ। ਮਾਂ ਪਿਓ ਨੂੰ ਵੀ ਉਸ ਤੋਂ ਉੱਚੀਆਂ ਉਮੀਦਾਂ ਸਨ।

ਪੰਜਾਬ ਵਿੱਚ ਉਸ ਸਮੇਂ ਕਾਲੇ ਦਿਨਾਂ ਦੀ ਸਿਖਰ ਸੀ, ਕਿਸੇ ਨੂੰ ਵੀ ਆਪਣੀ ਜ਼ਿੰਦਗੀ ਦਾ ਪਤਾ ਨਹੀਂ ਸੀ। ਆਮ ਬੰਦਾ ਹਰ ਪਾਸਿਓਂ ਨਪੀੜਿਆ ਹੋਇਆ ਸੀ। ਜਗਤਾਰ ਵੀ ਇੱਕ ਦਿਨ ਖੇਤ ਗਿਆ ਲਾਪਤਾ ਹੋ ਗਿਆ ਸੀ। ਬੜੀ ਭਾਲ ਕੀਤੀ ਪਰ ਪੱਲੇ ਕੁਝ ਨਾ ਪਿਆ। ਪੁਲਿਸ ਕੋਲ ਵੀ ਰਿਪੋਰਟ ਕਰਾਈ, ਉਨ੍ਹਾਂ ਵੀ ਪੁੱਠੇ ਸਿੱਧੇ ਜਵਾਬ ਦੇ ਤੋਰ ਦਿੱਤਾ। ਅਖੇ ਕਾਲਜ ਪੜ੍ਹਦੀ ਕਿਸੇ ਕੁੜੀ ਨੂੰ ਲੈਕੇ ਭੱਜ ਗਿਆ ਹੋਣਾ, ਆ ਜਾਊ ਚਾਰਾਂ ਦਿਨਾਂ ਨੂੰ। ਉਸ ਤੋਂ ਬਾਅਦ ਜਗਤਾਰ ਕਦੇ ਨਾ ਪਰਤਿਆ, ਨਾ ਹੀ ਉਸ ਬਾਰੇ ਕੋਈ ਉੱਘ ਸੁੱਘ ਮਿਲੀ। ਸਾਰੇ ਥੱਕ ਹਾਰ ਬੈਠ ਗਏ। ਭੂਆ ਹੋਰਾਂ ਛੋਟੇ ਭਰਾ ਦਲਜੀਤ ਨੂੰ ਵੀ ਚੱਕ ਧਰ ਕਰ ਬਾਹਰ ਭੇਜ ਦਿੱਤਾ ਸੀ। ਇਸ ਤੋਂ ਬਾਅਦ ਮੈਨੂੰ ਵੀ ਘਰੋਂ ਬਾਹਰ ਘੱਟ ਹੀ ਨਿਕਲਣ ਦਿੱਤਾ ਜਾਂਦਾ ਸੀ ਤੇ ਪਿੰਡ ਵੱਲ ਆਉਣ ਤੋਂ ਤਾਂ ਜਵਾਂ ਹੀ ਮਨ੍ਹਾ ਸੀ। ਹੁਣ ਵੀ ਮੈਂ ਮੰਮੀ ਪਾਪਾ ਨੂੰ ਮਸਾਂ ਮਨਾਇਆ ਸੀ ਤੇ ਆਉਂਦਿਆਂ ਹੀ ਨਵੀਂ ਮੁਸੀਬਤ ਖੜੀ ਹੋ ਗਈ ਸੀ।

ਕਾਫ਼ੀ ਕਹਿ ਕਹਾ ਮੈਂ ਭੂਆ ਨੂੰ ਪੂਰੀ ਗੱਲ ਦੱਸਣ ਲਈ ਮਨਾਇਆ, ਉਨ੍ਹਾਂ ਅਨੁਸਾਰ ਪਿੰਡ ਦੇ ਲਾਗਿਓਂ ਵੱਡੀ ਨਹਿਰ ਲੰਘਦੀ ਹੈ, ਉਸ ਨਹਿਰ ਦੇ ਪਰਲੇ ਪਾਸੇ ਆਪਣਾ ਖੇਤ ਹੈ। ਜਦੋਂ ਦੇ ਇਹ ਕਾਲੇ ਦਿਨ ਸ਼ੁਰੂ ਹੋਏ ਹਨ ਉਦੋਂ ਤੋਂ ਉਸ ਨਹਿਰ ਵਿੱਚ ਗਾਹੇ ਬਗਾਹੇ ਲਾਸ਼ਾਂ ਲੰਘਦੀਆਂ ਰਹਿੰਦੀਆਂ ਹਨ। ਚੌਕੀ ਵਾਲਿਆਂ ਅਨੁਸਾਰ ਹਰ ਖੇਤ ਮਾਲਿਕ ਇਸ ਗੱਲ ਦਾ ਧਿਆਨ ਰੱਖੇ ਤੇ ਵੇਲ਼ੇ ਕੁਵੇਲੇ ਇਸ ਤਰ੍ਹਾਂ ਦੀਆਂ ਲਾਸ਼ਾਂ ਨੂੰ ਅੱਗੇ ਤੋਰ ਦੇਵੇ। ਨਾ ਤੋਰਨ

ਵਾਲੇ ਨੂੰ ਮਾਰਦੇ ਕੁੱਟਦੇ ਹਨ ਤੇ ਮੰਦਾ ਬੋਲਦੇ ਹਨ। ਉਹ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਸਾਰਾ ਕੰਮ ਦੂਜਿਆਂ ਸਿਰ ਮੜ੍ਹ ਦਿੰਦੇ ਹਨ। ਜਦੋਂ ਉਪਰਲਿਆਂ ਨੂੰ ਪਤਾ ਲੱਗਦਾ ਹੈ ਕਿ ਕੋਈ ਲਾਸ਼ ਆਈ ਸੀ ਤਾਂ ਉਹ ਅੱਡ ਆ ਧਮਕਦੇ ਹਨ ਕਿ ਇਤਲਾਹ ਕਿਉਂ ਨਹੀਂ ਦਿੱਤੀ। ਲੋਕ ਤਾਂ ਦੋਵੀਂ ਪਾਸੀਂ ਫਸੇ ਹੋਏ ਹਨ। ਬਸ ਪੁੱਤ ਲੋਕਾਂ ਨੂੰ ਆਪ ਹੀ ਹਨੇਰੇ ਸਵੇਰੇ ਇਹ ਕੰਮ ਕਰਨਾ ਪੈਂਦਾ ਹੈ। ਪਤਾ ਨਹੀਂ ਕਿਹੜਿਆਂ ਅਭਾਗਿਆਂ ਦੀਆਂ ਇਹ ਲਾਸ਼ਾਂ ਰੁਲਦੀਆਂ ਫਿਰਦੀਆਂ ਹਨ। ਕਹਿੰਦਿਆਂ ਕਹਿੰਦਿਆਂ ਭੂਆ ਦੇ ਅੱਖਾਂ ਵਿੱਚੋਂ ਹੰਝੂ ਟਪਕ ਪਏ। ਭੂਆ ਨੇ ਮੈਨੂੰ ਫਿਰ ਬਾਹਰੋਂ ਆਵਾਜ਼ ਮਾਰਨ ਤੇ ਅੰਦਰ ਅਤੇ ਚੁੱਪ ਰਹਿਣ ਲਈ ਜ਼ੋਰ ਪਾਇਆ। "ਹੇ ਰੱਬਾ, ਜੁਆਕ ਸਹੀ ਸਲਾਮਤ ਆਪਣੇ ਘਰ ਚੱਲਿਆ ਜਾਵੇ।" ਭੂਆ ਹੱਥ ਜੋੜ ਅਰਦਾਸ ਕਰੀ ਜਾਂਦੀ ਸੀ।

ਸ਼ਾਮ ਹੋਣ ਤੇ ਫੁੱਫੜ ਪੱਠਿਆਂ ਸਮੇਤ ਘਰ ਆਇਆ ਸੀ, ਦਿਨ ਭਰ ਆਸੇ ਪਾਸੇ ਹੋ ਬਿੜਕਾਂ ਲੈਂਦਾਂ ਰਿਹਾ ਸੀ। ਰਾਤ ਨੂੰ ਰੋਟੀ ਖਾ ਖੇਤ ਜਾਣ ਲਈ ਤਿਆਰ ਹੋ ਗਿਆ ਸੀ। ਉਨ੍ਹਾਂ ਦੀ ਉਮਰ ਅਤੇ ਨਜ਼ਰ ਦੀ ਕਮਜ਼ੋਰੀ ਕਾਰਨ ਮੈਂ ਵੀ ਨਾਲ ਜਾਣ ਲਈ ਤਿਆਰ ਹੋ ਗਿਆ ਭਾਵੇਂ ਕਿ ਉਹ ਮੈਨੂੰ ਕਿਸੇ ਵੀ ਹਾਲਤ ਵਿੱਚ ਲਿਜਾਣਾ ਨਹੀਂ ਚਾਹੁੰਦੇ ਸੀ। ਚੁੱਪ ਚਾਪ ਬਿੜਕਾਂ ਲੈਂਦੇਂ ਅਸੀਂ ਖੇਤ ਪਹੁੰਚ ਗਏ। ਫੁੱਫੜ ਜੀ ਨੇ ਜਾਂਦਿਆਂ ਸਾਰ ਮੋਟਰ ਚਲਾ ਖਾਡੇ (ਚੁਬੱਚੇ) ਵਿੱਚ ਪਾਣੀ ਭਰਿਆ, ਮੈਂ ਹੈਰਾਨ ਸੀ ਕਿ ਉਹ ਕੀ ਕਰ ਰਹੇ ਹਨ। ਫਿਰ ਉਨ੍ਹਾਂ ਖਾਲ਼ ਵਿੱਚੋਂ ਥੋੜ੍ਹੀ ਜਿਹੀ ਜਗ੍ਹਾ ਪੱਟ ਇੱਕ ਲੰਬਾ ਬਾਂਸ ਕੱਢਿਆ ਤੇ ਇਸ਼ਾਰਾ ਕਰ ਮੈਨੂੰ ਨਾਲ ਲੈ ਤੁਰ ਪਏ। ਪਟੜੀ ਚੜ੍ਹਨ ਤੋਂ ਪਹਿਲਾਂ ਫਿਰ ਚਾਰ ਚੁਫੇਰੇ ਨਜ਼ਰ ਮਾਰੀ ਤੇ ਵਗਦੇ ਪਾਣੀ ਕੋਲ ਜਾ ਪਹੁੰਚੇ। ਲਾਸ਼ ਇੱਕ ਹਲਕੇ ਜਿਹੇ ਬੂਝੇ ਨਾਲ ਅਟਕੀ ਹੋਈ ਸੀ। ਅਸੀਂ ਬਾਂਸ ਦੀ ਹੁੱਝ ਨਾਲ ਉਸ ਨੂੰ ਵਹਿਣ ਦੇ ਹਵਾਲੇ ਕਰ ਦਿੱਤਾ ਤੇ ਉਹ ਅੱਗੇ ਤੁਰ ਗਈ। ਫੁੱਫੜ ਜੀ ਨੇ ਦਰੱਖਤ ਦੀ ਟਾਹਣੀ ਤੋੜ ਪੈੜਾਂ ਮਿਟਾ ਦਿੱਤੀਆਂ ਤੇ ਅਸੀਂ ਵਾਪਸ ਖੇਤ ਆ ਗਏ। ਬਾਂਸ ਨੂੰ ਉਸੇ ਥਾਂ ਨੱਪ ਉਪਰੋਂ ਪਾਣੀ ਛੱਡ ਦਿੱਤਾ, ਹੁਣ ਮੈਨੂੰ ਪਾਣੀ ਭਰਨ ਦੀ ਗੱਲ ਸਮਝ ਆਈ ਸੀ।

"ਫੁੱਫੜ ਜੀ, ਲਾਸ਼ਾਂ ਕਿੱਥੋਂ ਆਉਂਦੀਆਂ ਹੋਣਗੀਆਂ...?" ਮੈਂ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਫੁੱਫੜ ਜੀ ਨੇ ਮੈਨੂੰ ਖਿੱਚਕੇ ਖਾਲ਼ ਵਿੱਚ ਸੁੱਟ ਦਿੱਤਾ ਤੇ ਮੂੰਹ ਤੇ ਹੱਥ ਰੱਖ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਅਸੀਂ ਕੰਮ ਨਿਪਟਾ ਖੇਤੋਂ ਤੁਰੇ ਹੀ ਸੀ ਤੇ ਪੁੱਲ ਤੋਂ ਪਿੱਛੇ ਹੀ ਸਾਂ। ਉਨ੍ਹਾਂ ਨੇ ਪੁੱਲ ਚੜ੍ਹਦੀਆਂ ਗੱਡੀਆਂ ਦੀਆਂ ਲਾਈਟਾਂ ਦੇਖ ਲਈਆਂ ਸਨ। ਪੁੱਲ ਤੇ ਦੋ ਤਿੰਨ ਗੱਡੀਆਂ ਆ ਰੁਕੀਆਂ, ਅਸੀਂ ਸਾਹ ਰੋਕ ਲੰਮੇ ਪੈ ਗਏ, ਕਣਕ ਵੀ ਅਜੇ ਗਿੱਠ ਗਿੱਠ ਹੀ ਹੋਈ ਸੀ ਜੋ ਸਾਨੂੰ ਉਹਲਾ ਕਰਨ ਤੋਂ ਅਸਮਰੱਥ ਸੀ। ਗੱਡੀਆਂ ਵਿੱਚੋਂ ਉਤਰਨ ਵਾਲਿਆਂ ਪਹਿਲਾਂ ਬੈਟਰੀਆਂ ਦੇ ਚਾਨਣ ਵਿੱਚ ਆਸ ਪਾਸ ਦਾ ਜਾਇਜ਼ਾ ਲਿਆ। ਫਿਰ ਵਿਚਕਾਰਲੀ ਗੱਡੀ ਵਿੱਚੋਂ ਕੁੱਝ ਕੱਢਿਆ ਤੇ ਨਹਿਰ ਵਿੱਚ ਸੁੱਟ ਦਿੱਤਾ। 'ਧੜਾਮ' ਦੀ ਭਾਰੀ ਆਵਾਜ਼ ਤੋਂ ਲੱਗਦਾ ਸੀ ਕਿ ਕੋਈ ਭਾਰੀ ਚੀਜ਼ ਸੁੱਟੀ ਗਈ ਹੈ। ਪਹਿਲਾਂ ਵਾਂਗ ਉਨ੍ਹਾਂ ਆਸੇ ਪਾਸੇ ਫਿਰ ਬੈਟਰੀਆਂ ਮਾਰ ਸਥਿਤੀ ਦਾ ਜਾਇਜ਼ਾ ਲਿਆ ਅਤੇ ਵਾਪਿਸ ਉਸੇ ਰਸਤੇ ਮੁੜ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਅਸੀਂ ਆਪਣੇ ਥਾਂ ਤੋਂ ਉੱਠੇ ਅਤੇ ਪੂਰੇ ਧਿਆਨ ਨਾਲ ਅੱਗਾਂ ਪਿੱਛਾ ਦੇਖਦੇ ਹੋਏ ਪੁੱਲ ਤੇ ਆ ਚੜ੍ਹੇ। ਪੁੱਲ ਦੇ ਵਿਚਕਾਰ ਆ ਫੁੱਫੜ ਜੀ ਨੇ ਲੰਮਾ ਹੌਕਾ ਲਿਆ ਤੇ ਗਲਾਰਨਾਂ ਨੂੰ ਫੜ੍ਹ ਪਾਣੀ ਵੱਲ ਵੇਖਣ ਲੱਗੇ, "ਸ਼ਾਇਦ ਮੇਰੇ ਪੁੱਤ ਦੀ ਲਾਸ਼ ਵੀ ਕਦੇ ਇਉਂ ਹੀ ਕਿਸੇ ਨਹਿਰ ਵਿਚ ਸੁੱਟੀ ਹੋਵੇਗੀ।" ਉਹ ਉੱਥੇ ਹੀ ਬੈਠ ਗਏ ਜਾਂ ਬੇਵੱਸ ਹੋ ਡਿੱਗ ਪਏ। ਮੈਂ ਸਮਝਾ ਬੁੱਝਾ ਉਨ੍ਹਾਂ ਨੂੰ ਉਠਾਇਆ ਤੇ ਘਰ ਵੱਲ ਰਵਾਨਾ ਹੋ ਗਏ। ਲੱਗਦਾ ਸੀ ਅਸੀਂ ਤੁਰ ਨਹੀਂ ਲੱਤਾਂ ਘੜੀਸ ਵਾਟ ਨੇੜੇ ਕਰਦੇ ਹੋਈਏ।

ਪਿੰਡ ਵਿੱਚ ਚਾਰ ਚੁਫੇਰੇ ਸੁੰਨ ਸਾਂ ਪਸਰੀ ਹੋਈ ਸੀ, ਕਿਤੋਂ ਵੀ ਦੀਵਾ ਬੱਤੀ ਦੀ ਰੌਸ਼ਨੀ ਨਜ਼ਰ ਨਹੀਂ ਸੀ ਆ ਰਹੀ। ਫੁੱਫੜ ਜੀ ਨੇ ਬੂਹੇ ਤੇ ਖੜ੍ਹ ਹੌਲੀ ਜਿਹੀ ਆਵਾਜ਼ ਵਿੱਚ ਕਿਹਾ ਸੀ, "ਮਿੰਦੋ ਅਸੀਂ...।" ਬੂਹਾ ਖੁੱਲਿਆ ਤੇ ਨਾਲ ਦੀ ਨਾਲ ਜਿੰਦਰਾ ਲੱਗ ਗਿਆ। ਮੂੰਹ ਹੱਥ ਧੋ ਅਸੀਂ ਕੱਪੜੇ ਬਦਲੇ ਤੇ ਬਿਸਤਰੇ ਵਿੱਚ ਵੜ੍ਹ ਗਏ। ਨਾ ਚਾਹੁੰਦਿਆਂ ਵੀ ਭੂਆ ਨੇ ਗਰਮ ਗਰਮ ਦੁੱਧ ਪਿਆ ਦਿੱਤਾ। ਨੀਂਦ ਅੱਖਾਂ ਤੋਂ ਦੂਰ ਹੋ ਗਈ ਸੀ, ਮਨ ਵਿੱਚ ਲਾਸ਼ਾਂ ਸਬੰਧੀ ਸੋਚਾਂ ਆ ਰਹੀਆਂ ਸਨ। ਪਤਾ ਨਹੀਂ ਵਿਚਾਰੇ ਕੌਣ ਹੋਣਗੇ, ਮਾਂ ਪਿਓ ਕਿੱਥੇ ਕਿੱਥੇ ਲੱਭਦੇ ਫਿਰਦੇ ਹੋਣਗੇ ਤੇ ਇਹ ਲਵਾਰਿਸ਼ ਨਹਿਰ ਵਿੱਚ...।

ਅਜੇ ਕਿਤੇ ਅੱਖ ਲੱਗੀ ਹੀ ਸੀ ਕਿ ਭੂਆ ਜੀ ਚਾਹ ਲੈ ਕੇ ਆ ਗਏ, "ਪੁੱਤ ਚਾਹ ਪੀ ਮੂੰਹ ਹੱਥ ਧੋ ਤਿਆਰ ਹੋ ਜਾਹ। ਤੇਰਾ ਫੁੱਫੜ ਤੈਨੂੰ ਦੂਜੇ ਪਿੰਡੋਂ ਚੜ੍ਹਾ ਆਊਗਾ, ਆਪਣੇ ਪਿੰਡੋਂ ਤਾਂ ਦਿਨ ਚੜ੍ਹੇ ਸਾਧਨ ਮਿਲੂ। ਅਸੀਂ ਤੈਨੂੰ ਪਿੰਡ ਵਾਲਿਆਂ ਦੇ ਮੱਥੇ ਨਹੀਂ ਲਗਾਉਣਾ ਚਾਹੁੰਦੇ।" ਅਜੇ ਪੰਜ ਹੀ ਵਜੇ ਸਨ ਤੇ ਮੂੰਹ ਹਨੇਰੇ ਹੀ ਪਿੰਡੋਂ ਨਿਕਲਣਾ ਸੀ। ਮੈਂ ਚੁੱਪ ਚਾਪ ਕੱਪੜੇ ਬਦਲੇ ਤੇ ਅਸੀਂ ਹਲਕੇ ਹਨੇਰੇ ਅਤੇ ਧੁੰਦ ਵਿੱਚ ਤੁਰ ਪਏ। ਰਸਤੇ ਵਿੱਚ ਵੀ ਅਸੀਂ ਕੋਈ ਗੱਲਬਾਤ ਨਾ ਕੀਤੀ। ਪੰਦਰਾਂ ਵੀਹਾਂ ਮਿੰਟਾਂ ਵਿੱਚ ਅਸੀਂ ਦੂਜੇ ਪਿੰਡ ਪਹੁੰਚ ਗਏ। ਦਸ ਮਿੰਟ ਦੀ ਉਡੀਕ ਮਗਰੋਂ ਤਿੰਨ ਪਹੀਆ ਟੈਂਪੂ ਆ ਗਿਆ ਸੀ। ਮੈਂ ਬੈਠਣ ਲੱਗਿਆਂ ਫੁੱਫੜ ਦੇ ਪੈਰੀਂ ਹੱਥ ਲਾਇਆ ਤਾਂ ਵੀ ਉਨ੍ਹਾਂ ਦੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ ਤੇ ਸਿਰਫ਼ ਮੇਰੇ ਮੋਢੇ ਹੱਥ ਰੱਖਿਆ। ਪਤਾ ਨਹੀਂ ਮਨ ਵਿੱਚ ਕਿੰਨਾ ਰੋ ਰਹੇ ਹੋਣਗੇ। ਟੈਂਪੂ ਵਿੱਚ ਤਿੰਨ ਚਾਰ ਸਵਾਰੀਆਂ ਬੈਠੀਆਂ ਸਨ, ਉਨ੍ਹਾਂ ਮੈਨੂੰ ਇੱਕ ਵਾਰ ਵੇਖਿਆ ਤੇ ਨਜ਼ਰਾਂ ਫੇਰ ਲਈਆਂ। ਜਿਨ੍ਹਾਂ ਪੰਜਾਬੀਆਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਅੱਧਾ ਕਿਲੋਮੀਟਰ ਸਫ਼ਰ ਕਰ ਰਿਸ਼ਤੇਦਾਰੀਆਂ ਕੱਢ ਲੈਂਦੇ ਹਨ, ਹੁਣ ਬੁਲਾਉਣਾ ਤਾਂ ਦੂਰ ਕੋਈ ਕਿਸੇ ਵੱਲ ਵੇਖ ਵੀ ਨਹੀਂ ਸੀ ਰਿਹਾ। ਅਜੀਬ ਤਰ੍ਹਾਂ ਦਾ ਭੈਅ ਮਹਿਸੂਸ ਹੋ ਰਿਹਾ ਸੀ, ਸਭ ਖਾ ਪੀ ਰਹੇ ਹਨ, ਸਾਹ ਲੈ ਰਹੇ ਹਨ, ਤੁਰੇ ਫਿਰਦੇ ਹਨ ਪਰ ਜੀਣ ਵਰਗੀ ਚੀਜ਼ ਅਲੋਪ ਸੀ।

• • •

**ਮੋਬਾ. 9501400397**

ਕਹਾਣੀ : **ਤਰਸੇਮ ਸਿੰਘ ਭੰਗੂ**



# ਜਿਸੁ ਪਿਆਰੇ ਸਿਉ ਨੇਹੁ

ਡਿਊਟੀ ਤੋਂ ਪਰਤ ਕੇ ਸਕੂਟਰ ਖੜ੍ਹਾ ਕਰਦਿਆਂ ਮੈਨੂੰ ਹਮੇਸ਼ਾ ਤੋਂ ਉਲਟ ਘਰ ਦਾ ਮਾਹੌਲ ਤੂਫ਼ਾਨ ਆਉਣ ਤੋਂ ਪਹਿਲਾਂ ਪਸਰੀ ਚੁੱਪ ਵਰਗਾ ਲੱਗਾ। ਚੁੱਪ-ਚੁੱਪ ਪਤਨੀ ਕੋਲੋਂ ਪਾਣੀ ਦਾ ਗਿਲਾਸ ਫੜ੍ਹਦਿਆਂ ਮੇਰਾ ਸੁਆਲ ਸੀ, "ਕਿੱਥੇ ਗਏ ਨੇ ਸਾਰੇ, ਕੋਈ ਦਿਸਦਾ ਨਹੀਂ?" ਪਰ ਪਤਨੀ ਕੁਝ ਨਹੀਂ ਬੋਲੀ। ਪਾਣੀ ਪੀ ਕੇ ਮੈਂ ਫਿਰ ਕਿਹਾ, "ਕੀ ਗੱਲ ਬੜੀ ਚੁੱਪ ਏਂ ?"

ਪਤਨੀ ਮੇਰੇ ਗਲ਼ ਲੱਗ ਕੇ ਫਫਕ ਪਈ। ਮੈਂ ਉਸ ਨੂੰ ਬਾਂਹ ਵਲ਼ਾ ਕੇ ਨਾਲ ਲਾਉਂਦਿਆਂ ਕਿਹਾ, "ਕੁਝ ਪਤਾ ਵੀ ਲੱਗੇ, ਕਿਸੇ ਨੇ ਕੁਝ ਕਿਹਾ ਤੈਨੂੰ ?"

ਹੁਬਕੀਆਂ ਲੈਂਦੀ, "ਭੱਟੀਆਂ ਵਾਲਾ ਫੁੱਫੜ ਪੂਰਾ ਹੋ ਗਿਆ" ਕਹਿ ਕੇ ਰੋਣ ਲੱਗ ਪਈ। ਪਤਨੀ ਦੇ ਦੱਸਣ ਅਨੁਸਾਰ ਬਾਕੀ ਸਾਰੇ ਆਪਣੇ-ਆਪਣੇ ਸਾਧਨਾਂ 'ਤੇ ਬੈਠ ਕੇ ਜਾ ਚੁੱਕੇ ਹਨ ਤੇ ਸਾਨੂੰ ਦੋਵਾਂ ਜੀਆਂ ਨੂੰ ਜਲਦੀ ਆਉਣ ਲਈ ਕਿਹਾ ਹੈ।

"ਭੂਆ-ਫੁੱਫੜ ਦਾ ਤਾਂ ਪਿਆਰ ਹੀ ਏਨਾ ਸੀ ਜਿਵੇਂ ਏਕ ਜੋਤ ਦੋਇ ਮੂਰਤੀ ਹੋਣ। ਭੂਆ ਦਾ ਤਾਂ ਰੋ-ਰੋ ਕੇ ਬੁਰਾ ਹਾਲ ਹੋ ਗਿਆ ਹੋਵੇਗਾ। " ਮੈਂ ਮਨਬਚਨੀ ਕੀਤੀ।

ਜਦੋਂ ਅਸੀਂ ਘਰ ਪਹੁੰਚੇ ਤਾਂ ਸੱਥਰ 'ਤੇ ਬੈਠੇ ਹੌਲੀ-ਹੌਲੀ ਗੱਲਾਂ ਕਰਦੇ ਲੋਕਾਂ ਨਾਲ ਵਿਹੜਾ ਭਰਿਆ ਹੋਇਆ ਸੀ। ਭੂਆ ਤੁਰੀ ਫਿਰਦੀ ਨੂੰਹਾਂ-ਧੀਆਂ ਨੂੰ ਹਦਾਇਤਾਂ ਕਰ ਰਹੀ ਸੀ, "ਰੋਣਾ ਬਿਲਕੁਲ ਨਹੀਂ।" ਅਜਿਹੇ ਮੌਕੇ ਔਰਤਾਂ ਖੁੱਲ੍ਹੇ ਵਾਲ਼ੀਂ ਦੁਹੱਥੜਾਂ ਮਾਰਦੀਆਂ ਪਿੱਟਦੀਆਂ ਹਨ। ਵਾਰ-ਵਾਰ ਦੰਦਲਾਂ ਤੋੜਦੀਆਂ ਔਰਤਾਂ ਪਾਣੀ ਦੀ ਘੁੱਟ ਵੀ ਮੂੰਹ ਵਿੱਚ ਪਾਉਂਦੀਆਂ ਹਨ, ਪਰ ਭੂਆ ਸ਼ਾਂਤ ਸੀ। ਉਸ ਦੇ ਗਲ਼ ਲੱਗਦਿਆਂ ਮੇਰੀਆਂ ਭੁੱਬਾਂ ਨਿਕਲ ਗਈਆਂ। "ਨਾ ਮੇਰਾ ਸਿਆਣਾ ਪੁੱਤ, ਰੋਣਾ ਨਹੀਂ। "

ਮੇਰੀ ਪਤਨੀ ਨੂੰ ਵੀ ਭੂਆ ਨੇ ਰੋਣ ਨਹੀਂ ਦਿੱਤਾ। ਪਤਨੀ ਮੱਥਾ ਟੇਕ ਕੇ ਔਰਤਾਂ ਵਿੱਚ ਬੈਠ ਗਈ। ਮੈਂ ਫੁੱਫੜ ਦੇ ਚਿਹਰੇ ਤੋਂ ਕੱਪੜਾ ਹਟਾ ਕੇ ਆਖ਼ਰੀ ਦਰਸ਼ਨ ਕੀਤੇ। ਗੋਰਾ ਨਿਛੋਹ ਭਖਦਾ ਰੰਗ, ਨੂਰੋ-ਨੂਰ ਚਿਹਰਾ, ਚਾਂਦੀ ਰੰਗਾ ਦਾਹੜਾ ਇੰਜ ਲੱਗ ਰਿਹਾ ਸੀ ਜਿਵੇਂ ਕਿਸੇ ਦੇਵ ਧਰਤੀ ਦਾ ਕੋਈ ਰਿਸ਼ੀ ਘੂਕ ਸੁੱਤਾ ਪਿਆ ਹੋਵੇ। ਬੈਠਦਿਆਂ ਮੇਰੇ ਕੰਨੀਂ ਕਿਸੇ ਔਰਤ ਦੀ ਆਵਾਜ਼ ਪਈ, "ਨੀ ਇਹਨੂੰ ਰੁਆਓ ਕਿਸੇ ਤਰ੍ਹਾਂ!"

ਭੂਆ ਪੇਕੇ ਪਰਿਵਾਰ 'ਚ ਬੈਠ ਕੇ ਫੁੱਫੜ ਦੀ ਮੌਤ ਬਾਰੇ ਦੱਸਣ ਲੱਗ ਪਈ, "ਬਸ, ਹਮੇਸ਼ਾ ਵਾਂਗ ਮੈਂ ਤੜਕੇ ਨਲਕਾ ਗੇੜ ਕੇ ਇਸ਼ਨਾਨ ਕਰਵਾਇਆ ਆ, ਕੱਪੜੇ ਪਾ ਕੇ ਏਹ ਕਮਰੇ ਵਿੱਚ ਚਲੇ ਗਏ ਨੇ, ਮੈਂ ਵੀ ਮਗਰੋਂ ਇਸ਼ਨਾਨ ਕਰਕੇ ਨੇੜੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਸੁਣਿਆ ਹੈ। ਏਹ ਦੂਜੀਆਂ ਬਾਣੀਆਂ ਦਾ ਪਾਠ ਕਰਨ ਲੱਗ ਪਏ ਨੇ। ਮੈਂ ਅੱਗ ਬਾਲ ਕੇ ਚਾਹ ਧਰ ਦਿੱਤੀ ਹੈ। ਅਚਾਨਕ ਮੈਨੂੰ ਏਹਨਾ ਦੀ ਆਵਾਜ਼ ਸੁਣੀ ਆ, ਪ੍ਰਕਾਸ਼! ਮੈਂ ਅੰਦਰ ਆਈ ਤਾਂ ਏਹ ਪੋਥੀ ਹਿੱਕ 'ਤੇ ਰੱਖੀ ਲੰਮੇ ਪਏ ਨੇ। ਮੈਂ ਹੈਰਾਨ ਹੋਈ ਇਹ ਤਾਂ ਪੰਜਾਂ ਬਾਣੀਆਂ ਦਾ ਪਾਠ ਕਰਕੇ ਹੀ ਲੰਮੇ ਪੈਂਦੇ ਹੁੰਦੇ ਸਨ! ਮੈਂ ਮੱਥੇ 'ਤੇ ਹੱਥ ਰੱਖਿਆ ਤਾਂ ਮੇਰਾ ਹੱਥ ਗਿੱਲਾ ਹੋ ਗਿਆ।

"ਤੁਹਾਨੂੰ ਤਾਂ ਠੰਢੀ ਤਰੇਲੀ ਆਈ ਹੋਈ ਹੈ! ਕੀ ਗੱਲ ਠੀਕ ਓ ?"

ਮੇਰਾ ਹੱਥ ਫੜ ਕੇ ਬੜੇ ਸਹਿਜ ਮਤੇ ਨਾਲ ਬੋਲੇ ਨੇ, "ਪ੍ਰਕਾਸ਼! ਮੇਰਾ ਅੰਤ ਸਮਾਂ ਆ ਗਿਆ ਲੱਗਦਾ ਹੈ। ਧਿਆਨ ਨਾਲ ਸੁਣ, ਜਦੋਂ ਦੀ ਵਿਆਹੀ ਆਈ ਏਂ, ਮੈਨੂੰ ਤੂੰ ਸਾਰੀ ਉਮਰ ਹੱਥੀਂ ਇਸ਼ਨਾਨ ਕਰਵਾਇਆ ਹੈ। ਇੱਕ ਤਾਂ ਹੁਣ ਦੁਬਾਰਾ ਇਸ਼ਨਾਨ ਨਾ ਕਰਵਾਇਓ, ਨਾ ਆਪ ਰੋਵੀਂ ਤੇ ਨਾ ਹੀ ਪਰਿਵਾਰ ਨੂੰ ਰੋਣ ਦੇਵੀਂ। ਗੁਰੂ ਸਾਹਿਬ ਕਹਿੰਦੇ ਨੇ,

"ਆਵਨ ਜਾਨੁ ਇਕੁ ਖੇਲੁ ਬਨਾਇਆ॥
ਆਗਿਆਕਾਰੀ ਕੀਨੀ ਮਾਇਆ॥ "

ਮੈਂ ਉਨ੍ਹਾਂ ਦਾ ਹੱਥ ਦੋਵਾਂ ਹੱਥਾਂ 'ਚ ਘੁੱਟ ਕੇ ਕਿਹਾ, "ਕੁਝ ਨ੍ਹੀਂ ਹੁੰਦਾ ਤੁਹਾਨੂੰ" ਪਰ ਉਹ ਦੁਬਾਰਾ ਨਹੀਂ ਬੋਲੇ। "

ਭੂਆ ਦੀ ਵਾਰਤਾਲਾਪ ਸੁਣ ਕੇ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ, ਪਰ ਭੂਆ ਸ਼ਾਂਤ ਚਿੱਤ ਇਹੀ ਕਹਿ ਰਹੀ ਸੀ, "ਨਾ, ਰੋਣਾ ਨਹੀਂ। "

ਅੰਤਿਮ ਯਾਤਰਾ ਦੀ ਤਿਆਰੀ ਤਾਂ ਪਹਿਲਾਂ ਹੀ ਕੀਤੀ ਹੋਈ ਸੀ। ਸਿਵਿਆਂ ਅਤੇ ਸੱਥਰ ਵਿੱਚ ਹੀ ਜਾਣ ਵਾਲੇ ਦੇ ਅਸਲ ਕਿਰਦਾਰ ਦਾ ਲੇਖਾ-ਜੋਖਾ ਹੁੰਦਾ ਹੈ। ਪੂਰਾ ਪਿੰਡ ਹੀ ਫੁੱਫੜ ਦੇ ਸਾਫ਼-ਸੁਥਰੇ ਜੀਵਨ ਦੀਆਂ ਸਿਫ਼ਤਾਂ ਕਰ ਰਿਹਾ ਸੀ। ਅਰਦਾਸਾ ਕਰਨ ਤੋਂ ਬਾਅਦ ਭਾਈ ਜੀ ਨੇ ਬੀਬੀਆਂ ਨੂੰ ਮੱਥਾ ਟੇਕਣ ਲਈ ਕਹਿ ਦਿੱਤਾ। ਭੂਆ ਸ਼ਾਂਤ ਚਿੱਤ ਫੁੱਫੜ ਦੀ ਦੇਹ ਨੂੰ ਮੱਥਾ ਟੇਕ ਕੇ ਇੱਕ ਪਾਸੇ ਹੋ ਗਈ। ਭੂਆ ਦੀ ਨੂੰਹ ਮੱਥਾ ਟੇਕਣ ਤੋਂ ਬਾਅਦ ਲੇਰ ਮਾਰਦੀ ਭੂਆ ਨਾਲ ਚੰਬੜ ਗਈ, "ਹਾਏ ਨੀ ਬੀਬੀ, ਅਸੀਂ ਹੁਣ ਕੀਹਨੂੰ ਭਾਪਾ ਆਖਾਂਗੇ...?" ਇਹ ਵਾਕ ਲੇਰਾਂ ਮਾਰਦੀ ਨੂੰਹ ਨੇ ਕਈ ਵਾਰ ਦੁਹਰਾਇਆ।

ਨੂੰਹ ਨੂੰ ਗਲ਼ ਨਾਲ ਲਾ ਕੇ ਚੁੱਪ ਕਰਾਉਂਦਿਆਂ ਭੂਆ ਗ਼ਮ ਦੇ ਅਥਾਹ ਸਾਗਰ ਵਿੱਚ ਡੁੱਬੀ ਏਨਾ ਹੀ ਬੋਲੀ, "ਧੀਏ, ਮੈਂ ਕੀ ਦੱਸਾਂ ?" ਪਰ ਰੋਈ ਨਹੀਂ।ਇੱਕ ਵਾਕ ਹੀ ਭੂਆ ਦੇ ਗਹਿਰੇ ਗ਼ਮ ਦੀ ਤਰਜ਼ਮਾਨੀ ਕਰ ਰਿਹਾ ਸੀ।

...ਮੇਰੀ ਸਭ ਤੋਂ ਛੋਟੀ ਭੂਆ ਪ੍ਰਕਾਸ਼ ਕੌਰ ਉਰਫ਼ ਪ੍ਰਗਾਸ਼ੋ ਦਾ ਵਿਆਹ ਬਹੁਤ ਹੀ ਸੁਹਣੇ-ਸੁਨੱਖੇ ਫੁੱਫੜ ਰਾਮ ਸਿੰਘ ਨਾਲ ਜਦੋਂ ਹੋਇਆ ਸੀ, ਉਦੋਂ ਮੈਂ ਚੌਥੀ ਜਮਾਤ ਵਿੱਚ ਪੜ੍ਹਦਾ ਸਾਂ। ਉਸ ਵੇਲੇ ਕੁੜੀਆਂ ਨੂੰ ਪੜ੍ਹਾਉਣ ਦਾ ਬਹੁਤਾ ਰਿਵਾਜ ਨਹੀਂ ਸੀ। ਇਸ ਲਈ

ਭੂਆ ਤਾਂ ਸਕੂਲ ਗਈ ਹੀ ਨਹੀਂ ਸੀ। ਪਰ ਬਦਲ ਰਹੇ ਯੁੱਗ ਕਰਕੇ ਵਿਰਲੇ-ਟਾਵੇਂ ਲੋਕ ਕੁੜੀਆਂ ਨੂੰ ਸਕੂਲ ਭੇਜਣ ਵੀ ਲੱਗ ਪਏ ਸਨ। ਸ਼ਾਇਦ ਇਸ ਲਈ ਹੀ ਜਦੋਂ ਮੈਂ ਦੂਜੀ ਜਮਾਤ ਵਿੱਚ ਹੋਇਆ ਤਾਂ ਮੇਰੇ ਤੋਂ ਛੋਟੀ ਨੂੰ ਵੀ ਪਹਿਲੀ ਜਮਾਤ 'ਚ ਦਾਖਲ ਕਰਵਾ ਦਿੱਤਾ। ਬਚਪਨਾ ਸੀ, ਬਾਲ ਮਾਨਸਿਕਤਾ ਨੇ ਭੈਣ ਨੂੰ ਸਕੂਲ ਆਉਂਦੀ ਵੇਖ ਆਪਣੇ ਹਾਣੀਆਂ 'ਚ ਆਪਣੀ ਹੇਠੀ ਸਮਝੀ। ਘਰ ਆ ਕੇ ਜ਼ਿਦ ਫੜ ਲਈ ਕਿ ਜੇ ਨਿੱਕੀ ਨੇ ਸਕੂਲੇ ਜਾਣਾ ਹੈ, ਫਿਰ ਮੈਂ ਸਕੂਲ ਨਹੀਂ ਪੜ੍ਹਨਾ। ਮਾਤਾ ਪਿਤਾ ਨੇ ਕੁੜੀ ਨੂੰ ਹਟਾ ਕੇ ਮੇਰੀ ਪੜ੍ਹਾਈ ਨੂੰ ਪਹਿਲ ਦਿੱਤੀ ਜਿਸ ਕਰਕੇ ਮੇਰੀ ਭੈਣ ਅਨਪੜ੍ਹ ਰਹਿ ਗਈ। ਜਿਸਦਾ ਮਲਾਲ ਮੈਨੂੰ ਪੜ੍ਹ ਲਿਖ ਕੇ ਮਾਸਟਰ ਲੱਗਣ ਵੇਲੇ ਉਦੋਂ ਹੋਇਆ ਜਦੋਂ ਨਿਯੁਕਤੀ ਮੌਕੇ ਮੇਰੇ ਨਾਲ ਹੀ ਦੋ ਅਧਿਆਪਕਾਵਾਂ ਨੇ ਹਾਜ਼ਰੀ ਦਿੱਤੀ।

ਭੂਆ ਨਾਲ ਮੇਰਾ ਐਨਾ ਪਿਆਰ ਸੀ ਕਿ ਉਸ ਦਾ ਵਿਆਹ ਹੋਣ ਤੱਕ ਉਹ ਮੈਨੂੰ ਬੀਬੀ ਵਾਂਗ ਤਿਆਰ ਕਰਦੀ ਰਹੀ। ਮੇਰੀ ਹਰ ਲੋੜ ਦਾ ਖ਼ਾਸ ਖ਼ਿਆਲ ਰੱਖਦੀ। ਨਿੱਤ ਸਵੇਰੇ ਨੁਹਾਉਣ ਤੋਂ ਬਾਅਦ ਸਿਰ ਵਾਹ ਕੇ ਮੀਢੀ ਵਾਲਾ ਜੂੜਾ ਕਰਕੇ ਉਪਰ ਚਿੱਟਾ ਰੁਮਾਲ ਪਾ ਕੇ ਆਖਦੀ, "ਮੇਰਾ ਸੀਤਾ ਪੁੱਤ ਸਭ ਤੋਂ ਸੁਹਣਾ ਲੱਗੂ!"

ਜਦੋਂ ਭੂਆ ਮੈਨੂੰ ਪੁੱਤ ਆਖਦੀ ਤਾਂ ਮੈਨੂੰ ਹੋਰ ਤਰ੍ਹਾਂ ਲੱਗਦਾ। ਮੈਂ ਸੋਚਦਾ ਪੁੱਤ ਤਾਂ ਬੀਬੀ ਜਾਂ ਦਾਦੀ ਨੂੰ ਆਖਣਾ ਚਾਹੀਦਾ ਹੈ! ਪਰ ਮੈਂ ਚੁੱਪ ਰਹਿੰਦਾ।

ਉਦੋਂ ਜੰਞਾਂ ਰਾਤ ਰਹਿੰਦੀਆਂ ਸਨ। ਪਿੰਡ ਦੇ ਲਹਿੰਦੇ ਪਾਸੇ ਪਹੇ 'ਚ ਉੱਡਦੀ ਧੂੜ ਵੇਖ ਕੇ ਜੰਞ ਆ ਗਈ ਦਾ ਰੌਲਾ ਪੈ ਗਿਆ। ਸ਼ਿੰਗਾਰੇ ਟਾਂਗਿਆਂ ਤੋਂ ਇਲਾਵਾ ਫੁਰਕੜੇ ਮਾਰਦੀਆਂ ਘੋੜੀਆਂ ਦੀਆਂ ਲਗਾਮਾਂ ਫੜੀ ਧਰਤੀ ਸੁੰਭਰਦੇ ਧੂਹਵੇਂ ਚਾਦਰੇ, ਗਲ਼ਾਂ 'ਚ ਕੈਂਠੇ, ਰੰਗ-ਬਿਰੰਗੀਆਂ ਪੱਗਾਂ ਵਾਲੇ ਸ਼ੌਕੀਨ ਗੱਭਰੂ ਪੱਬਾਂ 'ਤੇ ਤੁਰਦੇ ਇੰਜ ਲੱਗ ਰਹੇ ਸਨ ਜਿਵੇਂ ਧਰਤੀ ਉਨ੍ਹਾਂ ਭਾਰ ਨਾ ਝੱਲ ਰਹੀ ਹੋਵੇ। ਲਾੜਾ ਬਣੇ ਫੁੱਫੜ ਦਾ ਚਿਹਰਾ ਸੰਘਣੇ ਸਿਹਰੇ ਨਾਲ ਢੱਕਿਆ ਹੋਇਆ ਸੀ। ਜੰਞ ਵਿੱਚੋਂ ਇੱਕ ਬੰਦਾ ਸਾਰਿਆਂ ਨੂੰ ਪਿੰਡੋਂ ਬਾਹਰਵਾਰ ਖਲੋਣ ਲਈ ਆਖ ਕੇ ਆਪ ਪਿੰਡ ਵੱਲ ਨੂੰ ਹੋ ਤੁਰਿਆ। ਤਿਰਕਾਲਾਂ ਹੋ ਚੁੱਕੀਆਂ ਸਨ। ਭਾਪਾ ਚਾਚੇ ਤੇ ਹੋਰ ਜੀਅ ਮਿਲਣੀ ਮੌਕੇ ਧਾਰਨਾ ਦਾ ਸ਼ਬਦ ਪੜ੍ਹਨ ਵਾਲੇ ਭਾਈ ਦੇ ਆਉਣ ਤੱਕ ਹਨੇਰਾ ਵੀ ਹੋ ਗਿਆ। ਇੱਕ ਜਗਦਾ ਗੈਸ ਵੀ ਆ ਗਿਆ। ਭਾਈ ਵੱਲੋਂ 'ਮੇਲ ਦਿਓ ਮਾਹਰਾਜ ਵੇਲਾ ਮਿਲਣੀ ਦਾ' ਸ਼ਬਦ ਢੋਲਕੀ ਨਾਲ ਪੜ੍ਹ ਕੇ ਮਿਲਣੀ ਦਾ ਆਰੰਭ ਕੀਤਾ। ਮਿਲਣੀ ਹੁੰਦਿਆਂ ਗਾਲ੍ਹਾਂ ਵਰਗੇ ਗੀਤ ਕੁੜੀਆਂ ਨੇ ਗਾ ਕੇ ਕਾਫ਼ੀ ਰੰਗ ਬੰਨ੍ਹਿਆ। ਮਿਲਣੀ ਤੋਂ ਬਾਅਦ ਬਰਾਤ ਧਰਮਸ਼ਾਲਾ ਵਿੱਚ ਆ ਗਈ।

ਮੈਨੂੰ ਯਾਦ ਹੈ ਜਦੋਂ ਬਰਾਤ ਰੋਟੀ ਖਾਣ ਵਾਸਤੇ ਆਈ ਤਾਂ ਚਿੱਟੀਆਂ ਚਤਈਆਂ ਤਹਿ ਲਾ ਕੇ ਵਿਛਾਈਆਂ ਗਈਆਂ ਸਨ। ਸਾਰੇ ਇੱਕੋ ਜਿਹੇ ਗੱਭਰੂਆਂ 'ਚ ਲਾੜਾ ਕੌਣ ਹੈ, ਪਤਾ ਨਹੀਂ ਲੱਗ ਰਿਹਾ ਸੀ। ਅਗਲੇ ਦਿਨ ਸਵੇਰੇ ਆਨੰਦ ਕਾਰਜ ਘਰ ਵਿੱਚ ਹੀ ਹੋਣਾ ਸੀ। ਇਸ ਮੌਕੇ ਮੇਰਾ ਧਿਆਨ ਬਣ ਰਹੇ ਫੁੱਫੜ ਵੱਲ ਹੀ ਸੀ, ਪਰ ਹੁਣ ਵੀ ਉਸ ਦਾ ਚਿਹਰਾ ਸਿਹਰੇ ਨਾਲ ਢੱਕਿਆ ਹੋਇਆ ਸੀ। ਭੂਆ ਨੂੰ ਵੀ ਲਾਲ ਫੁਲਕਾਰੀ ਦਾ ਝੁੰਗਲਮਾਟਾ ਜਿਹਾ ਮਰਵਾ ਕੇ ਕੁੜੀਆਂ ਲੈ ਆਈਆਂ। ਭਾਈ ਜੀ ਦੇ ਕਹਿਣ 'ਤੇ ਜਦੋਂ ਫੁੱਫੜ ਦੇ ਸਿਹਰੇ ਲਾਹੇ ਤਾਂ ਮੇਰੇ ਬਾਲ ਮਨ 'ਚੋਂ ਆਵਾਜ਼ ਆਈ, "ਮੇਰੀ ਭੂਆ ਦਾ ਪ੍ਰਾਹੁਣਾ ਏਨਾ ਸੁਹਣਾ ਹੀ ਹੋਣਾ ਚਾਹੀਦਾ ਸੀ।"

ਜੋੜੀਆਂ ਜੱਗ ਥੋੜ੍ਹੀਆਂ ਦੀ ਚਰਚਾ ਪੂਰੇ ਪਿੰਡ ਵਿੱਚ ਹੋ ਗਈ।

ਉਨ੍ਹਾਂ ਵੇਲਿਆਂ ਵਿੱਚ ਘਰ ਵਰਤੋਂ ਲਈ ਲੋੜ ਦਾ ਸਾਮਾਨ ਜੋ ਕੁੜੀ ਨੇ ਆਪ ਹੱਥੀਂ ਤਿਆਰ ਕੀਤਾ ਹੁੰਦਾ ਸੀ ਜੋ ਦਾਜ ਦੇ ਰੂਪ ਵਿੱਚ ਲੈ ਕੇ ਜਾਂਦੀ ਸੀ। ਹੱਥੀਂ ਬਣਾਇਆ ਦਾਜ ਕੁੜੀ ਦੀ ਸੂਝ ਅਤੇ ਉਸ ਦੇ ਸਚਿਆਰੀ ਹੋਣ ਦੀ ਸ਼ਾਹਦੀ ਵੀ ਭਰਦਾ ਸੀ। ਨਾਨਕੀ ਛੱਕ ਦੇ ਨਾਂ 'ਤੇ ਮੰਜਾ-ਪੀਹੜਾ, ਬਿਸਤਰਾ ਅਤੇ ਪੰਜ ਭਾਂਡੇ ਅਤੇ ਦਾਦੀ ਦਾ ਹੱਥ ਭਰੇ ਦਾ ਗੁਲਾਬੀ ਸੂਟ ਮਾਮਾ-ਮਾਮੀ ਲੈ ਕੇ ਆਏ ਸਨ। ਕੋਈ-ਕੋਈ ਸਹਿੰਦਾ ਪਰਿਵਾਰ ਦਾਜ ਨਾਲ ਸਾਈਕਲ ਵੀ ਦੇਣ ਲੱਗ ਪਿਆ ਸੀ। ਸ਼ਾਮ ਵੇਲੇ ਡੋਲੀ ਵਿੱਚ ਬੈਠਦੀ ਭੂਆ ਅਤੇ ਵਿਲਕਦੇ ਪਰਿਵਾਰ ਦੀ ਹਾਲਤ ਮੇਰੇ ਬਚਪਨ ਦੀ ਯਾਦ ਦਾ ਹਿੱਸਾ ਹੈ। ਵੈਸੇ ਤਾਂ ਭੈਣ ਨਾਲ ਪਹਿਲੀ ਵਾਰੀ ਛੋਟੇ ਭਰਾ ਦੇ ਨਾਲ ਜਾਣ ਦੀ ਪਰੰਪਰਾ ਸੀ ਪਰ ਚਾਚੇ ਵੱਡੇ ਸਨ। ਇਸ ਲਈ ਭੂਆ ਦੇ ਨਾਲ ਜਾਣ ਦਾ ਗੁਣਾ ਮੇਰਾ ਹੀ ਪਿਆ। ਦਾਜ ਵਾਲੇ ਗੱਡੇ 'ਤੇ ਨੈਣ ਦੇ ਨਾਲ ਬੈਠਦੇ ਦੀਆਂ ਮੇਰੀਆਂ ਭੁੱਬਾਂ ਨਿਕਲ ਗਈਆਂ ਸਨ।

ਉਨ੍ਹਾਂ ਵੇਲਿਆਂ 'ਚ ਪੈਦਲ ਜਾਂਦੀਆਂ ਬਰਾਤਾਂ ਅਤੇ ਡੋਲ਼ੀਆਂ ਡਾਕੂ ਲੁੱਟ ਲੈਂਦੇ ਸਨ। ਇਸ ਕਰਕੇ ਫੁੱਫੜ ਦੇ ਬਰਾਤੀ ਹੱਥਾਂ 'ਚ ਕਿਰਪਾਨਾਂ ਫੜੀ ਘੋੜੀਆਂ 'ਤੇ ਸਵਾਰ ਡੋਲ਼ੀ ਅਤੇ ਦਾਜ ਵਾਲੇ ਗੱਡੇ ਦੇ ਅੱਗੇ ਪਿੱਛੇ ਚੱਲ ਰਹੇ ਸਨ। ਹਨੇਰਾ ਪਏ ਤੋਂ ਭੂਆ ਦੀ ਡੋਲ਼ੀ ਦਾ ਕਾਫ਼ਲਾ ਭੂਆ ਦੇ ਸਹੁਰਿਆਂ ਦੇ ਘਰ ਪਹੁੰਚ ਗਿਆ। ਸੁਹਾਗ ਗੀਤ ਗਾਉਂਦਿਆਂ ਕਹਾਰਾਂ ਦਾ ਬਣਦਾ ਲਾਗ ਦੇ ਕੇ ਫੁਲਕਾਰੀ ਵਿੱਚ ਲਿਪਟੀ ਭੂਆ ਨੂੰ ਔਰਤਾਂ ਨੇ ਡੋਲੀ 'ਚੋਂ ਬਾਹਰ ਕੱਢਿਆ। ਇਸ ਤੋਂ ਬਾਅਦ ਕੁੜੀਆਂ ਦੇ ਗੀਤ ਗਾਉਂਦਿਆਂ ਹੀ ਜੋੜੀ ਤੋਂ ਇੱਕ ਔਰਤ ਨੇ ਪਾਣੀ ਵਾਰ ਕੇ ਪੀਤਾ। ਮੈਂ ਭੂਆ ਦੀ ਫੁਲਕਾਰੀ ਦੀ ਇੱਕ ਕੰਨੀ ਘੁੱਟ ਕੇ ਫੜੀ ਹੋਈ ਸੀ ਤਾਂ ਕਿ ਭੂਆ ਦੇ ਨੇੜੇ ਹੀ ਰਹਿ ਸਕਾਂ। ਇੱਕ ਖੁੱਲ੍ਹੀ ਬੈਠਕ ਵਿੱਚ ਦੀਵੇ ਦੀ ਲੋਏ ਭੂਆ ਤੇ ਫੁੱਫੜ ਨੂੰ ਭੁੰਜੇ ਵਿਛੀ ਇੱਕ ਤਲਾਈ 'ਤੇ ਬਿਠਾਇਆ ਗਿਆ। ਲਾਗਣ ਨੇ ਬੂੰਦੀ ਦੀ ਥਾਲੀ ਲਿਆ ਕੇ ਪਾਣੀ ਵਾਰਨ ਵਾਲੀ ਔਰਤ ਨੂੰ ਕਿਹਾ, "ਸ਼ਾਹਣੀ, ਪਹਿਲਾਂ ਵਹੁਟੀ ਦਾ ਮੂੰਹ ਜੁਠਾਲ ਲੈ, ਫਿਰ ਮੇਲ-ਮੰਡਲ ਨੇ ਰੋਟੀਆਂ ਵੀ ਖਾਣੀਆਂ ਨੇ!" ਕੁੜੀਆਂ ਭੂਆ ਦੇ ਚਿਹਰੇ ਦੀ ਇੱਕ ਝਲਕ ਪਾਉਣ ਲਈ ਘੁਸੜ-ਘੁਸੜ ਇੱਕ-ਦੂਜੀ ਤੋਂ ਅੱਗੇ ਹੋ ਰਹੀਆਂ ਸਨ। ਇਸ ਮੌਕੇ ਵੀ ਕੁੜੀਆਂ ਨੇ ਗਾਲ੍ਹਾਂ ਵਰਗੇ ਗੀਤ ਗਾਏ ਸਨ; 'ਮਾਂ ਨੇ ਘੱਲਿਆ ਭੁੱਖੀ ਗਰਾਹੀਆਂ ਲੈ ਲੈਂਦੀ'।

ਉਸ ਤੋਂ ਬਾਅਦ ਬੈਠਕ ਵਿੱਚ ਸਾਡੇ ਪਿੰਡ ਦੀ ਨੰਤੋ ਨੈਣ, ਮੈਂ ਤੇ ਭੂਆ ਹੀ ਸਾਂ। ਸਾਰੇ ਦਿਨ ਦੀ ਥਕਾਵਟ ਕਰਕੇ ਮੈਨੂੰ ਕਦੋਂ ਨੀਂਦ ਆ ਗਈ ਮੈਨੂੰ ਪਤਾ ਹੀ ਨਾ ਲੱਗਾ। ਉਦੋਂ ਹੀ ਪਤਾ ਲੱਗਾ ਜਦੋਂ ਕਲੀਰੇ ਸੰਭਾਲਦੀ ਭੂਆ ਮੈਨੂੰ ਕਹਿ ਰਹੀ ਸੀ, "ਉੱਠ ਸੀਤੇ ਪੁੱਤ, ਦਿਨ ਚੜ੍ਹ ਗਿਆ ਆ।" ਜਦੋਂ ਮੈਂ ਅੱਖਾਂ ਮਲਦਾ ਉੱਠਿਆ ਤਾਂ ਕਿੰਨੀਆਂ ਹੀ ਕੁੜੀਆਂ ਬੈਠਕ ਵਿੱਚ ਆਈਆਂ ਬੈਠੀਆਂ ਸਨ।

ਗਾਨੇ ਖੇਡਣ ਦੀ ਰਸਮ ਮੌਕੇ ਵੀ ਕੁੜੀਆਂ ਬਹੁਤੇ ਗੌਣ ਸਾਡੇ ਰਿਸ਼ਤੇਦਾਰਾਂ ਨੂੰ ਹੀ ਲਾ ਲਾ ਕੇ ਗਾ ਰਹੀਆਂ ਸਨ। ਉਸ ਵੇਲੇ ਮੈਨੂੰ ਗੁੱਸਾ ਵੀ ਆਇਆ ਸੀ ਪਰ ਸਿਆਣਾ ਹੋਏ ਤੋਂ ਪਤਾ ਲੱਗਾ ਕਿ ਉਹ ਗੌਣ ਸਿੱਠਣੀਆਂ ਸਨ, ਜਿਸ ਦਾ ਕੋਈ ਗੁੱਸਾ ਨਹੀਂ ਕਰਦਾ। ਲੌਢੇ ਵੇਲੇ

ਤੱਕ ਚਾਚਾ ਵੀ ਆ ਗਿਆ। ਸ਼ਾਮ ਨੂੰ ਤੁਰਨ ਲੱਗਿਆਂ ਭੂਆ ਨੇ ਸਹੁਰਿਆਂ ਵੱਲੋਂ ਬਣਾਈ ਵਰੀ 'ਚੋਂ ਸੂਟ ਪਾਇਆ ਹੋਇਆ ਸੀ। ਕਾਫ਼ੀ ਮੇਲ ਮੰਡਲ ਬਾਹਰ ਤੱਕ ਭੂਆ ਨੂੰ ਤੋਰਨ ਆਇਆ। ਪਿੰਡ ਆ ਕੇ ਭੂਆ ਬੀਬੀ, ਚਾਚੀ ਅਤੇ ਸਹੇਲੀਆਂ ਨੂੰ ਘੁੱਟ-ਘੁੱਟ ਇੰਜ ਮਿਲੀ ਜਿਵੇਂ ਬੜੇ ਦਿਨਾਂ ਬਾਅਦ ਪਿੰਡ ਮੁੜੀ ਹੋਵੇ। ਭੂਆ ਇੱਕ ਦਿਨ ਵਿੱਚ ਹੀ ਮੈਨੂੰ ਵੱਡੀ-ਵੱਡੀ ਤੇ ਸਿਆਣੀ-ਸਿਆਣੀ ਲੱਗਣ ਲੱਗ ਪਈ।

ਭੂਆ ਆਈ ਨੂੰ ਵਾਹਵਾ ਦਿਨ ਹੋ ਗਏ ਸਨ। ਹੋਰ ਦਿਨਾਂ ਦੇ ਉਲਟ ਘਰ ਵਿੱਚ ਇੰਜ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਆਉਣਾ ਹੋਵੇ। ਕੁਕੜੀਆਂ 'ਚ ਫਿਰਦਾ ਕੁੱਕੜ ਗ਼ਾਇਬ ਸੀ। ਉਸ ਦੀ ਬਾਂਗ ਦੀ ਜਗ੍ਹਾ ਪਤੀਲੇ 'ਚੋਂ ਮਹਿਕਾਂ ਆ ਰਹੀਆਂ ਸਨ। ਚਾਚਾ ਘਰ ਦੀ ਕੱਢੀ ਦੇਸੀ ਹਵੇਲੀਓਂ ਲੈ ਆਇਆ ਸੀ, ਪਰ ਰੋਟੀ ਖਾਣ ਲੱਗਿਆਂ ਫੁੱਫੜ ਨੇ ਮੀਟ ਸ਼ਰਾਬ ਨੂੰ ਹੱਥ ਤੱਕ ਨਹੀਂ ਲਾਇਆ। ਸਿਰਫ਼ ਸਾਦਾ ਦਾਲ ਫੁਲਕਾ ਹੀ ਛਕਿਆ। ਅਗਲੇ ਦਿਨ ਮੁਕਲਾਵਾ ਤੁਰਨ ਵੇਲੇ ਭੂਆ ਸਮੇਤ ਪ੍ਰਾਹੁਣੇ ਤੁਰਨ ਲੱਗਿਆਂ ਬੀਬੀ ਨੇ ਫੁੱਫੜ ਨੂੰ ਕਿਹਾ, "ਪ੍ਰਾਹੁਣਿਆਂ, ਕੁਝ ਦਿਨਾਂ ਬਾਅਦ ਅਸੀਂ ਕਿਸੇ ਦਿਨ ਪ੍ਰਗਾਸ਼ੋ ਨੂੰ ਲੈ ਆਵਾਂਗੇ, ਤੂੰ ਭਾਵੇਂ ਅਗਲੇ ਦਿਨ ਇਕੱਲਾ ਹੀ ਸ਼ੈਕਲ 'ਤੇ ਆ ਕੇ ਲੈ ਜਾਵੀਂ, ਖੁੱਲ੍ਹ ਹੋ ਜੂ ਫਿਰ ਜਦੋਂ ਮਰਜ਼ੀ ਆਓ-ਜਾਓ।"

ਭੂਆ ਤਾਂ ਬਿਲਕੁਲ ਹੀ ਅਨਪੜ੍ਹ ਸੀ, ਪਰ ਫੁੱਫੜ ਨੇ ਪਿੰਡ ਨੇੜਲੇ ਤਕੀਏ 'ਤੇ ਨਿਰਮਲੇ ਸੰਤਾਂ ਕੋਲੋਂ ਗੁਰਮਖੀ ਸਿੱਖੀ ਹੋਈ ਸੀ ਤੇ ਪੰਜਾਂ ਬਾਣੀਆਂ ਦਾ ਪਾਠ ਵੀ ਕਰ ਲੈਂਦਾ ਸੀ। ਕੁਝ ਦਿਨਾਂ ਬਾਅਦ ਚਾਚਾ ਇੱਕ ਦਿਨ ਭੂਆ ਨੂੰ ਉਸ ਦੇ ਸਹੁਰਿਆਂ ਤੋਂ ਜਾ ਕੇ ਲੈ ਆਇਆ। ਠੀਕ ਹੀ ਅਗਲੇ ਦਿਨ ਫੁੱਫੜ ਘੁਸਮੁਸੇ ਜਿਹੇ ਪੈਦਲ ਹੀ ਪਿੰਡ ਆ ਗਿਆ। ਭੂਆ ਦੇ ਕਹੇ ਅਨੁਸਾਰ ਜਵਾਈ ਲਈ ਕੋਈ ਖ਼ਾਸ ਉਚੇਚ ਨਹੀਂ ਕੀਤੀ ਸਿਵਾਏ ਕਣਕ ਦੀ ਰੋਟੀ, ਮਾਂਹ ਦੀ ਦਾਲ ਅਤੇ ਪੀਲੇ ਚੌਲਾਂ ਦੇ। ਉਸ ਰਾਤ ਫੁੱਫੜ ਵੱਲੋਂ ਸਾਈਕਲ ਨਾ ਲਿਆਉਣ ਕਰਕੇ ਫੁੱਫੜ ਨੂੰ ਬੜੇ ਮਖੌਲ ਹੋਏ। ਚਾਚੀ ਕਹਿ ਰਹੀ ਸੀ, "ਵੇ ਪ੍ਰਾਹੁਣਿਆਂ, ਤੇਰੇ ਨਾਲੋਂ ਤਾਂ ਸਾਡਾ ਸੀਤਾ ਈ ਚੰਗਾ ਆ, ਜਿਹੜਾ ਹੁਣੇ ਈ ਲੱਤਾਂ ਵਿਚਦੀ ਪਾ ਕੇ ਸ਼ੈਕਲ ਭਜਾਈ ਫਿਰਦਾ ਆ।" ਪਰ ਫੁੱਫੜ ਕੁਝ ਨਹੀਂ ਬੋਲਿਆ ਮੁਸਕੜੀਏ ਹੱਸਦਾ ਰਿਹਾ।

ਅਗਲੇ ਦਿਨ ਭਾਅ ਨੇ ਪਿੰਡ ਦੇ ਟਾਂਗੇ ਵਾਲੇ ਅਰਜਣ ਨੂੰ ਆਉਣ-ਜਾਣ ਦੇ ਸਾਲਮ ਭਾੜੇ ਵਜੋਂ ਪੰਜ ਰੁਪਈਏ ਦੇ ਕੇ ਭੂਆ-ਫੁੱਫੜ ਨੂੰ ਟਾਂਗੇ 'ਤੇ ਬਿਠਾ ਦਿੱਤਾ। ਬੀਬੀ ਨੇ ਦੋਵਾਂ ਜੀਆਂ ਨੂੰ ਜਲਦੀ ਆਉਣ ਲਈ ਵੀ ਆਖਿਆ। ਭੂਆ ਦੇ ਦੱਸਣ ਅਨੁਸਾਰ ਅਰਜਣ ਨੇ ਉੱਥੋਂ ਪਾਣੀ ਵੀ ਨਹੀਂ ਪੀਤਾ ਸਗੋਂ ਸਾਨੂੰ ਦੋਵਾਂ ਨੂੰ ਹੀ ਰੁਪਈਆ-ਰੁਪਈਆ ਫੜਾਉਂਦਿਆਂ ਸਿਰਾਂ 'ਤੇ ਪਿਆਰ ਦੇਂਦਿਆਂ ਕਿਹਾ, "ਧੀ ਦੇ ਘਰੋਂ ਤਾਂ ਪਾਣੀ ਵੀ ਨਹੀਂ ਪੀਵੀਦਾ ਧੀਏ!"

ਮੈਨੂੰ ਯਾਦ ਹੈ ਫੁੱਫੜ ਦੁਬਾਰਾ ਭੂਆ ਨੂੰ ਓਨਾ ਚਿਰ ਨਹੀਂ ਲਿਆਇਆ ਜਿੰਨਾ ਚਿਰ ਉਸ ਨੇ ਸਾਈਕਲ ਚਲਾਉਣਾ ਨਹੀਂ ਸਿੱਖ ਲਿਆ। ਸਾਈਕਲ ਸਿੱਖਣ ਦੀ ਸ਼ਰਤ ਭੂਆ ਨੇ ਵੀ ਰੱਖ ਦਿੱਤੀ ਸੀ। ਬਸ ਫਿਰ ਤਾਂ ਮਹੀਨੇ ਦਸੀਂ ਦਿਨੀਂ ਟੱਲੀਆਂ ਮਾਰਦੇ ਆਉਂਦੇ ਫੁੱਫੜ ਦੇ ਮਗਰ ਬੂਟੀਆਂ ਵਾਲਾ ਝੋਲਾ ਫੜ੍ਹੀ ਬੈਠੀ ਭੂਆ ਪਿੰਡ ਆ ਜਾਂਦੀ। ਉਸ ਰਾਤ ਘਰ ਵਿੱਚ ਬੜੀ ਰੌਣਕ ਲੱਗਦੀ। ਘਰ ਦੇ ਸਿਆਣਿਆਂ ਵਿੱਚ ਫੁੱਫੜ ਬੱਚਿਆਂ ਵਰਗਾ ਜਵਾਈ ਸੀ। ਉਹ ਘਰ ਦੇ ਬੱਚਿਆਂ ਵਿੱਚ ਬੱਚਾ ਹੀ ਬਣਿਆ ਰਹਿੰਦਾ। ਸਾਡੇ ਵਾਂਗ ਹੀ ਚੌਂਕੇ ਵਿੱਚ ਬੈਠ ਕੇ ਅੱਗ ਸੇਕਦਾ, ਉੱਥੇ ਬੈਠਾ ਹੀ ਰੋਟੀ ਖਾ ਲੈਂਦਾ। ਰਾਤ ਨੂੰ ਸਾਨੂੰ ਧਾਰਮਿਕ ਸਾਖੀਆਂ ਸੁਣਾਉਂਦਾ। ਜਦੋਂ ਸਵੇਰੇ ਜਾਗਦੇ ਤਾਂ ਫੁੱਫੜ ਨਾਲ ਲਿਆਂਦੀ ਪੋਥੀ ਤੋਂ ਪਾਠ ਕਰ ਰਿਹਾ ਹੁੰਦਾ। ਭੂਆ ਸਾਨੂੰ ਵੀ ਨਹਾ ਕੇ ਪਾਠ ਸੁਣਨ ਨੂੰ ਆਖਦੀ, ਪਰ ਅਸੀਂ ਨਹਾਉਂਦੇ ਤਾਂ ਨਾ, ਮੂੰਹ ਧੋ ਕੇ ਪਾਠ ਸੁਣਨ ਫੁੱਫੜ ਦੇ ਨੇੜੇ ਬੈਠ ਜਾਂਦੇ। ਇੱਕ ਵਾਰ ਫੁੱਫੜ ਆਏ ਤੋਂ ਇੱਕ ਗੁਆਂਢਣ ਦੇ ਬੀਬੀ ਨੂੰ ਕਹੇ ਬੋਲ ਅੱਜ ਵੀ ਮੈਨੂੰ ਨਹੀਂ ਭੁੱਲੇ, "ਧਰਮ ਕੌਰੇ, ਤੁਹਾਡੇ ਤੇ ਪ੍ਰਗਾਸ਼ੋ ਦੇ ਚੰਗੇ ਭਾਗ ਨੇ ਜੋ ਸਾਧੂ ਸੁਭਾਅ ਪ੍ਰਾਹੁਣਾ ਮਿਲਿਆ ਹੈ, ਤੁਹਾਨੂੰ ਕੋਈ ਚਿੰਤਾ ਨਹੀਂ, ਜਵਾਈ ਤੇ ਘੋੜੇ ਸਾਂਭਣੇ ਕਿਤੇ ਖਾਲਾ ਜੀ ਦਾ ਵਾੜਾ ਨੇ!"

ਉਹ ਆਪਣੀ ਥਾਂ ਸੱਚੀ ਸੀ ਕਿਉਂਕਿ ਉਨ੍ਹਾਂ ਦੇ ਜਵਾਈ ਆਏ ਦਾ ਸਾਰੇ ਪਿੰਡ ਨੂੰ ਪਤਾ ਲੱਗ ਜਾਂਦਾ ਸੀ। ਅੰਨ ਪਾਣੀ ਛਕਦਿਆਂ ਦਾਲ ਭਾਜੀ ਕਿਹੋ ਜਿਹੀ ਬਣੀ ਦਾ ਪ੍ਰਤੀਕਰਮ ਲੈਣ ਵਾਸਤੇ ਜਦੋਂ ਵੀ ਕਿਤੇ ਬੀਬੀ ਜਾਂ ਚਾਚੀ ਨੇ ਪੁੱਛਣਾ ਤਾਂ, ਜਿਹੋ ਜਿਹੀ ਵੀ ਬਣੀ ਹੋਵੇ ਫੁੱਫੜ ਦਾ ਇੱਕੋ ਹੀ ਤਕੀਆ ਕਲਾਮ ਹੁੰਦਾ, "ਬਈ ਬੜੀ ਆਹਲਾ।"

ਮੇਰੀ ਚਾਚੀ ਕਾਫ਼ੀ ਭਾਰੀ ਪੱਲੇ ਦੀ ਸੀ। ਕਈ ਵਾਰ ਭੂਆ ਫੁੱਫੜ ਆਏ ਤੋਂ ਚਾਚੇ ਨੇ ਮਖੌਲ ਕਰਦਿਆਂ ਕਹਿਣਾ, "ਰਾਮ ਸਿਆਂ, ਇਹ ਚਰਮਖ਼ ਜਿਹੀ ਨੂੰ ਮਗਰ ਬਿਠਾ ਕੇ ਸ਼ੈਕਲ ਭਜਾਈ ਫਿਰਦਾ ਏਂ ਕਿਤੇ ਆਪਣੀ ਸਾਲੇਹਾਰ ਨੂੰ ਬਿਠਾ ਕੇ ਵੇਖੇਂ ਤਾਂ ਪਤਾ ਲੱਗੇ ਜ਼ਨਾਨੀ ਕੀ ਹੁੰਦੀ ਆ!"

ਚਾਚੇ ਨੂੰ ਹੱਸਦਿਆਂ ਮੋੜ ਭੂਆ ਹੀ ਦੇਂਦੀ, "ਵੀਰੇ, ਇਹ ਤਾਂ ਭਾਬੀ ਨੂੰ ਸੈਕਲ ਮਗਰ ਨਾ ਬਿਠਾਉਣ ਦੇ ਬਹਾਨੇ ਨੇ, ਸੁਖ ਨਾਲ ਮੇਰੀ ਭਾਬੋ ਕਿਤੇ ਐਨੀ ਮੋਟੀ ਤਾਂ ਨਹੀਂ!" ਹੱਸਦਿਆਂ ਚਾਚੀ ਧੀਆਂ ਵਰਗੀ ਨਨਾਣ ਨੂੰ ਘੁੱਟ ਕੇ ਗਲ਼ ਨਾਲ ਲਾ ਲੈਂਦੀ।

ਮੇਰੇ ਦੋ ਫੁੱਫੜ ਹੋਰ ਵੀ ਸਨ। ਉਹ ਉਮਰੋਂ ਭਾਪੇ ਨਾਲੋਂ ਵੀ ਵੱਡੇ ਸਨ। ਇੱਕ ਕਿਤੇ ਬਰਮਾ ਦੀ ਲੜਾਈ ਮੌਕੇ ਫ਼ੌਜ ਵਿੱਚ ਸੀ।ਇੱਕ ਮੋਟੀ ਜ਼ਮੀਨ ਦਾ ਮਾਲਕ ਤੇ ਸ਼ਿਕਾਰ ਦਾ ਸ਼ੌਕੀਨ ਸੀ। ਜਦੋਂ ਫ਼ੌਜੀ ਫੁੱਫੜ ਪਿੰਡ ਆਉਂਦਾ ਤਾਂ ਉਹ ਬਰਮਾ ਦੀ ਲੜਾਈ ਦੀਆਂ ਗੱਲਾਂ ਕਰਦਾ, ਦੂਜਾ ਸ਼ਿਕਾਰ ਮਾਰਨ ਵਾਲੇ ਚੰਗੀ ਨਸਲ ਦੇ ਸ਼ਿਕਾਰੀ ਕੁੱਤਿਆਂ ਦੀਆਂ। ਪਰ ਫੁੱਫੜ ਰਾਮ ਸਿੰਘ ਮਹਾਭਾਰਤ, ਰਾਮਾਇਣ ਅਤੇ ਗੁਰੂ ਸਾਖੀਆਂ ਸੁਣਾਉਂਦਾ ਜੋ ਅਸੀਂ ਸਾਰੇ ਭੈਣ-ਭਰਾ ਬੜੇ ਧਿਆਨ ਨਾਲ ਸੁਣਦੇ।

ਵਕਤ ਦਾ ਪਹੀਆ ਕਦੀ ਰੁਕਦਾ ਨਹੀਂ। ਭੂਆ ਵੀ ਬੱਚਿਆਂ ਵਾਲੀ ਹੋ ਗਈ। ਆਉਣਾ-ਜਾਣਾ ਵੀ ਥੋੜ੍ਹਾ ਘਟ ਹੋ ਗਿਆ। ਮੈਂ ਵੀ ਦਸਵੀਂ ਤੋਂ ਬਾਅਦ ਦੋ ਸਾਲਾ ਕੋਰਸ ਕਰਕੇ ਮਾਸਟਰ ਲੱਗ ਗਿਆ। ਇਸ ਦੌਰਾਨ ਜ਼ਿਆਦਾ ਮੈਂ ਭੂਆ ਦੇ ਪਿੰਡ ਹੀ ਰਹਿੰਦਾ ਸਾਂ। ਵੈਸੇ ਭੱਟੀਆਂ ਪਿੰਡ 'ਚੋਂ ਹੀ ਨਿਕਲੇ ਨੇੜਲੇ ਪਿੰਡ ਘੋੜੇਵਾਹ ਮੇਰੇ ਨਾਨਕੇ ਵੀ ਸਨ। ਮੇਰੇ ਮਾਸਟਰ ਲੱਗਣ 'ਤੇ ਭੂਆ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਸ਼ਰੀਕੇ 'ਚ ਗੁੜ ਵੰਡਦੀ ਬੜਾ ਹੁੱਬ ਕੇ ਆਖਦੀ, "ਸੁੱਖ ਨਾਲ ਮੇਰਾ ਸੀਤਾ ਪੁੱਤ ਮਾਸਟਰ ਲੱਗ ਗਿਆ ਆ!"

ਕੋਰਸ ਦੇ ਸਿਲੇਬਸ ਵਿੱਚ ਪੜ੍ਹੀ ਭੂਆ ਭਤੀਜੇ ਦਾ ਮੋਹ ਬਿਆਨ ਕਰਦੀ ਲੋਕ ਬੋਲੀ ਅੱਜ ਵੀ ਮੇਰੀ ਯਾਦ ਦਾ ਹਿੱਸਾ ਹੈ, "ਚੁੱਕ ਕੇ ਭਤੀਜੇ ਨੂੰ ਬਿਨ ਪੌੜੀਓਂ ਕੋਠੇ ਚੜ੍ਹ ਜਾਵਾਂ।"

ਜਦੋਂ ਭੂਆ ਦੇ ਬੱਚੇ ਛੋਟੇ ਸਨ ਸਨ ਤਾਂ ਇੱਕ ਸਾਈਕਲ ਦੇ ਡੰਡੇ 'ਤੇ ਪਰਨਾ ਲਪੇਟ ਕੇ ਬਿਠਾਇਆ ਹੁੰਦਾ, ਦੂਜਾ ਮਗਰ ਬੈਠੀ ਭੂਆ ਨੇ ਚੁੱਕਿਆ ਹੁੰਦਾ। ਉਹ ਪਿੰਡ ਵੀ ਆ ਜਾਂਦੇ ਤੇ ਮੱਸਿਆ ਮਸਾਧੇ ਵੀ ਚਲੇ ਜਾਂਦੇ। ਫੁੱਫੜ ਹਰ ਸਾਲ ਆਨੰਦਪੁਰ ਦਾ ਹੋਲਾ ਮਹੱਲਾ ਤੇ ਵਿਸਾਖੀ ਜਾਣਾ ਤਾਂ ਭੁੱਲਦਾ ਹੀ ਨਾ। ਜਦੋਂ ਬੱਚੇ ਉਡਾਰ ਹੋ ਗਏ, ਸਕੂਲ ਪੜ੍ਹਨ ਲੱਗ ਪਏ ਫਿਰ ਭੂਆ ਫੁੱਫੜ ਜਿੱਥੇ ਵੀ ਜਾਂਦੇ ਇਕੱਠੇ ਹੀ ਜਾਂਦੇ। ਦੋਵਾਂ ਜੀਆਂ ਨੂੰ ਅਕਸਰ ਚਿੱਟੇ ਲਿਬਾਸ ਪਾਏ ਵੇਖ ਕੇ ਲੋਕ ਹੰਸਾਂ ਦੀ ਜੋੜੀ ਆਖਦੇ। ਜਦੋਂ ਦੋਵਾਂ ਦੇ ਹੀ ਵਾਲ ਸਫ਼ੈਦ ਹੋ ਗਏ ਤਾਂ ਉਹ ਸਾਖ਼ਸ਼ਾਤ ਹੰਸ ਹੀ ਲੱਗਦੇ। ਉੱਚਾ ਜਾਂ ਕੌੜਾ ਬੋਲਣਾ ਤਾਂ ਜਿਵੇਂ ਉਨ੍ਹਾਂ ਸਿੱਖਿਆ ਹੀ ਨਹੀਂ ਸੀ।

ਵਕਤ ਬਦਲਿਆ ਪਹਿਲਾਂ ਪਿੰਡਾਂ ਵਿੱਚ ਪੰਚਾਇਤੀ ਨਲਕੇ ਲੱਗੇ, ਫਿਰ ਲੋਕਾਂ ਘਰਾਂ ਵਿੱਚ ਵੀ ਲਗਵਾ ਲਏ। ਖੂਹੀਆਂ ਦੇ ਉੱਚੇ ਮੌਣਾਂ 'ਤੇ ਤੜਕੇ ਡੋਲ ਖੜਕਣੋਂ ਹਟ ਗਏ। ਘਰ ਵਿੱਚ ਨਲਕਾ ਲੱਗਣ ਤੋਂ ਬਾਅਦ ਭੂਆ ਤੜਕੇ ਉੱਠ ਕੇ ਆਪ ਨਲਕਾ ਗੇੜ ਕੇ ਫੁੱਫੜ ਨੂੰ ਇਸ਼ਨਾਨ ਕਰਵਾਉਂਦੀ। ਫਿਰ ਆਪ ਇਸ਼ਨਾਨ ਕਰਕੇ ਫੁੱਫੜ ਦੇ ਕੋਲ ਬੈਠ ਕੇ ਬਾਣੀ ਸੁਣਦੀ। ਇਹ ਕਰਮ ਉਨ੍ਹਾਂ ਦੇ ਜੀਵਨ ਦਾ ਹਿੱਸਾ ਸੀ।

ਫੁੱਫੜ ਦੀ ਮੌਤ ਮੌਕੇ ਭੂਆ ਦੀ ਚੁੱਪ ਇੱਕ ਰੋਗ ਬਣ ਗਈ। ਮੈਨੂੰ ਪਿੰਡ ਗਏ ਨੂੰ ਭਾਬੀ ਦੱਸਦੀ ਕਿ "ਵੀਰ ਜੀ, ਬੀਬੀ ਕਿਸੇ ਬੱਚੇ ਨੂੰ ਵੀ ਰੋਂਦਾ ਵੇਖਦੀ ਹੈ ਤਾਂ ਉਂਗਲ ਕਰਕੇ ਸਿਰਫ਼ ਇਹੀ ਆਖਦੀ ਹੈ, "ਨਾ ਰੋਣਾ ਨਹੀਂ।" ਹੋਰ ਕੋਈ ਗੱਲ ਨਹੀਂ ਕਰਦੀ। ਰੋਜ਼ ਸਵੇਰੇ ਤੜਕੇ ਉੱਠ ਕੇ ਨਲਕਾ ਗੇੜਦੀ ਬੁੜ-ਬੁੜ ਕਰਦੀ ਰਹਿੰਦੀ ਹੈ। ਫਿਰ ਆਪ ਇਸ਼ਨਾਨ ਕਰਕੇ ਆਪਣੇ ਕਮਰੇ ਵਿੱਚ ਚੌਕੜੀ ਮਾਰ ਕੇ ਕਾਫ਼ੀ ਦੇਰ ਬੈਠੀ ਰਹਿੰਦੀ ਹੈ। ਵਿਹੜੇ ਫਿਰਦੀ ਵੀ ਹੱਥ ਮਾਰਦੀ ਕਮਲਿਆਂ ਵਰਗੀਆਂ ਹਰਕਤਾਂ ਕਰਦੀ ਰਹਿੰਦੀ ਹੈ। ਮੈਨੂੰ ਤਾਂ ਬੀਬੀ ਦੀ ਹਾਲਤ ਵੇਖ ਕੇ ਡਰ ਲੱਗਦੈ ਵਾਹਿਗੁਰੂ ਸੁੱਖ ਰੱਖੇ।"

ਮੈਂ ਭੂਆ ਨੂੰ ਸਕੂਟਰ 'ਤੇ ਬਹਾਲ ਕੇ ਪਿੰਡ ਲੈ ਆਇਆ। ਬੀਬੀ ਤੇ ਚਾਚੀ ਭੂਆ ਨੂੰ ਮਿਲਦੀਆਂ ਰੋਣ ਲੱਗ ਪਈਆਂ। ਭੂਆ ਉਨ੍ਹਾਂ ਨੂੰ ਵੀ ਉਂਗਲ ਬੁੱਲ੍ਹਾਂ 'ਤੇ ਰੱਖ ਕੇ ਬੋਲੀ, "ਨਾ ਭਾਬੀ, ਰੋਣਾ ਨਹੀਂ!"

ਭੂਆ ਸਾਡੇ ਪਿੰਡ ਵੀ ਜਿੰਨੇ ਦਿਨ ਰਹੀ, ਤੜਕੇ ਉੱਠ ਕੇ ਕਿੰਨਾ-ਕਿੰਨਾ ਚਿਰ ਨਲਕਾ ਗੇੜਦੀ ਰਹਿੰਦੀ। ਫਿਰ ਇਸ਼ਨਾਨ ਕਰਕੇ ਜਿੱਥੇ ਫੁੱਫੜ ਸਹੁਰੀਂ ਆਇਆ ਸੌਂਦਾ ਹੁੰਦਾ ਸੀ ਉਸ ਕਮਰੇ ਵਿੱਚ ਚੌਕੜੀ ਮਾਰ ਕੇ ਬੈਠੀ ਰਹਿੰਦੀ। ਫੁੱਫੜ ਦਾ ਵਿਛੋੜਾ ਇੱਕ ਤਰ੍ਹਾਂ ਭੂਆ ਦੇ ਢਿੱਡ 'ਚ ਕਿਸੇ ਫੋੜੇ ਵਾਂਗ ਬਣ ਗਿਆ।

ਫੁੱਫੜ ਮੋਏ ਨੂੰ ਸਾਲ ਹੋਣ ਵਾਲਾ ਸੀ। ਪਰਿਵਾਰ ਉਸ ਦੇ ਵਰ੍ਹੀਣੇ ਬਾਰੇ ਸੋਚ ਰਿਹਾ ਸੀ। ਭੂਆ ਦਸਾਂ-ਬਾਰਾਂ ਦਿਨਾਂ ਤੋਂ ਸਾਡੇ ਕੋਲ ਸੀ। ਫੁੱਫੜ ਦੀ ਮੌਤ ਤੋਂ ਬਾਅਦ ਪਹਿਲੀ ਵਾਰ ਭੂਆ ਬਿਲਕੁਲ ਤੰਦਰੁਸਤਾਂ ਵਾਂਗ ਮੈਨੂੰ ਡਿਊਟੀ ਤੋਂ ਵਾਪਸ ਆਏ ਨੂੰ ਬੋਲੀ, "ਸੀਤਲ ਪੁੱਤ, ਮੈਨੂੰ ਪਿੰਡ ਛੱਡ ਆ।"

"ਭੂਆ, ਇਹ ਵੀ ਤਾਂ ਤੇਰਾ ਪਿੰਡ ਆ!" ਮੈਂ ਦਿਲੋਂ ਖ਼ੁਸ਼ ਹੁੰਦਿਆਂ ਬਹੁਤ ਹੀ ਕਮਜ਼ੋਰ ਹੋ ਚੁੱਕੀ ਭੂਆ ਨੂੰ ਮੋਹ ਜਿਹੇ ਨਾਲ ਆਪਣੀਆਂ ਬਾਹਾਂ ਵਿੱਚ ਲੈਂਦਿਆਂ ਕਿਹਾ।

"ਨਹੀਂ ਪੁੱਤ, ਆਖਦੇ ਨੇ ਜਿੱਥੇ ਧੀ ਦੀ ਡੋਲੀ ਗਈ ਹੋਵੇ, ਉੱਥੋਂ ਹੀ ਅਰਥੀ ਨਿਕਲਦੀ ਚੰਗੀ ਲੱਗਦੀ ਹੈ।"

"ਭੂਆ, ਕਿਹੋ ਜਿਹੀਆਂ ਗੱਲਾਂ ਕਰਦੀ ਪਈ ਏਂ!" ਆਖਦਿਆਂ ਮੇਰੀ ਭੁੱਬ ਨਿਕਲ ਗਈ।

"ਨਾ ਮੇਰਾ ਪੁੱਤ ਰੋਣਾ ਨਹੀਂ।" ਭੂਆ ਸਿਰਫ਼ ਏਨਾ ਹੀ ਬੋਲੀ।

ਤੰਦਰੁਸਤਾਂ ਵਾਂਗ ਗੱਲਾਂ ਕਰਦੀ ਭੂਆ ਨੂੰ ਸੁਣਦੀ ਪਤਨੀ ਮੇਰੇ ਲਈ ਪਾਣੀ ਦਾ ਗਿਲਾਸ ਫੜੀ ਖਲੋਤੀ ਰੋ ਰਹੀ ਸੀ। ਭੂਆ ਮੇਰੀ ਪਤਨੀ ਨੂੰ ਵੀ ਬੋਲੀ, "ਨਾ, ਮੇਰੀ ਧੀ ਰੋਣਾ ਨਹੀਂ!"

ਉਸ ਦਿਨ ਭੂਆ ਜ਼ੋਰ ਦੇ ਕੇ ਆਪਣੇ ਸਹੁਰੇ ਪਿੰਡ ਚਲੀ ਗਈ। ਸ਼ਾਇਦ ਭੂਆ ਨੂੰ ਵੀ ਫੁੱਫੜ ਵਾਂਗ ਆਪਣੀ ਆਉਣ ਵਾਲੀ ਮੌਤ ਦਾ ਅਹਿਸਾਸ ਹੋ ਗਿਆ ਸੀ। ਦੋ ਦਿਨ ਬਾਅਦ ਹੀ ਭੂਆ ਦੇ ਪਰਲੋਕ ਗਮਨ ਦੀ ਖ਼ਬਰ ਆ ਗਈ। ਭੂਆ ਦੇ ਪਿੰਡ ਨੂੰ ਜਾਂਦਿਆਂ ਮੈਨੂੰ ਗੁਰਬਾਣੀ ਦੀਆਂ ਤੁਕਾਂ ਯਾਦ ਆ ਰਹੀਆਂ ਸਨ,

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥"

ਸੱਥਰ 'ਤੇ ਬੈਠਿਆਂ ਭੂਆ ਦੀ ਨੂੰਹ ਸਾਲ ਪਹਿਲਾਂ ਭੂਆ ਵਾਂਗ ਹੀ ਬੜੇ ਠਰੰਮੇ ਨਾਲ ਹਰੇਕ ਨੂੰ ਰੋਣ ਤੋਂ ਵਰਜ ਰਹੀ ਸੀ ਤੇ ਭੂਆ ਦੀ ਮੌਤ ਬਾਰੇ ਦੱਸ ਰਹੀ ਸੀ, "ਬੀਬੀ ਨੇ ਮੁਨ੍ਹੇਰੇ ਆਪ ਨਲਕਾ ਗੇੜ ਕੇ ਇਸ਼ਨਾਨ ਕੀਤਾ ਆ, ਹਮੇਸ਼ਾ ਵਾਂਗ ਸਾਫ਼-ਸੁਥਰਾ ਚਿੱਟਾ ਸੂਟ ਪਾਇਆ ਹੈ। ਮੈਂ ਵੀ ਰੋਜ਼ ਵਾਂਗ ਉੱਠ ਬੈਠੀ ਹਾਂ। ਚੌਕੜੀ ਮਾਰੀ ਆਪਣੇ ਕਮਰੇ 'ਚ ਬੈਠੀ ਬੀਬੀ ਨੇ ਮੈਨੂੰ 'ਵਾਜ਼ ਮਾਰੀ ਹੈ। ਅਖੇ, "ਚੰਗਾ ਧੀਏ ਰੋਇਓ ਨਾ, ਤੇ ਮੈਨੂੰ ਨੁਹਾਲਿਓ ਵੀ ਨਾ, ਖ਼ੱਫ਼ਣ ਤੇ ਲੱਕੜਾਂ ਮੇਰੇ 'ਤੇ ਗੁੰਨੋਪੁਰ ਦੀਆਂ ਹੀ ਪਾਇਓ।"

"ਬੀਬੀ, ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਪਏ ਜੇ! ਆਖਦਿਆਂ ਮੇਰਾ ਰੋਣ ਨਿਕਲ ਗਿਆ।

"ਨਾ ਰੋਣਾ ਨਹੀਂ" ਇਹ ਬੀਬੀ ਦੇ ਆਖ਼ਰੀ ਬੋਲ ਸਨ। ਮੈਂ ਬੀਬੀ ਨੂੰ ਉਠਾਲ ਕੇ ਮੰਜੇ 'ਤੇ ਪਾ ਕੇ ਕਿਹਾ, "ਬੀਬੀ, ਤੂੰ ਆਰਾਮ ਕਰ, ਮੈਂ ਚਾਹ ਲੈ ਕੇ ਆਉਨੀ ਆਂ। ਮੈਂ ਕੁਝ ਸਮੇਂ ਬਾਅਦ ਚਾਹ ਲੈ ਕੇ ਅੰਦਰ ਗਈ ਹਾਂ, ਪਰ ਬੀਬੀ ਨੇ ਤਾਂ ਸ਼ਾਇਦ ਮੰਜੀ 'ਤੇ ਪੈਂਦਿਆਂ ਹੀ ਪ੍ਰਾਣ ਤਿਆਗ ਦਿੱਤੇ ਲੱਗਦੇ ਸਨ।"

ਸਾਡਾ ਸਾਰਾ ਪਰਿਵਾਰ ਧਾਹਾਂ ਮਾਰ ਕੇ ਰੋਣ ਲੱਗ ਪਿਆ। ਭੂਆ ਦੀ ਨੂੰਹ ਕਹਿ ਰਹੀ ਸੀ, "ਨਾ ਰੋਣਾ ਨਹੀਂ।"

ਭੂਆ ਪੇਕਿਆਂ ਦੇ ਖ਼ੱਫ਼ਣ 'ਚ ਲਪੇਟੀ ਪੁੱਤ ਭਤੀਜਿਆਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਪੇਕਿਆਂ ਦੀਆਂ ਲੱਕੜਾਂ ਦੀ ਚਿਣੀ ਚਿਖ਼ਾ 'ਤੇ ਅਹਿਲ ਪਈ ਸੀ। ਔਰਤਾਂ ਆਖ ਰਹੀਆਂ ਸਨ, "ਵਹੁਟੀ ਰੋ ਪਵੇ, ਮਤੇ ਇਹਦੇ ਢਿੱਡ 'ਚ ਵੀ ਕੋਈ ਗ਼ਮ ਦਾ ਗੋਲਾ ਨਾ ਬੱਝ ਜਾਵੇ!"

ਮੱਥਾ ਟੇਕ ਕੇ ਨੂੰਹ ਨੇ ਲੰਮੀ ਲੇਰ ਮਾਰਦਿਆਂ ਕਿਹਾ, "ਹਾਏ ਨੀ ਬੀਬੀ, ਹੁਣ ਅਸੀਂ ਕੀਹਨੂੰ ਬੀਬੀ ਆਖਾਂਗੇ...?" ਭੁੱਬਾਂ ਮਾਰਦੀ ਨੂੰਹ ਦੀਆਂ ਚੀਕਾਂ ਨਾਲ ਸਿਵਿਆਂ 'ਚ ਸ਼ਾਂਤ ਖਲੋਤੇ ਰੁੱਖ ਵੀ ਦਹਿਲ ਗਏ ਸਨ। ਪਿੰਡ ਦੀਆਂ ਔਰਤਾਂ ਭੂਆ ਦੀ ਨੂੰਹ ਨੂੰ ਹੌਸਲਾ ਕਰ ਤਾਂ ਆਖ ਰਹੀਆਂ ਸਨ, ਪਰ ਕਿਸੇ ਨੇ ਇਹ ਨਹੀਂ ਕਿਹਾ, "ਧੀਏ, ਮੈਂ ਕੀ ਦੱਸਾਂ?"

•••

**ਮੋਬਾ. 94656-56214**

ਹਿੰਦੀ ਕਹਾਣੀ : **ਬੰਦਨਾ ਰਾਗ**

# ਬੁੜ੍ਹੇ ਦੀ ਖੁਜਲੀ

**ਅਨੁਵਾਦ: ਸੁਰਿੰਦਰ ਰਾਮਪੁਰੀ**



ਦੇਸੀ ਫਿਲਮਾਂ ਵਿਚ ਦਿਖਾਏ ਜਾਣ ਵਾਲੇ ਬੁੜ੍ਹਿਆਂ ਵਾਂਗ ਹੀ ਦਿਖਦਾ ਸੀ ਉਹ। ਮਾੜਕੂ ਜਿਹਾ, ਬਹੁਤ ਕਮਜ਼ੋਰ। ਪਰ ਲੰਮ-ਸਲੰਮਾ ਅਤੇ ਗੋਰਾ-ਚਿੱਟਾ। ਉਸਦੇ ਲੱਕ ਦੇ ਮੇਚ ਦੀ ਪੈਂਟ ਪਤਾ ਨਹੀਂ ਕਿਵੇਂ ਮਿਲਦੀ ਹੋਵੇਗੀ, ਇਹ ਵੀ ਸੋਚਣ ਵਾਲੀ ਗੱਲ ਸੀ। ਏਨੇ ਤੰਗ ਮੇਚੇ ਦੀ ਇਕ ਅਡੱਲਟ ਪੈਂਟ।

ਉਸਦੇ ਜਾਣ-ਪਛਾਣ ਵਾਲਿਆਂ ਲਈ ਇਹ ਉਸਦਾ ਇਕ ਨਵਾਂ ਰੂਪ ਸੀ। ਉਸਨੂੰ ਦੇਖ ਉਹ ਆਪਸ ਵਿਚ ਇਸ਼ਾਰੇ ਕਰਕੇ ਇਧਰ-ਉਧਰ ਹੋਣ ਲੱਗਦੇ।

ਉਹ ਹਰ ਵੇਲ਼ੇ ਕਾਲ਼ੀ ਪੈਂਟ, ਕਾਲ਼ੇ ਬੂਟ, ਕਾਲੀਆਂ ਜਰਾਬਾਂ ਅਤੇ ਸਰਦੀਆਂ ਵਿਚ ਕਾਲ਼ੀ ਕਮੀਜ ਨਾਲ ਕਾਲ਼ਾ ਕੋਟ ਪਾ ਕੇ ਰੱਖਦਾ। ਸਿਰ ਤੇ ਸੋਲ਼ਾ ਹੈਟ ਵਰਗੀ ਟੋਪੀ। ਟੋਪੀ ਵੀ ਕਾਲ਼ੀ । ਗਰਮੀਆਂ ਵਿਚ ਪੂਰੀਆਂ ਬਾਹਾਂ ਦੀ ਸਫੈਦ ਕਮੀਜ ’ਤੇ ਹੈਟ ਵੀ। ਉਹੀ ਕਾਲ਼ਾ ਹੈਟ।

ਇਕ ਵਾਰ ਕਿਸੇ ਸਰਕਾਰੀ ਸਕੂਲ ਦਾ ਬੱਚਾ, ਉਹਨੂੰ ਦੇਖ ਕੇ ਬੱਸ ਚੜ੍ਹਨਾ ਹੀ ਭੁੱਲ ਗਿਆ ਸੀ। ਜਿਵੇਂ ਮੰਤਰ-ਮੁਗਧ ਹੋ ਗਿਆ ਹੋਵੇ। ਬੱਸ ਤੁਰ ਗਈ। ਉਹ ਉੱਥੇ ਹੀ ਖੜ੍ਹਾ ਰਹਿ ਗਿਆ। ਬੱਚਾ ਸ਼ਾਇਦ ਪੰਜਵੀ-ਛੇਵੀਂ ਕਲਾਸ ਵਿਚ ਪੜ੍ਹਦਾ ਹੋਵੇਗਾ। ਉਹ ਕਾਫੀ ਦੇਰ ਉਸੇ ਤਰ੍ਹਾਂ ਮੰਤਰ-ਮੁਗਧ ਹੋਇਆ ਉਸ ਬੁੜ੍ਹੇ ਨੂੰ ਦੇਖਦਾ ਰਿਹਾ। ਫਿਰ ਉਹਨੇ ਉਸਦੇ ਨੇੜੇ ਹੋ ਪੁੱਛਿਆ, “ਫਾਰਨਰ ਹੋ।”

ਉਹਨੂੰ ਦੇਖ ਬੁੜ੍ਹੇ ਨੇ ਇਸ ਤਰ੍ਹਾਂ ਸਿਰ ਹਿਲਾਇਆ, ਜਿਸਦਾ ਅਰਥ ਹਾਂ ਵੀ ਹੋ ਸਕਦਾ ਸੀ ਅਤੇ ਨਾਂਹ ਵੀ। ਬੱਚੇ ਨੂੰ ਕੁਝ ਵੀ ਸਮਝ ਨਾ ਆਇਆ। ਫਿਰ ਵੀ ਉਹ ਖੁਸ਼ ਹੁੰਦਾ ਬੋਲਿਆ, “ਤੁਸੀਂ ਰੂਸੀ ਹੋ ਨਾ ? ਤੁਹਾਡਾ ਇਹ ਟੋਪ ਕਰਾਮਾਤੀ ਟੋਪ ਹੈ ਨਾ?” ਬੱਚੇ ਨੇ ਸ਼ਾਇਦ ਕਿਸੇ ਸੰਖੇਪ ਸੰਸਕਰਣ ਵਿਚ ਗੋਗੋਲ ਦੀ ਕਹਾਣੀ ਪੜ੍ਹੀ ਹੋਵੇਗੀ। ਜਾਂ ਇਸੇ ਨਾਂਅ ਦੀ ਬੱਚਿਆਂ ਦੀ ਫਿਲਮ ਦੇਖੀ ਹੋਵੇਗੀ। ਇਹ ਵੀ ਹੋ ਸਕਦੈ, ਉਹਨੇ ਸੁਪਨੇ ਵਿਚ ਹੀ ਕੋਈ ਐਸੀ ਸ਼ਕਲ ਦੇਖੀ ਹੋਵੇ ਜੋ ਉਹਦੇ ਮਸਤਕ ਵਿਚ ਵਸ ਗਈ ਹੋਵੇ।

ਬੁੜ੍ਹੇ ਤੇ ਬੱਚੇ ਦੀ ਉਤਸੁਕਤਾ ਦਾ ਕੋਈ ਅਸਰ ਨਾ ਹੋਇਆ। ਉਹ ਜਿਵੇਂ ਬੇਚੈਨ ਹੋ ਗਿਆ ਹੋਵੇ। ਬੇ-ਧਿਆਨੀ ਜਿਹੀ ਨਾਲ ਇਧਰ-ਉਧਰ ਦੇਖਣ ਲੱਗਿਆ ।

ਬੱਚਾ ਦੇਰ ਤਕ ਉਸਦਾ ਜਵਾਬ ਉਡੀਕਦਾ ਰਿਹਾ। ਥੱਕ-ਹਾਰ ਕੇ ਉਹ ਘਰ ਵੱਲ ਤੁਰ ਪਿਆ।

ਬੁੜ੍ਹਾ ਵੀ ਕੁਝ ਦੇਰ ਬਾਅਦ ਇਕ ਪਾਸੇ ਤੁਰ ਪਿਆ, ਅਤੇ ਉਹ ਦੋਵੇਂ ਦਿੱਲੀ ਦੀਆਂ ਸਰਦੀਆਂ ਵਿਚ ਧੁੰਦ ਦੀ ਚਾਦਰ ਵਿਚ ਲਿਪਟੀਆਂ ਸੜਕਾਂ ਵਿਚ ਗੁੰਮ ਗਏ।

ਅਗਲੇ ਦਿਨ ਸਵੇਰੇ ਬੱਚਾ ਫਿਰ ਬੱਸ ਸਟਾਪ ਤੇ ਖੜ੍ਹਾ ਸੀ। ਬੁੜ੍ਹਾ ਵੀ ਪੇਪਰ ਗਲਾਸ ਵਿਚ ਚਾਹ ਲਈ ਉੱਥੇ ਹੀ ਬੈਠਾ ਸੀ। ਉਸ ਨੂੰ ਦੇਖਮੰਤਰ-ਮੁਗਧ ਹੋਇਆ ਬੱਚਾ ਉਸ ਕੋਲ ਚਲਿਆ ਗਿਆ। ਉਹਦਾ ਧਿਆਨ ਖਿੱਚਣ ਲਈ ਉਹ ਉਹਦੀਆਂ ਅੱਖਾਂ ਵੱਲ ਦੇਖਣ ਲੱਗਿਆ। ਇਕ ਪਲ ਲਈ ਦੋਵਾਂ ਦੀਆਂ ਅੱਖਾਂ ਮਿਲੀਆਂ ਵੀ, ਪਰ ਬੁੜ੍ਹੇ ਦੀਆਂ ਅੱਖਾਂ ਵਿਚਲੇ ਲਾਲ ਡੋਰੇ ਦੇਖ ਬੱਚਾ ਡਰ ਗਿਆ॥ ਉਹ ਬੱਸ ਸਟਾਪ ਤੇ ਬੈਠਾ ਬੈਠਾ ਹੀ ਥੋੜਾ ਜਿਹਾ ਅੱਗੇ ਨੂੰ ਘਿਸਰ ਗਿਆ ।

ਫਿਰ ਬੇਚੈਨ ਜਿਹਾ ਹੁੰਦਾ ਪੁੱਛਣ ਲੱਗਿਆ, “ਦੱਸੋ ਤਾਂ ਸਹੀ, ਤੁਸੀਂ ਫਾਰਨਰ ਹੋ ? ਮੈਨੂੰ ਫਾਰਨਰ ਬਹੁਤ ਚੰਗੇ ਲੱਗਦੇ ਨੇ।”

ਅਚਾਨਕ ਬੱਸ ਸਟਾਪ ਤੇ ਹਲਚਲ ਹੋਈ। ਲੋਕ ਬੱਸ ਵਿਚ ਚੜ੍ਹਨ ਲੱਗੇ।

ਬੱਚਾ ਬੈਠਾ ਰਿਹਾ। ਬੁੜ੍ਹਾ ਚਾਹ ਦਾ ਕੱਪ, ਬੁੱਲ੍ਹਾਂ ਤੋਂ ਪਰ੍ਹਾਂ ਹਟਾਉਂਦਾ ਬੋਲਿਆ, “ਜਾਹ ਤੇਰੀ ਬੱਸ ਆ ਗਈ।”

“ਨਹੀਂ, ਮੈਂ ਸਕੂਲ ਨਹੀਂ ਜਾਣਾ, ਮੈਂ ਤਾਂ ਤੁਹਾਡੇ ਨਾਲ ਗੱਲ ਕਰਨੀ ਹੈ।”

“ਜਦੋਂ ਸਕੂਲ ਤੋਂ ਵਾਪਸ ਆਏਂਗਾ, ਫਿਰ ਗੱਲਾਂ ਕਰਾਂਗੇ। ਹੁਣ ਤੂੰ ਜਾਹ।”

ਬੱਚਾ ਅਣਮੰਨੇ ਜਿਹੇ ਮਨ ਨਾਲ ਬੱਸ ਵਿਚ ਚੜ੍ਹ ਗਿਆ।

ਕੰਡਕਟਰ ਬੁੜ੍ਹੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗਿਆ। ਉਹ ਵੀ ਉਹਦੀ ਨਿਗ੍ਹਾ ਤਾੜ ਗਿਆ ਅਤੇ ਆਪਣੇ ਪੱਟਾਂ ਨੂੰ ਰਗੜ ਰਗੜ ਖਾਜ ਕਰਨ ਲੱਗਿਆ। ਕੰਡਕਟਰ ਨੇ ਹੈਰਾਨ ਹੋ ਇਕ ਵਾਰ ਫਿਰ ਉਹਦੇ ਵੱਲ ਵੇਖਿਆ। ਫਿਰ ਸੋਚਿਆ, ਚਲ ਆਪਾਂ ਕੀ ਲੈਣਾ ਅਤੇ ਉਹ ਸਵਾਰੀਆਂ ਨੂੰ ਅੱਗੇ ਕਰਨ ਲੱਗਿਆ।

**-2-**

ਸ਼ਾਮ ਨੂੰ ਜਦੋਂ ਬੱਚਾ ਠੰਡ ਨਾਲ ਕੁੰਗੜਦਾ ਹੋਇਆ ਸਕੂਲ ਤੋਂ ਮੁੜਿਆ , ਉਹ ਬੱਸ ਸਟਾਪ ਤੇ ਬੁੜ੍ਹੇ ਨੂੰ ਲੱਭਦਾ ਰਿਹਾ, ਪਰ ਉਹ ਕਿਤੇ ਨਾ ਦਿਸਿਆ। ਬੱਚਾ ਜ਼ੋਰ ਨਾਲ ਧਰਤੀ ਤੇ ਬੂਟ ਦੀ ਠੋਕਰ ਮਾਰਦਾ, ਬੱਸ ਸਟਾਪ ਦੇ ਪਿੱਛੇ ਵਸੀ ਰੇਲਵੇ ਕਾਲੋਨੀ ਦੇ ਟਾਈਪ ਚਾਰ ਕੁਆਟਰਾਂ ਦੇ ਇਕ ਘਰ ਵਿਚ ਵੜ ਗਿਆ।

ਬੁੜਾ ਬੱਸ ਸਟਾਪ ਦੇ ਨਾਲ ਹੀ ਮੁਗਲ ਕਾਲ ਦੇ ਲੱਗੇ ਹੋਏ ਵਿਸ਼ਾਲ ਬੋਹੜ ਦੇ ਪਿਛਲੇ ਪਾਸਿਓਂ ਨਿਕਲ ਆਇਆ ਅਤੇ ਗੂੜ੍ਹੀ ਹੁੰਦੀ ਸ਼ਾਮ ਦੀ ਬੈਂਗਨੀ ਜਿਹੀ ਰੌਸ਼ਨੀ ਵਿਚ ਗੁੰਮ ਗਿਆ।

ਬੱਚਾ ਸਾਰੀ ਰਾਤ ਸੌਂ ਨਹੀਂ ਸਕਿਆ। ਪਤਾ ਨਹੀਂ ਕਿਹੜੇ ਦੁੱਖ ਵਿਚ ਰੋਂਦਾ ਰਿਹਾ। ਉਸਦੇ ਪਰਿਵਾਰ ਵਾਲੇ ਪਹਿਲਾਂ ਤਾਂ ਉਸਨੂੰ ਚੁੱਪ ਕਰਾਉਣ ਲੱਗੇ। ਜਦੋਂ ਉਹ ਚੁੱਪ ਹੋਇਆ ਹੀ ਨਾ, ਤਾਂ ਉਹ ਬ੍ਰੈਡ ਦੇ ਦੋ ਪੀਸ ਅਤੇ ਚਾਹ ਦਾ ਕੱਪ ਉਹਦੇ ਸਿਰਾਣੇ ਰੱਖ ਗਏ। ਬੱਚਾ ਅੱਖਾਂ ਮੀਚੀ ਪਿਆ ਰਿਹਾ।

ਫਿਰ ਛੋਟੀ ਬੱਚੀ ਉਹਨੂੰ ਹਲੂਣਦੀ ਬੋਲੀ, "ਭਈਆ, ਭਈਆ ਉੱਠੋ, ਖਾਣਾ ਖਾ ਲਵੋ, ਪਾਪਾ ਕਹਿੰਦੇ ਨੇ।"

"ਪਾਪਾ?" ਬੱਚਾ ਬਿਸਤਰੇ ਤੋਂ ਉੱਠ ਖੜ੍ਹਿਆ। "ਪਾਪਾ! ਪਾਪਾ" ਕਹਿੰਦਾ ਉਹ ਜ਼ੋਰ ਜ਼ੋਰ ਨਾਲ ਰੋਣ ਲੱਗਿਆ।

"ਤੇਲੇ ਨਹੀਂ ਭਈਆ, ਮੇਲੇ ਪਾਪਾ।"

ਬੱਚੀ ਦਾ ਪਾਪਾ ਕਮਰੇ ਵਿਚ ਆਇਆ, ਬੱਚੀ ਉਹਨੂੰ ਚਿੰਬੜ ਗਈ। "ਮੇਲੇ ਪਾਪਾ ਆ ਗਏ। ਮੇਲੇ ਪਾਪਾ ਆ ਗਏ...।"

ਬੱਚਾ, ਉਸ ਬੱਚੀ ਦੇ ਪਾਪਾ ਨੂੰ ਦੇਖ ਚੁੱਪ ਹੋ ਗਿਆ। ਸ਼ਾਇਦ ਘਬਰਾ ਗਿਆ।

ਟਾਈਪ ਚਾਰ ਕੁਆਰਟਰ ਦੇ ਉਸ ਛੋਟੇ ਜਿਹੇ ਕਮਰੇ ਵਿਚ ਚੁੱਪ ਪਸਰ ਗਈ। ਕੁੱਕਰ ਦੀ ਸੀਟੀ ਦੀ ਬੇ-ਸੁਰੀ ਆਵਾਜ ਨੇ ਚੁੱਪ ਨੂੰ ਤੋੜਿਆ ਅਤੇ ਉਦੋਂ ਹੀ ਇਕ ਔਰਤ ਕਮਰੇ ਵਿਚ ਵੜ ਆਈ। ਔਰਤ ਦੇਖਣ-ਪਾਖਣ ਨੂੰ ਸੋਹਣੀ ਸੀ ਪਰ ਉਹਦੇ ਚਿਹਰੇ ਤੇ ਚਿੰਤਾ ਅਤੇ ਗੁੱਸੇ ਦੀਆਂ ਲਕੀਰਾਂ ਨੇ ਮੱਕੜਜਾਲ ਬੁਣਿਆ ਹੋਇਆ ਸੀ। ਕੁੱਕਰ ਬੰਦ ਹੋਣ ਮਗਰੋਂ ਉਹ ਕੁੱਕਰ ਦੀ ਆਵਾਜ ਵਿਚ ਹੀ ਬੋਲੀ, "ਇਹ ਬਲਾ ਹੁਣ ਮੈਥੋਂ ਨਹੀਂ ਸੰਭਾਲੀ ਜਾਂਦੀ। ਇਹਦੇ ਪਿਉ ਮਰੇ ਨੂੰ ਦਸ ਸਾਲ ਹੋ ਗਏ।"

ਇਹ ਸੁਣ ਛੋਟੀ ਬੱਚੀ ਦਾ ਪਾਪਾ ਉਸ ਔਰਤ ਵੱਲ ਝਾਕਿਆ ਅਤੇ ਬੋਲਿਆ, "ਦਸ ਨਹੀਂ ਚਾਰ ਸਾਲ ਹੋਏ ਨੇ। ਭਈਆ ਤੇ ਭਾਬੀ ਦੋਵੇਂ ਇਕੱਠੇ ਹੀ ਗਏ ਸੀ। ਤੂੰ ਪੂਰੀ ਮੂਰਖ ਐਂ।"

"ਠੀਕ ਹੈ, ਚਾਰੇ ਸਾਲ ਸਹੀ। ਪਰ ਇਹ ਲਾਟ ਸਾਹਿਬ ਤਾਂ ਇਸ ਤਰ੍ਹਾਂ ਕਲਪਦੈ, ਜਿਵੇਂ ਨੌਂ ਸਾਲਾਂ ਦਾ ਨਹੀਂ, ਅਜੇ ਵੀ ਪੰਜਾਂ ਸਾਲ ਦਾ ਹੋਵੇ। ਮਾਂ-ਪਿਓ ਮਰਨ ਮਗਰੋਂ ਜਿਵੇ ਭੋਰਾ-ਭਰ ਵੀ ਬੜਾ ਨਾ ਹੋਇਆ ਹੋਵੇ। ਹੁਣ ਤਕ ਅਸੀਂ ਹੀ ਪਾਲ਼ ਰਹੇ ਹਾਂ। ਦੇਖ ਲਵੋ ਕੱਦ ਕਿੰਨਾ ਵਧ ਗਿਆ। ਚਿਹਰਾ ਖਿੜਿਆ ਪਿਐ। ਪਰ ਇਹ ਕੁਝ ਸਮਝਦਾ ਹੀ ਨਹੀਂ। ਨਿਆਣਾ ਹੀ ਬਣਿਆ ਰਹਿੰਦੈ। ਉਨ੍ਹਾਂ ਪੰਜਾਂ ਸਾਲਾਂ ਤੇ ਹੀ ਠਹਿਰ ਗਿਆ।"

ਛੋਟੀ ਬੱਚੀ ਦੇ ਪਾਪਾ ਨੇ ਜਿਵੇਂ ਕੁਝ ਵੀ ਨਾ ਸੁਣਿਆ ਹੋਵੇ। ਉਹ ਕਿਸੇ ਹੋਰ ਹੀ ਦੁਨੀਆਂ 'ਚ ਪਹੁੰਚ ਗਿਆ। ਰੂਹਾਂ ਦੀ ਦੁਨੀਆ ਵਿਚ। "ਅਨਾਥ ਸਿਰਫ ਇਹ ਹੀ ਨਹੀਂ ਹੋਇਆ। ਸਮਝਦੀ ਹੈਂ ਕਿ ਨਹੀਂ ? ਮੈਂ ਵੀ ਅਨਾਥ ਹੋ ਗਿਆ। ਭਈਆ ਮੇਰੇ ਲਈ ਪਿਉ ਸਮਾਨ ਸੀ। ਇਕ ਅਨਾਥ ਹੀ ਦੂਸਰੇ ਅਨਾਥ ਦਾ ਦੁੱਖ ਸਮਝ ਸਕਦੈ। ਤੂੰ ਕੀ ਸਮਝੇਂਗੀ? ਕਿਸੇ ਦੀ ਵੀ ਲਾਸ਼ ਦਾ ਦਾਹ-ਸੰਸਕਾਰ ਨਹੀਂ ਕਰ ਸਕੇ। ਸਮਝਦੀ ਹੈਂ ਇਸ ਦਾ ਨਤੀਜਾ ? ਉਨ੍ਹਾਂ ਨੂੰ ਹੁਣ ਤਕ ਮੁਕਤੀ ਨਹੀਂ ਮਿਲੀ। ਹੁਣ ਸਮਝ ਲੈ, ਅਸੀਂ ਪਿਤਰਾਂ ਨਾਲ ਰਹਿ ਰਹੇ ਹਾਂ। ਪਿਤਰਾਂ ਨਾਲ। ਪਿਤਰਾਂ ਨੂੰ ਨਾਰਾਜ਼ ਨਹੀਂ ਕਰੀਦਾ। ਇਹਦੇ ਤੇ ਰਹਿਮ ਕਰ। ਅਜੇ ਬੱਚਾ ਹੀ ਤਾਂ ਹੈ। ਉਹ ਦਿਨ ਭੁੱਲ ਗਈ? ਯਾਦ ਕਰ। ਦਹਿਸ਼ਤ ਦੇ ਦਿਨ। ਲੱਗਦਾ ਸੀ, ਪੂਰੀ ਦੁਨੀਆ ਖ਼ਤਮ ਹੋ ਜਾਏਗੀ। ਜਿਵੇਂ-ਕਿਵੇਂ ਆਪਾਂ ਬਚ ਗਏ ! ਭੁੱਲ ਨਾ।"

"ਮੈਂ ਕਿਵੇਂ ਭੁੱਲ ਜਾਊਂ। ਕੀ ਸਮਝਦੇ ਹੋ ਮੈਨੂੰ ? ਮੂਰਖ ? ਸਭ ਸਮਝਦੀ ਆਂ ਮੈਂ। ਗ਼ਲਤੀ ਸਾਡੀ ਨਹੀਂ ਸੀ। ਅਸੀਂ ਨਹੀਂ ਮਾਰੇ ਇਹਦੇ ਮਾਂ-ਪਿਓ। ਉਨ੍ਹਾਂ ਨੂੰ ਏਨੇ ਲੰਮੇ ਸਫਰ ਨੇ ਮਾਰਿਐ। ਕਿਉਂ ਗਏ ਪਿੰਡ ਨੂੰ ?"

**-3-**

"ਹੋਰ ਕਿੱਥੇ ਜਾਂਦੇ। ਕਿੱਥੇ ਰਹਿੰਦੇ। ਤੂੰ ਤਾਂ ਆਪਣੇ ਕੋਲ ਰੱਖਿਆ ਨਹੀਂ।"

"ਉਹਦੇ ਬੱਚਾ ਹੋਣ ਵਾਲਾ ਸੀ। ਕੌਣ ਸਾਂਭਦਾ ਉਹਨੂੰ। ਮੈਂ ਉਹਦੀ ਦੇਖ-ਭਾਲ਼ ਕਿਵੇਂ ਕਰਦੀ", ਛੋਟੀ ਬੱਚੀ ਦੀ ਮਾਂ ਚੀਖੀ, "ਸਭ ਲੋਕ ਤਾਂ ਪਿੰਡ ਨੂੰ ਨਹੀਂ ਭੱਜੇ। ਇਹਦੇ ਮਾਂ-ਪਿਓ ਨੂੰ ਬਹੁਤਾ ਹੀ ਡਰ ਲੱਗਦਾ ਸੀ।"

ਇਹ ਗੱਲ ਸੁਣ ਅਫਵਾਹ ਦੇ ਸੰਸਾਰ ਵਿੱਚੋਂ ਇਕ ਰੂਹ ਨੇ ਕੂਕ ਮਾਰੀ," ਤੂੰ ਵੀ ਛੜਯੰਤਰਕਾਰੀਆਂ ਨਾਲ ਮਿਲ ਗਈ ਸੀ, ਛੋਟੀ ਬੱਚੀ ਦੀ ਮਾਂ। ਤੂੰ ਵੀ ਤਾਂ ਕਹਿੰਦੀ ਸੀ, ਕੁਝ ਨਹੀਂ ਹੁੰਦਾ। ਸਭ ਠੀਕ-ਠਾਕ ਹੋ ਜਾਊ। ਓ ਹੋ, ਜੇ ਤੂੰ ਆਪਣੇ ਨਾਲ ਰੱਖ ਲੈਂਦੀ, ਤਾਂ ਉਹ ਮਰਦੇ ਨਾ।"

ਇਹ ਗੱਲਾਂ ਕਿਸੇ ਹੋਰ ਨੇ ਸੁਣੀਆਂ ਹੋਣ ਜਾਂ ਨਾ। ਛੋਟੀ ਬੱਚੀ ਦੇ ਪਾਪਾ ਨੇ ਸਭ ਸੁਣ ਲਿਆ। ਉਹ ਦੂਸਰੇ ਕਮਰੇ ਵਿਚ ਚਲਿਆ ਗਿਆ ਦਰਵਾਜ਼ਾ ਬੰਦ ਕਰ ਲਿਆ।

ਪਤਾ ਨਹੀਂ ਕਿਉਂ, ਛੋਟੀ ਬੱਚੀ ਦੀ ਮਾਂ ਫਿਰ ਰੋਣ ਲੱਗੀ। ਅਪਰਾਧ ਬੋਧ ਨਾਲ ਨਹੀਂ। ਦੁੱਖ ਨਾਲ ਵੀ ਨਹੀਂ। ਕਿਸੇ ਸਹਾਇਤਾ ਲਈ ਵੀ ਨਹੀਂ। ਫਿਰ ?

"ਪਤਾ ਨਹੀ ਸਾਡੀ ਜ਼ਿੰਦਗੀ ਕਦੋਂ ਸੁਧਰੇਗੀ। ਦੂਸਰੇ ਦਾ ਨਿਆਣਾ ਪਾਲ਼ ਰਹੇ ਹਾਂ। ਰੁਪੱਈਏ-ਪੈਸੇ ਦਾ ਫ਼ਿਕਰ ਨਹੀਂ ਇਹਨੂੰ, ਦਾਰੂ ਪੀਣ ਤੋਂ ਹੀ ਵਿਹਲ ਨਹੀਂ। ਹਰ ਵੇਲੇ ਸ਼ਰਾਬ ਵਿਚ ਡੁੱਬਿਆ ਰਹਿੰਦੇ।

ਸੋਚ ਸੋਚ ਉਹ ਰੋਂਦੀ ਰਹੀ।

ਅਗਲੇ ਦਿਨ ਬੱਚਾ ਹੋਰ ਵੀ ਅਣਮੰਨੇ ਜਿਹੇ ਮਨ ਨਾਲ ਸਕੂਲ ਜਾਣ ਲਈ ਉੱਠਿਆ। ਚਾਹ-ਬਿਸਕੁਟ ਖਾਂਦਾ-ਖਾਂਦਾ ਬੱਸ ਸਟਾਪ ਤੇ ਪਹੁੰਚ ਗਿਆ। ਉਸਨੂੰ ਉਹ ਬੁੜਾ ਦਿਸ ਗਿਆ । ਉਹਦੇ ਚਿਹਰੇ ਤੇ ਉਦਾਸ ਜਿਹੀ ਮੁਸਕਰਾਹਟ ਦੀ ਹਲਕੀ ਜਿਹੀ ਲਕੀਰ ਖਿੱਚੀ ਗਈ।

ਦਿੱਲੀ ਵਿਚ ਧੂੰਆਂ ਫੈਲ ਗਿਆ ਸੀ। ਧੂੰਆਂ ਅਤੇ ਧੁੰਦ। ਏਨੀ

ਗੂੜ੍ਹੀ ਧੁੰਦ, ਨੇਰ੍ਹ-ਘੁੱਪ ਹੋਇਆ ਪਿਆ ਸੀ। ਸਰਕਾਰ ਕਹਿ ਰਹੀ ਸੀ, ਹਰਿਆਣਾ ਵਿਚ ਪਰਾਲੀ ਨੂੰ ਅੱਗ ਲਾਈ ਜਾ ਰਹੀ ਹੈ, ਇਸ ਲਈ ਦਿੱਲੀ ਵਿਚ ਧੁੰਦ ਵਧ ਗਈ ਹੈ। ਕੁਝ ਲੋਕ ਸਰਕਾਰ ਦੀ ਗੱਲ ਮੰਨ ਵੀ ਰਹੇ ਸਨ। ਕੁਝ ਸਰਕਾਰ ਨੂੰ ਗਾਲ਼ਾਂ ਕੱਢ ਰਹੇ ਸਨ।

"ਬਦ ਇੰਤਜ਼ਾਮੀ ਸਾਲ਼ੇ।"

ਬੱਚਾ ਚੁੱਪਚਾਪ ਜਾ ਕੇ ਬੁੜੇ ਕੋਲ ਜਾ ਬੈਠਿਆ ਸੀ। ਪਰ ਅੱਜ ਬੋਲਿਆ ਕੁਝ ਨਹੀਂ।

ਬੁੜੇ ਨੇ ਹੀ ਪਹਿਲ ਕੀਤੀ, "ਅੱਜ ਉਦਾਸ ਕਿਉਂ ਹੋ?"

ਬੱਚਾ ਕੁਝ ਨਹੀਂ ਬੋਲਿਆ।

ਬੁੜੇ ਨੇ ਪਿਆਰ ਨਾਲ ਉਹਦੇ ਸਿਰ ਤੇ ਹੱਥ ਫੇਰਿਆ।

ਬੱਚਾ ਚਹਿਕ ਗਿਆ। ਬਹੁਤ ਦੇਰ ਤੋਂ ਕਿਸੇ ਨੇ ਉਹਦੇ ਵਾਲ਼ਾਂ ਵਿਚ ਉਂਗਲੀਆਂ ਨਹੀਂ ਸੀ ਫੇਰੀਆਂ।

ਉਹਦੀ ਬੱਸ ਆਈ, ਥੋੜੀ ਦੇਰ ਰੁਕੀ ਅਤੇ ਚਲੀ ਗਈ।

ਬੱਚਾ ਉੱਥੇ ਹੀ ਬੈਠਾ ਰਿਹਾ।

ਬੁੜਾ ਵੀ ਬੈਠਾ ਰਿਹਾ। ਥੋੜੀ ਦੇਰ ਬਾਅਦ ਉਹ ਉੱਠਿਆ। ਉਹਨੇ ਪਿਆਰ ਨਾਲ ਬੱਚੇ ਦਾ ਹੱਥ ਫੜਿਆ, ਇਕ ਆਟੋ ਨੂੰ ਰੋਕਿਆ। ਪਹਿਲਾਂ ਬੱਚੇ ਨੂੰ ਚੜ੍ਹਾਇਆ, ਫਿਰ ਆਪ ਚੜ੍ਹਿਆ ਅਤੇ ਲੋਧੀ ਗਾਰਡਨ ਪਹੁੰਚ ਗਿਆ।

**-4-**

ਉੱਥੇ ਸਭ ਤੋਂ ਸੁਹਣੇ ਫੁੱਲਾਂ ਦੀ ਕਿਆਰੀ ਨੇੜਲੇ ਬੈਂਚ ਤੇ ਬੈਠ ਗਏ।

ਬੁੜਾ ਬੋਲਿਆ," ਉਦਾਸ ਨਹੀਂ ਹੋਣਾ ਚਾਹੀਦਾ।"

"ਮੇਰੇ ਮੰਮੀ ਪਾਪਾ ਮਰ ਗਏ।"

"ਕਦੋਂ ?"

"ਚਾਰ ਸਾਲ ਹੋ ਗਏ।"

ਬੁੱੜੇ ਨੇ ਆਪਣੇ ਢਿੱਡ ਤੋਂ ਕਮੀਜ ਉੱਚੀ ਕੀਤੀ ਅਤੇ ਜ਼ੋਰ ਜ਼ੋਰ ਨਾਲ ਖਾਜ ਕਰਨ ਲੱਗਿਆ।

ਸਾਹਮਣੇ ਬੈਠੇ ਅਮੀਰ ਟਾਈਪ ਦੇ ਦਿਸਣ ਵਾਲੇ ਆਦਮੀ, ਜਿੰਨਾਂਵਿਚ ਬਹੁਤੇ ਵਡੀ ਉਮਰ ਦੇ ਸਨ, ਬੁੱਢੇ ਨੂੰ ਸ਼ੱਕ ਅਤੇ ਘਿਰਣਾ ਨਾਲ ਦੇਖਣ ਲੱਗੇ।

"ਨਫ਼ਰਤੀ ਬੰਦੇ"

ਬੱਚਾ ਸ਼ਰਮਾ ਗਿਆ, "ਤੁਹਾਨੂੰ ਕੋਈ ਪ੍ਰਾਬਲਮ ਹੈ?"

"ਹਾਂ। ਮੈਂ ਬਹੁਤਾ ਬੋਲ ਨਹੀਂ ਸਕਦਾ। ਮੇਰੀ ਜੀਭ 'ਤੇ ਬਹੁਤ ਜ਼ੁਲਮ ਹੋਇਆ ਸੀ। ਉਸਤੋਂ ਬਾਅਦ ਪਤਾ ਨਹੀਂ ਕਿਉਂ ਮੈਨੂੰ ਖੁਜਲੀ ਹੁਣ ਲੱਗੀ। ਸਰੀਰ ਦੇ ਕਿਸੇ ਵੀ ਭਾਗ ਵਿਚ ਖਾਜ ਹੋਣ ਲੱਗ ਜਾਂਦੀ ਹੈ। ਕਦੇ ਵੀ, ਕਿਸੇ ਵੀ ਸਮੇਂ। ਬਥੇਰੇ ਡਾਕਟਰਾਂ ਨੂੰ ਦਿਖਾਇਐ, ਕੋਈ ਫਾਇਦਾ ਨੀਂ ਹੋਇਆ।"

"ਹੈਂ ?" ਉਹਨੂੰ ਸਮਝ ਨਹੀ ਸੀ ਆ ਰਹੀ, ਹੁਣ ਉਹ ਕੀ ਕਰੇ।

ਬੁੜੇ ਨੇ ਆਪਣੀ ਕਮੀਜ ਨੂੰ ਢੰਗ ਸਿਰ ਪੈਂਟ ਵਿਚ ਕਸਦਿਆਂ ਪੁੱਛਿਆ, "ਮੇਰੇ ਘਰ ਚੱਲੋਗੇ।"

ਬੱਚਾ ਮਾਯੂਸ ਹੋ ਚੁੱਕਿਆ ਸੀ। ਰੇਲਵੇ ਕਾਲੋਨੀ ਜਾਣ ਨੂੰ ਉਹਦਾ ਜੀਅ ਨਹੀਂ ਸੀ ਕਰਦਾ। ਚਾਚੀ ਕਿੰਨਾ ਚੀਖਦੀ ਚਿਲਾਉਂਦੀ ਹੈ। ਚਾਚਾ ਸਿਰਫ ਦਾਰੂ ਪੀਂਦਾ ਹੈ। ਉਹਨੂੰ ਆਪਣੇ ਮੰਮੀ ਪਾਪਾ ਦੀ ਬਹੁਤ ਯਾਦ ਆਉਂਦੀ ਸੀ। ਜਦੋਂ ਉਹ ਓਖਲਾ ਵਿਚ ਰਹਿੰਦੇ ਸੀ, ਉਹਨੂੰ ਸਕੂਲ ਵਿਚ ਦਾਖਲ ਕਰਵਾਇਆ ਗਿਆ। ਪਾਪਾ ਫੈਕਟਰੀ ਤੋਂ ਆਉਂਦੇ ਸਮੇਂ ਕਿੰਨੇ ਸਾਰੇ ਚਾਕਲੇਟ ਅਤੇ ਮੈਗੀ ਦੇ ਪੈਕੇਟ ਲਿਆਉਂਦੇ। ਮੰਮੀ ਨੂੰ ਕਹਿੰਦੇ, "ਬਾਬੂ ਲਈ ਸਭ ਬਣਾਓ।" ਕਦੇ ਕਦੇ ਅਸੀਂ ਚਾਚਾ ਦੇ ਘਰ ਵੀ ਜਾਂਦੇ ਸੀ। ਉਹਨੀਂ ਦਿਨੀਂ ਚਾਚਾ-ਚਾਚੀ ਉਹਨੂੰ ਕਿੰਨਾ ਪਿਆਰ ਕਰਦੇ ਸਨ।"ਘਰ ਦਾ ਚਿਰਾਗ, ਬਾਬੂ ਸਾਡੇ ਘਰ ਦਾ ਚਿਰਾਗ", ਕਹਿੰਦੇ ਰਹਿੰਦੇ।

ਉਹਨੀਂ ਦਿਨੀਂ ਪਤਾ ਨਹੀਂ ਕਿਹੋ-ਜਿਹਾ ਬੁਖਾਰ ਫੈਲ ਗਿਆ। ਵੱਡੀ ਗਿਣਤੀ ਵਿਚ ਲੋਕ ਮਰਨ ਲੱਗੇ।

ਇਕ ਦਿਨ ਪਾਪਾ ਨੇ ਆ ਕੇ ਦੱਸਿਆ, "ਫੈਕਟਰੀ ਬੰਦ ਹੋ ਗਈ।"

ਕੁਝ ਦਿਨ ਬਾਅਦ ਕਹਿਣ ਲੱਗੇ, ਰਮੇਸਵਾ ਘਰ ਖਾਲੀ ਕਰਨ ਲਈ ਕਹਿੰਦੈ।"

ਇਕ ਦਿਨ ਬੋਲੇ, "ਪਿੰਡ ਜਾਣਾ ਪੈਣਾ ਹੈ। ਸਮਾਨ ਬੰਨ੍ਹ ਲੈ ਬਾਬੂ ਦੀ ਮਾਂ।"

ਰੋਦੀ-ਰੋਦੀ ਮਾਂ ਸਮਾਨ ਬੰਨ੍ਹਣ ਲੱਗੀ। ਉਦੋਂ ਤਕ ਆਂਢ-ਗੁਆਂਢ ਦੇ ਸਭ ਲੋਕ ਸਮਾਨ ਬੰਨ੍ਹ ਕੇ ਸੜਕ ਤੇ ਆ ਗਏ ਸਨ।

ਫਿਰ ਪਾਪਾ ਨੇ ਮਾਂ ਨੂੰ ਕਿਹਾ, "ਸਫ਼ਰ ਬਹੁਤ ਲੰਬਾ ਹੈ। ਬਾਬੂ ਨੂੰ ਛੋਟੇ ਕੋਲ ਛੱਡ ਜਾਵਾਂਗੇ।"

"ਕਿਉਂ ? ਕਾਹਤੋਂ ਛੱਡ ਜਾਵਾਂਗੇ?"

"ਏਨੀ ਦੂਰ ਤਕ ਤੈਥੋਂ ਸੰਭਾਲ ਨੀਂ ਹੋਣਾ। ਪੇਟ ਵਾਲੇ ਦੀ ਵੀ ਚਿੰਤਾ ਕਰਨੀ ਹੈ।"

**-5-**

ਬੁੜੇ ਨੇ ਚਮਕਦਾ ਹੋਇਆ ਮੋਬਾਈਲ ਜੇਬ 'ਚੋਂ ਕੱਢਿਆ। ਬੱਚੇ ਨੂੰ ਦਿਖਾਉਂਦਾ ਬੋਲਿਆ, "ਊਬਰ ਬੁੱਕ ਕਰਦਾ ਹਾਂ।"

ਉਂਝ ਤਾਂ ਬੱਚਾ ਮੋਬਾਈਲ ਦੇਖ ਚਹਿਕ ਪੈਂਦਾ ਸੀ, ਪਰ ਅੱਜ ਮਾਯੂਸੀ ਵਿਚ ਸਿਰਫ ਸਿਰ ਹੀ ਹਿਲਾਇਆ।

"ਆਪਣੇ ਘਰ ਹੀ ਲੈ ਚੱਲੋ। ਤੁਸੀਂ ਮੈਨੂੰ ਬਹੁਤ ਚੰਗੇ ਲਗਦੇ ਹੋ। ਤੁਸੀਂ ਮੈਨੂੰ ਆਪਣੇ ਘਰ ਹੀ ਰੱਖ ਲਵੋ। ਇਹ ਚੰਗਾ ਹੀ ਹੋਵੇਗਾ।"

ਬੁੜੇ ਨੇ ਬੜੀ ਸ਼ਾਨ ਨਾਲ "ਹਾਂ" ਕਹਿ ਦਿੱਤਾ। ਉਹ ਸਫ਼ਦਰਜੰਗ ਐਨਕਲੇਵ ਦੀ ਇਕ ਸ਼ਾਨਦਾਰ ਬਿਲਡਿੰਗ ਵਿਚ ਆ ਉਤਰੇ। ਉਹਨੂੰ ਇਕ ਬੱਚੇ ਨਾਲ ਊਬਰ 'ਚੋਂ ਉਤਰਦਿਆਂ ਦੇਖ ਇਕ ਸ਼ੌਕੀਨ ਜਿਹੀ ਔਰਤ ਨੇ ਪੁੱਛਿਆ, "ਮਿਸਟਰ ਤਲਵਾੜ, ਫਿਰ ਕਿਸੇ ਨੂੰ ਫੜ ਲਿਆਏ। ਇੱਥੇ ਇਹ ਕੁਝ ਨਹੀਂ ਚੱਲਣਾ। ਸਾਨੂੰ ਸੁਸਾਇਟੀ ਦੀ ਮੀਟਿੰਗ ਬੁਲਾਉਣੀ ਪਵੇਗੀ।"

ਬੁੜਾ ਉਸ ਵੱਲ ਦੇਖ ਮੁਸਕਰਾਇਆ ਅਤੇ ਆਪਣੀ ਪਿੱਠ

ਖੁਰਕਣ ਲੱਗਿਆ।

"ਓ ਮਾਈ ਗਾਡ, ਓ ਮਾਈ ਗਾਡ" ਕਹਿੰਦੀ ਔਰਤ ਭੱਜ ਗਈ।

ਬੁੜਾ, ਬੱਚੇ ਨੂੰ ਰਾਹ ਦੱਸਦਾ ਅੱਗੇ ਲੈ ਗਿਆ।

ਬੱਚਾ ਅਜਿਹੇ ਮੁਹੱਲੇ, ਅਜਿਹੀ ਸੁਸਾਇਟੀ ਵਿਚ ਪਹਿਲੀ ਵਾਰ ਆਇਆ ਸੀ। ਉਹ ਚਮਕਦਾ ਸੰਗਮਰਮਰ, ਸਫਾਈ ਅਤੇ ਰੌਸ਼ਨੀ ਨੂੰ ਦੇਖ ਦੇਖ ਹੈਰਾਨ ਹੋ ਰਿਹਾ ਸੀ।

ਬੁੜੇ ਨੇ ਪਹਿਲੀ ਮੰਜ਼ਿਲ ਦੇ ਆਪਣੇ ਘਰ ਦਾ ਦਰਵਾਜ਼ਾ ਹੋਰ ਹੀ ਤਰ੍ਹਾਂ ਦੀ ਚਾਬੀ ਨਾਲ ਖੋਲ੍ਹਿਆ । ਇਹ ਸਭ ਦੇਖ ਦੇਖ ਥੱਕਿਆ ਜਿਹਾ ਬੱਚਾ ਗੱਦੇਦਾਰ ਸੋਫੇ ਵਿਚ ਧਸ ਕੇ ਬੈਠ ਗਿਆ। ਉਹ ਸੋਚਣ ਲੱਗਿਆ, "ਇਹ ਤਾਂ ਨਵੀਂ ਹੀ ਦੁਨੀਆ ਹੈ। ਇਹ ਤਾਂ ਕਦੇ ਮੇਰੇ ਸੁਪਨੇ ਵਿਚ ਵੀ ਨਹੀਂ ਸੀ ਆਈ...ਫਿਰ ਇਸ ਬੁੜੇ ਨੂੰ ਕਾਹਦੀ ਪ੍ਰੇਸ਼ਾਨੀ ਹੈ ? ਇਹਨੂੰ ਖੁਜਲੀ ਦਾ ਰੋਗ ਕਿਵੇਂ ਲੱਗ ਗਿਆ ?

ਬੁੜੇ ਨੇ ਉਹਦੇ ਮੂਹਰੇ ਦੋ ਲਾਲ ਸੇਬ ਰੱਖੇ। ਅਜਿਹੇ ਮਾਹੌਲ ਨੇ ਉਹਦਾ ਅੰਦਰ ਪਿਘਲਾ ਦਿੱਤਾ। ਉਹ ਹਉਕੇ ਭਰ ਭਰ ਰੋਣ ਲੱਗਿਆ।

ਬੁੜਾ ਚੁੱਪ ਚਾਪ ਉਹਨੂੰ ਰੋਂਦੇ ਨੂੰ ਦੇਖਦਾ ਰਿਹਾ। ਜਦੋਂ ਬੱਚਾ ਥੱਕ-ਹਾਰ ਕੇ ਆਪੇ ਹੀ ਚੁੱਪ ਕਰ ਗਿਆ ਤਾਂ ਉਹਨੇ ਪੁੱਛਿਆ, "ਘਰ ਚੰਗਾ ਲੱਗਿਆ ?"

ਬੱਚੇ ਨੇ ਸੇਬ ਨੂੰ ਚੱਕ ਮਾਰਦਿਆ ਕਿਹਾ, "ਹਾਂ।"

"ਇੱਥੇ ਰਹਿ ਲਵੇਂਗਾ ?"

ਬੱਚਾ ਕੁਝ ਸੋਚਦਿਆਂ ਬੋਲਿਆ, "ਨਹੀਂ।"

"ਕਿਉਂ ?"

"ਚਾਚਾ-ਚਾਚੀ ਗੁੱਸੇ ਹੋਣਗੇ।"

"ਤੇਰੇ ਚਾਚਾ-ਚਾਚੀ ਨੂੰ ਕੀ ਪਸੰਦ ਹੈ ? ਜੇ ਉਹਨਾਂ ਤੋਂ ਪ੍ਰਮਿਸ਼ਨ ਲੈ ਲਈਏ, ਫੇਰ ?" ਅੱਛਾ ਇਹ ਦੱਸ ਜੇ ਉਹਨਾਂ ਨੂੰ ਬਹੁਤ ਸਾਰੇ ਪੈਸੇ ਦੇ ਦੇਈਏ, ਫਿਰ ਉਹ ਪ੍ਰਮਿਸ਼ਨ ਦੇ ਦੇਣਗੇ।"

ਬੱਚੇ ਨੂੰ ਯਾਦ ਆਇਆ, ਚਾਚੀ ਕਹਿੰਦੀ ਹੁੰਦੀ ਹੈ, "ਏਨੀ ਥੋੜੀ ਕਮਾਈ ਨਾਲ ਤਾਂ ਆਪਣਾ ਹੀ ਨਹੀਂ ਸਰਦਾ। ਇਹਦੇ ਅਭਾਗੇ ਮਾਂ-ਬਾਪ ਸਾਡੇ ਤੇ ਇਹਦਾ ਵੀ ਬੋਝ ਪਾ ਗਏ ।"ਉਹ ਬੋਲਿਆ, ਪੈਸੇ ਦਿਉਂਗੇ ਤਾਂ ਉਹ ਦੋਵੇਂ ਮੰਨ ਜਾਣਗੇ। ਉਹਨਾਂ ਨੂੰ ਪੈਸਿਆਂ ਦੀ ਬੜੀ ਦਿੱਕਤ ਰਹਿੰਦੀ ਐ।"

"ਅੱਛਾ।"

ਇੰਨੇ ਚਿਰ ਵਿਚ ਬੱਚਾ ਰਿਲੈਕਸ ਹੋ ਗਿਆ ਅਤੇ ਆਰਾਮ ਨਾਲ ਸਾਰਾ ਘਰ ਦੇਖਣ ਲੱਗਿਆ।

## -6-

ਉਹਨੇ ਖੂਬਸੂਰਤ ਟੇਬਲ ਤੇ ਪਈ ਇਕ ਚਮਕਦਾਰ ਤਸਵੀਰ ਦੇਖੀ, ਇਕ ਅੰਗਰੇਜ ਔਰਤ ਅਤੇ ਇਕ ਇੰਡੀਅਨ ਮਰਦ ਦੇ ਵਿਚਾਲੇ ਤਕਰੀਬਨ ਪੰਜ ਕੁ ਸਾਲ ਦਾ ਗੋਭਲੂ ਜਿਹਾ ਬੱਚਾ ਬੈਠਾ ਮੁਸਕਰਾ ਰਿਹਾ ਹੈ। ਤਿੰਨੇ ਬਹੁਤ ਸੋਹਣੇ ਲੱਗ ਰਹੇ ਸਨ।

ਉਹਨੇ ਹਿਚਕਿਚਾਉਂਦੇ ਹੋਏ ਪੁੱਛਿਆ, "ਇਹ ਕੌਣ ਨੇ ?"

ਬੁੜਾ ਉਹਦੇ ਕੋਲ ਆ ਕੇ ਬੋਲਿਆ, "ਮੇਰਾ ਬੇਟਾ, ਮੇਰੀ ਬਹੂ ਤੇ ਮੇਰਾ ਪੋਤਾ...। ਚਾਰ ਸਾਲ ਹੋ ਗਏ, ਸਾਰੇ ਮਰ ਗਏ।"

ਬੱਚਾ ਸੁੰਨ ਹੋ ਗਿਆ। ਕੱਟੋ ਤਾਂ ਖ਼ੂਨ ਨਹੀਂ। ਚਾਰ ਸਾਲ ਪਹਿਲਾਂ ਉਸਦੇ ਮਾਂ-ਪਾਪਾ ਮਰ ਗਏ। ਇਧਰ ਬੁੜੇ ਦਾ ਵੀ ਸਾਰਾ ਪਰਿਵਾਰ ਮਰ ਗਿਆ।

ਬੁੜੇ ਨੇ ਉਹਨੂੰ ਗਲਵੱਕੜੀ 'ਚ ਲੈਂਦਿਆਂ ਸੋਫੇ ਤੇ ਬਿਠਾ ਲਿਆ। "ਕਿੰਨਾ ਚੰਗਾ ਹੁੰਦਾ, ਜੇ ਆਪਣੇ ਮਾਂ-ਬਾਪ ਸੰਗ ਤੂੰ ਵੀ ਮਰ ਜਾਂਦਾ। ਆਪਣੇ ਬੇਟੇ, ਬਹੂ ਅਤੇ ਪੋਤੇ ਸੰਗ ਮੈਂ ਵੀ ਮਰ ਜਾਂਦਾ। ਪਰ ਅਜਿਹਾ ਹੁੰਦਾ ਨਹੀਂ। ਜ਼ਿੰਦਗੀ ਇੰਝ ਨਹੀਂ ਚੱਲਦੀ। ਮੇਰੇ ਸਭ ਇੱਥੇ, ਸਾਫ-ਸੁਥਰੇ ਘਰ ਵਿਚ ਮਰ ਗਏ। ਤੇਰੇ ਮਾਂ-ਬਾਪ ਸੁਰੱਖਿਅਤ ਥਾਂ ਤੇ ਜਾਂਦੇ ਜਾਂਦੇ ਰਸਤੇ ਵਿਚ ਸੜਕ ਤੇ ਹੀ ਮਰ ਗਏ। ਆਪਾਂ ਦੋਵੇ ਅਨਾਥ ਹੋ ਗਏ।"

"ਉਹ ਦੌਰ ਹੀ ਭਿਆਨਕ ਸੀ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਸੁਸਾਇਟੀ ਵਾਲੇ ਇਕ-ਦੂਜੇ ਦੀ ਮਦਦ ਕਰਨ। ਅਸੀਂ ਆਕਸੀਜਨ ਦਾ ਪੂਰਾ ਇੰਤਜ਼ਾਮ ਕਰ ਰੱਖਿਆ ਸੀ। ਦਵਾਈਆਂ ਵਗੈਰਾ ਵੀ ਜਮ੍ਹਾਂ ਕਰ ਲਈਆਂ ਸਨ। ਅਸੀਂ ਖਿੜਕੀਆਂ ਦਰਵਾਜੇ ਬੰਦ ਰੱਖਦੇ, ਕਿਤੇ ਕਿਸੇ ਪਾਸਿਓ ਘਰ ਵਿਚ ਵਾਇਰਸ ਨਾ ਵੜ ਆਵੇ। ਪਰ ਸਾਡੇ ਸਾਰੇ ਪਲੈਨ ਫੇਲ ਹੋ ਗਏ। ਇਸ ਸੁਸਾਇਟੀ ਵਿਚ ਇਕ ਅਸਰ ਰਸੂਖ ਵਾਲਾ ਨਾਮੀ ਵਿਅਕਤੀ ਰਹਿਦਾ ਸੀ। ਉਸ ਸਮੇਂ ਮੇਰੀ ਉਸ ਨਾਲ ਦੋਸਤੀ ਵੀ ਸੀ। ਪਰ ਪਤਾ ਨਹੀਂ ਉਹਨਾਂ ਦਿਨਾਂ ਵਿਚ ਕੀ ਹੋਇਆ, ਉਹਨੇ ਹੌਲੀ ਹੌਲੀ ਸਾਡੇ ਸਟਾਕ ਦੇ ਬਹੁਤੇ ਸਲੰਡਰ ਬਾਜ਼ਾਰ ਵਿਚ ਵੇਚ ਦਿੱਤੇ। ਜਦੋਂ ਮੇਰੇ ਪਰਿਵਾਰ ਨੂੰ ਲੋੜ ਪਈ ਤਾਂ ਉਹਨਾਂ ਲਈ ਇਕ ਵੀ ਸਲੰਡਰ ਨਾ ਮਿਲਿਆ। ਮੇਰਾ ਸਾਰਾ ਪਰਿਵਾਰ ਖ਼ਤਮ ਹੋ ਗਿਆ। ਮੈਂ ਉਹਦੇ ਵਿਰੁੱਧ ਐਫ.ਆਈ.ਆਰ.ਦਰਜ ਕਰਵਾ ਦਿੱਤੀ। ਇਕ ਦਿਨ ਉਸ ਦੇ ਆਦਮੀ ਆ ਕੇ ਮੈਨੂੰ ਧਮਕਾਉਣ ਲੱਗੇ, "ਐਫ.ਆਈ.ਆਰ. ਵਾਪਸ ਲਵੋ ਅਤੇ ਅਖ਼ਬਾਰ ਬਾਜੀ ਬੰਦ ਕਰੋ'। ਉਹਨਾਂ ਮੇਰਾ ਜਵਾਬ ਵੀ ਨਹੀਂ ਉਡੀਕਿਆ। ਮੇਰੇ ਹੱਥ ਪੈਰ ਬੰਨ੍ਹ ਕੇ ਮੇਰੇ ਮੂੰਹ-ਸਿਰ ਤੇ ਏਨੀਆਂ ਲੱਤਾਂ, ਮੁੱਕੀਆਂ ਮਾਰੀਆਂ। ਮੇਰੀ ਜੀਭ ਦਾ ਇਕ ਟੁਕੜਾ ਲਹਿ ਕੇ ਬਾਹਰ ਡਿੱਗ ਗਿਆ।"

ਉਹਨੇ ਬੱਚੇ ਨੂੰ ਆਪਣੀ ਜੀਭ ਦਿਖਾਈ। ਉਹ ਸੱਜੇ ਪਾਸਿਓ ਕੱਟੀ ਹੋਈ ਸੀ । ਛੋਟੀ ਹੋ ਗਈ ਸੀ। ਉਹਦੀ ਜੀਭ ਦੇਖ ਕੇ ਬੱਚਾ ਬਿਲਕੁਲ ਹੀ ਨਹੀਂ ਘਬਰਾਇਆ। ਡਰਿਆ ਨਹੀਂ। ਉਹ ਬਹਾਦਰੀ ਨਾਲ ਬੁੜੇ ਦੇ ਤੰਤੂਆਂ ਨੂੰ ਆਪਣੇ ਤੰਤੂਆਂ ਨਾਲ ਮਿਲਾ ਰਿਹਾ ਸੀ। ਬੁੜੇ ਦੀਆਂ ਸਾਰੀਆਂ ਗੱਲਾਂ ਸਮਝ ਰਿਹਾ ਸੀ। ਉਹਨੂੰ ਲਗਦਾ ਸੀ ਜਿਵੇਂ ਦੋਵਾਂ ਦਾ ਡੀ.ਐਨ.ਏ. ਇਕ ਹੋ ਗਿਆ ਹੋਵੇ।

"ਚਲੋ, ਤੁਹਾਡੇ ਘਰ ਚੱਲਦੇ ਆਂ।"

"ਨਹੀਂ, ਮੈਂ ਘਰ ਨਹੀਂ ਜਾਣਾ" ਬੱਚਾ ਨਿਰਾਸ਼ ਹੋ ਕੇ ਬੋਲਿਆ। "ਤੁਸੀਂ ਮੈਨੂੰ ਬਹੁਤ ਚੰਗੇ ਲੱਗਦੇ ਹੋ। ਮੈਂ ਤੁਹਾਡੇ ਨਾਲ ਹੀ ਰਹਿਣਾ ਹੈ।"

ਦਰਵਾਜੇ ਨੂੰ 'ਲਾਕ' ਲਾਉਂਦਾ ਬੁੜਾ ਬੋਲਿਆ, "ਚਲੋ ਤੁਹਾਡੇ ਚਾਚਾ-ਚਾਚੀ ਨਾਲ ਗੱਲ ਕਰਨੀ ਹੈ।"

ਹੇਠਾਂ ਆ ਉਹਨੇ ਦੇਖਿਆ, ਭੀੜ ਇਕੱਠੀ ਹੋਈ ਖੜ੍ਹੀ ਸੀ। ਜਿਵੇਂ ਉਹ, ਉਹਦਾ ਹੀ ਇੰਤਜਾਰ ਕਰ ਰਹੇ ਹੋਣ। ਭੀੜ 'ਚੋਂ ਇਕ ਬੋਲਿਆ, "ਮਿਸਟਰ ਤਲਵਾੜ, ਹੂ ਇਜ਼ ਹੀ?"

ਬੁੜੇ ਨੇ ਬੇਧੜਕ ਜਵਾਬ ਦਿੱਤਾ, "ਮਾਈ ਗਰੈਂਡਚਾਈਲਡ। ਅੱਜ ਤੋਂ ਇਹ ਮੇਰਾ ਪੋਤਾ ਹੈ। ਫਿਰ ਇਕ ਅਜਿਹੀ ਆਵਾਜ ਆਈ ਜਿਵੇਂ ਭਾਂਡੇ ਖੁਰਚਣ ਦੀ ਆਉਂਦੀ ਹੈ, "ਅੱਛਾ? ਮਤਲਬ ਨਹੀਂ ਸੁਧਰੇਂਗੇ ਤਲਵਾੜ ਜੀ ? ਕਿਤੋਂ ਵੀ ਕੂੜਾ ਕਰਕਟ 'ਕੱਠਾ ਕਰ ਲਿਆਉਂਗੇ ਅਤੇ ਕੁਝ ਵੀ ਕਹੀ ਜਾਉਂਗੇ।"

ਬੁੜੇ ਦੀ ਹਮ-ਉਮਰ ਇਕ ਤੀਵੀਂ ਬੋਲੀ, "ਵਾਇਰਸ ਨੇ ਤਾਂ ਤਲਵਾੜ ਦਾ ਦਿਮਾਗ ਖਰਾਬ ਕਰ ਦਿੱਤਾ ਹੈ॥ ਓ ਭਾਈ, ਅਸੀਂ ਸਭ ਨੇ ਭੁਗਤਿਆ ਹੈ...ਪਰ ਇਹ ਤਾਂ...ਇਕਦਮ ਹੀ।"

ਬੁੜਾ ਡਟਿਆ ਰਿਹਾ।

**-7-**

ਹਲਕੀ ਹਲਕੀ ਠੰਡੀ ਹਵਾ ਚੱਲਣ ਲੱਗੀ। ਅੱਜ ਮੌਸਮ ਠੰਡੇ ਤੋਂ ਸੁਹਾਣਾ ਹੋ ਰਿਹਾ ਸੀ।

ਬੁੜਾ ਰੋਹਬਦਾਰ ਆਵਾਜ ਵਿਚ ਬੋਲਿਆ, "ਟਾਈਗਰ, ਗੱਡੀ ਕੱਢ।"

ਬੱਚੇ ਨੇ ਦੇਖਿਆ, ਚਮਚਮਾਉਂਦੀ ਹੋਈ ਬੜੀ ਕਾਰ ਬੁੜੇ ਦੇ ਸਾਹਮਣੇ ਆ ਖੜ੍ਹੀ। ਬੀ.ਐਮ.ਡਬਲਯੂ. ਸੀ। ਕਾਲ਼ੇ ਰੰਗ ਦੀ। ਬੁੜੇ ਨੇ ਆਪਣਾ ਹੈਟ ਠੀਕ ਕੀਤਾ ਅਤੇ ਬੱਚੇ ਨੂੰ ਕਿਹਾ, "ਚੱਲ ਬੈਠ, ਗੱਡੀ ਵਿਚ।"

ਫਿਰ ਉਹਨੇ ਖੁਰਚਦੇ ਭਾਂਡੇ ਵਾਲੀ ਆਵਾਜ ਦੀਆਂ ਅੱਖਾਂ ਵੱਲ ਵੇਖਦਿਆਂ ਆਪਣੀ ਪੈਂਟ ਵਿਚ ਹੱਥ ਪਾਇਆ ਅਤੇ ਜ਼ੋਰ ਜ਼ੋਰ ਨਾਲ ਖਾਜ ਕਰਨ ਲੱਗਿਆ।

ਖੜੇ ਖੜੇ ਬਕਵਾਸ ਕਰਨ ਵਾਲੇ ਸਾਰੇ ਲੋਕ ਥੂ ਥੂ ਕਰਦੇ ਵਾਪਸ ਮੁੜ ਗਏ।

"ਵਾਇਰਸ...ਤੁਸੀਂ ਸਭ ਵਾਇਰਸ। ਥੂ" ਬੁੜਾ ਗੱਡੀ ਵਿੱਚੋਂ ਹੀ ਚੀਕਿਆ।

ਉਹਨੇ ਬੱਚੇ ਨੂੰ ਆਪਣੇ ਸੀਨੇ ਨਾਲ ਘੁੱਟ ਲਿਆ। "ਮੇਰਾ ਗਰੈਂਡ ਚਾਈਲਡ, ਮੇਰਾ ਬੱਚਾ।"

ਬੱਚੇ ਦੇ ਮੱਥੇ 'ਤੇ ਦੋ ਬੂੰਦਾਂ ਡਿਗ ਪਈਆਂ। ਉਹਨੇ ਉਹਨਾਂ ਨੂੰ ਉਵੇਂ ਹੀ ਪਈਆਂ ਰਹਿਣ ਦਿੱਤਾ ਅਤੇ ਬੁੜੇ ਨੂੰ ਜ਼ੋਰ ਨਾਲ ਘੁੱਟ ਕੇ ਜੱਫੀ ਪਾ ਲਈ

ਗੱਡੀ ਪੂਰੀ ਸਪੀਡ ਨਾਲ ਰੇਲਵੇ ਕਾਲੋਨੀ ਵੱਲ ਦੌੜ ਪਈ।

◆ ◆ ◆

**ਮੋਬਾ. 99156 34722**

## ਗ਼ਜ਼ਲ : ਕੇਸਰ ਕਰਮਜੀਤ

ਆਪਣਾ ਜਿਸ 'ਤੇ ਰੱਤ ਛਿੜਕਿਆ।
ਸੁਪਨਾ ਕੋਈ ਫੇਰ ਤਿੜਕਿਆ।

ਮਸਲੇ ਨੇ ਤਾਂ ਦੱਬ ਜਾਣਾ ਸੀ,
ਅਖ਼ਬਾਰਾਂ ਨੇ ਖ਼ੂਬ ਰਿੜਕਿਆ।

ਅਪਣੇ ਵੀ ਕਦ ਕੰਮ ਆਉਣੇ ਸੀ,
ਪੱਛ ਲਾਇਆ ਫਿਰ ਨਮਕ ਛਿੜਕਿਆ।

ਕਿਸ ਦੇ ਵੱਸ ਵਿਚ ਦਿਲ ਹੁੰਦਾ ਹੈ,
ਮਰ ਜਾਣੇ ਨੂੰ ਬੜਾ ਝਿੜਕਿਆ।

ਮਯ ਤੇ ਹੂਰਾਂ ਮਿਲਣ ਬਹਿਸ਼ਤੀਂ!
ਮੁੱਲਾ ਦਾ ਈਮਾਨ ਥਿੜਕਿਆ?

**ਮੋਬਾ. 61 470 213 400**

## ਗ਼ਜ਼ਲ : ਸਰਿਤਾ ਤੇਜੀ

ਝੱਲੀ ਜਿੰਦ ਗ਼ਮਾਂ ਦੀ ਧੂਣੀ ਲਾਵਾਂ ਮੈਂ
ਮਹਿਫ਼ਲ ਦੇ ਵਿੱਚ ਕੀ-ਕੀ ਆਖ ਸੁਣਾਵਾਂ ਮੈਂ।

ਮੁੱਦਤ ਹੋਈ ਖ਼ੁਦ ਤੋਂ ਹੀ ਬੇਗਾਨਾ ਸਾਂ
ਚਲ ਹੁਣ ਆਪੇ ਦੀ ਪਹਿਚਾਣ ਕਰਾਵਾਂ ਮੈਂ।

ਤੇਰੇ ਨਾਵੇਂ ਕਰ ਕੇ ਆਪਣਾ ਦਿਲ ਆਖ਼ਿਰ
ਦਿੱਤਾ ਹੋਣੀ ਨੂੰ ਆਪੇ ਸਿਰਨਾਵਾਂ ਮੈਂ।

ਭਾਵੇਂ ਅੱਖਾਂ ਦੇ ਵਿੱਚ ਹੰਝੂ ਖਾਰੇ ਨੇ
ਹਾਸਾ ਬੁੱਲ੍ਹਾਂ ਉੱਤੇ ਪਰ ਛਣਕਾਵਾਂ ਮੈਂ

ਜਿੱਥੇ ਤੂੰ ਤੇ ਮੈਂ ਦਾ ਨਾ ਝੇੜਾ ਹੋਵੇ
ਐਦਾਂ ਦਾ ਕੋਈ ਸੰਸਾਰ ਵਸਾਵਾਂ ਮੈਂ।

ਸੋਚਾਂ ਮਿੱਟੀ, ਪਾਣੀ, ਧੁੱਪ, ਹਵਾ ਦਾ ਫ਼ਿਰ
ਸਿਰ ਤੋਂ ਆਪਣੇ ਕਰਜ਼ਾ ਕੀਕਣ ਲਾਹਵਾਂ ਮੈਂ।

ਆ ਨ੍ਹੇਰੇ ਦੀ ਝੁੰਬ 'ਚੋਂ ਤੋੜ ਸਿਤਾਰੇ ਹੁਣ
ਚੁੰਨੀ ਤੇਰੀ ਉੱਤੇ ਆਣ ਟਿਕਾਵਾਂ ਮੈਂ

ਤੱਕਣੀ ਤੇਰੀ ਜਦ ਵੀ ਮੈਨੂੰ ਛੂਹ ਜਾਵੇ
ਸਿਰ ਤੋਂ ਪੈਰਾਂ ਤੱਕ ਪਾਰਾ ਹੋ ਜਾਵਾਂ ਮੈਂ

**ਮੋਬਾ. 96468-48766**

ਆਰਟੀਕਲ : **ਨਾਹਰ ਸਿੰਘ ਔਜਲਾ**



# ਕੈਨੇਡਾ ਰਹਿੰਦੇ ਇੰਟਰਨੈਸ਼ਨਲ ਸਟੂਡੈਂਟਸ ਨੂੰ ਪੇਸ਼ ਆਉਂਦੀਆਂ ਦੁਸ਼ਵਾਰੀਆਂ 'ਤੇ ਇਕ ਝਾਤ

ਹਰ ਹਫਤੇ ਕਿਸੇ ਨਾ ਕਿਸੇ ਇੰਟਰਨੈਸ਼ਨਲ ਸਟੂਡੈਂਟ ਦੀ ਮੌਤ ਦੀ ਜਾਂ ਪੁਲੀਸ ਦੁਆਰਾ ਫੜੇ ਜਾਣ ਦੀ ਖ਼ਬਰ ਸੁਣਨ ਨੂੰ ਮਿਲਦੀ ਹੈ ਜੋ ਬਹੁਤ ਹੀ ਦੁਖਦਾਈ ਤੇ ਵਿਚਾਰਣਯੋਗ ਮਸਲਾ ਹੈ। ਮੌਤਾਂ ਕਈ ਕਾਰਨਾਂ ਕਰਕੇ ਹੋ ਰਹੀਆਂ ਹਨ ਜਿਵੇਂ ਤੈਰਨਾ ਨਾ ਆਉਂਦਾ ਹੋਣ ਕਰਕੇ ਲੇਕ, ਦਰਿਆ ਜਾਂ ਨਹਿਰ 'ਚ ਡੁੱਬਕੇ ਮਰਨਾ, ਆਪਸੀ ਲੜਾਈ ਝਗੜਿਆਂ ਕਾਰਨ ਗੈਂਗ਼ ਵਗੈਰਾ 'ਚ ਸ਼ਮੂਲੀਅਤ ਕਰ ਲੈਣਾ ਜਾਂ ਗੈਰਕਾਨੂੰਨੀ ਕੰਮਾਂ 'ਚ ਸ਼ਾਮਿਲ ਹੋ ਜਾਣਾ। ਇਕ ਹੋਰ ਵੱਡਾ ਕਾਰਨ ਇਹ ਵੀ ਹੈ ਆਤਮਹੱਤਿਆ ਕਰ ਲੈਣੀ। ਆਤਮਹੱਤਿਆ ਕਰਨ ਨਾਲ ਵੀ ਕਈ ਕਾਰਨ ਜੁੜੇ ਹੁੰਦੇ ਹਨ ਜਿਵੇਂ ਜੌਬ ਨਾ ਮਿਲਣ ਦੀ ਸਟਰੈਸ, ਡਿਪਰੈਸ਼ਨ, ਡਰੱਗ, ਹਿੰਸਾ, ਕਾਨੂੰਨਾਂ ਬਾਰੇ ਅਗਿਆਨਤਾ, ਆਰਥਿਕ ਮਜ਼ਬੂਰੀਆਂ, ਡਰੱਗ ਦੀ ਉਵਰਡੋਜ਼, ਕੰਮ ਵਾਲੀਆਂ ਥਾਵਾਂ ਦਾ ਸਰੁੱਖਿਅਤ ਨਾ ਹੋਣਾ। ਭਾਵੇਂ ਇਹੋ ਜਿਹੀਆਂ ਘਟਨਾਵਾਂ ਇੱਥੋਂ ਦੇ ਜੰਮ-ਪਲ ਬੱਚਿਆਂ 'ਚ ਵੀ ਕਦੀ ਕਦਾਂਈ ਵਾਪਰਦੀਆਂ ਰਹਿੰਦੀਆਂ ਹਨ। ਗੈਂਗਜ਼ ਵਗੈਰਾ 'ਚ ਕੈਨੇਡੀਅਨ ਲੋਕ ਵੀ ਸ਼ਾਮਿਲ ਹੋ ਜਾਂਦੇ ਹਨ। ਪਰ ਇਸ ਆਰਟੀਕਲ ਦਾ ਵਿਸ਼ਾ ਇੰਟਰਨੈਸ਼ਨਲ ਸਟੂਡੈਂਟਸ ਨਾਲ ਸਬੰਧਤ ਹੈ ਤਾਂ ਕਿ ਪੰਜਾਬ ਵਸਦੇ ਮਾਂ ਪਿਉ, ਭੈਣ ਭਰਾ, ਰਿਸ਼ਤੇਦਾਰ, ਬੱਚਿਆਂ ਨੂੰ ਬਾਹਰ ਭੇਜਣ ਸਮੇਂ ਕੁਝ ਖਾਸ ਗੱਲਾਂ ਦਾ ਧਿਆਨ ਜ਼ਰੂਰ ਰੱਖ ਸਕਣ ਤੇ ਬੱਚਿਆਂ ਦੇ ਇੱਧਰ ਪਹੁੰਚਣ ਤੋਂ ਬਾਅਦ ਵੀ ਉਹਨਾਂ ਕਮਿਉਨਟੀ ਸੰਸਥਾਵਾਂ, ਸੋਸਲ ਐਕਟੇਵਿਸਟਾਂ ਤੇ ਧਾਰਮਿਕ ਸੰਸਥਾਵਾਂ ਨਾਲ ਰਾਬਤਾ ਬਣਾਕੇ ਰੱਖਣ ਜੋ ਇਹਨਾਂ ਸਟੂਡੈਂਟਸ ਨੂੰ ਆਉਂਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਂਣ ਲਈ ਜ਼ੋਰਦਾਰ ਯਤਨ ਕਰਦੇ ਰਹਿੰਦੇ ਹਨ।

ਕੈਨੇਡਾ ਵੱਸਦੇ ਇੰਟਰਨੈਸ਼ਨਲ ਸਟੂਡੈਂਟਸ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਕਈ ਲੋਕ ਓਪਰੀ ਜਿਹੀ ਨਜ਼ਰੇ ਵਾਚ ਕੇ ਅਪਣਾ ਨਜ਼ਰੀਆ ਪੇਸ਼ ਕਰ ਦਿੰਦੇ ਹਨ ਜਿਸ ਨਾਲ ਸਹੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਦਾ। ਕੁਝ ਪੰਜਾਬੀ ਅਖੌਤੀ ਮੀਡੀਏ ਵਾਲੇ ਲੋਕਾਂ ਨੇ ਪਹਿਲਾਂ ਵੀ ਇਹਨਾਂ ਕਈ ਮੁੱਦਿਆਂ 'ਤੇ ਇਕ ਪਾਸੜ ਜਿਹੀ ਚਰਚਾ ਛੇੜਕੇ ਕਮਿਊਨਟੀ ਨੂੰ ਦੋਫਾੜ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ 'ਚ ਉਹ ਕੁਝ ਹੱਦ ਤੱਕ ਕਾਮਯਾਬ ਵੀ ਰਹੇ ਸਨ। ਉਹਨਾਂ ਨੇ ਬਹੁ ਗਿਣਤੀ ਲੜਕੀਆਂ ਨੂੰ ਸੈਕਸ ਸਕੈਂਡਲ ਨਾਲ ਜੋੜਕੇ ਬਦਨਾਮ ਕਰਨ ਲਈ ਬਿਨਾਂ ਕਿਸੇ ਠੋਸ ਸਬੂਤਾਂ ਦੇ ਕੋਝੇ ਹੱਥ ਕੰਢੇ ਵਰਤੇ। ਕੁਝ ਲੋਕਾਂ ਨੇ ਸਟੂਡੈਂਟਸ ਦੇ ਇਕ ਹਿੱਸੇ ਵਲੋਂ ਬੇਸਮਝੀ 'ਚ ਕੀਤੀਆਂ ਮਾੜੀਆਂ ਮੋਟੀਆਂ ਗਲ਼ਤੀਆਂ ਨੂੰ ਵੀ ਜ਼ੋਰਾਂ ਸ਼ੋਰਾਂ ਨਾਲ ਉਛਾਲਿਆ, ਉਹਨਾਂ ਨੂੰ ਸਫਾਈ ਨਾ ਰੱਖਣ ਵਾਲੇ, ਨਿਕੰਮੇ, ਵੇਹਲੜ, ਚਲਾਕ, ਧੋਖੇਬਾਜ, ਪੰਗੇਬਾਜ ਅਤੇ ਮਤਲਬ ਪ੍ਰਸਤ ਵਰਗੇ ਖਿਤਾਬ ਦੇ ਦਿੱਤੇ। ਜਦੋਂ ਅਸੀਂ ਇਕ ਮੁਲਕ ਤੋਂ ਦੂਸਰੇ ਮੁਲਕ ਜਾਂਦੇ ਹਾਂ ਤਾਂ ਕੁਝ ਪੱਕ ਚੁੱਕੀਆਂ ਆਦਤਾਂ ਨੂੰ ਬਦਲਣਾ ਚਾਹੁੰਦੇ ਹੋਏ ਵੀ ਸਮਾਂ ਤਾਂ ਲੱਗਦਾ ਹੀ ਹੈ। ਇਸ ਦੇ ਉਲਟ ਕੁਝ ਲੋਕਾਂ ਨੇ ਸਟੂਡੈਂਟਸ ਬਾਰੇ ਉਠੇ ਕੁੱਝ ਜਾਇਜ ਸਵਾਲਾਂ ਨੂੰ ਵੀ ਮੁੱਢੋ ਹੀ ਨਕਾਰ ਦਿੱਤਾ ਅਤੇ ਇਹ ਕਹਿਕੇ ਸਾਰ ਦਿੱਤਾ ਕਿ ਕੁਝ ਮਾੜੇ ਲੋਕ ਤਾਂ ਹਰ ਕਮਿਊਨਟੀ 'ਚ ਹੁੰਦੇ ਹਨ ਐਂਵੇ ਸਟੂਡੈਂਟਸ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਹਨਾਂ ਨੇ ਵੀ ਸਟੂਡੈਂਟਸ ਬਾਰੇ ਲਿਖਣ ਵਾਲਿਆਂ 'ਤੇ ਹੀ ਸਾਰਾ ਨਜ਼ਲਾ ਝਾੜ ਕੇ, ਸਭ ਕੁਝ ਨੂੰ ਇਹ ਕਹਿ ਕਿ ਕੋਈ ਮਸਲਾ ਹੈ ਹੀ ਨਹੀਂ, ਗੱਲ ਖਤਮ ਕਰ ਦਿੱਤੀ। ਜਦੋਂ ਕਮਿਊਨਟੀ ਦੇ ਕਾਫੀ ਲੋਕਾਂ ਨੇ ਖੁੱਲੇਆਮ ਸਟੂਡੈਂਟਸ ਦਾ ਵਿਰੋਧ ਕੀਤਾ ਤਾਂ ਕਾਫੀ ਲੋਕਾਂ ਨੇ ਚੁੱਪ ਰਹਿ ਕੇ ਉਹਨਾਂ ਦੀਆਂ ਕੀਤੀਆਂ ਟਿੱਪਣੀਆਂ ਦਾ ਪ੍ਰਭਾਵ ਵੀ ਕਬੂਲਿਆ। ਬਹੁਤ ਸਾਰੇ ਸੁਹਿਰਦ ਲੋਕਾਂ ਨੇ ਇਹਨਾਂ ਟਿੱਪਣੀਆਂ ਦਾ ਖੁੱਲੇਆਮ ਰੇਡੀਓ ਟੀ ਵੀ ਅਤੇ ਸੋਸਲ ਮੀਡੀਏ 'ਤੇ ਵਿਰੋਧ ਵੀ ਕੀਤਾ। ਮੀਟਿੰਗਾਂ ਅਤੇ ਸਭਿਆਚਾਰਕ ਪਰੋਗਰਾਮਾਂ ਰਾਂਹੀ ਸਟੂਡੈਂਟਸ ਦਾ ਪੱਖ ਵੀ ਰੱਖਿਆ ਅਤੇ ਉਹਨਾਂ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਵੀ ਲੋਕਾਂ ਨੂੰ ਪ੍ਰੇਰਿਆ। ਫੇਰ ਵੀ ਦੋਨਾਂ ਪਾਸਿਆਂ ਤੋਂ ਗੱਲ ਪੂਰੀ ਤਰ੍ਹਾਂ ਰੁੱਕ ਨਹੀਂ ਸੀ ਰਹੀ।

ਇਸੇ ਤਰ੍ਹਾਂ ਹੀ ਕੁਝ ਸਟੂਡੈਂਟਸ ਨੇ ਖੁੱਲੇਆਮ ਸੋਸਲ ਮੀਡੀਏ ਅਤੇ ਰੇਡੀਉ, ਟੀ:ਵੀ 'ਤੇ ਆ ਕੇ ਪਹਿਲਾਂ ਤੋਂ ਰਹਿ ਰਹੇ ਲੋਕਾਂ ਦੇ ਖਿਲਾਫ਼ ਗੰਦੀ ਭਾਸ਼ਾ ਦੀ ਖ਼ੂਬ ਵਰਤੋਂ ਕੀਤੀ, ਇੱਥੋਂ ਤੱਕ ਕਿਹਾ ਕਿ ਇਹ ਲੋਕ ਆਪਣੀਆਂ ਭੈਣਾਂ, ਕੁੜੀਆਂ ਨਾਲ ਵਿਆਹ ਕਰਵਾ ਕੇ ਸੈੱਟ ਹੋ ਗਏ, ਕੈਨੇਡਾ 'ਚ ਪੈਦਾ ਹੋਏ ਜੁਆਕ ਨਿਕੰਮੇ ਹਨ, ਬੇਵਕੂਫ਼ ਤੇ ਲੋਲੜ੍ਹ ਹਨ ਅਤੇ ਇਹ ਲੋਕ ਸਾਨੂੰ ਇਸ ਕਰਕੇ ਨਫ਼ਰਤ ਕਰਦੇ ਹਨ ਕਿ ਅਸੀਂ ਇਹਨਾਂ ਦੇ ਜੁਆਕਾਂ ਦੀਆਂ ਜੌਬਾਂ ਖੋਹ ਲਵਾਂਗੇ। ਬਹੁਤ ਸਾਰੇ ਇਟਰਨੈਸ਼ਨਲ ਸਟੂਡੈਂਟਸ ਨੇ ਇੱਥੋਂ ਦੇ ਜਨਮੇ ਬੱਚਿਆਂ ਦਾ ਨਾਂ 'ਯੱਕੀ' ਰੱਖ ਦਿੱਤਾ। ਇਹ ਲਫਜ਼ ਤਕਰੀਬਨ ਬਹੁਤੇ ਸਟੂਡੈਂਟਸ ਜਾਣੇ-ਅਣਜਾਣੇ ਵਰਤ ਜਾਂਦੇ ਹਨ ਜਦੋਂ ਕਿ ਲਫ਼ਜ਼ ਬੁਰੀ ਭਾਵਨਾਂ ਨਾਲ ਵਰਤਿਆਂ ਜਾਂਦਾ ਹੈ। ਜਦੋਂ ਕਿ ਕੈਨੇਡਾ 'ਚ ਜੰਮੇ ਪਲੇ ਬਹੁਤੇ ਬੱਚੇ ਤਾਂ ਇੰਟਰਨੈਸਨਲ ਸਟੂਡੈਂਟਸ ਨਾਲ ਹਮਦਰਦੀ ਰੱਖਦੇ ਹਨ ਤੇ ਉਹਨਾਂ ਦੀ ਲੋੜ ਪੈਣ 'ਤੇ ਮਦਦ ਲਈ ਵੀ ਅੱਗੇ ਆਉਂਦੇ ਹਨ। ਚਲੋ ਇਹ ਅਸਥਾਈ ਜਿਹਾ ਵਿਰੋਧ ਸੀ ਸਮੇਂ ਨਾਲ ਖਤਮ ਹੋ ਗਿਆ। ਬਹੁਤ ਸਾਰੇ ਨਵੇਂ ਸਟੂਡੈਂਟਸ ਪੱਕੇ ਹੋ ਕੇ ਪੁਰਾਣੇ ਹੋ ਗਏ, ਫੇਰ ਉਹਨਾਂ ਦੇ ਮਸਲੇ ਵੀ ਹੋਰ ਹੋ ਗਏ। ਕੋਵਿਡ ਸਮੇਂ 'ਚ ਬਹੁਤੇ ਕੰਮਾਂ ਨੂੰ ਇਹਨਾਂ ਸਟੂਡੈਂਟਸ ਨੇ ਹੀ ਆਪਣੀਆਂ ਜਾਨਾਂ ਜੋਖ਼ਮ 'ਚ ਪਾ

ਕੇ ਚਲਦਾ ਰੱਖਿਆ ਸੀ। ਉਹਨਾਂ ਦਿਨਾਂ ’ਚ ਜਿੱਧਰ ਵੀ ਦੇਖੋ ਕੰਮਾਂ ’ਤੇ ਜਾਂਦੇ ਆਉਂਦੇ ਸਟੂਡੈਂਟਸ ਹੀ ਦਿੱਖ ਰਹੇ ਸਨ। ਜਿਸ ਕਰਕੇ ਕੁਝ ਪਰਸੈਂਟ ਸਟੂਡੈਂਟਸ ਵੱਲੋਂ ਕੀਤੀਆਂ ਜਾਂਦੀਆਂ ਲੜਾਈਆਂ ਅਤੇ ਆਮ ਲੋਕਾਂ ਨਾਲ ਕੀਤੇ ਜਾਂਦੇ ਵਿਵਹਾਰ ਨੇ ਸਾਰੇ ਸਟੂਡੈਂਟਸ ਦੇ ਅਕਸ ’ਤੇ ਭੈੜਾ ਅਸਰ ਪਾਇਆ ਸੀ ਉੱਥੇ ਕੋਵਿਡ ਦੇ ਸਮੇਂ ’ਚ ਬਹੁਤੇ ਸਟੂਡੈਂਟਸ ਵਲੋਂ ਕੀਤੀ ਸਖ਼ਤ ਮਿਹਨਤ ਨੇ ਅਤੇ ਸਿਸਟਮ ਦੀ ਬਣੀ ਲੋੜ ਨੇ, ਬਹੁਤ ਸਾਰਿਆਂ ਨੂੰ ਪੱਕੇ ਹੋਣ ’ਚ ਵੀ ਕਾਫੀ ਮਦਦ ਕੀਤੀ। ਸੁਹਿਰਦ ਲੋਕਾਂ ਨੇ ਇਸ ਗੱਲ ਨੂੰ ਵੀ ਦੱਬ ਕੇ ਪਰਚਾਰਿਆ ਕਿ ਦੇਖ ਲਵੋਂ ਹੁਣ ਸਟੂਡੈਂਟਸ ਹੀ ਮੂਹਰੇ ਹੋ ਕੇ ਆਰਥਿਕਤਾ ਨੂੰ ਚਲਦੀ ਰੱਖਣ ਲਈ ਯੋਗਦਾਨ ਪਾ ਰਹੇ ਹਨ। ਜਦੋਂ ਕਈ ਪ੍ਰਾਈਵੇਟ ਕਾਲਜਾਂ ਨੇ ਸਟੂਡੈਂਟਸ ਦੇ ਦਾਖਲੇ ਰੋਕਣ ਜਾਂ ਲੇਟ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਹੁਤੇ ਪੰਜਾਬੀ ਮੀਡੀਏ ਨੇ ਅਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਅੱਗੇ ਆ ਕੇ ਸਟੂਡੈਂਟਸ ਦੀਆਂ ਮੰਗਾਂ ਦੀ ਮਦਦ ਵੀ ਕੀਤੀ ਅਤੇ ਵਿਦਿਅਕ ਅਦਾਰਿਆਂ ਨੂੰ ਆਪਣੇ ਫੈਸਲੇ ਬਦਲਣ ਲਈ ਮਜ਼ਬੂਰ ਵੀ ਕੀਤਾ ਸੀ।

ਕੋਵਿਡ ਤੋਂ ਬਾਅਦ ਹਿੰਸਾ, ਫਰੌਤੀਆਂ ਤੇ ਗੋਲੀਆਂ ਚੱਲਣ ਦੀਆਂ ਵਾਰਦਾਤਾਂ ਵੱਧਣ ਕਾਰਨ ਮਸਲਾ ਫੇਰ ਵਿੱਗੜ ਗਿਆ ਹੈ। ਜਦੋਂ ਤੋਂ ਐਕਸਟੋਰਸ਼ਨ ਮਾਰ ਧਾੜ ਤੇ ਚੋਰੀਆਂ ਦੇ ਕੇਸ ਵਧੇ ਹਨ, ਜਿੰਨ੍ਹਾਂ ’ਚ ਕਾਫੀ ਸਟੂਡੈਂਟਸ ਵੀ ਫੜੇ ਜਾ ਰਹੇ ਹਨ। ਫੜੇ ਜਾਣ ਵਾਲਿਆਂ ਦੀ ਗਿਣਤੀ ਏਨੀ ਵੱਡੀ ਹੈ ਕਿ ਲੋਕ ਸਹੀ ਤੇ ਗ਼ਲਤ ਸਟੂਡੈਂਟਸ ਦਾ ਫਰਕ ਕਰਨ ਦੇ ਵਾਦ ਵਿਵਾਦ ’ਚ ਉਲਝ ਗਏ। ਭਾਵੇਂ ਹੀ ਇਸ ਮਸਲੇ ਨਾਲ ਸਬੰਧਤ ਜੀ ਟੀ ਏ ’ਚ ਕੁਝ ਪੁਲੀਸ ਨਾਲ ਸਬੰਧਤ ਲੋਕ ਵੀ ਗ੍ਰਿਫਤਾਰ ਹੋਏ ਹਨ। ਮੁੱਖ ਮਸਲਾ ਤਾਂ ਹੁਣ ਇਹ ਹੈ ਕਿ ਪੰਜਾਬੀ ਕਮਿਊਨਟੀ ਦੀ ਬਹੁ ਗਿਣਤੀ ਸਹੀ ਤੇ ਲੀਗਲ ਢੰਗ ਨਾਲ ਰਹਿ ਰਹੇ ਸਟੂਡੈਂਟਸ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਂਣ ਤੋਂ ਵੀ ਪਿੱਛੇ ਹੱਟਣ ਲੱਗ ਪਈ ਹੈ। ਹੁਣ ਫੇਰ ਮਸਲਾ ਏਹ ਹੈ ਕਿਸੇ ਨਾ ਕਿਸੇ ਕਾਰਨ ਕਰਕੇ ਹਰ ਹਫਤੇ, ਦੋ ਹਫਤੇ ਬਾਅਦ ਕਿਸੇ ਨਾ ਕਿਸੇ ਸਟੂਡੈਂਟਸ ਦੀ ਹੁੰਦੀ ਗੈਰ-ਕੁਦਰਤੀ ਮੌਤ ਨੂੰ ਕਿਵੇਂ ਰੋਕਿਆ ਜਾ ਸਕੇ। ਕੁਦਰਤੀ ਮੌਤ ਨੂੰ ਅਸੀਂ ਰੋਕ ਨਹੀਂ ਸਕਦੇ ਪਰ ਕੁਝ ਹੋਰ ਕਾਰਣਾ ਕਰਕੇ ਹੋ ਰਹੀਆਂ ਮੌਤਾਂ ਨੂੰ ਵੀ ਕੁਦਰਤ ਦਾ ਭਾਣਾ ਕਹਿਕੇ ਮੂੰਹ ਨਹੀਂ ਮੋੜਿਆ ਜਾ ਸਕਦਾ। ਕੈਨੇਡਾ ਦੀਆਂ ਹਰ ਪੱਧਰ ਦੀਆਂ ਸਰਕਾਰਾਂ ਵਲੋਂ ਵੀ ਬਿਜਨਿਸਾਂ ਨੂੰ ਚੱਲਦੇ ਰੱਖਣ, ਸਸਤੀ ਤੇ ਪੜ੍ਹੀ ਲਿਖੀ ਲੇਬਰ ਮੰਗਵਾਉਣ ਤੇ ਕਾਲਜਾਂ ਯੁਨੀਵਰਸਿਟੀਆਂ ਵਲੋਂ ਮੁਨਾਫੇ ਕਮਾਉਂਣ ਦੇ ਚੱਕਰਾਂ ’ਚ ਲੋੜ ਤੋਂ ਕਿਤੇ ਵੱਧ ਸਟੂਡੈਂਟਸ ਕੁਝ ਹੀ ਸਾਲਾਂ ’ਚ ਸੱਦੇ ਗਏ ਇਹ ਪਤਾ ਹੋਣ ਦੇ ਬਾਵਜੂਦ ਵੀ ਕਿ ਇਹ ਤਕਰੀਬਨ ਸਾਰੇ ਹੀ ਸਟੂਡੈਂਟਸ ਇੱਥੇ ਪੱਕੇ ਤੌਰ ’ਤੇ ਸੈਟਲ ਹੋਣ ਲਈ ਆ ਰਹੇ ਹਨ। ਉਹਨਾਂ ਲਈ ਰਿਹਾਇਸ਼, ਜੌਬ, ਬੇਲੋੜੇ ਖੁੱਲ ਰਹੇ ਕਾਲਜਾਂ ਨੂੰ ਮਨਜੂਰੀ ਤੇ ਹੋਰ ਕੁਤਾਹੀਆਂ ਵੱਲ ਉੱਕਾ ਹੀ ਧਿਆਨ ਨਾ ਦਿੱਤਾ ਗਿਆ। ਆ ਰਹੇ ਸਟੂਡੈਂਟਸ ਦੀ ਪੜ੍ਹਾਈ ਦੀ ਵੈਰੀਫਿਕੇਸ਼ਨ ਤੇ ਉਹਨਾਂ ਦੇ ਪੁਲੀਸ ਰਿਕਾਰਡ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਗਿਆ। ਐਜੂਕੇਸ਼ਨ ਨੂੰ ਪਬਲਿਕ ਪ੍ਰਾਈਵੇਟ ਅਦਾਰੇ ’ਚ ਤਬਦੀਲ ਕਰ ਦਿੱਤਾ ਗਿਆ। ਸਰਕਾਰ ਤੇ ਵਿਦਿਅਕ ਅਦਾਰਿਆਂ ਨੇ ਪੜ੍ਹਾਈ ਲਈ ਰੱਖੇ ਹੋਏ ਸਟੈਂਡਰਡ ਦੇ ਪੱਧਰ ਨੂੰ ਅਪਣੀ ਸਹੂਲਤ ਮੁਤਾਬਕ ਨੀਵਾਂ ਕਰ ਦਿੱਤਾ ਬਣੀ ਹੋਈ ਬਾਰ ਡਾਊਨ ਕਰ ਦਿੱਤੀ। ਜਿਸ ਨਾਲ ਕਾਫੀ ਗਿਣਤੀ ’ਚ ਉਹ ਸਟੂਡੈਂਟ ਵੀ ਪਹੁੰਚ ਗਏ ਜਿਨ੍ਹਾਂ ਨੇ ਇੱਥੇ ਪਹੁੰਚਕੇ ਕਾਲਜ ਦਾ ਮੂੰਹ ਤੱਕ ਨਹੀਂ ਦੇਖਿਆ। ਉਹ ਸਿਰਫ ਪੱਕਾ ਹੋਣ ਦੀਆਂ ਸਕੀਮਾਂ ਲੜਾਉਂਣ ਲੱਗੇ। ਜਦੋਂ ਥੋੜੀ ਸਖ਼ਤੀ ਹੋਈ ਤਾਂ ਉਨ੍ਹਾਂ ‘ਚੋਂ ਹਜ਼ਾਰਾਂ ਨੇ ਹੀ ਰਿਫਿਊਜੀ ਕੈਟਾਗਿਰੀ ’ਚ ਅਪਲਾਈ ਕਰ ਦਿੱਤਾ। ਕੁਝ ਨੇ ਪੰਜਾਬ ਨੂੰ ਵੱਖਰਾ ਦੇਸ ਬਣਾਉਂਣ ਦੀ ਵਕਾਲਤ ਕਰਨ ਵਾਲੇ ਪਰੋਟੈਸਟਾਂ ’ਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਹ ਗੱਲ ਵੀ ਕਾਫੀ ਦੇਰ ਤੱਕ ਸਹੀ ਹੈ ਕਿ ਜੋ ਇੱਕ ਵਾਰ ਇੰਡੀਆਂ ’ਚੋਂ ਨਿਕਲ ਆਇਆ ਉਹਨਾਂ ‘ਚੋਂ ਬਹੁਤੇ ਸ਼ਰਮ ਦੇ ਮਾਰੇ ਹੀ ਵਾਪਿਸ ਨਹੀਂ ਜਾਣਾ ਚਾਹੁੰਦਾ ਭਾਵੇਂ ਪਿੱਛੇ ਉਸਨਾਂ ਦਾ ਥੋੜਾ ਬਹੁਤ ਗੁਜ਼ਾਰਾ ਚੱਲਦਾ ਵੀ ਹੋਵੇ। ਜਿੰਨ੍ਹਾਂ ਨੇ ਆਰਥਿਕ ਮੁਸ਼ਕਲਾਂ ਦੇਖੀਆਂ ਹਨ ਤੇ ਮਾਂ ਪਿਉ ਵਲੋਂ ਚੁੱਕੇ ਕਰਜੇ ਦਾ ਬੋਝ ਮਹਿਸੂਸ ਕੀਤਾ ਹੈ ਉਹ ਕਿਸੇ ਹਾਲਤ ’ਚ ਵੀ ਵਾਪਿਸ ਨਹੀਂ ਜਾਣਾ ਚਾਹੁੰਦੇ, ਘੱਟੋ ਘੱਟੋ ਕੁਝ ਪੈਸਾ ਕਮਾਏ ਤੋਂ ਬਿਨਾਂ ਤਾਂ ਬਿਲਕੁਲ ਵੀ ਨਹੀਂ ਭਾਵੇਂ ਕੁਝ ਵੀ ਕਰਨਾ ਪਵੇ। ਪੰਜਾਬੀਆਂ ਦੇ ਇਕ ਦੋ ਨੌਜਵਾਨ ਮੁੰਡੇ ਹਰ ਰੋਜ਼ ਕਿਸੇ ਨਾ ਕਿਸੇ ਕੇਸ ’ਚ ਪੁਲੀਸ ਵਲੋਂ ਗ੍ਰਿਫਤਾਰ ਕਰਕੇ ਡਿਪੋਰਟ ਕੀਤੇ ਜਾ ਰਹੇ ਹਨ ਜਿਨ੍ਹਾਂ ’ਚ ਹੁਣ ਕੁਝ ਕੁੜੀਆਂ ਨੇ ਵੀ ਸ਼ਮੂਲੀਅਤ ਕਰ ਲਈ ਹੈ। ਹਜ਼ਾਰਾਂ ਹੀ ਸਟੂਡੈਂਟਸ ਕੇਸਾਂ ਕਾਰਨ ਜਾਂ ਵਰਕ ਪਰਮਿਟ ਰਿਨਿਊ ਨਾ ਹੋਣ ਕਾਰਨ ਵਾਪਿਸ ਮੁੜ ਗਏ ਜਾਂ ਮੋੜ ਦਿੱਤੇ ਗਏ ਹਨ। ਇਹ ਸਿਲਸਿਲਾ ਲਗਾਤਾਰ ਜਾਰੀ ਹੈ।

ਬਹੁਤੇ ਸਟੂਡੈਂਟਸ ਨੂੰ ਇਹ ਵੀ ਪਤਾ ਸੀ ਕਿ ਰਿਫਿਊਜੀ ਕੇਸ ਕਾਮਯਾਬ ਹੋਣ ਦੇ ਬਹੁਤੇ ਚਾਂਸ ਨਹੀਂ ਹਨ ਇਸੇ ਕਾਰਨ ਉਹਨਾਂ ’ਚੋਂ ਕੁਝ ਨੇ ਗੈਰਕਾਨੂੰਨੀ ਐਕਟੀਵਿਟੀ ’ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਤੇ ਨਾਲ ਨਸ਼ਾ ਵੇਚਣਾ ਤੇ ਖਾਣਾ ਵੀ ਸ਼ੁਰੂ ਕਰ ਲਿਆ। ਇਸ ਨਸ਼ੇ ਨਾਲ ਵੀ ਬਹੁਤ ਸਾਰੇ ਸਟੂਡੈਂਟਸ ਦੀ ਗੈਰ ਕੁਦਰਤੀ ਮੌਤ ਹੋਈ ਜਿਸ ਨੂੰ ਬਹੁਤੀ ਵਾਰੀ ਨੇੜੇ ਦੇ ਸਾਥੀ ਹਾਰਟ ਅਟੈਕ ਦੇ ਨਾਂ ਹੇਠ ਢਕਣ ਦੀ ਕੋਸ਼ਿਸ਼ ਕਰਦੇ ਹਨ। ਕੋਈ ਸੰਸਥਾ ਵੀ ਇੰਨਵੈਸਟੀਗੇਸ਼ਨ ਦੀ ਮੰਗ ਕਿਵੇਂ ਕਰੇ ਜਦੋਂ ਤੱਕ ਮਰਨ ਵਾਲੇ ਦੇ ਨੇੜੇ ਦੇ ਲੋਕ ਮੌਤ ਦਾ ਕੋਈ ਅਸਲੀ ਕਾਰਨ ਦੱਸਣਾ ਹੀ ਨਹੀਂ ਚਾਹੁੰਦੇ।

ਇਹ ਰਿਪੋਰਟ ਵੀ ਫਿਊਨਰਲ ਹੋਮ ਦੇ ਮਾਲਕ ਹੀ ਦੱਸ ਦਿੰਦੇ ਹਨ ਜਿੰਨਾਂ ਨੂੰ ਕਈ ਰਿਸੋਰਸਿਜ਼ ਤੋਂ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਭਾਵੇਂ ਹੀ ਗੈਰਕਾਨੂੰਨੀ ਕੰਮਾਂ ’ਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ 4-5 ਪਰਸੈਂਟ ਹੀ ਹੋਵੇ ਪਰ ਹਰ ਰੋਜ਼ ਵਾਪਰਦੀਆਂ ਘਟਨਾਵਾਂ ਦੇ ਪ੍ਰਭਾਵ ਨੇ ਬਹੁ ਗਿਣਤੀ ਲੋਕਾ ਨੂੰ ਸਹੀ ਮੰਗਾਂ ਨੂੰ ਲੈ ਕੇ ਲੜ ਰਹੇ ਸਟੂਡੈਂਟਸ ਦੀ ਮਦਦ ਕਰਨ ਤੋਂ ਵੀ ਦੂਰ ਕਰ ਦਿੱਤਾ ਹੈ ਜਿਹੜਾ ਕਿ ਇਕ ਦੁਖਦਾਈ ਪੱਖ ਵੀ ਹੈ।

ਕੈਨੇਡਾ ਦੀ ਸਰਵਉੱਚ ਮੰਨੀ ਜਾਂਦੀ ਇੰਟੈਲੀਜੈਂਸ ਸਕਿਊਰਟੀ ਪੁਲੀਸ ‘ਆਰ ਸੀ ਐਮ ਪੀ’ ਦੀ ਇਕ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਐਕਸਟੌਰਸ਼ਨ ਦੀਆਂ ਵੱਡੀਆਂ ਕਾਰਵਾਈਆਂ ਜੇਲ੍ਹ ’ਚ ਬੈਠੇ ਬਿਸ਼ਨੋਈ ਗਰੁੱਪ ਵਲੋਂ ਕਾਰਵਾਈਆਂ ਜਾਂਦੀਆਂ ਹਨ ਜਿਸ ਪਿੱਛੇ ਬਾਹਰੀ ਖੁਫੀਆ ਏਜੰਸੀਆਂ ਦਾ ਹੱਥ ਹੈ। ਇਹ ਕਿੱਥੋਂ ਤੱਕ ਸਹੀ ਹੈ


ਇਹ ਤਾਂ ਆਉਂਣ ਵਾਲਾ ਸਮਾਂ ਹੀ ਦੱਸੇਗਾ ਪਰ ਏਨੀ ਵੱਡੀ ਗਿਣਤੀ ’ਚ ਨੌਜਵਾਨਾਂ ਦੀ ਇਨ੍ਹਾਂ ਗੈਰਕਾਨੂੰਨੀ ਕੰਮਾਂ ’ਚ ਸ਼ਮੂਲੀਅਤ ਕਮਿਊਨਿਟੀ, ਮਾਪਿਆਂ ਅਤੇ ਇੰਡੀਆ ਦੇ ਰਾਜਨੀਤਕ ਸਿਸਟਮ ਲਈ ਵੀ ਇਕ ਚਣੌਤੀ ਵਾਲਾ ਸਵਾਲ ਹੈ। ਇਹਨਾਂ ਗੈਰਕਾਨੂੰਨੀ ਕੰਮਾਂ ’ਚ ਹਰਿਆਣੇ ਸਮੇਤ ਹੋਰ ਕਈ ਸਟੇਟਾਂ ‘ਚੋਂ ਆਉਣ ਵਾਲੇ ਲੋਕ ਵੀ ਸ਼ਾਮਿਲ ਹੋ ਰਹੇ ਹਨ। ਇਕ ਸਮੱਸਿਆਂ ਤਾਂ ਇਹ ਵੀ ਹੈ ਕਿ ਕਾਫੀ ਲੋਕਾਂ ਵਲੋਂ ਲੇਖਾਂ, ਨਾਟਕਾਂ, ਕਹਾਣੀਆਂ ਤੇ ਮੀਡੀਏ ਵਲੋਂ ਦੱਸਣ ਦੇ ਬਾਵਜੂਦ ਵੀ ਜਿਸ ਤਰ੍ਹਾਂ ਲੋਕ ਪੰਜਾਬ ’ਚ ਰਹਿੰਦਿਆਂ ਸਮੇਂ ਕੈਨੇਡਾ ਬਾਰੇ ਸੋਚਦੇ ਹਨ ਉਹ ਸਭ ਕੁਝ ਇੱਥੇ ਉਸ ਤਰ੍ਹਾਂ ਨਹੀਂ ਹੈ। ਕੁਝ ਧਿਆਨ ਰੱਖਣਯੋਗ ਗੱਲਾਂ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਪਲੱਸ ਟੂ ਤੋਂ ਫੋਰੀ ਬਾਅਦ ਤਾਂ ਬੱਚੇ ਨੂੰ ਕੈਨੇਡਾ ਜਾਂ ਕਿਸੇ ਵੀ ਹੋਰ ਦੇਸ਼ ’ਚ ਭੇਜਣ ਤੋਂ ਗੁਰੇਜ ਕਰਨ। ਕੈਨੇਡਾ ਨੇ ਤਾਂ ਹੁਣ ਇਹਨਾਂ ਦੀ ਗਿਣਤੀ ਵੈਸੇ ਹੀ ਘਟਾ ਦਿੱਤੀ ਹੈ। ਕਈ ਵਾਰ ਮਾਪਿਆਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਜਾਣ-ਪਹਿਚਾਣ ਵਾਲੇ ਲੋਕ ਕੈਨੇਡਾ ਰਹਿੰਦੇ ਹਨ ਉਹ ਬੱਚੇ ਦੀ ਮਦਦ ਕਰਨਗੇ। ਬਹੁਤੀ ਵਾਰ ਇਸ ਤਰ੍ਹਾਂ ਨਹੀਂ ਹੁੰਦਾ, ਕੈਨੇਡਾ ’ਚ ਰਹਿੰਦਾ ਪਰਿਵਾਰ ਚਾਹੁੰਦਾ ਹੈ ਕਿ ਬੱਚਾ ਉਹਨਾਂ ਦੇ ਘਰ ਦੇ ਕੰਮ ’ਚ ਹੱਥ ਵੰਡਾਵੇ ਪਰ ਬਹੁਤੇ ਬੱਚੇ ਰੋਟੀ ਪਾਣੀ ਤਿਆਰ ਕਰਨ ਜਾਂ ਘਰ ਦੀ ਸਫਾਈ ਆਦਿ ਕਰਨ ਦੇ ਆਦੀ ਨਹੀਂ ਹੁੰਦੇ ਫੇਰ ਕਲੇਸ਼ ਪੈਣਾ ਸੁਰੂ ਹੋ ਜਾਂਦਾ ਹੈ। ਕਈ ਰਿਸ਼ਤੇਦਾਰ ਤਾਂ ਫੇਰ ਬਹਾਨਾ ਹੀ ਭਾਲਦੇ ਹਨ ਕਿਉਂਕਿ ਇੱਥੇ ਹਰ ਚੀਜ਼ ਮੁੱਲ ਦੀ ਹੈ ਉਹਨਾ ਨੂੰ ਬੱਚਾ ਫ੍ਰੀ ’ਚ ਰੱਖਣਾ ਮੁਸ਼ਕਲ ਲੱਗਦਾ ਹੈ। ਸਾਰੇ ਲੋਕ ਵੀ ਇਸ ਤਰ੍ਹਾਂ ਨਹੀਂ ਹਨ ਕੁਝ ਲੋਕ ਮਦਦ ਕਰਦੇ ਵੀ ਹਨ। ਦੂਜੇ ਪਾਸੇ ਬੱਚਾ ਵੀ ਆਪਣੇ ਦੋਸਤਾਂ ’ਚ ਰਹਿਣਾ ਪਸੰਦ ਕਰਦਾ ਹੈ ਫੇਰ ਅਗਰ ਸੰਗਤ ਮਾੜੀ ਮਿਲ ਗਈ ਤਾਂ ਮੁਸ਼ਕਲ ਆ ਜਾਂਦੀ ਹੈ। ਰਹਿਣ ਲਈ ਰੈਂਟ ’ਤੇ ਮਕਾਨ ਲੱਭਣਾ, ਜੌਬ ਲੱਭਣੀ, ਬੜੀਆਂ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਕਈ ਵਾਰ ਤੁਹਾਡੇ ਕੀਤੇ ਕੰਮ ਦੇ ਪੈਸੇ ਹੀ ਮਾਲਕਾਂ ਵਲੋਂ ਦੱਬ ਲਏ ਜਾਂਦੇ ਹਨ। ਕਈ ਵਾਰ ਕਈ ਕਈ ਮਹੀਨੇ ਕੰਮ ਵੀ ਨਹੀਂ ਮਿਲਦਾ ਫੇਰ ਛੋਟੀ ਉਮਰ ਦੇ ਬਹੁਤ ਸਾਰੇ ਬੱਚੇ ਇਸ ਸਟਰੈਸ ਨੂੰ ਝੱਲ ਲੈਣ ’ਚ ਕਾਮਯਾਬ ਨਹੀਂ ਹੁੰਦੇ, ਇਸ ਔਖੇ ਸਮੇਂ ’ਤੇ ਕੈਨੇਡਾ ’ਚ ਪੁਰਾਣੇ ਵੱਸਦੇ ਕਈ ਮਾੜੀ ਬਿਰਤੀ ਵਾਲੇ ਲੋਕ ਬੱਚਿਆਂ ਨੂੰ ਗਲ਼ਤ ਰਾਹ ਤੇ ਤੋਰ ਦਿੰਦੇ ਹਨ। ਉਹ ਬੱਚੇ ਦਾ ਰੈਂਟ ਪੇਅ ਕਰਕੇ ਜਾਂ ਪੈਸੇ ਦੀ ਮਦਦ ਕਰਕੇ ਜਾਂ ਜੌਬ ਦੇ ਕੇ ਆਪਣੇ ਆਪ ਨੂੰ ਬੱਚੇ ਦਾ ਹਮਦਰਦ ਸਾਬਤ ਕਰਦੇ ਹਨ ਤੇ ਫੇਰ ਆਪਣੀ ਅਸਲੀ ਔਕਾਤ ’ਤੇ ਆ ਜਾਂਦੇ ਹਨ। ਇਹੋ ਜਿਹੇ ਬਹੁਤ ਕੇਸ ਸਾਹਮਣੇ ਆ ਚੁੱਕੇ ਹਨ।

ਜੇ ਕਰ ਤੁਸੀਂ ਬੱਚੇ ਦੀ ਪੜ੍ਹਾਈ ਪੂਰੀ ਹੋਣ ਤੱਕ ਖਰਚਾ ਅਫੋਰਡ ਨਹੀਂ ਕਰ ਸਕਦੇ ਤਾਂ ਇਸ ਸਮੇਂ ’ਤੇ ਬੱਚੇ ਨੂੰ ਕੈਨੇਡਾ ਨਾ ਭੇਜੋ ਕਿਉਂਕਿ ਕੈਨੇਡਾ ਵੀ ਆਰਥਿਕਤਾ ਮੰਦਵਾੜੇ ‘ਚੋਂ ਲੰਘ ਰਹੀ ਹੈ। ਇਕ ਗੱਲ ਹੋਰ ਜੋ ਕੁੜੀਆਂ ਦੇ ਮਾਪਿਆਂ ਲਈ ਖਾਸ ਤੌਰ ’ਤੇ ਵਿਚਾਰਨ ਵਾਲੀ ਹੈ, ਕਈ ਕੇਸ ਤਾਂ ਇਹੋ ਜਿਹੇ ਵੀ ਸਾਹਮਣੇ ਆਏ ਹਨ ਕਿ ਨੌਜਵਾਨ ਮੁੰਡੇ ਕੁੜੀਆਂ ਇਕੱਠੇ ਰਹਿਣ ਕਰਕੇ ਉਨ੍ਹਾਂ ’ਚ ਸਰੀਰਕ ਸਬੰਧ ਬਣਨ ’ਤੇ ਪੂਰੀ ਸੋਝੀ ਨਾ ਹੋਣ ਕਾਰਨ ਕਈ ਕੁੜੀਆਂ ਪਰੈਗਨੇਂਟ ਵੀ ਹੋ ਜਾਂਦੀਆਂ ਹਨ। ਸਮਾਂ ਲੰਘਣ ਕਾਰਨ ਜਾਂ ਆਰਥਿਕ ਮਜਬੂਰੀਆਂ ਕਾਰਨ ਉਹ ਬੱਚੇ ਨੂੰ ਜਨਮ ਦੇਣ ਲਈ ਮਜਬੂਰ ਹੋਈਆਂ ਹਨ। ਇਹਨਾਂ ਕੇਸਾਂ ਨਾਲ ਸਬੰਧਤ ਕੁਝ ਮੁੰਡੇ ਤਾਂ ਵਿਆਹ ਲਈ ਰਾਜੀ ਹੋ ਗਏ ਪਰ ਬਹੁਤੇ ਕੁੜੀ ਦਾ ਸਾਥ ਛੱਡਕੇ ਪਰੇ ਹੋ ਗਏ। ਮੁੰਡੇ ਦੀ ਇਨਕਮ ਵੀ ਕੋਈ ਨਹੀਂ ਸੀ ਜਿਸ ਤੋਂ ਖਰਚਾ ਲਿਆ ਜਾ ਸਕੇ। ਇਹੋ ਜਿਹੀਆਂ ਲੜਕੀਆਂ ਦੀ ਮਦਦ ਲਈ ਕਈ ਸੰਸਥਾਵਾਂ ਨੇ ਜ਼ੁੰਮੇਵਾਰੀ ਸੰਭਾਲੀ ਤੇ ਕਈ ਬੱਚਿਆਂ ਨੂੰ ਮਾਵਾਂ ਦੀ ਇਜਾਜ਼ਤ ਨਾਲ ਕਿਸੇ ਹੋਰ ਫੈਮਲੀ ਨੂੰ ਅਡੌਪਟ ਵੀ ਕਰਵਾ ਦਿੱਤਾ ਗਿਆ। ਜਿਹੜੀਆਂ ਛੋਟੀ ਓਮਰ ਦੀਆਂ ਕੁੜੀਆਂ ਬਾਹਰਲੇ ਮੁਲਕਾਂ ’ਚ ਆਉਦੀਆਂ ਹਨ ਉਹਨਾਂ ਨੂੰ ਸੈਕਸ ਸਬੰਧਾਂ ਬਾਰੇ ਜਾਂ ਇਸ ਦੇ ਉਪਾਵਾਂ ਬਾਰੇ ਕਿਸੇ ਔਰਤ ਟੀਚਰ, ਕੌਂਸਲਰ, ਵੱਡੀ ਭੈਣ ਜਾਂ ਮਾਂ ਵਲੋਂ ਜਾਣਕਾਰੀ ਮਿਲਣੀ ਬਹੁਤ ਜ਼ਰੂਰੀ ਹੈ। ਕੁਝ ਕੇਸਾਂ ’ਚ ਤਾਂ ਮਾਂ ਦੀ ਜਾਂ ਬੱਚੇ ਦੀ ਘਰਾਂ ’ਚ ਹੀ ਜਨਮ ਸਮੇਂ ਮੌਤ ਵੀ ਹੋ ਗਈ ਤੇ ਮਦਦ ਕਰਨ ਵਾਲੇਂ ਸਾਥੀਆਂ ਨੂੰ ਵੀ ਪੁਲੀਸ ਕੇਸ ’ਚ ਉਲਝਣਾ ਪਿਆ। ਇੱਥੇ ਦਾ ਮਾਹੌਲ ਬਾਲਗ ਹੋਏ ਔਰਤ ਮਰਦ ਨੂੰ ਇਹੋ ਜਿਹੇ ਸਬੰਧ ਬਣਾਉਂਣ ਦੀ ਖੁੱਲ ਦਿੰਦਾ ਹੈ। ਪਰ ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇੱਥੋਂ ਦੇ ਕਾਨੂੰਨ ਕਿਸੇ ਵੀ ਔਰਤ ਨਾਲ ਮਾਮੂਲੀ ਜਿਹੀ ਵੀ ਛੇੜਛਾੜ ਕਰਨ ਦੀ ਇਜਾਜਤ ਨਹੀਂ ਦਿੰਦੇ ਜਿੱਥੇ ਔਰਤ ਦੀ ਸਹਿਮਤੀ ਨਾ ਹੋਵੇ। ਸ਼ਕਾਇਤ ਹੋਣ ’ਤੇ ਪੁਲੀਸ ਫੋਰੀ ਪਹੁੰਚ ਜਾਂਦੀ ਹੈ।

ਅਗਲੀ ਗੱਲ ਕਿਸੇ ਵੀ ਇੰਮੀਗਰੇਸ਼ਨ ਦੇ ਏਜੰਟ ਵਲੋਂ ਇਸੂ ਕਰਵਾਏ ਗਏ ਜਾਂ ਕਿਸੇ ਵੀ ਹੋਰ ਤਰੀਕੇ ਨਾਲ ਪ੍ਰਾਪਤ ਸਟੱਡੀ ਵੀਜ਼ੇ ਨਾਲ ਦਾਖਲਾ ਲੈਣ ਵਾਲੇ ਸਟੂਡੈਂਟਸ ਨੂੰ ਉਹਨਾਂ ਦੇ ਸਬੰਧਤ ਕਾਲਜ ਬਾਰੇ ਪੂਰੀ ਘੋਖ ਪੜਤਾਲ ਕਰਨੀ ਜ਼ਰੂਰੀ ਹੈ ਕਿ ਕਾਲਜ ਜਾਂ ਯੂਨੀਵਰਸਿਟੀ ਸਰਕਾਰ ਵਲੋਂ ਮਾਨਤਾ ਪ੍ਰਾਪਤ ਹੈ ਤੇ ਪੜਾਈ ਦੇ ਨਾਲ ਤੁਹਾਨੂੰ ਤਹਿ ਸੁਦਾ ਘੰਟੇ ਕੰਮ ਕਰਨ ਦੀ ਗਰੰਟੀ ਵੀ ਮਿਲਦੀ ਹੈ ਤੇ ਸਟੱਡੀ ਪੂਰੀ ਹੋਣ ’ਤੇ ਤਹਿ ਸੁਦਾ ਵਰਕ ਪਰਮਿਟ ਮਿਲਣ ’ਤੇ ਤੁਹਾਡੀ ਉਹ ਸਟੱਡੀ ਤੁਹਾਨੂੰ ਪੀ ਆਰ ਹੋਣ ’ਚ ਵੀ ਸਹਾਈ ਹੋ ਰਹੀ ਹੈ। ਕਿਹੜੀਆਂ ਸਕਿਲੱਡ ਨੌਕਰੀਆਂ ਨਾਲ ਪੀ.ਆਰ. ਸੌਖੀ ਮਿਲਦੀ ਹੈ ਬਾਰੇ ਵੀ ਜਾਣਕਾਰੀ ਹੋਣੀ ਜ਼ਰੂਰੀ ਹੈ। ਕਿਸੇ ਪੂਰੀ ਜਾਣਕਾਰੀ ਵਾਲੇ ਵਾਲੇ ਇਮੀਗਰੇਸ਼ਨ ਸਲਾਹਕਾਰ ਨਾਲ ਹੀ ਰਾਬਤਾ ਕਰੋ। ਇੰਗਲਿਸ਼ ਦੇ ਨਾਲ ਫਰੈਂਚ ਸਿੱਖ ਕੇ ਆਉਣ ਨਾਲ ਵੀ ਪੀ.ਆਰ. ਮਿਲਣ ’ਚ ਸੌਖ ਹੋ ਜਾਂਦੀ ਹੈ। ਤੁਹਾਡਾ ਬੱਚਾ ਲੱਖ ਸਿਆਣਾ ਹੈ ਤੇ ਤੁਹਾਨੂੰ ਉਸ ਤੇ ਪੂਰਾ ਭਰੋਸਾ ਹੈ ਇਸਦੇ ਬਾਵਜੂਦ ਵੀ ਕਦੀ ਕਦਾਂਈ ਤੁਹਾਡੇ ਕਿਸੇ ਪਿੰਡ ਵਾਲੇ ਚੰਗੇ ਬੰਦੇ ਜਾਂ ਕਿਸੇ ਵੀ ਸੋਰਸਜ਼ ਰਾਹੀ ਬੱਚੇ ਬਾਰੇ ਤੇ ਉਸਦੀ ਪੜ੍ਹਾਈ ਬਾਰੇ ਜਾਣਕਾਰੀ ਰੱਖਣਾ ਬਹੁਤ ਜ਼ਰੂਰੀ ਹੈ। ਕੈਨੇਡਾ ਦੀ ਆਰਥਿਕਤਾ ਨੂੰ ਠੀਕ ਹੋਣ ’ਚ ਅਜੇ ਕੁਝ ਸਮਾਂ ਲੱਗੇਗਾ। ਇਕ ਚੰਗੀ ਖ਼ਬਰ ਇਹ ਹੈ ਕਿ ਨਵੇਂ ਆਉਣ ਵਾਲਿਆਂ ਦੀ ਗਿਣਤੀ ਘਟਣ ਨਾਲ ਇੱਥੇ ਰਹਿੰਦੇ ਸਟੂਡੈਂਟਸ ਨੂੰ ਨੌਕਰੀਆਂ ਮਿਲਣ ਲੱਗ ਪਈਆਂ ਹਨ ਤੇ ਹੁਣ ਪੇਅ ਦੱਬਣ ਵਾਲੇ ਮਾਲਕਾਂ ਨੂੰ ਵੀ ਕੁੱਝ ਠੱਲ ਪਈ ਹੈ। ਮੈਂ ਜੋ ਕੁਝ ਆਪ ਦੇਖਿਆ ਜਾਂ ਸਮਝਿਆ ਹੈ ਉਹ ਹੀ ਲਿਖਿਆ ਹੈ ਕੈਨੇਡਾ ਬਹੁਤ ਵੱਡਾ ਦੇਸ ਹੈ ਹੋ ਸਕਦਾ ਹੈ ਕਈ ਹੋਰ ਥਾਵਾਂ ਤੇ ਮੁਸ਼ਕਲਾਂ ਵੱਖਰੀ ਤਰ੍ਹਾਂ ਦੀਆਂ ਹੋਣ।

**ਮੋਬਾ. 416-728-5686**

ਇਕ ਯਾਦ : **ਜੋਗੇ ਭੰਗਲ**



# ਹੀਰੋ ਕਹਾਂ ਕਿ ਜ਼ੀਰੋ

ਮੈਂ ਇਕ ਦਿਨ ਲੋਕਲ ਕੋਰਟ 'ਚ, ਦਫ਼ਤਰ ਦੇ ਇਕ ਕੇਸ ਦੀ ਤਰੀਕ ਪਤਾ ਕਰਨ ਗਿਆ ਤਾਂ ਪਰ੍ਹਿਉਂ ਮੈਨੂੰ ਮਾਸਟਰ ਸੱਦੀ ਆਉਂਦੇ ਨਜ਼ਰੀਂ ਪਏ। ਹੀਰੋਆਂ ਜਿਹੀ ਪਰਸਨੈਲਿਟੀ ਉਹਦੀ। ਲੋਕੀਂ ਉਹਦੇ ਸਾਮ੍ਹਣੇ ਹੱਥ ਜੋੜਨ, ਉਹਦੇ ਪੈਰੀਂ ਪੈਣ। ਉਹਨੂੰ ਸਲਾਮਾਂ ਠਾਹ-ਠਾਹ ਵੱਜਣ। ਅਖੇ ਕਿਸੇ ਜੱਜ ਦੀ ਰਟੈਰਮੈਂਟ ਪਾਰਟੀ ਤੋਂ ਆਏ। ਕੋਈ ਉਹਨੂੰ ਵੱਡਾ ਅਫ਼ਸਰ ਕਹੀ ਚਲੇ। ਕੋਈ ਪ੍ਰਧਾਨ-ਪ੍ਰਧਾਨ ਕਹਿ ਝੁਕੀ ਜਾਏ। ਪਰ ਜੋ ਉਹ ਅਸਲ ਵਿਚ ਸੀ, ਉਹ ਕਿਸੇ ਦੀ ਵੀ ਜ਼ਬਾਨ 'ਤੇ ਨਾ। ਮੈਨੂੰ ਦੇਖ ਕੇ, ਬਾਏ-ਬਾਏ ਕਰਦਾ, ਗੱਡੀ 'ਚ ਜਾ ਬੈਠਾ।

ਬੋਲਦਾ ਉਹ ਕੰਮ ਦੇ ਟਾਈਮ ਵੀ ਬੱਸ 'ਹੂੰ-ਹਾਂ' ਕਰਕੇ ਹੀ। ਜੇ ਕੋਈ ਦਸ ਕਰਦਾ ਤਾਂ ਉਹ ਇਕ ਮਸਾਂ ਕਰਦਾ। ਉਹਦੀ ਇਕ ਹੀ ਦਸਾਂ ਨੂੰ ਮਾਤ ਪਾਉਂਦੀ।...ਅਖੇ ਬੜੇ ਬੰਦੇ ਘੱਟ ਈ ਬੋਲਦੇ ਹੁੰਦੇ। ਲੋਕੀਂ ਉਹਨਾਂ ਦੇ ਮੂੰਹੋਂ ਕੁਛ ਸੁਣਨ ਲਈ ਕੰਨ ਖੜ੍ਹੇ ਕਰੀ ਰੱਖਦੇ। ਇਹੀ ਤਾਂ ਉਨ੍ਹਾਂ ਦਾ ਰਾਜ...।

ਸੱਦੀ ਦੀ ਸਾਰੀ ਗੇਮ, ਤਹਿਸੀਲ ਦੇ ਇਕ ਟੁੱਟੇ ਜਿਹੇ ਖ਼ੋਖ਼ੇ ਦੁਆਲ਼ੇ ਘੁੰਮਦੀ। ਮੈਨੂੰ ਇਹਦੇ ਟੁੱਟੇ ਖ਼ੋਖ਼ੇ ਪਿੱਛੇ ਵੀ ਇਹਦੀ ਅਲੀਸ਼ਾਨ ਸ਼ੈਤਾਨੀਅਤ ਨਜ਼ਰ ਆਉਂਦੀ।...ਹੋ ਸਕਦੈ, ਹੋਰ ਵੀ ਕਿਤੇ ਇਹਦੇ ਦਫਤਰ ਹੋਣ। ਚਲੋ, ਸਾਨੂੰ ਕੀ, ਸਾਡਾ ਆਪਣੇ ਕੰਮ ਨਾਲ਼ ਮਤਲਬ, ਏਹੀ-ਤੇਹੀ ਮਰਾਵੇ। ਮੈਂ ਸੋਚਦਿਆਂ ਗੱਲ ਮੁਕਾਈ। ਪਰ ਜਦ ਵੀ ਖ਼ੋਖ਼ੇ 'ਤੇ ਜਾਉ, ਲਾਈਨਾਂ ਲੱਗੀਆਂ ਮਿਲਦੀਆਂ। ਬੱਚੇ ਤੋਂ ਲੈ ਕੇ ਬੁੱਢੇ ਤੱਕ...। ਗੇਮ ਉਹਦੇ ਕਰਿੰਦਿਆਂ ਤੋਂ ਸ਼ੁਰੂ ਹੁੰਦੀ। ਸਭ ਕੁਛ ਕਰਦੇ-ਕਰਾਂਦੇ ਓਹੀ। ਸੱਦੀ ਸਾਬ੍ਹ ਤਾਂ ਖ਼ੁਦ ਗੇਮਾਂ ਦੇ ਕੋਚ। ਸਿੱਕਾ ਉਹਦਾ ਚਲਦਾ, ਕੰਮ ਹੋਰ ਚਲਾਉਂਦੇ। ਹਾਂ, ਕਿਤੇ-ਕਿਤੇ ਉਹਦਾ ਸਿੱਕਾ ਅੜ ਵੀ ਜਾਂਦਾ ਪਰ ਹੋਇਆ ਸੌ ਮਗਰ ਕੋਈ ਇਕ-ਅੱਧ...। ਉਹ ਵੀ ਤਾਂ ਜੇ ਮੋਹਰੇ ਅਫ਼ਸਰ ਹੀ ਕਿਤੇ ਹਰੀਸ਼ ਚੰਦਰ ਟੱਕਰ ਜਾਏ ਤਾਂ...। ਉਹਦੇ ਨਾਲ਼ ਫੇਰ ਉਹ ਕਿਸੇ ਹੋਰ ਢੰਗ ਨਾਲ਼...। ਉਦੋਂ ਤੱਕ ਪਿੱਛੇ ਨਾ ਹੱਟਦਾ, ਜਦ ਤੱਕ ਉਹਦੀ ਬਦਲੀ ਨਾ ਕਰਾ ਦਏ ਜਾਂ ਹੋਰ ਕਿਸੇ ਤਰ੍ਹਾਂ ਉਹਦੀ ਟਿੰਬਰੀ ਨਾ ਟਾਈਟ ਕਰੇ/ਕਰਾਵੇ। ਕੀ ਸਰਕਾਰੀ ਅਫ਼ਸਰ, ਕੀ ਦਫ਼ਤਰ, ਕੀ ਪ੍ਰਾਈਵੇਟ ਅਦਾਰੇ, ਸਭ ਉਹਦੇ ਮੋਰ੍ਹੇ ਪਾਣੀ ਭਰਦੇ। ਉਹਦੀ ਬੜੇ-ਬੜੇ ਅਫ਼ਸਰਾਂ, ਸ਼ਹਿਨਸ਼ਾਹਾਂ, ਪੁਲਸ ਨਾਲ਼ ਉੱਠਣੀ-ਬੈਠਣੀ ਤਾਂ ਇਕ ਆਮ ਗੱਲ। ਉੱਪਰ ਸਰਕਾਰਾਂ ਤੱਕ ਉਹਦੀ ਚਲੰਤ ਕਿਤੇ...। ਹੋ ਸਕਦੈ ਉਹਦੇ ਗੈਂਗਸਟਰਾਂ ਨਾਲ਼ ਵੀ... । ਕੌਣ ਜਾਣੇ ! ਜੇ ਜਾਣ ਵੀ ਜਾਏ ਤਾਂ ਕਿਹਦੀ ਹਿੰਮਤ, ਧੂੰ ਵੀ ਕੱਢ ਦਏ। ਮੈਂ ਅਚੰਭਿਤ ਹੋਇਆ ਮਨ ਹੀ ਮਨ ਸੋਚਦਾ ਰਹਿ ਜਾਂਦਾ।

ਜਿਆਦਾਤਰ ਲੋਕ ਸੱਦੀ ਨੂੰ ਪ੍ਰਧਾਨ ਕਹਿੰਦੇ ਜਾਂ ਕੋਈ ਵਿਰਲ਼ਾ ਭਲਵਾਨ ਵੀ ਕਹਿ ਦਿੰਦਾ। ਪਤਾ ਨਈਂ, ਸ਼ਾਇਦ ਕਿਤੇ ਚਾਰ ਦਿਨ ਖਾੜੇ 'ਚ ਗਿਆ ਹਊ। ਉਂਜ ਪ੍ਰਧਾਨ ਵੀ ਉਹ ਕਾਸੇ ਦਾ ਨਈਂ ਸੀ। ਪ੍ਰਧਾਨਗੀ ਤਾਂ ਵੀ ਖ਼ੂਬ ਚਮਕਦੀ। ਨਾਲ਼ੇ ਅੱਜ-ਕਲ ਹਰ ਜਣਾ-ਖਣਾ ਤਾਂ ਕਿਸੇ ਨਾ ਕਿਸੇ ਚੀਜ਼ ਦਾ ਪ੍ਰਧਾਨ ਬਣੀ ਫਿਰਦਾ। ਜਿੱਥੇ ਦਸ ਬੰਦੇ ਖੜ੍ਹੇ ਹੋਣ, ਉੱਥੇ ਉਂਜ ਹੀ ਪ੍ਰਧਾਨ ਕਹਿ ਕੇ 'ਵਾਜ਼ ਲਗਾਉ। ਇਕ-ਦੋ ਦੇ ਮੂੰਹ ਤਾਂ ਥੁਆਡੇ ਵੱਲ ਘੁੰਮ ਹੀ ਜਾਣੇ। ਖ਼ੈਰ, ਸੱਦੀ ਸਾਬ੍ਹ ਤਾਂ ਕਿਆ ਬਾਤਾਂ। ਉਹਨੂੰ ਜਿਆਦਾ ਸਲਾਮਾਂ ਪ੍ਰਧਾਨ ਕਹਿ ਕੇ ਹੀ ਵੱਜਦੀਆਂ। ਜਾਂ ਕਦੀ ਕੋਈ ਮਾਸਟਰ ਵੀ ਕਹਿ ਦਿੰਦਾ। ਇਹ ਸਾਡੇ ਮਹਿਕਮੇ 'ਚ ਮਾਸਟਰ ਰਿਹਾ ਥੋੜ੍ਹੇ ਕੁ ਸਾਲ। ਸਕੂਲ 'ਚ ਕਦੀ-ਕਦਾਈਂ ਭਲਵਾਨੀ-ਗੇੜੀ ਦੇਣ ਹੀ ਜਾਂਦਾ। ਭਲਵਾਨੀ-ਗੇੜਾ ਦਿੰਦਾ-ਦਿੰਦਾ, ਉਹ ਕਿਸੇ ਐਮ.ਐਲ.ਏ. ਦਾ ਪੀ.ਏ. ਬਣ ਕੇ ਥਾਪੀਆਂ ਮਾਰਨ ਲੱਗ ਪਿਆ। ਪੰਜ ਸਾਲ ਇਹਦੀ ਖ਼ੂਬ ਤੂਤੀ ਬੋਲਦੀ ਰਹੀ। ਅਗਲੀ ਵਾਰੀਂ ਇਹਦਾ ਸਾਬ੍ਹ ਇਲੈਕਸ਼ਨ ਹਾਰ ਗਿਆ। ਸੱਦੀ ਸਾਬ੍ਹ ਦਾ ਫੇਰ ਮਾਸਟਰੀ ਕਰਨ ਨੂੰ ਕਿੱਥੇ ਜੀ ਕਰੇ। ਮਾਸਟਰੀ ਛੱਡੀ ਤੇ ਖ਼ੁਦ ਹੀ ਪ੍ਰਧਾਨ ਬਣ ਗਿਆ। 'ਉਹ ਕਾਦ੍ਹਾ ਪ੍ਰਧਾਨ ਬਣਿਆਂ...! ਸਭ ਕਾਸੇ ਦਾ ਹੀ ਸਮਝ ਲਉ।' ਮੈਂ ਮਨ ਹੀ ਮਨ ਸੋਚਿਆ। ਹਰ ਕਿਸੇ ਦੇ ਬੁੱਲ੍ਹਾਂ 'ਤੇ ਚੁਫ਼ੇਰੇ ਪ੍ਰਧਾਨ-ਪ੍ਰਧਾਨ ਹੀ ਨੱਚਦਾ।

ਪਤਾ ਨਈਂ ਕਿਉਂ, ਕਿਵੇਂ, ਉਹਨੇ ਮੈਨੂੰ ਦੁੱਕੀ-ਤਿੱਕੀ ਜਿਹੇ ਨੂੰ ਆਪਣੇ ਖ਼ਾਸਾਂ ਦੀ ਲਿਸਟ 'ਚ ਪਾਇਆ ਹੋਇਆ। ਮੇਰੇ ਤੋਂ ਕਿਉਂ ਉਹ ਐਨਾ ਪ੍ਰਭਾਵਿਤ...! ਕਿਤੇ ਕੋਈ ਆਪਣਾ ਅੜਿਆ ਕੰਮ ਕਰਾਉਣ ਲਈ ਕਹਿ ਦਿਆਂ, ਪੈਸਿਆਂ ਦਾ ਤਾਂ ਮੈਨੂੰ ਉਹ ਨਾਂ ਵੀ ਨਾ ਲੈਣ ਦਿੰਦਾ। ਥੋੜ੍ਹੇ ਕੀਤੇ ਤਾਂ ਮੈਂ ਵੀ ਉਹਨੂੰ ਆਪਣੇ ਕੰਮ ਨੂੰ ਨਾ ਕਹਿੰਦਾ। ਹੋਇਆ ਕਿਤੇ ਜਿਆਦਾ ਹੀ ਵੇਲਣੇ 'ਚ ਬਾਂਹ ਅੜ ਗਈ ਤਾਂ...।

ਏਦਾਂ ਹੀ ਇਕ ਵਾਰ, ਮੈਨੂੰ ਆਪਣੀ ਫਸੀ ਬਾਂਹ ਕਢਾਉਣ ਲਈ, ਉਹਦੇ ਨਾਲ਼ ਵਾਹ ਪਾਉਣਾ ਪਿਆ। ਆਪਣੇ ਮੁੰਡੇ ਦਾ ਜਨਮ ਸਰਟੀਫਿਕੇਟ, ਜਨਮ-ਮੌਤ ਦੇ ਰਜਿਸਟਰਾਰ ਤੋਂ ਲੈਣ ਦੀ ਲੋੜ ਪੈ ਗਈ। ਚਾਹੀਦਾ ਵੀ ਛੇਤੀਉਂ ਸੀ। ਪਹਿਲਾਂ ਆਪਣੇ ਪੱਧਰ 'ਤੇ ਡੀਲਿੰਗ ਹੈਡ ਨੂੰ ਮਿਲਿਆ। ਫਾਰਮ ਭਰ ਕੇ ਲੋੜੀਂਦੀ ਫ਼ੀਸ ਵੀ ਜਮ੍ਹਾ ਕਰਵਾ ਦਿੱਤੀ। ਦੋ ਹਫ਼ਤੇ ਲੰਘ ਗਏ। ਕੋਈ ਹਿਲਜੁਲ ਤੱਕ ਨਾ ਹੋਈ। ਮੈਂ ਹਾਰ ਕੇ ਇਕ ਦਿਨ, ਸਹਿਮਿਆਂ ਲੇਲਾ ਬਣਿਆਂ, ਹੱਥ ਜੋੜੀ ਡੀਲਿੰਗ ਹੈਂਡ ਦੇ ਸਾਹਮਣੇ ਜਾ ਖਲੋਇਆ। ਉਹਨੇ ਮੇਰੇ ਵੱਲ ਦੇਖਿਆ ਤੱਕ ਨਾ। ਮੈਂ ਆਪਣੀ ਹਾਜਰੀ ਲਵਾਉਣ ਦੇ ਲਿਹਾਜ਼ ਨਾਲ਼ ਖੰਘਿਆ।

ਉਹਨੇ ਇਕਦਮ ਭੇੜੀਏ ਦੀ ਤਰ੍ਹਾਂ ਦੇਖਦਿਆਂ, "ਹਾਂ ਬੋਲ," ਕਹਿ ਕੇ ਮੈਨੂੰ ਤਾਂ ਸਭ ਕੁਛ ਭੁਲਾ ਦਿੱਤਾ। ਮਸਾਂ ਥਿੜਕੀ ਜੁਬਾਨੇ, ਮੈਂ ਉਹਨੂੰ ਅੱਧੀ ਕੁ ਗੱਲ ਸਮਝਾ ਸਕਿਆ। ਉਹਨੇ ਮਿੰਟ ਕੁ ਇੱਧਰ-ਉੱਧਰ ਹੱਥ ਮਾਰੇ। ਅਖੇ ਮੇਰੇ ਕੋਲ਼ ਤਾਂ ਤੇਰਾ ਕੇਸ ਈ ਨ੍ਹੀਂ। ਕਿਉਂ ਮੇਰਾ ਟੈਮ ਖਰਾਬ ਕਰ ਰਿਹਾਂ ਐਮੀ। ਮੈਂ ਡੈਂਬਰਿਆਂ ਵਾਂਗ ਖੜ੍ਹਾ ਦੇਖੀ ਜਾਵਾਂ, ਸੁੱਝੇ ਕੱਖ ਨਾ। ਅਖੇ ਜੇ ਕੰਮ ਕਰਾਣਾ, ਦੁਬਾਰਾ ਕੇਸ ਬਣਾ ਕੇ ਦੇ, ਦੇ। ਸਾਡੇ ਕੋ ਐਂ ਫਜ਼ੂਲ ਨਾ ਖਲੋ।...ਇਕ ਮੇਰੀ ਕਸੂਤੀ ਆਦਤ, ਮੈਂ ਕਦੀ ਜਾ ਕੇ ਮੋਹਰਲੇ ਨੂੰ ਆਪਣਾ ਰੈਫਰੈਂਸ ਨਾ ਦਿੰਦਾ। ਜਾਂ ਕਈ ਵਾਰ ਮੇਰੇ ਮਨ 'ਚ ਇਹ ਵੀ ਹੁੰਦਾ ਕਿ ਦੇਖੀਏ, ਬਾਕੀ ਦਫ਼ਤਰਾਂ 'ਚ ਕੀ ਚੱਲ

ਰਿਹਾ।...ਕੀ ਕਰਨਾ ਸੀ, ਕੇਸ ਦੁਬਾਰਾ ਬਣਾ ਕੇ ਦੇ ਦਿੱਤਾ। ਦੋ ਹਫ਼ਤੇ ਬਾਅਦ, ਫੇਰ ਖ਼ੁੱਦ ਜਾ ਕੇ ਹੀ ਚੌਂਕੀ ਭਰਨੀ ਪਈ। ਪਰ ਗੱਲ ਫਿਰ ਉੱਥੇ ਦੀ ਉੱਥੇ...। ਮੁੜ ਓਹੀ ਖ਼ੱਜਲ਼-ਖਰਾਬੀ ਫੇਰ...।

"ਹਾਂ ਬੋਲ, ਕੀ ਆ ਤੇਰਾ ?"

"ਮੁੰਡੇ ਦਾ ਬਰਥ ਸਰਟੀਫਿਕੇਟ, ਨਾਂ ਦੀ ਸੋਧ...।"

ਉਹ ਸਭ ਜਾਣੀ-ਜਾਣ ਹੁੰਦੇ। ਉਹਨੇ ਸੁੰਘ ਲਿਆ ਕਿ ਬਾਹਰਲਾ ਮਸਲਾ ਏ। ਕਹਿੰਦਾ ਨਈਂ ਬਈ, ਇਹ ਕੰਮ ਕਿੱਦਾਂ ਹੋ ਜਊ। ਸਰਕਾਰ ਨੇ ਸਾਨੂੰ ਗਲਤ ਕੰਮ ਕਰਨ ਨੂੰ ਥੋੜ੍ਹੋ ਬਿਠਾਇਆ। ਮੈਂ ਸੋਚਿਆ ਪਈ ਇਹ ਸਹੀ ਨੂੰ ਗਲਤ ਕਹੀ ਜਾਂਦਾ। ਇਹਨੇ ਮੈਨੂੰ ਇੰਜ ਨੇੜੇ ਨਈਂ ਲੱਗਣ ਦੇਣਾ। ਪੈਸੇ ਵੀ ਲੈ ਲੈਣੇ ਤੇ ਗੇੜੇ ਕਢਾ-ਕਢਾ ਕੇ ਜੋ ਰੋਲਣਾ ਉਹ ਅਲਗ। ਜੇ ਮੈਂ ਆਪਣੇ ਪੱਧਰ 'ਤੇ ਉਹਦੇ ਨਾਲ਼ ਸਿੱਧਾ ਵੀ ਹੋਮਾਂ ਤਾਂ ਉਹਦੇ ਲਈ ਟਾਈਮ ਚਾਹੀਦਾ। ਟਾਈਮ ਹੈ ਕੋਈ ਨਾ। ਉੱਧਰ ਮੁੰਡੇ ਨੇ ਸਰਟੀਫਿਕੇਟ ਲਈ ਬਾਹਰੋਂ ਫ਼ੋਨ ਤੇ ਫ਼ੋਨ ਚਾੜ੍ਹ ਕੇ ਮੇਰੀ ਜਾਨ ਖਾਧੀ ਹੋਈ। ਸੋ ਮੈਂ ਸੋਚਿਆ, ਇਹ ਕੰਡਾ ਸੱਦੀ ਸਾਬ੍ਹ ਤੋਂ ਈ...।

ਮੈਂ ਇਕ ਦਿਨ ਫ਼ੋਨ 'ਤੇ ਉਹਨਾਂ ਨੂੰ ਅਰਜ਼ ਗੁਜਾਰੀ। ਮੋਰ੍ਹਿਉਂ ਕਹਿੰਦਾ ਕਿ ਯਾਰ ਤੂੰ ਹੁਕਮ ਕਰਿਆ ਕਰ। ਮੈਨੂੰ ਕੋਈ ਜਵਾਬ ਨਾ ਔੜ੍ਹਿਆ।...ਕਹਿੰਦਾ ਐਂ ਕਰੀਂ, ਖ਼ੋਖ਼ੇ 'ਤੇ ਦੱਸ ਦਈਂ ਜੋ ਵੀ ਹੈ ਤੇਰਾ...। ਮੈਂ ਫ਼ੋਨ ਮਾਰ ਦਾਂਗਾ। ਮੈਂ ਉਸੇ ਦਿਨ ਖ਼ੋਖ਼ੇ 'ਤੇ ਜਾ ਕੇ ਆਪਣੀ ਸਮੱਸਿਆ ਦੱਸੀ। ਦੂਜੇ ਦਿਨ ਸਰਟੀਫਿਕੇਟ ਮੇਰੇ ਹੱਥ 'ਚ। ਮੈਂ ਸੋਚਦਾ ਹੀ ਰਹਿ ਗਿਆ। ਮੈਂਖਿਆ ਵਾਕਈ, ਇਹਤੋਂ ਪਰ੍ਹੇ ਪ੍ਰਧਾਨ ਕੋਈ ਨ੍ਹੀਂ। ਖ਼ੋਖ਼ੇ ਮੋਰ੍ਹੇ ਮੋਟੇ, ਚਮਕਦੇ ਅੱਖਰਾਂ 'ਚ ਲਿਖਿਆ ਹੋਇਆ—'ਆਪਣੇ ਸੇਵਕ ਪ੍ਰਧਾਨ ਜੀ ਨੂੰ ਮਿਲੋ। ਹੱਥ ਜੋੜੀ ਹਾਜਰ ਹਾਂ।' ਨਾਲ਼ ਉਹਦੀ ਹੱਥ ਜੁੜਿਆਂ ਦੀ ਫੋਟੋ ਟੰਗੀ ਹੋਈ। ਕੁਝ ਕੁ ਤਾਂ ਉਹਦੀ ਫੋਟੋ ਦੇਖ, ਹੱਥ ਜੋੜ ਨਿਵ ਜਾਂਦੇ। ਮਿਲ਼ਣ 'ਤੇ ਮਿਲ਼ਦੇ ਉਹਦੇ ਚੇਲੇ ਹੀ। ਆਪ ਉਹ ਕਦੀ-ਕਦਾਈਂ ਫਰਿਸ਼ਤਿਆਂ ਵਾਂਗ ਹੀ ਟੱਕਰਦਾ।... ਬਈ ਟੱਕਰੂ ਕਿੱਦਾਂ ? ਕੋਈ ਕਿਤੇ ਉਹਦਾ ਪੱਕਾ ਥਾਂ-ਟਿਕਾਣਾ ਹਊ ਤਾਂ ਟੱਕਰੂ। ਉਹ ਬੰਦਾ ਕਾਦ੍ਹਾ ਸੀ, ਛਲੇਡਾ ਸੀ। ਆਮ ਦਾ ਤਾਂ ਉਹ ਫ਼ੋਨ ਹੀ ਨਈਂ ਸੀ ਚੁਕਦਾ। ਪਹਿਲਾਂ ਉਹਦਾ ਪੀ.ਏ. ਗੱਲ ਕਰਦਾ। ਕਹਿੰਦੇ ਹਰ ਬੜੇ ਸ਼ਹਿਰ 'ਚ ਉਹਦੀਆਂ ਪ੍ਰਾਪਰਟੀਆਂ। 'ਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ., ਸਵਿਟਜ਼ਰਲੈਂਡ ਜਿਹੇ ਮੁਲਕਾਂ 'ਚ ਉਹਦੇ ਬੰਗਲੇ...। ਕਈ ਵਾਰ ਦਿਨੇ ਇੰਡੀਆ ਦਿਖਣਾ, ਰਾਤੀਂ ਲੰਡਨ ਡਾਂਸ ਕਲੱਬ ਦੇ ਸ਼ਬਾਬ 'ਚ ਡੁੱਬੇ ਹੋਣਾ।

ਉਹਦਾ ਕੋਈ ਬਹੁਤਾ ਨਾਂ ਨਾ ਜਾਣਦਾ। ਵੈਸੇ ਨਾਂ ਉਹਦਾ ਸੁਰਿੰਦਰ ਪਾਲ ਸੱਦੀ। ਰਿਸ਼ਤੇਦਾਰ ਉਹਨੂੰ ਸੱਦੀ-ਸੱਦੀ ਕਹਿ ਕੇ ਬੁਲਾਉਂਦੇ। ਉਹਦੀ ਇਕ ਸਿਫ਼ਤ—ਗੱਲ ਕਰਨੀ ਕੋਰੀ-ਕਰਾਰੀ, ਸਪਸ਼ਟ ਤੇ ਸੰਖੇਪ, ਦੋ ਹਰਫ਼ੀ। ਫੇਰ ਦੋ-ਚਾਰ ਸੌ ਵਾਲ਼ਾ ਕੰਮ ਫੜਨਾ ਨਈਂ। ਉਹਦੀ ਗੇਮ ਹਜਾਰਾਂ ਤੋਂ ਸ਼ੁਰੂ ਹੋ ਕੇ ਕਰੋੜਾਂ ਤੱਕ ਪਹੁੰਚਦੀ। ਘੱਟ ਰੁਪੱਈਆ ਕਰਨਾ ਨਈਂ। ਪੈਸੇ ਲੈ ਲਏ ਤਾਂ ਕੰਮ ਨਾ ਹੋਣ ਦਾ ਸਵਾਲ ਹੀ ਪੈਦਾ ਨਈਂ ਹੁੰਦਾ। ਹੋਇਆ ਕਿਤੇ ਕਿਸੇ ਗੱਲੋਂ, ਕੋਈ ਐਮਰਜੈਂਸੀ 'ਚ ਕੰਮ ਨਾ ਹੋਇਆ ਤਾਂ ਪੈਸੇ ਮੁੜ ਅਗਲੇ ਦੀ ਜੇਬ 'ਚ। ਲੈਣ-ਦੇਣ, ਕੰਮ-ਕਾਰ ਸਭ ਫ਼ੋਨਾਂ 'ਤੇ ਹੀ...। ਮਾੜੇ-ਧੀੜੇ ਸਰਕਾਰੀ ਅਫ਼ਸਰਾਂ, ਦਫ਼ਤਰਾਂ ਲਈ ਤਾਂ ਉਹਦਾ ਨਾਂ ਜਾਂ ਫ਼ੋਨ ਹੀ ਆਰਡਰ...। ਮੰਤਰੀਆਂ ਦੇ ਸੈਕਟਰੀ ਤੱਕ ਉਹਦੇ ਹੱਥਾਂ 'ਚ ਖੇਡਦੇ। ਇਹ ਸਭ ਮੈਨੂੰ ਆਪਣੇ ਨਿਜ਼ੀ ਕੇਸਾਂ 'ਚ ਪਰਤਾ ਕੇ ਪਤਾ ਲੱਗਾ। ਕਈ ਅੜੇ ਹੋਏ ਕੰਮਾਂ ਨੇ ਉਹਦੇ ਸਾਮ੍ਹਣੇ ਇਕ ਝਟਕਾ ਵੀ ਨਾ ਝੱਲਿਆ।

ਮੇਰੇ ਕੋਲ਼ ਆਉਂਦਾ ਰਿਹਾ, ਜਦ ਇੱਥੇ ਦੇ ਐਮ.ਐਲ.ਏ. ਸਾਬ੍ਹ ਦਾ ਪੀ.ਏ. ਹੁੰਦਾ ਸੀ। ਮੈਂ ਉਦੋਂ ਦਫ਼ਤਰ, ਅਮਲਾ ਸ਼ਾਖ਼ਾ 'ਚ ਮਾਸਟਰਾਂ ਨੂੰ ਡੀਲ ਕਰਾਂ। ਬਦਲੀਆਂ, ਨਿਯੁੱਕਤੀਆਂ ਦੇ ਚੱਕਰਾਂ 'ਚ, ਉਦੋਂ ਇਹਦੇ ਕੰਮ ਦੇ ਨਾਲ਼ ਕਈ ਸਾਡੇ ਅੜੇ ਵੀ ਤਰ ਜਾਣੇ। ਆਪਣੇ ਸਾਬ੍ਹ ਦੇ ਸਿਰ 'ਤੇ, ਚੁਫ਼ੇਰੇ ਉਹਦੇ ਨਗਾੜੇ ਵੱਜਦੇ ਰਹੇ। ਹੁਣ ਤਾਂ ਚਲੋ ਆਪਣੇ-ਆਪ 'ਚ ਹੀ...। ਉਦੋਂ ਦੇ ਦਫ਼ਤਰ ਸਮੇਂ, ਜਿਲ੍ਹੇ ਦੇ ਮਾਸਟਰਾਂ ਦੀਆਂ ਨਿਯੁਕਤੀਆਂ/ਬਦਲੀਆਂ ਦੀਆਂ ਸਿਆਸੀ ਸਿਫ਼ਾਰਸਾਂ ਇਹਦੇ ਰਾਹੀਂ ਹੀ...।

ਇਕ ਦਿਨ ਉਹ ਤਹਿਸੀਲ ਕੰਪਲੈਕਸ ਵਲੋਂ ਆਵੇ। ਕਹਿਣ ਕਿ ਕਿਸੇ ਦੀ ਅੜੀ ਹੋਈ ਰਜਿਸਟਰੀ ਕਰਵਾ ਕੇ ਆਏ। ਕੋਈ ਉਹਨੂੰ ਡੀ.ਸੀ. ਤੋਂ ਉੱਪਰ ਕਹੀ ਚਲੇ, ਕੋਈ ਜੱਜਾਂ ਤੋਂ 'ਤਾਂਹ ਦੱਸੇ। ਪਹਿਲਾਂ-ਪਹਿਲਾਂ ਤਾਂ ਮੈਂ, ਇਹਦੇ ਬਾਰੇ ਤਰ੍ਹਾਂ-ਤਰ੍ਹਾਂ ਦੇ ਕਰਿਸ਼ਮਈ ਵਿਖਿਆਨ ਸੁਣ ਕੇ ਅਚੰਭੇ 'ਚ ਪੈ ਜਾਣਾ। ਵਾਹ ਪਿਆ ਤਾਂ ਜਾਣਿਆਂ ਕਿ ਕਹਿਣ ਵਾਲੇ ਆਪਣੀ ਜਗਾਹ ਠੀਕ...।

ਉਹਦੇ ਨਾਲ਼ ਖ਼ਾਸ ਗੱਲ ਸਮਝ ਕੇ, ਇਕ ਦਿਨ ਮੇਰਾ ਜਾਣੂੰ ਮੈਨੂੰ ਹਾਸੇ-ਹਾਸੇ 'ਚ ਕਹਿੰਦਾ—"ਇਹਦੇ ਕੋਲ਼ੋਂ ਇਕ ਰਾਤ ਲਈ ਜ਼ਨਾਨੀ ਦਾ ਪ੍ਰਬੰਧ ਕਰਨ ਲਈ ਤਾਂ ਪੁੱਛੀਂ।"

"ਹੈਂ ! ਉਹ ਇਹ ਕੰਮ ਵੀ ਕਰਦੇ ?...ਮੈਨੂੰ ਤਾਂ ਪਤਾ ਨਈਂ !" ਮੈਨੂੰ ਸੁਣ ਕੇ ਹੋਰ ਤਰ੍ਹਾਂ ਲੱਗਾ।

"ਮਾਰਾਜ਼ ! ਕਿੱਥੇ ਭੁੱਲੇ ਫਿਰਦੇ ਆਂ। ਮਨਿਸਟਰਾਂ, ਅਫ਼ਸਰਾਂ ਤੱਕ ਨੂੰ...। ਏ ਟੂ ਜ਼ੈਡ ਕਿਹੜਾ ਕੰਮ ਆਂ ਜੋ ਉਹ ਨਈਂ... ।"

"ਓ, ਅੱਛਾ !" ਪਰ ਆਪਣੇ-ਆਪ ਮੇਰਾ ਨਾਹ 'ਚ ਸਿਰ ਹਿਲਾ ਗਿਆ ਕਿ ਮੈਂ ਨਈਂ ਇਸ ਬਾਰੇ ਪੁੱਛ ਸਕਦਾ। ਮੇਰੀ ਜ਼ਮੀਰ ਨਈਂ ਮੈਨੂੰ...। ਨਾਲੇ ਮੈਂਖਿਆ ਭਰਾਵਾ, ਫੇ ਮੈਨੂੰ ਕੀ ਪੁਛਦਾਂ, ਤੂੰ ਤਾਂ ਖ਼ੁਦ ਜਾਣੀ-ਜਾਣ ਏਂ, ਜਾ ਵੱਜ ਫੇ ਸਿੱਧਾ ਉਹਦੇ ਖੋਖੇ 'ਤੇ।

"ਮੈਂ ਤਾਂ ਜਾ ਈ ਵੱਜੂੰਗਾ ਤੇ ਤੁਸੀਂ ਆਪਣੀਆਂ ਜ਼ਮੀਰਾਂ ਨਾਲ਼ ਸਿਰ ਮਾਰੀ ਜਾਉ।" ਉਹ ਆਪਣੇ ਚਿੱਤੋਂ ਮੇਰਾ ਮਖੌਲ ਉਡਾਉਂਦਾ ਚਲਦਾ ਬਣਿਆ।

ਹੋਰ ਕਿਸੇ ਦਿਨ, ਅਖਬਾਰ 'ਚ ਆਪਣੇ ਇਲਾਕੇ ਦਾ ਇਕ ਵਿਸ਼ੇਸ਼ ਸਪਲੀਮੈਂਟ ਨਜ਼ਰੀਂ ਪਿਆ। ਸੱਦੀ ਦੀ ਵੱਡੇ ਆਕਾਰ 'ਚ ਮੰਤਰੀਆਂ ਅਤੇ ਹੋਰਾਂ ਨਾਲ਼ ਤਸਵੀਰ ਦੇਖੀ—'ਸਮਾਜ ਸੇਵਕ ਸੁਰਿੰਦਰ ਪਾਲ ਸੱਦੀ।' ਮੈਂ ਸ਼ਸ਼ੋਪੰਜ 'ਚ ਪੈ ਗਿਆ—'ਹੈਂ ! ਇਹ ਕੇਹੋ-ਜੇਹੀ ਸਮਾਜ ਸੇਵਾ ? ਅੱਜ-ਕਲ ਪਤਾ ਨਈਂ ਇੱਦਾਂ ਦੇ ਕੰਮ ਕਰਨ ਵਾਲ਼ਿਆਂ ਨੂੰ ਈ 'ਸਮਾਜ ਸੇਵਕ'...।' ਉਹਦੇ ਲਈ ਆਪਣੇ ਅੰਦਰੋਂ ਨਿਕਲ਼ਦੀ ਗਾਲ਼ ਨੂੰ ਮੈਂ ਮਸਾਂ ਰੋਕਿਆ। ਮੇਰੇ ਮਨ 'ਚ ਆਇਆ ਕਿ ਮੇਰਾ ਅੱਜ ਤੱਕ ਇਹਨੇ ਕੀ ਵਿਗਾੜਿਆ, ਮੈਂ ਕਿਉਂ...।

•••

**ਮੋਬਾ. +9194659-52938**



**ਪੇਸ਼ਕਾਰ :**
**ਡਾ. ਮੋਹਨ ਤਿਆਗੀ**
**ਸੰਪਰਕ :** 98144-79150



**ਕਵਿਤਾ**

## *ਅਮੀਆ ਕੁੰਵਰ*

**ਮੋਬਾ.** 98115 79138

ਅਮੀਆ ਕੁੰਵਰ ਪੰਜਾਬੀ ਸਾਹਿਤ ਦੀ ਇਕ ਬਹੁਪੱਖੀ ਸ਼ਖ਼ਸੀਅਤ ਹੈ। ਉਸਨੇ ਅਧਿਆਪਨ ਦੇ ਨਾਲ ਸਿਰਜਣਾਤਮਕ ਸਾਹਿਤ ਅਤੇ ਆਲੋਚਨਾ ਦੇ ਖੇਤਰ ਵਿਚ ਵੀ ਭਰਵਾਂ ਯੋਗਦਾਨ ਪਾਇਆ ਹੈ। ਉਸਦੇ ਕਾਰਜ, ਉਸਦੀ ਪੰਜਾਬੀ ਸਾਹਿਤ ਪ੍ਰਤੀ ਨਿਸ਼ਠਾ ਅਤੇ ਪ੍ਰਤੀਬੱਧਤਾ ਦੀ ਗਵਾਹੀ ਭਰਦੇ ਹਨ। **ਵਹੀ ਦੇ ਵਰਕੇ** ਉਸਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ ਹੈ। ਇਸ ਪੁਸਤਕ ਦੀਆਂ ਗਹਿਰੀਆਂ ਅੰਤਰ-ਦ੍ਰਿਸ਼ਟੀਆਂ ਇਸ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦੀਆਂ ਹਨ। ਇਹ ਕਵਿਤਾ ਆਤਮ-ਸੰਵਾਦ ਨੂੰ ਅਗਾਂਹ ਤੋਰਦੀ ਹੋਈ ਜਿਥੇ ਮਨੁੱਖੀ ਜੀਵਨ ਦੇ ਜਟਿਲ ਪਸਾਰਾਂ ਨੂੰ ਖੋਲ੍ਹਣ ਦਾ ਯਤਨ ਕਰਦੀ ਹੈ, ਉਸਦੇ ਨਾਲ ਹੀ ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿਚ ਬੰਦੇ ਦੀ ਮਰ ਮੁੱਕ ਰਹੀ ਸੰਵੇਦਨਾ ਦਾ ਮਰਸੀਆ ਵੀ ਪੜ੍ਹਦੀ ਹੈ। ਉਸਦੀ ਕਵਿਤਾ 'ਜ਼ਿੰਦਗੀ ਦੀ ਪਾਠ ਯੋਜਨਾ' ਇਸ ਧਰਤ 'ਤੇ ਮਨੁੱਖੀ ਜੀਵਨ ਦਾ ਲੇਖਾ-ਜੋਖਾ ਕਰਦੀ ਹੋਈ ਸਾਡੇ ਧੁਰ ਅੰਤਰੀਵ ਤੱਕ ਉਤਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਕਵਿਤਾ ਮਨੁੱਖੀ ਸੰਘਰਸ਼ ਅਤੇ ਜੱਦੋਜਹਿਦ ਨੂੰ ਚਿੰਤਨ ਦੇ ਨਵੇਂ ਜ਼ਾਵੀਏ ਤੋਂ ਸਮਝਣ ਅਤੇ ਪ੍ਰੀਭਾਸ਼ਤ ਕਰਨ ਦਾ ਯਤਨ ਕਰਦੀ ਹੈ। ਸ਼ਾਇਰਾ ਦਾ ਵਿਸ਼ਾਲ ਅਨੁਭਵ ਅਤੇ ਚਿੰਤਨੀ ਨਜ਼ਰੀਆ ਇਸ ਨੂੰ ਹੋਰ ਵੀ ਮਾਨਣਯੋਗ ਬਣਾਉਂਦਾ ਹੈ।

### ਪਰਛਾਵਿਆਂ ਤੋਂ ਮੁਕਤ

ਖ਼ਬਰੇ ਕਿੰਨੇ ਜਨਮਾਂ ਤੋਂ
ਤੁਰ ਰਹੀ
ਇਕੱਲੀ, ਬੇਆਵਾਜ਼, ਕੁਦਰਤ ਦੇ ਨਾਲ...
ਅਚਨਚੇਤ ਪਿੱਛੋਂ ਆਉਂਦੀ ਬਿੜਕ ਸੁਣੀ
ਪਰਛਾਵਾਂ ਮਹਿਸੂਸਿਆ
ਆਪਾ ਗਿਆ ਥਿੜਕਿਆ
ਤੁਰਨੋਂ ਨਹੀਂ ਰੁਕੀ
ਕਿਸੇ ਹਾਕ ਮਾਰੀ
ਛਿਣ ਕੁ ਠਹਿਰੀ...
ਕਾਹਲ਼ੀ-ਕਾਹਲ਼ੀ ਕਦਮ ਪੁੱਟਦਿਆਂ
ਕੋਈ ਨਾਲ ਹੋ ਤੁਰਿਆ

ਕੁਝ ਘੜੀਆਂ
ਕੁਝ ਕਦਮਾਂ ਦਾ ਸਾਥ ਸੀ
ਸਾਹਵੇਂ ਨਿੱਕੀ ਜਿਹੀ ਕੁੱਲੀ ਨਜ਼ਰ ਆਈ
ਮੋਢੇ 'ਤੇ ਧਰੀ ਬਾਂਹ ਢਿੱਲੀ ਹੋਈ
ਉਹ ਪਰਛਾਵਾਂ
ਨੇੜੇ ਤੋਂ ਦੂਰ ਹੁੰਦਾ
ਲੰਮੇ ਤੋਂ ਨਿੱਕਾ ਹੁੰਦਾ
ਹੋਰ ਨਿੱਕਾ ਹੁੰਦਾ ਗਿਆ
ਹਾਕ ਮਾਰਨ ਨੂੰ ਚਿੱਤ ਨਾ ਹੋਇਆ
ਪਿੱਛਾ ਕਰਨਾ ਫ਼ਿਤਰਤ 'ਚ ਨਹੀਂ
ਛੱਡ ਆਈ ਆਂ ਜੋ ਪਿੱਛੇ ਰਸਤਾ
ਉਹ ਵੀ ਤਾਂ ਹੁਣ ਦਿਸਦਾ ਨਹੀਂ
ਰਤਾ ਉਲੰਘ ਕੇ
ਪਰਛਾਵਿਆਂ ਤੋਂ ਮੁਕਤ ਹੋ ਜਾਵਾਂ
ਕੋਈ ਨਵਾਂ ਰਾਹ ਤਲਾਸ਼ ਲਵਾਂਗੀ
ਬਚਦੇ ਪੈਂਡੇ ਨੂੰ ਆਪੇ ਨਾਲ ਤੈਅ ਕਰਾਂਗੀ

### ਅਵਾਕ

ਕਦੇ ਹੁਸੀਨ ਯਾਦਾਂ
ਛਹਿਬਰ ਲਾ ਬਹਿੰਦੀਆਂ ਨੇ
ਕਦੇ ਕਿੰਨਾ ਕੁਝ
ਭੁਰਨ-ਖੁਰਨ ਲਗਣੈ—
ਦਿਲ, ਜ਼ਿਹਨ, ਮਨ ਤੋਂ ਮਨਫ਼ੀ ਹੁੰਨੀ
ਭਰੇ-ਭੁਕੰਨੇ ਤੋਂ
ਖ਼ਾਲੀ ਹੋ ਰਹਿੰਨੀ ਆਂ
ਚਾਣ-ਚੱਕ ਸੁੰਨ ਪਸਰ ਜਾਨੀ ਏ
ਸੰਘ 'ਚ ਕੰਡੇ ਪੁੜਨ ਲੱਗਣੇ
ਬੁੱਲ੍ਹਾਂ 'ਤੇ ਪਪੜੀਆਂ ਜੰਮਣ ਲੱਗਨੀਆਂ
ਪਿਆਸੋਂ ਹਾਲ-ਬੇਹਾਲ ਹੋਈ
ਨੇੜੇ ਕਿਧਰੇ ਨਦੀ ਵਹਿੰਦੀ ਸੁਣ
ਨੇੜੇ ਜਾ ਪਾਣੀ 'ਚ ਕਲਸ਼ ਡੁਬੋਨੀ ਆਂ
ਆਰਜ਼ਾ ਹੋਈ
ਰਿਸ਼ਤਿਆਂ, ਨਾਤਿਆਂ, ਮੁਹੱਬਤਾਂ ਦੇ ਫੁੱਲ
ਜਲ-ਪ੍ਰਵਾਹ ਕੀਤੇ ਸਨ ਜੋ
ਵਰ੍ਹਿਆਂ ਮਗਰੋਂ ਵੀ
ਤਿਰਦੇ-ਤਿਰਦੇ ਪਾਣੀ ਦੇ ਨਾਲ-ਨਾਲ
ਮੇਰੇ ਕਲਸ਼ ਵਿਚ ਮੱਲ ਮਾਰ ਬੈਠੇ
ਹੁਣ ਇਹ ਪਾਣੀ
ਕਿਵੇਂ ਪਿਆਸ ਮੇਰੀ ਦੇ ਬਰ ਮੇਚ ਆਵੇ
ਮੁੜ ਤੋਂ ਕਲਸ਼ ਨਦੀ 'ਚ ਮੂਧਾ ਕਰ
ਖ਼ਾਲੀ ਕਰਨ ਲਗਨੀ ਆਂ
ਭਰਨ ਦੇ ਜਤਨ ਕਰਦਿਆਂ
ਮੁੜ ਤੋਂ ਖ਼ਾਲੀ ਹੋ ਬਹਿਨੀ ਆਂ...
◆

ਪੁਸਤਕਨਾਮਾ : **ਸੁਰਿੰਦਰ ਸਿੰਘ ਤੇਜ**



# ਧਰਤੀ ਦੀ ਛੱਤ ’ਤੇ ਲੁਕਿਆ ਰਹੱਸਮਈ ਸੰਸਾਰ

ਸਕੂਲ ਅਧਿਆਪਕ ਹੈ ਬਲਰਾਮ। ਪਹਾੜੀ ਜ਼ਿਲ੍ਹੇ ਅਲਮੋੜਾ ਦਾ ਰਹਿਣ ਵਾਲਾ, ਪਰ ਨੌਕਰੀ ਨੇ ਉਸ ਨੂੰ ਦੇਹਰਾਦੂਨ ਰਹਿਣ ਲਈ ਮਜਬੂਰ ਕੀਤਾ ਹੋਇਆ ਹੈ। ਉਥੇ ਉਸਦੀ ਮੁਲਾਕਾਤ ਇਕ ਅੰਗਰੇਜ਼ ਕੈਪਟਨ ਨਾਲ ਹੁੰਦੀ ਹੈ ਜਿਹੜਾ ਬਲਰਾਮ ਦੀ ਹਿਮਾਲੀਆ ਬਾਰੇ ਜਾਣਕਾਰੀ ਦਾ ਪੂਰਾ ਲਾਭ ਲੈਣਾ ਚਾਹੁੰਦਾ ਹੈ। ਉਹ ਬਲਰਾਮ ਨੂੰ ਤਿੱਬਤ ਜਾ ਕੇ ਉਸ ਸਮੁੱਚੇ ਮੁਲਕ ਦਾ ਗੁਪਤ ਰੂਪ ਵਿਚ ਸਰਵੇਖਣ ਕਰਨ ਬਦਲੇ ਮੋਟੀ ਰਕਮ ਤੇ ਸਰਕਾਰੀ ਇਨਾਮ-ਸਨਮਾਨ ਦਿਵਾਉਣ ਦੀ ਪੇਸ਼ਕਸ਼ ਕਰਦਾ ਹੈ। ਬਲਰਾਮ ਨੂੰ ਨਾ ਇਹ ਬ੍ਰਿਟਿਸ਼ ਕਪਤਾਨ ਪਸੰਦ ਹੈ ਅਤੇ ਨਾ ਹੀ ਭਾਰਤ ਦੇ ਬ੍ਰਿਟਿਸ਼ ਹੁਕਮਰਾਨਾਂ ਦੀ ਤਾਅਬੇਦਾਰੀ ਵਿਚ ਉਸ ਦੀ ਕੋਈ ਰੁਚੀ ਹੈ। ਫਿਰ ਵੀ ਉਹ ਇਹ ਪੇਸ਼ਕਸ਼ ਸਵੀਕਾਰ ਕਰ ਲੈਂਦਾ ਹੈ। ਦੋ ਕਾਰਨਾਂ ਕਰਕੇ: ਇਕ ਤਾਂ ਉਸਦਾ ਪਰਮ ਮਿੱਤਰ ਗਿਆਨ, ਤਿੱਬਤ ਵਿਚ ਕਿਸੇ ਥਾਂ ’ਤੇ ਕੈਦ ਹੈ; ਉਹ ਉਸ ਨੂੰ ਲੱਭਣਾ ਚਾਹੁੰਦਾ ਹੈ। ਦੂਜਾ ਉਹ ਇਹ ਜਾਨਣਾ ਚਾਹੁੰਦਾ ਹੈ ਕਿ ਸਾਂਗ-ਪੋ ਨਦੀ ਕੀ ਸਚਮੁੱਚ ਉਹੀ ਦਰਿਆ ਹੈ ਜੋ ਭਾਰਤ ਵਿਚ ਪੁੱਜਣ ’ਤੇ ਬ੍ਰਹਮਪੁੱਤਰ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਜੇ ਅਜਿਹਾ ਹੈ ਤਾਂ ਇਹ ਨਦੀ ਤਿੱਬਤ ਦੇ ਧੁਰ ਦੱਖਣ-ਪੱਛਮ ਤੋਂ ਸ਼ੁਰੂ ਹੋ ਕੇ ਧੁਰ ਪੂਰਬ ਵਿਚ ਕਿਵੇਂ ਪਹੁੰਚ ਜਾਂਦੀ ਹੈ ਅਤੇ ਉਥੋਂ ਇਹ ਭਾਰਤ ਵੱਲ ਰੁਖ ਕਿਉਂ ਕਰ ਲੈਂਦੀ ਹੈ? ਉਸ ਨੂੰ ਮਹਿਸੂਸ ਹੁੰਦਾ ਹੈ ਕਿ ਜੇ ਉਹ ਇਸ ਨਦੀ ਦੇ ਸਮੁੱਚੇ ਜਲ-ਰੂਟ ਦਾ ਨਕਸ਼ਾ ਤਿਆਰ ਕਰ ਲਵੇ ਤਾਂ ਦੁਨੀਆ ਦੇ ਪਹਿਲੇ ਅਜਿਹੇ ਖੋਜੀ ਹੋਣ ਦਾ ਐਜਾਜ਼ ਉਸ ਨੂੰ ਹਾਸਿਲ ਹੋ ਸਕਦਾ ਹੈ। ਅਜਿਹੀ ਚਾਹਤ ਦੇ ਬਾਵਜੂਦ ਗਿਆਨ ਨੂੰ ਲੱਭਣ ਅਤੇ ਉਸਨੂੰ ਉਸਦੀ ਬੀਵੀ ਤੇ ਬੱਚਿਆਂ ਤਕ ਸੁਰੱਖਿਅਤ ਪਰਤਾਉਣਾ ਬਲਰਾਮ ਦੀ ਪਹਿਲੀ ਤਰਜੀਹ ਹੈ। ਉਸ ਨੂੰ ਯਕੀਨ ਹੈ ਕਿ ਜੇਕਰ ਉਹ ਪਹਿਲੀ ਤਰਜੀਹ ਸਫ਼ਲਤਾਪੂਰਵਕ ਪੂਰੀ ਕਰ ਲੈਂਦਾ ਹੈ ਤਾਂ ਦੂਜੀ ਤਰਜੀਹ ਪੂਰੀ ਕਰਨ ਦਾ ਵਿਧੀ-ਵਿਧਾਨ ਖ਼ੁਦ-ਬ-ਖ਼ੁਦ ਆਸਾਨ ਹੋ ਜਾਵੇਗਾ।

ਬਲਰਾਮ ਤੋਂ ਉਲਟ ਕੈਥੇਰੀਨ ਦੀ ਸਿਰਫ਼ ਇਕੋ ਹੀ ਤਰਜੀਹ ਹੈ: ਉਹ ਲ੍ਹਾਸਾ ਦੇ ਪੋਟਾਲਾ ਪੈਲੇਸ ਵਿਚ ਪੁੱਜਣ ਵਾਲੀ ਪਹਿਲੀ ਯੂਰੋਪੀਅਨ ਇਸਤਰੀ ਬਣਨਾ ਚਾਹੁੰਦੀ ਹੈ। ਇਸ ਪ੍ਰਾਪਤੀ ਰਾਹੀਂ ਉਹ ਲੰਡਨ ਸਥਿਤ ਰਾਇਲ ਜਿਓਗ੍ਰੈਫਿਕ ਸੁਸਾਇਟੀ ਦੇ ਕਰਤਿਆਂ-ਧਰਤਿਆਂ ਨੂੰ ਇਹ ਦਰਸਾਉਣਾ ਚਾਹੁੰਦੀ ਹੈ ਕਿ ਉਹ ਪੁਰਸ਼ ਖੋਜੀਆਂ ਨਾਲੋਂ ਕਿਸੇ ਵੀ ਤਰ੍ਹਾਂ ਕਮਤਰ ਨਹੀਂ। ਉਹ ਬ੍ਰਿਟੇਨ ਅੰਦਰ ਪੜ੍ਹੀ ਹੋਈ ਹੈ। ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਤੋਂ ਬ੍ਰਿਟਿਸ਼ ਸਮਾਜ ਕਾਇਲ ਹੈ, ਪਰ ਸੁਸਾਇਟੀ ਨੇ ਸਿਰਫ਼ ਇਸਤਰੀ ਹੋਣ ਅਤੇ ਖ਼ਾਸ ਕਰਕੇ ਕਣਕ-ਵੰਨੀ ਇਸਤਰੀ ਹੋਣ ਦੇ ਆਧਾਰ ’ਤੇ ਉਸ ਨੂੰ ਆਪਣਾ ਮੈਂਬਰ ਨਹੀਂ ਸੀ ਬਣਾਇਆ। ਸੁਸਾਇਟੀ ਮੁੱਖ ਤੌਰ ’ਤੇ ਪੁਰਸ਼ਾਂ ਦੀ ਸੰਸਥਾ ਹੈ। ਇਸ ਦੇ ਕਰਤਿਆਂ-ਧਰਤਿਆਂ ਨੂੰ ਯਕੀਨ ਹੈ ਕਿ ਭੂਗੋਲ ਨਾਲ ਜੁੜੀ ਖੋਜ ਸਿਰਫ਼ ਪੁਰਸ਼ਾਂ ਦੇ ਵੱਸ ਦੀ ਖੇਡ ਹੈ, ਇਸਤਰੀਆਂ ਦੀ ਨਹੀਂ। ਕੈਥੇਰੀਨ ਤੇ ਬਲਰਾਮ ਆਪੋ-ਆਪਣੇ ਮਿਸ਼ਨਾਂ ਲਈ ਇਕੋ ਸਮੇਂ ਤਿੱਬਤ ਵਿਚ ਦਾਖ਼ਲ ਹੁੰਦੇ ਹਨ, ਪਰ ਇਨ੍ਹਾਂ ਮਿਸ਼ਨਾਂ ਦਰਮਿਆਨ ਸਾਂਝ ਦੇ ਲੰਬਾ ਸਮਾਂ ਗੁਜ਼ਰਨ ਅਤੇ ਬਹੁਤ ਸਾਰੀਆਂ ਦੁਸ਼ਵਾਰੀਆਂ, ਨਾਲ ਜੂਝਣ ਤੋਂ ਬਾਅਦ ਉਭਰਦੀ ਹੈ। ਦੋਵਾਂ ਨੂੰ ਕਾਮਯਾਬੀ ਮਿਲਦੀ ਹੈ ਜ਼ਰੂਰ, ਪਰ ਉਦੋਂ ਤਕ ਉਨ੍ਹਾਂ ਦੀ ਸੋਚ ਦਾ ਧਰਾਤਲ ਜਾਂ ਕੈਨਵਸ ਬਿਲਕੁਲ ਬਦਲ ਚੁੱਕੇ ਹੁੰਦੇ ਹਨ।

ਦੀਪਾ ਅੰਨਾਮਾਰਾ ਦਾ ਅੰਗਰੇਜ਼ੀ ਨਾਵਲ **ਦਿ ਲਾਸਟ ਆਫ਼ ਅਰਥ** (ਧਰਤੀ ਦਾ ਆਖ਼ਰੀ ਕੋਨਾ; ਪੈਂਗੁਇਨ-ਰੈਂਡਮ ਹਾਊਸ; 372 ਪੰਨੇ; 899 ਰੁਪਏ) ਮੁੱਖ ਤੌਰ ’ਤੇ 1870ਵਿਆਂ ਦੇ ਸਮੇਂ ਉੱਤੇ ਕੇਂਦ੍ਰਿਤ ਹੈ। ਉਦੋਂ ਤਕ ਬ੍ਰਿਟਿਸ਼ ਸਾਮਰਾਜ ਸਮੁੱਚੇ ਭਾਰਤੀ ਉਪ-ਮਹਾਂਦੀਪ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਚੁੱਕਾ ਸੀ। ਇਸ ਦੀ ਰਾਜਧਾਨੀ ਕਲਕੱਤਾ (ਹੁਣ ਕੋਲਕਾਤਾ) ਤੋਂ ਇਲਾਵਾ ਸ਼ਿਮਲਾ ਪਹੁੰਚ ਚੁੱਕੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਦੇ ਅਹਿਮ ਸ਼ਹਿਰਾਂ ਲਾਹੌਰ, ਪਿਸ਼ਾਵਰ ਤੇ ਮੁਲਤਾਨ ਨੂੰ ਪ੍ਰਮੁੱਖ ਛਾਉਣੀਆਂ ਵਿਚ ਬਦਲਿਆ ਜਾ ਚੁੱਕਾ ਸੀ। ਗੋਰੇ ਸਰਵੇਖਣਕਾਰਾਂ ਤੇ ਨਕਸ਼ਾ ਨਵੀਸਾਂ ਨੇ ਸਤਲੁਜ ਤੇ ਸਿੰਧ ਦਰਿਆਵਾਂ ਦੇ ਝੀਲ ਮਾਨਸਰੋਵਰ ਨੇੜਲੇ ਉਦਗਮ ਤੇ ਜਲ ਮਾਰਗਾਂ ਦੇ ਨਕਸ਼ੇ-ਖਾਕੇ ਤਿਆਰ ਕਰ ਲਏ ਸਨ। ਪਰ ਬ੍ਰਹਮਪੁੱਤਰ ਅਜੇ ਵੀ ਇਕ ਰਹੱਸ ਸੀ। ਰਹੱਸ ਇਸ ਕਰਕੇ ਕਿਉਂਕਿ ਤਿੱਬਤ ਦੀ ਹਕੂਮਤ ਨੇ ਸਮੁੱਚੇ ਮੁਲਕ ਵਿਚ ਵਿਦੇਸ਼ੀਆਂ ਦਾ ਦਾਖ਼ਲਾ ਬੰਦ ਕੀਤਾ ਹੋਇਆ ਸੀ। ਯੂਰੋਪੀਅਨਾਂ ਉੱਤੇ ਖ਼ਾਸ ਤੌਰ ’ਤੇ ਇਹ ਪਾਬੰਦੀ ਬਹੁਤ ਸਖ਼ਤੀ ਨਾਲ ਲਾਗੂ ਸੀ। ਤਿੱਬਤੀ ਸੀਮਾ ਵਿਚ ਦਾਖ਼ਲ ਹੋਣ ਵਾਲੇ ਯੂਰੋਪੀਅਨਾਂ ਨੂੰ ਅਮੂਮਨ ਇਕੋ ਦੰਡ ਦਿੱਤਾ ਜਾਂਦਾ ਸੀ: ਕਿਸੇ ਪ੍ਰਾਚੀਨ ਇਮਾਰਤ ਦੇ ਤਹਿਖਾਨੇ ਵਿਚ ਤਾ-ਉਮਰ ਕੈਦ। ਇਸੇ ਲਈ ਤਿੱਬਤ ‘ਵਰਜਿਤ ਸਾਮਰਾਜ’ (ਫੋਰਬਿਡਨ ਕਿੰਗਡਮ) ਵਜੋਂ ਜਾਣਿਆ ਜਾਂਦਾ ਸੀ। ਬ੍ਰਿਟੇਨ ਨੂੰ ਉਸ ਜ਼ਮਾਨੇ ਏਸ਼ੀਆ ਵਿਚਲੀ ਆਪਣੀ ਸਰਦਾਰੀ ਲਈ ਸਿਰਫ਼ ਰੂਸ ਤੋਂ ਖ਼ਤਰਾ ਮਹਿਸੂਸ ਹੁੰਦਾ ਸੀ। ਰੂਸੀ ਸਾਮਰਾਜ ਇਕ ਪਾਸੇ ਅਫ਼ਗਾਨਿਸਤਾਨ ਦੀ ਸਰਹੱਦ ਤਕ ਪਹੁੰਚ ਚੁੱਕਾ ਸੀ, ਦੂਜੇ ਪਾਸੇ ਚੀਨੀ ਤੁਰਕਿਸਤਾਨ (ਕਿਰਗਿਜ਼ਸਤਾਨ ਅਤੇ ਚੀਨ ਦੇ ਕੁਝ ਮੁਸਲਿਮ ਸੂਬਿਆਂ) ਤੱਕ

ਉਸਦੀ ਰਸਾਈ ਹੋ ਚੁੱਕੀ ਸੀ। ਬ੍ਰਿਟੇਨ, ਰੂਸ ਨਾਲ ਸਿੱਧੀ ਟੱਕਰ ਤੋਂ ਬਚਣਾ ਚਾਹੁੰਦਾ ਸੀ। ਇਸੇ ਲਈ ਉਸਦੀ ਕੋਸ਼ਿਸ਼ ਸੀ ਕਿ ਹਿਮਾਲੀਆ ਅਤੇ ਇਸ ਦੀਆਂ ਭੁਜਾਵਾਂ ਵਾਲੇ ਖਿੱਤੇ ਵਿਚ ਉਸ ਦੀਆਂ ਹਿਤੈਸ਼ੀ ਜਾਂ ਮਿੱਤਰ ਹਕੂਮਤਾਂ ਹੋਣ ਜੋ ਰੂਸੀ ਪਸਾਰਵਾਦ ਦੇ ਖ਼ਿਲਾਫ਼ ਬੱਫਰ ਵਜੋਂ ਕੰਮ ਕਰਨ। ਇਸੇ ਮਨੋਰਥ ਦੀ ਪੂਰਤੀ ਲਈ ਉਸਨੇ ਅਫ਼ਗਾਨਿਸਤਾਨ ਉੱਤੇ ਕਬਜ਼ਾ ਕਰਨ ਦੇ ਯਤਨ ਤਿਆਗ ਦਿੱਤੇ ਸਨ। ਇਵੇਂ ਹੀ ਮਹਾਰਾਜਾ ਰਣਜੀਤ ਸਿੰਘ ਵਾਲੇ ਸਾਮਰਾਜ ਨੂੰ ਹਥਿਆਉਣ ਸਮੇਂ ਜੰਮੂ-ਕਸ਼ਮੀਰ (ਲੱਦਾਖ ਸਮੇਤ) ਰਾਜਾ ਗੁਲਾਬ ਸਿੰਘ ਕੋਲ ਇਸ ਕਰਕੇ ਵੇਚਿਆ ਗਿਆ ਸੀ ਕਿ ਉਸਦੀ ਹੁਕਮਰਾਨੀ ਵਾਲਾ ਖਿੱਤਾ ਬ੍ਰਿਟਿਸ਼ ਭਾਰਤ ਉੱਤੇ ਰੂਸੀ ਹਮਲਾ ਠੱਲ੍ਹਣ ਵਿਚ ਸਾਜ਼ਗਾਰ ਸਾਬਤ ਹੋਵੇ। ਅਜਿਹਾ ਹੀ ਬੱਫਰ ਉਹ ਤਿੱਬਤ ਨੂੰ ਬਣਾਉਣਾ ਚਾਹੁੰਦਾ ਸੀ। ਪਰ ਤਿੱਬਤ ਸਰਕਾਰ ਰਾਜਸੀ ਪੱਖੋਂ ਬਾਕੀ ਦੁਨੀਆ ਨਾਲ ਨਾਤਾ-ਵਾਸਤਾ ਨਾ ਰੱਖਣ ਦੀ ਰਣਨੀਤੀ ਉੱਤੇ ਚੱਲ ਰਹੀ ਸੀ। ਇਸੇ ਉਦੇਸ਼ ਦੀ ਪੂਰਤੀ ਲਈ ਉਹ ਤਿੱਬਤ ਦਾ 'ਰਹੱਸਮਈ ਧਰਤੀ' ਵਾਲਾ ਅਕਸ ਹਰ ਹਾਲ ਬਰਕਰਾਰ ਰੱਖਣਾ ਚਾਹੁੰਦੀ ਸੀ।

ਅਜਿਹੇ ਰਣਨੀਤਕ ਹਿੱਤਾਂ ਦੇ ਬਾਵਜੂਦ ਤਿੱਬਤ ਸਰਕਾਰ ਨੇ ਭਾਰਤ ਤੇ ਭਾਰਤੀਆਂ ਲਈ ਆਪਣਾ ਦਰਵਾਜ਼ਾ ਕਦੇ ਵੀ ਪੂਰੀ ਤਰ੍ਹਾਂ ਨਹੀਂ ਸੀ ਭੇੜਿਆ। ਮਹਾਂਯਾਨੀ ਬੋਧੀਆਂ ਲਈ ਉੱਤਰੀ ਭਾਰਤ ਤੀਰਥ-ਅਸਥਾਨ ਸੀ। ਭਾਰਤੀ ਬੋਧ-ਭਿਖਸ਼ੂਆਂ ਦਾ ਭਾਵੇਂ ਲ੍ਹਾਸਾ ਜਾਂ ਹੋਰਨਾਂ ਤਿੱਬਤੀ ਮੱਠਾਂ 'ਤੇ ਤਹਿ-ਦਿਲੋਂ ਸੁਆਗਤ ਨਹੀਂ ਸੀ ਹੁੰਦਾ, ਫਿਰ ਵੀ ਉਨ੍ਹਾਂ ਨੂੰ ਨਫ਼ਰਤ ਜਾਂ ਹਿੰਸਾ ਦੇ ਪਾਤਰ ਨਹੀਂ ਸੀ ਮੰਨਿਆ ਜਾਂਦਾ। ਇੰਜ ਹੀ, ਹਿੰਦੂ ਤੀਰਥ ਯਾਤਰੀਆਂ ਨੂੰ ਕੈਲਾਸ਼-ਮਾਨਸਰੋਵਰ ਦੀ ਯਾਤਰਾ ਦੀ ਖੁੱਲ੍ਹ ਸੀ। ਯਾਤਰਾ ਦੇ ਪ੍ਰਬੰਧ ਵੀ ਤਿੱਬਤ ਸਰਕਾਰ ਵੱਲੋਂ ਆਪਣੇ ਖਰਚੇ 'ਤੇ ਕੀਤੇ ਜਾਂਦੇ ਸਨ। ਭਾਰਤੀ ਵਪਾਰੀਆਂ ਨੂੰ ਵੀ ਆਉਣ-ਜਾਣ ਦੇ ਪਰਮਿਟ ਆਸਾਨੀ ਨਾਲ ਮਿਲ ਜਾਂਦੇ ਸਨ। ਅਜਿਹੀ ਖੁੱਲ੍ਹ ਨੇ ਹੀ ਪਹਿਲਾਂ ਗਿਆਨ ਅਤੇ ਫਿਰ ਬਲਰਾਮ ਤੇ ਕੈਥੇਰੀਨ ਨੂੰ ਇਕ ਵਾਰ ਹਿੰਦੂ ਤੀਰਥ ਯਾਤਰੀਆਂ ਵਜੋਂ ਤਿੱਬਤ ਵਿਚ ਦਾਖ਼ਲੇ ਅਤੇ ਦੁਬਾਰਾ ਬੋਧ ਭਿਖਸ਼ੂਆਂ ਵਜੋਂ ਲ੍ਹਾਸਾ ਤੇ ਹੋਰ ਥਾਵਾਂ ਵੱਲ ਜਾਣ ਦੇ ਸਮਰੱਥ ਬਣਾਇਆ। ਦੂਜੀ ਵਾਰ ਵਾਲਾ ਦਾਖ਼ਲਾ ਦੋਵਾਂ ਲਈ ਅਸਹਿ ਤੇ ਅਕਹਿ ਮੁਸੀਬਤਾਂ ਦੀ ਵਜ੍ਹਾ ਬਣਿਆ।

• • •

ਦੀਪਾ ਅੰਨਾਪਾਰਾ ਮਲਿਆਲੀ ਹੋਣ ਦੇ ਬਾਵਜੂਦ ਦਿੱਲੀ ਦੀ ਜੰਮਪਲ ਹੈ। ਉਹ ਇਕ ਦਸ਼ਕ ਤਕ ਭਾਰਤ ਵਿਚ ਪ੍ਰਿੰਟ ਤੇ ਡਿਜੀਟਲ ਪੱਤਰਕਾਰੀ ਨਾਲ ਜੁੜੀ ਰਹੀ। ਉਸ ਦੀਆਂ ਲੇਖਣੀਆਂ ਤੇ ਦਸਤਾਵੇਜ਼ੀਆਂ ਆਪਣੇ ਵਿਲੱਖਣ ਵਿਸ਼ਾ-ਵਸਤੂ ਕਾਰਨ ਚਰਚਿਤ ਰਹੀਆਂ ਅਤੇ ਇਨਾਮਾਂ-ਸਨਮਾਨਾਂ ਦੀਆਂ ਹੱਕਦਾਰ ਬਣੀਆਂ। ਅੱਜ ਕੱਲ੍ਹ ਉਹ ਨੌਅਰਿਚ ਯੂਨੀਵਰਸਿਟੀ (ਯੂ.ਕੇ.) ਵਿਚ ਪ੍ਰੋਫੈਸਰ ਹੈ। ਉਸਦਾ ਪਹਿਲਾ ਨਾਵਲ **ਜਿੰਨ ਪੈਟਰੋਲ ਔਨ ਦਿ ਪਰਪਲ ਲਾਈਨ** ਰਹੱਸ-ਰੋਮਾਂਚ ਦੇ ਨਾਲ-ਨਾਲ ਮੌਜੂਦਾ ਸਮੇਂ ਤੇ ਪ੍ਰਸਥਿਤੀਆਂ ਉੱਪਰ ਵਿਅੰਗ ਵੀ ਸੀ। ਇਹ ਨਾਵਲ ਬਹੁਤ ਸਾਰੀਆਂ ਬ੍ਰਿਟਿਸ਼ ਤੇ ਅਮਰੀਕੀ ਪ੍ਰਕਾਸ਼ਨਾਵਾਂ ਦੀ ਬੈਸਟ ਸੈਲਰ ਲਿਸਟ ਵਿਚ ਰਿਹਾ ਹੈ। **ਦਿ ਲਾਸਟ ਆਫ਼ ਅਰਥ** ਬਿਲਕੁਲ ਵੱਖਰੇ ਸੁਭਾਅ ਦਾ ਨਾਵਲ ਹੈ। ਇਹ ਰਹੱਸਵਾਦੀ ਸਾਹਿਤ ਵੀ ਹੈ ਅਤੇ ਇਤਿਹਾਸਕ ਬਿਰਤਾਂਤ ਵੀ। ਇਹ ਫ਼ਲਸਫ਼ਾਨਾ ਗਿਆਨ ਦਾ ਭੰਡਾਰ ਵੀ ਹੈ ਅਤੇ ਇਖ਼ਲਾਕੀ ਅਸਪਸ਼ਟਤਾ ਦਾ ਖ਼ੁਲਾਸਾ ਵੀ। ਇਸ ਅੰਦਰਲਾ ਕਥਾਕ੍ਰਮ ਦੌੜਦਾ ਨਹੀਂ, ਤੁਰਦਾ ਹੈ। ਇਸੇ ਕਾਰਨ ਇਸ ਨੂੰ ਪੜ੍ਹਦਿਆਂ ਧੀਰਜ ਦਾ ਪੱਲਾ ਨਹੀਂ ਛੱਡਿਆ ਜਾਣਾ ਚਾਹੀਦਾ। ਇਸ ਦਾ ਵਿਸ਼ਾ ਵਸਤੂ ਉਹ ਹੈ, ਜਿਸ ਬਾਰੇ ਇਤਿਹਾਸ, ਆਮ ਤੌਰ 'ਤੇ ਖ਼ਾਮੋਸ਼ ਹੈ। ਇਕ ਤਾਂ ਤਿੱਬਤੀਆਂ ਨੇ ਆਪਣੇ ਆਲੇ-ਦੁਆਲੇ ਉਪਜੇ ਭਰਮ-ਜਾਲ ਨੂੰ ਤੋੜਨ ਦੀ ਕਦੇ ਰੁਚੀ ਨਹੀਂ ਦਿਖਾਈ। ਦੂਜਾ, ਵਿਦੇਸ਼ੀਆਂ ਖ਼ਾਸ ਕਰਕੇ ਯੂਰੋਪੀਅਨਾਂ ਨੇ ਵੀ ਭਾਸ਼ਾਈ ਦਿੱਕਤਾਂ ਜਾਂ ਰਾਜਸੀ ਕਾਰਨਾਂ ਕਰਕੇ ਇਸ ਭਰਮ-ਜਾਲ ਨੂੰ ਮਜ਼ਬੂਤੀ ਹੀ ਬਖ਼ਸ਼ੀ। ਬਾਅਦ ਵਿਚ ਤਿੱਬਤ ਉੱਤੇ ਚੀਨੀ ਕਬਜ਼ੇ ਨੇ ਰਾਜ਼ਦਾਰੀ ਤੇ ਰਹੱਸ ਦਾ ਦਾਇਰਾ ਨਿਰੰਤਰ ਵਧਾਇਆ। ਅੱਜ ਵੀ ਤਿੱਬਤ ਦੀ ਸਥਿਤੀ ਬਾਰੇ ਕਿਆਫ਼ੇ ਹੀ ਲੱਗਦੇ ਰਹਿੰਦੇ ਹਨ, ਅਸਲੀਅਤ ਤਾਂ ਓਨੀ ਕੁ ਹੀ ਜੱਗ ਜ਼ਾਹਿਰ ਹੁੰਦੀ ਜੋ ਚੀਨ ਸਰਕਾਰ ਜ਼ਾਹਿਰ ਕਰਨ ਦੀ ਇਜਾਜ਼ਤ ਦਿੰਦੀ ਹੈ।

ਦੀਪਾ ਅੰਨਾਪਾਰਾ ਦੇ ਲਿਖਣ ਮੁਤਾਬਕ ਇਸ ਨਾਵਲ ਦਾ ਆਧਾਰ ਏ.ਹੈਨਰੀ ਸੈਵੇਜ ਲੈਂਡੌਰ ਦੀ ਕਿਤਾਬ **ਇਨ ਦਿ ਫੋਰਬਿਡਨ ਲੈਂਡ** ਰਹੀ। ਲੈਂਡੌਰ ਨੇ 1897 ਵਿਚ ਤਿੱਬਤ ਦੀ ਚੋਰੀ-ਛੁਪੇ ਯਾਤਰਾ ਕੀਤੀ ਸੀ। ਉਸਦਾ ਸਾਥ ਦੇਣ ਵਾਲੇ ਉਸਦੇ ਦੋ ਭਾਰਤੀ ਨੌਕਰਾਂ ਦੇ ਨਾਂਅ ਚੰਦਨ ਸਿੰਘ ਤੇ ਮਾਨ ਸਿੰਘ ਸਨ। ਚੰਦਨ ਤੇ ਹੁਣ ਮਾਨ ਸਿੰਘ ਦੀਪਾ ਦੇ ਨਾਵਲ ਦੇ ਵੀ ਦੋ ਕਿਰਦਾਰ ਹਨ। 19ਵੀਂ ਸਦੀ ਵਿਚ ਭਾਰਤੀਆਂ ਨੂੰ ਸਰਵੇਖਣ ਤਕਨੀਕਾਂ ਤੇ ਨਕਸ਼ਾ ਨਵੀਸੀ ਦੇ ਬੁਨਿਆਦੀ ਤੌਰ-ਤਰੀਕੇ ਸਿਖਾਉਣ ਵਾਲੇ ਟੀ.ਜੀ. ਮੌਂਟਗੋਮਰੀ ਦੇ ਸਹਾਇਕ ਨੈਨ ਸਿੰਘ ਰਾਵਤ ਬਾਰੇ ਕਿਤਾਬ **ਏਸ਼ੀਆ ਕੀ ਪੀਠ ਪਰ: ਪੰਡਿਤ ਨੈਨ ਸਿੰਘ ਰਾਵਤ, ਜੀਵਨ, ਅਨਵੇਸ਼ਣ ਤਥਾ ਲੇਖਨ** ਨੇ ਵੀ ਨਾਵਲ ਦੇ ਕਥਾਨਕ ਨੂੰ ਇਤਿਹਾਸਕ ਰੰਗਤ ਪ੍ਰਦਾਨ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ। ਉਮਾ ਭੱਟ ਤੇ ਸ਼ੇਖਰ ਪਾਠਕ ਵੱਲੋਂ ਸੰਪਾਦਿਤ ਇਹ ਪੁਸਤਕ ਮੁੱਖ ਤੌਰ 'ਤੇ ਨੈਨ ਸਿੰਘ ਰਾਵਤ ਦੇ ਰੋਜ਼ਨਾਮਚਿਆਂ ਦਾ ਸੰਕਲਨ ਹੈ। ਦਰਅਸਲ, ਨਾਵਲ ਵਿਚ ਬਲਰਾਮ ਦਾ ਕਿਰਦਾਰ ਨੈਨ ਸਿੰਘ ਰਾਵਤ ਦੀ ਸ਼ਖ਼ਸੀਅਤ ਨਾਲ ਕਾਫ਼ੀ ਹੱਦ ਤੱਕ ਮੇਲ ਖਾਂਦਾ ਹੈ।

• • •

ਨਾਵਲ ਦੇ ਦੋ ਮੁੱਖ ਪਾਤਰ ਹਨ ਬਲਰਾਮ ਤੇ ਕੈਥੇਰੀਨ। ਦੋਵਾਂ ਦੀ ਕਹਾਣੀ ਸਮਾਨੰਤਰ ਚਲਦੀ ਹੈ, ਪਰ ਬਣਤਰ ਤੇ ਬੁਣਤੀ ਪੱਖੋਂ ਦੋ ਵੱਖ-ਵੱਖ ਰੂਪਾਂ ਵਿਚ। ਬਲਰਾਮ ਵਾਲਾ ਕਥਾਕ੍ਰਮ ਕਿਸੇ ਤੀਜੇ ਬੰਦੇ ਨੂੰ ਸੁਣਾਏ ਬਿਰਤਾਂਤ ਵਾਲਾ ਹੈ। ਕੈਥੇਰੀਨ ਦੀ ਕਥਾ-ਵਿਅਥਾ ਆਪਣੀ ਮ੍ਰਿਤਕ ਭੈਣ ਐਥਲ ਦੇ ਨਾਂਮ ਡਾਇਰੀ ਦੇ ਪੰਨਿਆਂ ਜਾਂ ਰੋਜ਼ਨਾਮਿਚਆਂ ਦੇ ਰੂਪ ਵਿਚ ਹੈ। ਦੋਵਾਂ ਪਾਤਰਾਂ ਦੀ ਕਥਾ-ਯਾਤਰਾ

ਵੱਖੋ-ਵੱਖਰੀ ਹੈ। ਦੋਵਾਂ ਦਾ ਮੇਲ ਨਾਵਲ ਦੇ ਸਿਖਰ ’ਤੇ ਜਾ ਕੇ ਹੁੰਦਾ ਹੈ। ਦੋਵੇਂ ਆਪੋ-ਆਪਣੇ ਮਿਸ਼ਨ ਵਿਚ ਇਕ ਵੱਡੀ ਹੱਦ ਤਕ ਕਾਮਯਾਬ ਵੀ ਹੁੰਦੇ ਹਨ, ਪਰ ਇਹ ਕਾਮਯਾਬੀ ਜਿੱਤ ਵਾਲਾ ਅਹਿਸਾਸ ਨਹੀਂ ਜਗਾਉਂਦੀ। ਬਲਰਾਮ, ਗਿਆਨ ਨੂੰ ਕੈਦ-ਮੁਕਤ ਕਰਵਾ ਲੈਂਦਾ ਹੈ ਅਤੇ ਸਾਂਗ-ਪੋ (ਜਿਸ ਨੂੰ ਅੱਜ ਕੱਲ੍ਹ ਯਾਰਲੁੰਗ-ਤਸਾਂਗਪੋ ਕਿਹਾ ਜਾਂਦਾ ਹੈ) ਦੇ ਸਮੁੱਚੇ ਵਹਿਣ ਦਾ ਨਕਸ਼ਾ ਵੀ ਤਿਆਰ ਕਰ ਲੈਂਦਾ ਹੈ ਪਰ ਇਸ ਮਨੋਸਥਿਤੀ ਨਾਲ ਲਗਾਤਾਰ ਘੁਲਦਾ ਰਹਿੰਦਾ ਹੈ ਕਿ ਉਸਨੇ ਜੋ ਜੋ ਕੁਝ ਵੀ ਕੀਤਾ, ਇਖ਼ਲਾਕੀ ਤੌਰ ’ਤੇ ਕੀ ਉਹ ਜਾਇਜ਼ ਸੀ ? ਕੈਥੇਰੀਨ ਪੋਟਾਲਾ ਪੈਲੇਸ ਤਕ ਨਹੀਂ ਪੁੱਜ ਸਕੀ, ਪਰ ਉਸਨੇ ਤਿੱਬਤੀ ਸਮਾਜ ਅਤੇ ਕੁਝ ਗੁਪਤ ਥਾਵਾਂ ਬਾਰੇ ਅੱਖੀਂ ਡਿੱਠੀ ਜਾਣਕਾਰੀ ਉਸਨੇ ਜ਼ਰੂਰ ਹਾਸਿਲ ਕਰ ਲਈ। ਉਂਜ, ਇਸ ਮੰਜ਼ਿਲ ਤੱਕ ਪੁੱਜਣ ਲਈ ਝੂਠ, ਫਰੇਬ ਤੇ ਨਿੱਤ ਦੀਆਂ ਚਲਾਕੀਆਂ ਉਸ ਨੂੰ ਇਖ਼ਲਾਕੀ ਤੌਰ ’ਤੇ ਏਨਾ ਜ਼ਿਆਦਾ ਆਹਤ ਕਰ ਗਈਆਂ ਹਨ ਕਿ ਉਸ ਨੂੰ ਆਪਣੀਆਂ ਪ੍ਰਾਪਤੀਆਂ ਵੱਡੀਆਂ ਨਹੀਂ, ਨਿਗੂਣੀਆਂ ਜਾਪਣ ਲੱਗੀਆਂ ਹਨ।

ਕੈਥੇਰੀਨ ਬ੍ਰਿਟਿਸ਼ ਗੋਰੇ ਅਧਿਕਾਰੀ ਤੇ ਉਸਦੀ ਭਾਰਤੀ ਰਖੇਲ ਦੀ ਸੰਤਾਨ ਹੈ। ਇਸੇ ਕਾਰਨ ਉਸਦਾ ਰੰਗ ਕਣਕਵੰਨਾ ਹੈ। ਇਹ ਕਣਕਵੰਨਾ ਰੰਗ ਹੀ ਤੀਰਥ ਯਾਤਰੀ ਵਜੋਂ ਉਸਦੇ ਤਿੱਬਤ ਵਿਚ ਦਾਖ਼ਲੇ ਅਤੇ ਇਸ ਤੋਂ ਬਾਅਦ ਭਾਰਤੀ ਬੋਧ-ਭਿਖਸ਼ੂ ਵਾਲਾ ਭੇਸ ਧਾਰਨ ਵਿਚ ਉਸ ਲਈ ਮਦਦਗਾਰ ਸਾਬਤ ਹੁੰਦਾ ਹੈ। ਪਰ ਅੰਤ ਵਿਚ ਉਹ ਆਪਣੇ ਭਰਾ ਫ੍ਰੈਡਰਿਕ ਨੂੰ ਲਿਖੇ ਖ਼ਤ ਵਿਚ ਇਹ ਸਵਾਲ ਉਭਾਰਦੀ ਹੈ: ਉਸਦੀ ਸਾਰੀ ਮੁਸ਼ੱਕਤ ਕੀ ਸਿਰਫ਼ ਗੋਰੀ ਚਮੜੀ ਵਾਲਿਆਂ ਨੂੰ ਪ੍ਰਭਾਵਿਤ ਕਰਨ ਦੀ ਲਾਲਸਾ ਦੀ ਉਪਜ ਤਾਂ ਨਹੀਂ ਸੀ ? ਉਸਨੇ ਜੋ ਵੀ ਕੀਤਾ, ਕੀ ਉਸ ਨਾਲ ਇਨਸਾਨੀਅਤ ਦਾ ਕੋਈ ਭਲਾ ਹੋਵੇਗਾ ?

ਨਾਵਲ ਇਸ ਹਕੀਕਤ ਨੂੰ ਉਭਰਵੇਂ ਰੂਪ ਵਿਚ ਪੇਸ਼ ਕਰਦਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਪ੍ਰਾਪਤੀਆਂ, ਤਸੱਲੀ ਵਾਲਾ ਅਹਿਸਾਸ ਪੈਦਾ ਕਰਨ। ਇਹ ਮਾਨਸਿਕ ਖਲਾਅ ਦਾ ਬਾਇਜ਼ ਵੀ ਬਣ ਸਕਦੀਆਂ ਹਨ।

ਨਾਵਲ ਭਾਵੇਂ ਮਨੁੱਖੀ ਸਿਰੜ ਤੇ ਸੰਵੇਦਨਾਵਾਂ ਦੀ ਬਾਤ ਪਾਉਂਦਾ ਹੈ, ਪਰ ਇਸ ਦੀ ਸਮੁੱਚੀ ਪਿੱਠਭੂਮੀ ਇਤਿਹਾਸ-ਕੇਂਦ੍ਰਿਤ ਹੋਣ ਕਾਰਨ ਦੀਪਾ ਅੰਨਾਪਾਰਾ ਇਤਿਹਾਸਕ ਘਟਨਾਵਾਂ ਨੂੰ ਮੂਲ ਕਥਾਨਕ ਦਾ ਪ੍ਰਮੁੱਖ ਹਿੱਸਾ ਬਣਾਉਣ ਦੀ ਪ੍ਰਵਿਰਤੀ ਤੋਂ ਬਚ ਨਹੀਂ ਸਕੀ। ਵਿਸ਼ੇ ਤੋਂ ਭਟਕਣ ਦੀ ਇਹ ਕਮਜ਼ੋਰੀ ਮੂਲ ਕਹਾਣੀ ਦੇ ਅੰਦਰ ਕਹਾਣੀਆਂ ਨੂੰ ਜਨਮ ਦਿੰਦੀ ਜਾਂਦੀ ਹੈ ਅਤੇ ਇਹ ਪ੍ਰਵਿਰਤੀ ਬੁਨਿਆਦੀ ਕਥਾਕ੍ਰਮ ਵੱਲ ਵਾਪਸੀ ਮੁਸ਼ਕਿਲ ਬਣਾਉਂਦੀ ਹੈ। ਅਜਿਹੀ ਖ਼ਾਮੀ ਦੇ ਬਾਵਜੂਦ ਨਾਵਲ ਇਕ ਅਜਿਹੇ ਵਿਸ਼ੇ ਨੂੰ ਗਲਪ ਵਿਧੀ ਰਾਹੀਂ ਰੇਖਾਂਕਿਤ ਕਰਨ ਦਾ ਸੁਚੱਜਾ ਉੱਦਮ ਹੈ ਜਿਸ ਬਾਰੇ ਆਲਮੀ ਅਦਬੀ ਸੰਸਾਰ ਅੱਜ ਵੀ ਬਹੁਤ ਘੱਟ ਜਾਣਦਾ ਹੈ। ਇਸੇ ਲਈ ਅਜਿਹੇ ਉੱਦਮਾਂ ਦਾ ਸਵਾਗਤ ਹੋਣਾ ਚਾਹੀਦਾ ਹੈ।

-ਮੋਬਾ. 98555-01488



ਮਿੰਨੀ ਕਹਾਣੀ

**ਸੁਖਮਿੰਦਰ ਸੇਖੋਂ**

# ਬਦਤਮੀਜ਼

ਪੜ੍ਹੇ-ਲਿਖੇ ਮਾਂ ਬਾਪ ਆਪਣੇ ਬੱਚੇ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ ’ਤੇ ਉਸ ਦੇ ਸਕੂਲ ਪਹੁੰਚ ਗਏ। ਪਹਿਲਾਂ ਉਨ੍ਹਾਂ ਸਕੂਲ ਟੀਚਰ ਦੀ ਝਾੜ-ਝੰਬ ਕੀਤੀ ਤੇ ਫੇਰ ਉਹ ਪ੍ਰਿੰਸੀਪਲ ਦੇ ਸਾਹਮਣੇ ਪਈਆਂ ਕੁਰਸੀਆਂ ’ਤੇ ਬੈਠ ਕੇ ਲਗਭਗ ਇਕੱਠੇ ਹੀ ਬੋਲ ਉਠੇ, ‘ਥੋਡੇ ਸਕੂਲ ਦੀਆਂ ਸ਼ਕੈਤਾਂ ਬੌਤ ਆ ਰਹੀਆਂ ਨੇ।’

ਪ੍ਰਿੰਸੀਪਲ ਸਹਿਜ ਹੁੰਦਿਆਂ ਮੁਸਕਰਾਏ, ‘ਅਜਿਹੀਆਂ ਕਿਹੜੀਆਂ ਸ਼ਿਕਾਇਤਾਂ ਨੇ ਜੀ!’

‘ਥੋਡੀ ਟੀਚਰ ਨੇ ਸਾਡੇ ਜਵਾਕ ਨੂੰ ਅਵਾ ਤਵਾ ਕਿਉਂ ਬੋਲਿਐ?’

ਰਮਨਜੋਤ ਦੀ ਮਾਂ ਗੁੱਸੇ ’ਚ ਫੁੰਕਾਰਦੀ ਬੋਲੀ।

‘ਅਸੀਂ ਤਾਂ ਕਦੇ ਰਮਨ ਨੂੰ ਮਿੱਠੀ ਜਿਹੀ ਝਿੜਕੀ ਵੀ ਨ੍ਹੀਂ ਦਿੱਤੀ ਤੇ ਥੋਡੀ ਮਾਸਟਰਾਨੀ ਨੇ?’ ਬੱਚੇ ਦਾ ਪਿਤਾ ਰਤਾ ਹਰਖ਼ ਨਾਲ ਬੋਲਿਆ।

ਪ੍ਰਿੰਸੀਪਲ ਨੇ ਅਜੇ ਵੀ ਸਹਿਜਤਾ ਦਾ ਪੱਲਾ ਨਹੀਂ ਸੀ ਛੱਡਿਆ। ਉਨ੍ਹਾਂ ਸਪਸ਼ਟ ਕੀਤਾ, ‘ਇਕੱਲੀ ਟੀਚਰ ਨੇ ਹੀ ਨਹੀਂ ਮੈਂ ਵੀ ਪੂਰੇ ਮਾਮਲੇ ਦੀ ਤਫਤੀਸ਼ ਕੀਤੀ ਤੇ ਪਾਇਆ ਕਿ ਤੁਹਾਡਾ ਬੱਚੀ ਦੋਸ਼ੀ ਹੈ। ਉਸਨੇ ਪਹਿਲਾਂ ਵੀ ਕਈ ਕੁਤਾਹੀਆਂ ਕੀਤੀਆਂ ਨੇ, ਪਰ ਅਸੀਂ ਵਾਰਨਿੰਗ ਦੇ ਕੇ ਛੱਡ ਦਿੰਦੇ ਸੀ।’

ਪ੍ਰਿੰਸੀਪਲ ਨੇ ਅੱਗੇ ਕਿਹਾ, ‘ਰਮਨ ਨੂੰ ਇਸ ਵਾਰ ਵੀ ਸਮਝਾਇਆ ਸੀ ਪਰ ਉਸਨੇ ਸਾਡੀ ਟੀਚਰ ਨੂੰ ਗਾਲ੍ਹਾਂ ਕੱਢੀਆਂ ਤੇ ਚਪੇੜ ਵੀ ਦੇ ਮਾਰੀ। ਬੱਚਾ ਪੁੱਜ ਕੇ ਬਦਤਮੀਜ਼ ਹੈ, ਇਸ ਲਈ ਤੁਹਾਡੀ ਸ਼ਿਕਾਇਤ ਨਿਰਮੂਲ ਹੈ ਤੇ ਬੱਚੇ ਦਾ ਸਕੂਲ ’ਚੋਂ ਨਾਂ ਕੱਟ ਦਿੱਤਾ ਗਿਐ!’

ਇਸ ਤੋਂ ਪਹਿਲਾਂ ਕਿ ਰਮਨ ਦੇ ਮਾਂ ਪਿਓ ਵੀ ਆਪਣੇ ਬੱਚੇ ਵਾਂਗ ਹੀ ਕਿਸੇ ਬਦਤਮੀਜ਼ੀ ’ਤੇ ਉਤਰਦੇ ਪ੍ਰਿੰਸੀਪਲ ਨੇ ਹੁਕਮਰਾਨਾਂ ਲਹਿਜ਼ੇ ’ਚ ਕੇਵਲ ਏਨਾ ਹੀ ਆਖਿਆ, ‘ਮਿਹਰਬਾਨੀ ਕਰਕੇ ਹੁਣ ਤੁਸੀਂ ਚਲੇ ਜਾਓ!’

ਮੋਬਾ. 98145-07693

# ਨਕਸ਼ਦੀਪ ਪੰਜਕੋਹਾ ਰਚਿਤ "ਸੂਰਜ ਦੀ ਧੀ" : ਨਾਰੀ ਸੰਕਟ ਦੀ ਤ੍ਰਾਸਦਿਕ ਗਾਥਾ

ਪਰਵਾਸੀ ਪੰਜਾਬੀ ਨਾਵਲ ਸਮਕਾਲੀ ਪੰਜਾਬੀ ਸਾਹਿਤ ਦਾ ਇੱਕ ਵਿਲੱਖਣ ਅਤੇ ਮਹੱਤਵਪੂਰਨ ਅੰਗ ਬਣ ਚੁੱਕਾ ਹੈ। ਬੇਸ਼ੱਕ ਇਸਦਾ ਆਗਾਜ਼ ਬਰਤਾਨੀਆ ਦੇ ਵਿੱਚ ਹੋਇਆ ਪ੍ਰੰਤੂ ਇੱਕੀਵੀਂ ਸਦੀ ਦੀ ਸ਼ੁਰੂਆਤ ਤੱਕ ਇਹ ਯੂਰਪ ਦੇ ਕੁਝ ਮੁਲਕਾਂ ਅਮਰੀਕਾ, ਕੈਨੇਡਾ ਅਤੇ ਕੁਝ ਅਫਰੀਕੀ ਦੇਸਾਂ ਤੱਕ ਆਪਣਾ ਸਫ਼ਰ ਦਾ ਵਿਸਥਾਰ ਕਰਦਾ ਗਿਆ। ਪਰਵਾਸ ਵਿੱਚ ਵਿਚਰਦੇ ਮਨੁੱਖਾਂ ਨੂੰ ਵਿਚਾਰਧਾਰਾ ਤੇ ਜੀਵਨ ਸ਼ੈਲੀ ਦੇ ਨਾਲ ਜੁੜੀਆਂ ਵਿਭਿੰਨ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਨਿਰੰਤਰ ਪ੍ਰਤੀ ਉੱਤਰ ਬਣਨਾ ਪੈਂਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪ੍ਰਵਾਸ ਮਨੁੱਖੀ ਜ਼ਿੰਦਗੀ ਨੂੰ ਦੋਹਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰਦਾ ਹੈ। ਪਰਵਾਸ ਸ਼ਬਦ ਆਪਣੇ ਅੰਦਰ ਜ਼ਿੰਦਗੀ ਜਿਉਣ ਦੀ ਮਜ਼ਬੂਰੀ, ਪਰਾ- ਸੱਭਿਆਚਾਰਕ ਤੇ ਅੰਤਰ ਸਭਿਆਚਾਰਕ ਮਸਲੇ, ਨਸਲੀ ਵਿਤਕਰੇ, ਪੀੜ੍ਹੀ-ਪਾੜਾ, ਵਿਭਿੰਨ ਕਿੱਤਿਆਂ ਦੇ ਵਿੱਚ ਦਰਪੇਸ਼ ਸਮੱਸਿਆਵਾਂ, ਪਰਿਵਾਰਕ ਟੁੱਟ ਭੱਜ, ਔਰਤ ਦੇ ਬਜ਼ੁਰਗ ਦੀ ਸਥਿਤੀ, ਧਰਮ, ਰਾਜਨੀਤੀ, ਆਰਥਿਕਤਾ, ਭਾਸ਼ਾ, ਮਾਨਸਿਕ ਵੇਦਨਾਵਾਂ, ਰਿਸ਼ਤਿਆਂ ਦੇ ਵਿੱਚ ਆਈ ਕਾਮੁਕਤਾ, ਆਰਥਿਕਤਾ ਹੇਠ ਪਿਘਲਦੇ ਮਾਨਵੀ ਅਹਿਸਾਸ, ਚਾਰ ਦੀਵਾਰੀ ਵਿੱਚ ਵਿਆਹੁਤਾ ਜੀਵਨ ਦੇ ਟੁੱਟਦੇ ਅਹਿਸਾਸ, ਪਦਾਰਥਕ ਸੰਪਤੀ ਅਧੀਨ ਆਤਮਿਕ ਸਾਂਝਾ ਦੀ ਮੰਡੀ, ਨਵੇਂ ਲੋਕਾਂ ਦੀ ਨਵੀਂ ਮਾਨਸਿਕਤਾ ਦਾ ਸੰਕਲਪ,ਸਵੈ-ਪਹਿਚਾਨ ਸੰਕਟ ਦੇ ਮੁੱਦੇ, ਉਲਾਰ ਕਾਮੁਕ ਭਾਵਨਾਵਾਂ, ਇੱਕ ਤਰਫ਼ਾ ਸਵੈ-ਸਿਰਜਿਤ ਤਰਜੀਹ ਤੇ ਅਧਾਰਿਤ ਰਿਸ਼ਤੇ, ਭੂੰ-ਹੇਰਵਾ, ਸੱਭਿਆਚਾਰਕ ਮਿਸ਼ਰਣ, ਸਵੈ ਚਿੰਤਨ, ਨਸਲੀ ਵਿਤਕਰਾ, ਪੇਂਡੂ ਤੇ ਕਿਸਾਨੀ ਪਿਛੋਕੜ ਦੀ ਕਮਜ਼ੋਰੀ ਆਦਿ ਅਜਿਹੇ ਸੰਵੇਦਨਸ਼ੀਲ ਵਿਸ਼ੇ ਆਪਣੇ ਅੰਦਰ ਸਮੋਇ ਬੈਠਾ ਹੈ। ਜਿਸ ਨੂੰ ਸਮੇਂ - ਸਮੇਂ ਤੇ ਵੱਖ -ਵੱਖ ਗਲਪਕਾਰਾਂ ਨੇ ਆਪਣੀਆਂ ਵਿਧਾ ਮੂਲਕ ਰਚਨਾਵਾਂ ਦਾ ਆਧਾਰ ਬਣਾਇਆ ਹੈ। ਪੰਜਾਬੀ ਜਗਤ ਦੇ ਗਲਪਕਾਰਾਂ ਨੇ ਇੱਕ ਨਵੀਂ ਸੰਵੇਦਨਾਂ ਦੇ ਨਾਲ ਖੰਡਿਤ ਤੇ ਵਿਚਲਿਤ ਹੋਣ ਵਾਲੇ ਭਾਵਾਂ ਨੂੰ ਪ੍ਰਵਾਸੀ ਪੰਜਾਬੀ ਕਥਾ ਹੇਠ ਸਿਰਜਕੇ ਇੱਕ ਵੱਖਰਾ ਤੇ ਵਿਸਿਸ਼ਟ ਉਦੇਸ਼ ਗਲਪ ਰਚਨਾ ਰਾਹੀ ਰੂਪਮਾਨ ਕੀਤਾ ਹੈ।[1]

ਭਾਰਤ ਵਿੱਚ ਪ੍ਰਵਾਸ ਦੀ ਪ੍ਰਕਿਰਿਆ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਹੈ। ਹਿੰਦੁਸਤਾਨ ਵਿੱਚ ਇਹ ਪਰੰਪਰਾਵਾਂ ਆਰੀਅਨ ਲੋਕਾਂ ਦੇ ਆਉਣ ਨਾਲ ਅਤੇ ਆਪਣੇ ਸੱਭਿਆਚਾਰ ਦਾ ਵਿਸਥਾਰ ਕਰਨ ਦੇ ਨਾਲ ਜਨਮ ਲੈਂਦੀ ਹੈ। ਇਸ ਤੋਂ ਉਪਰੰਤ ਮਨੁੱਖੀ ਸੁਭਾਅ ਵਿੱਚ ਅਜਿਹਾ ਪਰਿਵਰਤਨ ਦੇਖਣ ਨੂੰ ਮਿਲਿਆ ਹੈ। 19ਵੀਂ ਸਦੀ ਦਾ ਅੰਤ ਅਤੇ 20ਵੀ ਸਦੀ ਦਾ ਆਰੰਭ, ਭਾਰਤ ਵਿੱਚ ਪੱਛਮੀ ਮੁਲਕਾਂ ਵੱਲੋਂ ਕੀਤੇ ਗਏ ਆਰਥਿਕ ਵਿਕਾਸ ਨੇ ਪ੍ਰਵਾਸ ਦੀ ਰੁਚੀ ਨੂੰ ਇਸ ਤਰ੍ਹਾਂ ਪ੍ਰੇਰਿਤ ਕੀਤਾ ਕਿ ਵਿਸ਼ਵ ਬਸਤੀਵਾਦੀ ਪ੍ਰਬੰਧ ਦੀ ਸਥਾਪਤੀ ਅਤੇ ਵਿਵਸਥਾ ਵਿੱਚ ਤਬਦੀਲ ਹੋ ਗਿਆ। "ਭਾਰਤ ਵਿੱਚ ਪ੍ਰਵਾਸ ਧਾਰਨ ਕਰਨ ਦਾ ਸਿਲਸਿਲਾ ਬਰਤਾਨਵੀ ਹਕੂਮਤ ਦੀ ਸਥਾਪਤੀ ਦੇ ਨਾਲ ਹੀ ਆਰੰਭ ਹੁੰਦਾ ਹੈ ਕਿਉਂਕਿ ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਬੀਆਂ ਨੇ ਰੁਜ਼ਗਾਰ ਦੀ ਤਲਾਸ਼ ਅਤੇ ਵਧੇਰੇ ਵਸੀਲਿਆਂ ਦੀ ਪ੍ਰਾਪਤੀ ਖਾਤਰ ਭਿੰਨ - ਭਿੰਨ ਦੇਸ਼ਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਸੁਭਾਅ ਦੇ ਤੌਰ ਤੇ ਮਿਹਨਤੀ, ਸਿਰੜੀ ਅਤੇ ਮੁਸ਼ਕਲਾਂ ਨਾਲ ਟਾਕਰਾ ਕਰਨ ਦੇ ਸਮਰਥ ਹੋਣ ਕਾਰਨ ਪੰਜਾਬੀ ਸਖ਼ਤ ਤੋਂ ਸਖ਼ਤ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦੇ ਸਨ। ਇਸ ਕਾਰਨ ਵਿਦੇਸ਼ਾਂ ਵਿੱਚ ਪੰਜਾਬੀ ਮਿਹਨਤਕਸ਼ਾਂ ਨੂੰ ਮਕਬੂਲੀਅਤ ਪ੍ਰਾਪਤ ਹੋ ਗਈ। ਇਸ ਤਰ੍ਹਾਂ ਬਰ੍ਹਮਾ, ਸਿਆਮ , ਮਲਾਈਆਂ, ਸਿੰਗਾਪੁਰ ਆਦਿ ਗਵਾਂਢੀ ਦੇਸ਼ਾਂ ਵਿੱਚ ਅਤੇ ਕਨੇਡਾ ਤੇ ਅਮਰੀਕਾ ਆਦਿ ਦੂਰ ਦੇਸ਼ਾਂ ਵਿੱਚ ਪਹੁੰਚ ਗਏ।"[2]

"ਪਰਵਾਸ ਨੇ ਜੇ ਡਾਲਰ, ਪੌਂਡ, ਰੁਪਏ ਤੇ ਅਸ਼ਰਫੀਆਂ ਦਿੱਤੀਆਂ ਤਾਂ ਵਕਤ ਦੇ ਅੰਤਰਾਲ ਨੇ ਨਾਲੋਂ - ਨਾਲ ਪਰਵਾਸੀ ਦੀ ਸ਼ਖਸ਼ੀਅਤ ਨੂੰ ਛਾਂਗਣ, ਤਰਾਸ਼ਣ, ਡੋਲਣ ਤੇ ਵਿਉਂਤਣ ਤੋਂ ਇਲਾਵਾ ਇੱਕ ਵਿਸ਼ੇਸ਼ ਕੀਮਤ ਵੀ ਮੰਗੀ, ਜਿਸ ਨੂੰ ਸਿਰਫ ਹੱਸਾਸ ਪਰਵਾਸੀ ਕਲਮਕਾਰਾਂ ਨੇ ਹੀ ਆਪਣੀਆਂ ਕਿਰਤਾਂ ਵਿੱਚ ਗੁੰਦਣ ਦੀ ਕੋਸ਼ਿਸ਼ ਕੀਤੀ ਹੈ। ਪੈਸਾ ਜਦੋਂ ਵੀ ਵਾਫ਼ਰ ਮਾਤਰਾ ਵਿੱਚ ਆਉਂਦਾ ਹੈ, ਆਪਣੀਆਂ ਸਮੱਸਿਆਵਾਂ ਵੀ ਨਾਲ ਲੈ ਕੇ ਆਉਂਦਾ ਹੈ।"[3]

ਮਨੁੱਖ ਬੇਸ਼ੱਕ ਵਿਦੇਸ਼ਾਂ ਦੇ ਵਿੱਚ ਆਪਣੀ ਆਰਥਿਕ ਲੋੜਾਂ ਦੀ ਪੂਰਤੀ ਕਰਕੇ ਦੁੱਖ ਸਹਿੰਦਾ ਹੈ ਪਰ ਇਸ ਦੇ ਨਾਲ ਹੀ ਵਿਦੇਸ਼ੀ ਧਰਤੀ ਤੋਂ ਵਾਪਸ ਪਰਤ ਜਾਣ ਦਾ ਅਹਿਸਾਸ ਵੀ ਪਲਦਾ ਰਹਿੰਦਾ। ਲੰਮਾ ਸਮਾਂ ਵਿਦੇਸ਼ੀ ਧਰਤੀ ਤੇ ਰਹਿ ਕੇ ਉਹ ਨਾ ਤਾਂ ਪੂਰੀ ਤਰ੍ਹਾਂ ਉੱਥੇ ਦੇ ਅਨੁਕਰਨ ਨੂੰ ਪ੍ਰਾਪਤ ਕਰਦਾ ਹੈ ਅਤੇ ਨਾ ਹੀ ਆਪਣੀ ਧਰਤੀ ਨੂੰ ਛੱਡ ਪਾਉਂਦਾ ਹੈ। ਸਮਕਾਲੀ ਸਮੇਂ ਵਿੱਚ ਵਿਦੇਸ਼ੀ ਧਰਤੀ ਤੇ ਪਰਿਵਾਰ ਸਮੇਤ ਵਿਸ਼ੇਵਾ ਕਰਨ ਦੇ ਨਵੇਂ ਸੰਕਟਾਂ ਦੀ ਨਿਸ਼ਾਨਦੇਹੀ ਹੋ ਰਹੀ ਹੈ। ਜਿਸਦੇ ਅਧੀਨ ਮਨੁੱਖ ਨੂੰ ਆਪਣੀ ਧਰਤੀ ਨਾਲ ਜੁੜੀਆਂ ਹੋਈਆਂ ਸਭਿਆਚਾਰ ਕਦਰਾਂ ਕੀਮਤਾਂ ਅਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਗਵਾਉਣਾ ਪੈਂਦਾ ਹੈ। ਅਜਿਹੀ ਸਥਿਤੀਆਂ ਉਸ ਲਈ ਵਿਡੰਬਣਾ ਪੈਦਾ ਕਰਦੀਆਂ ਹਨ।

ਸਲਮਾਨ ਰੁਸ਼ੈਦੀ ਅਨੁਸਾਰ "ਕੋਈ ਲੇਖਕ ਕਿਸੇ ਵੀ ਤਰ੍ਹਾਂ ਨਾਲ ਪ੍ਰਵਾਸੀ ਸਵੈ- ਇੱਛਿਤ ਜਲਾਵਤਨ ਆਦਿ ਹੋਵੇ, ਉਹ ਸਦਾ ਇਕ ਵਿਗੋਚੇ ਵਿੱਚ ਜਿਉਂਦਾ ਹੈ ਅਤੇ ਕਿਵੇਂ ਨਾ ਕਿਵੇਂ ਉਸਨੂੰ ਮੁੜ ਪੂਰਾ ਕਰਨਾ ਲੋਚਦਾ ਹੈ। ਇਸ ਲਈ ਕਸ਼ਟ ਸਹਿ ਕੇ ਵੀ ਅਤੀਤ 'ਚ ਝਾਕਦਾ ਹੈ। ਪਿੱਛੇ ਝਾਕਦਿਆਂ ਸਾਨੂੰ ਇਹ ਪਤਾ ਹੁੰਦਾ ਹੈ ਕਿ ਭਾਰਤ ਨਾਲ ਵਧੀ ਭੌਤਿਕ ਦੂਰੀ ਕਾਰਨ ਉਸ ਵਿਗੋਚੇ ਦੀ ਠੋਸ ਪੁਨਰ ਪੂਰਤੀ ਸੰਭਵ ਨਹੀਂ, ਪਰ ਜੋ ਹੋ ਸਕਦਾ ਹੈ ਉਹ ਇਹ ਹੈ, ਗਲਪ ਵਰਗਾ ਸਿਰਜ ਲਿਆ ਜਾਵੇ। ਭਾਵੇਂ ਗਲਪ ਵਿੱਚ ਵੀ ਵਾਸਤਵਿਕ ਸ਼ਹਿਰ ਜਾਂ ਪਿੰਡ ਨਹੀਂ ਆ ਸਕਣੇ ਸਗੋਂ ਕਾਲਪਨਿਕ ਮਾਤ ਭੂਮੀ ਹੋਵੇਗੀ ਅਤੇ ਸੁਪਨਿਆਂ ਦਾ ਭਾਰਤ ਹੋਵੇਗਾ।"[4]

ਸਾਹਿਤ ਹਮੇਸ਼ਾ ਹੀ ਚੇਤਨਾ ਤੇ ਸੰਵੇਦਨਾਂ ਦੇ ਉੱਪਰ ਸਿਰਜਿਆ ਜਾਂਦਾ ਹੈ। ਸਮਕਾਲੀ ਸਮੇਂ ਦੀਆਂ ਘਟਨਾਵਾਂ ਅਤੇ ਤੱਥਾਂ ਨੂੰ ਬਿੰਬ ਰੂਪ ਵਿੱਚ ਪੇਸ਼ ਕਰਨ ਵਾਲਾ ਗਲਪੀ ਰੂਪ ਨਾਵਲ ਆਪਣੇ ਦ੍ਰਿਸ਼ਟੀਕੋਣ ਅਤੇ ਸੋਚ ਤੋਂ ਮੌਲਿਕ ਸਿਰਜਨਾ ਦਾ ਸਾਧਨ ਹੈ। ਇਸ ਵਿੱਚ ਸਮਾਜਿਕ ਚੇਤਨਾ ਸਿਧਾਂਤਕ ਹੀ ਨਹੀਂ ਸਗੋਂ ਵਿਚਾਰਾਤਮਕ ਅਤੇ ਸਿਰਜਨਾਤਮਕ ਵੀ ਹੁੰਦੀ ਹੈ। ਸ਼ਿਵਚਰਨ ਗਿੱਲ ਅਨੁਸਾਰ "ਪੰਜਾਬੀ ਸੰਵੇਦਨਾਂ ਦੇ ਸਾਰੇ ਰੂਪ ਜਿਹੜੇ ਵਰਤਮਾਨ ਪੰਜਾਬੀ ਸਾਹਿਤ ਵਿੱਚ ਪ੍ਰਤਿਬਿੰਬਤ ਹੁੰਦੇ ਹਨ, ਗਤੀਸ਼ੀਲ ਹਨ ਅਤੇ ਜਿਹੜੇ ਰੂਪ ਖੜੋਤ ਦੀ ਅਵਸਥਾ ਨੂੰ ਪਹੁੰਚਦੇ ਹਨ, ਉਹ ਪਰੰਪਰਾਗਤ ਪੰਜਾਬੀ ਰੂੜ੍ਹੀਆਂ ਵਜੋਂ ਜਾਣੇ ਜਾਂਦੇ ਹਨ। ਰੂੜ੍ਹੀਆਂ ਪਰੰਪਰਾ ਦਾ ਉਹ ਭਾਗ ਹਨ ਜੋ ਵਿਅਕਤੀਸ਼ੀਲ ਹੋ ਚੁੱਕਾ ਹੈ, ਇਸ ਦਾ ਨਵੀਨੀਕਰਣ ਹੁਣ ਸੰਭਵ ਨਹੀਂ। ਸੋ ਯੁਗ ਅਨੁਕੂਲ ਪੰਜਾਬੀ ਚੇਤਨਾ ਉਦਾਂਤੀਕ੍ਰਿਤ ਰੂਪ ਹੀ ਵਰਤਮਾਨ ਸੰਵੇਦਨਾਂ ਹੈ।"[5]

ਪਦਾਰਥ ਦੇ ਸੁਖ ਦੀ ਅਨੁਭੂਤੀ ਨਾਲ ਮਨੁੱਖ ਆਪਣੇ ਆਪ ਨੂੰ ਇਕ ਨਵੇਂ ਰੂਪਾਂਤਰਿਤ ਸਮਾਜ ਵਿੱਚ ਵੇਖ ਕੇ ਮਾਨ ਮਹਿਸੂਸ ਕਰਦਾ ਹੈ ਪਰ ਘਰ ਵਾਸ ਤੇ ਪਰਵਾਸ ਦੀ ਅੰਤਰ ਸੰਵੇਦਨਾਂ ਦਾ ਤਣਾਓ ਨਾਲ-ਨਾਲ ਚਲਦਾ ਹੈ। ਪਰਵਾਸੀ ਆਪਣੀ ਮੂਲ ਪਹਿਚਾਣ ਦਾ ਮਸਲਾ ਆਪਣੇ ਘਰ ਨਾਲ ਜੋੜ ਕੇ ਵੇਖਦਾ ਹੈ। ਇਹੋ ਕਾਰਨ ਹੈ ਕਿ ਉਹ ਉੱਥੇ ਜੋ ਵੀ ਕਰਦੇ ਹਨ ਉਸ ਵਿੱਚ ਚਿੰਤਾ ਦਾ ਇਹ ਪਰਿਪੇਖ ਵੀ ਸ਼ਾਮਿਲ ਹੁੰਦਾ ਹੈ ਕਿ ਜੇ ਪਿੰਡ ਪਤਾ ਲੱਗ ਗਿਆ ਤਾਂ ਲੋਕ ਕੀ ਕਹਿਣਗੇ?

ਗੁਰਦੀਪ ਸਿੰਘ ਨਕਸ਼ਦੀਪ ਪੰਜਕੋਹਾ ਪੰਜਾਬੀ ਗਲਪ ਵਿੱਚ ਸਥਾਪਿਤ ਅਤੇ ਪ੍ਰਸਿੱਧ ਨਾਵਲਕਾਰ ਹੈ। ਉਸਦੇ ਨਾਵਲਕਾਰੀ ਦਾ ਪ੍ਰਮੁੱਖ ਫੋਕਸ ਪੰਜਾਬੀ ਜੀਵਨ ਦੇ ਬਿਰਤਾਂਤ ਉੱਪਰ ਕੇਂਦਰਿਤ ਹੈ। ਜਿਸ ਵਿੱਚ ਪ੍ਰਵਾਸੀ ਔਰਤ ਦੀ ਸੰਵੇਦਨਾਂ ਦਾ ਗੋਲਬਲੀ ਬਿਰਤਾਂਤ, ਰਿਸ਼ਤਿਆਂ ਦੇ ਨਿਘਾਰ ਦੀ ਗਾਥਾ, ਪ੍ਰਵਾਸੀ ਔਰਤ ਦੀ ਤ੍ਰਾਸਦੀ ,ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ, ਔਰਤ ਸੰਤਾਪ ਦੀ ਪੇਸ਼ਕਾਰੀ , ਸੱਭਿਆਚਾਰਕ ਤਣਾਓ , ਪ੍ਰਵਾਸ ਵਿੱਚ ਨਿਵਾਸ ਕਰਦੀ ਨਾਰੀ ਦੀ ਇੱਛਾ ਸਕਤੀ , ਔਰਤ ਦੀ ਘਰ ਸਿਰਜਣ ਦੇ ਨਵੇਂ ਪਰਿਪੇਖ , ਕੁੱਖ ਦੀ ਵਿਡੰਬਣਾ ਦੇ ਨਵੇਂ ਸਮੀਕਰਨ ਆਦਿ ਵਿਸ਼ਿਆਂ ਦੇ ਨਾਲ ਮਾਨਵੀ ਸੰਵੇਦਨਾਂ ਨੂੰ ਸਮੇਂ-ਸਮੇਂ ਤੇ ਨਾਵਲੀ ਹੁੰਗਾਰੇ ਰਾਹੀਂ ਪੇਸ਼ ਕਰਦਾ ਹੈ। ਇਹ ਪਰਵਾਸ ਅਤੇ ਪ੍ਰਵਾਸੀ ਜੀਵਨ ਦਾ ਨਵੇਕਲਾ ਬਿੰਬ ਸਿਰਜਦਾ ਹੈ। ਨਾਵਲ ਦੀ ਭਾਸ਼ਾ ਅਤੇ ਕਥਾ ਬਣਤਰ ਆਪਣੇ ਆਪ ਵਿੱਚ ਸ਼ਕਤੀਸ਼ਾਲੀ ਅਤੇ ਸੰਪੂਰਨ ਹੈ।ਨਾਵਲ ਨੂੰ ਕਲਾਤਮਕ ਪੱਖ ਤੋਂ ਬੜੀਆਂ ਹੀ ਬਰੀਕੀਆਂ ਦੇ ਨਾਲ ਰਿਸ਼ਤਿਆਂ ਦੇ ਤਾਰੋ ਪੀੜ ਹੁੰਦੇ ਅਹਿਸਾਸਾਂ ਰਾਹੀ ਸਿਰਜਿਆ ਗਿਆ ਹੈ। ਮਾਇਆ ਦੀ ਪੇਸ਼ਕਾਰੀ ਤੋਂ ਬਿਲਕੁਲ ਨਿਰਲੇਪ,ਪਤੀ-ਪਤਨੀ ਦੇ ਰਿਸ਼ਤੇ ਰਾਹੀਂ ਸਮਕਾਲੀ ਸਮੇਂ ਦੀਆਂ ਯਥਾਰਥਕ, ਮਨੋਵਿਗਿਆਨਿਕ ਅਤੇ ਅਧਿਆਤਮਿਕ ਦੇ ਸੰਕਲਪ ਨੂੰ ਨਵੇਂ ਪ੍ਰਤਿਮਾਨ ਦੇ ਰੂਪ ਵਿਚ ਪੇਸ਼ ਕਰਦਾ ਹੈ।

ਔਰਤ ਅਤੇ ਮਰਦ ਸਮਾਜ ਦੀ ਮੂਲ ਇਕਾਈ ਹਨ। ਇਹਨਾਂ ਦੋਹਾਂ ਦੀ ਹੋਂਦ ਸਮਾਜਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੰਦੀ ਹੈ। ਇਹ ਦੋਵੇਂ ਲਿੰਗ ਜਿੱਥੇ ਇੱਕ ਦੂਸਰੇ ਦੇ ਵਿਰੋਧੀ ਹਨ ਉਥੇ ਹੀ ਇੱਕ ਦੂਸਰੇ ਦੇ ਪੂਰਕ ਵਜੋਂ ਪਰਿਵਾਰਕ ਸੰਸਥਾ ਦੀ ਉਤਪੱਤੀ ਤੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਨਾਵਲ ਵਿੱਚ ਔਰਤ ਦੀ ਸਥਿਤੀ ਵਿੱਚ ਆਏ ਪਰਿਵਰਤਨ, ਔਰਤ ਮਰਦ ਦੇ ਆਪਸੀ ਰਿਸ਼ਤਿਆਂ ਦੁਆਰਾ ਵਿਸ਼ੇਸ਼ ਰੂਪ ਵਿੱਚ ਰੂਪਮਾਨ ਕੀਤਾ ਗਏ ਹਨ। ਔਰਤ ਮਰਦ ਦੇ ਰਿਸ਼ਤਿਆਂ ਦੀਆਂ ਵਿਭਿੰਨ ਸਮੀਕਰਨਾਂ ਨੂੰ ਮੁੱਖ ਰੂਪ ਵਿੱਚ ਪਤੀ-ਪਤਨੀ ਦੇ ਰਿਸ਼ਤੇ ਵਿੱਚ ਪ੍ਰਗਟ ਕੀਤਾ ਗਿਆ ਹੈ। ਔਰਤ ਆਪਣੇ ਅਸਤਿਤਵੀ ਹੋਂਦ ਦੀ ਪਵਿੱਤਰਤਾ ਨੂੰ ਆਪਣੇ ਪਤੀ ਵਰਤਾ ਜੀਵਨ ਦੀ ਨਿਉ ਜੜ੍ਹ ਮੰਨਦੀ ਹੈ।

"ਇਖਲਾਕ ,ਨੈਤਿਕਤਾ ,ਅਨੁਸ਼ਾਸਨ ਮਨ ਦੀ ਜਾਗਰੂਕਤਾ ਨਾਲ ਹੀ ਰੱਖੇ ਜਾਂਦੇ ਹਨ। ਜਿਹੜੇ ਉੱਚੇ ਚਾਲ ਚਲਣ ਦੀ ਬੁਲੰਦੀ ਸਿਰਜਦੇ ਹਨ। ਮਨੁੱਖੀ ਮਨ ਇਨਸਾਨ ਦਾ ਅਸਲ ਰਾਹਗੀਰ ਹੈ ਪਰ ਮਨ ਆਪਣੇ ਆਲੇ ਦੁਆਲੇ ਤੋਂ ਬਹੁਤ ਕੁਝ ਗ੍ਰਹਿਣ ਕਰਦਾ ਹੈ, ਚੰਗਾ ਤੇ ਮੰਦਾ। ਜੋ ਮਨ ਮੰਦੇ ਨੂੰ ਛੱਡ ਚੰਗੇ ਵੱਲ ਮੁੜਦਾ ਹੈ ਉਹ ਚੰਗੇ ਵਾਤਾਵਰਨ, ਨੈਤਿਕਤਾ ਤੇ ਚਾਲ - ਚਲਣ ਨੂੰ ਲੱਭਦਾ ਹੈ ਤੇ ਫਿਰ ਉਸ ਮਨ ਲਈ ਇਹ ਸਭ ਕੁੱਝ ਬਹੁਤ ਜਰੂਰੀ ਬਣ ਜਾਂਦਾ ਹੈ। ਗਲਤ ਵਾਤਾਵਰਨ ਸਭ ਕੁੱਝ ਹਿਲਾ ਕੇ ਰੱਖ ਦਿੰਦਾ ਹੈ। ਉੱਚਾ ਚਾਲ ਚਲਣ ਤੇ ਨੈਤਿਕਤਾ ਇਨਸਾਨ ਨੂੰ ਅਜਿਹੀ ਬੁਲੰਦੀ ਬਖ਼ਸ਼ਦੇ ਹਨ ਜਿਸ ਦੀਆਂ ਲੋਕ ਸਿਫਤਾਂ ਕਰਦੇ ਹਨ। ਇਹਨਾਂ ਗੁਣਾਂ ਨੂੰ ਸਾਂਭਦਿਆਂ ਜਵਾਨ ਹੋਏ ਇਸ ਨਾਵਲ ਦੀ ਮੁੱਖ ਪਾਤਰ ਜੱਸਪ੍ਰੀਤ ਸਾਡੇ ਸਾਹਮਣੇ ਆ ਖੜਦੀ ਹੈ ਜਿਹੜੀ ਇਨ੍ਹਾਂ ਗੁਣਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਆਧਾਰ ਮੰਨਦੀ ਹੈ। ਦੂਸਰੇ ਸ਼ਬਦਾਂ ਵਿੱਚ, ਇਸ ਹੱਥਲੇ ਨਾਵਲ ਵਿੱਚ ਇੱਕ ਉਸ ਔਰਤ ਦੀ ਕਥਾ ਪਾਈ ਗਈ ਹੈ ਜੋ ਉੱਚੇ ਚਾਲ ਚਲਣ ਨੂੰ ਮੁੱਖ ਰੱਖਦਿਆਂ ਆਪਣੀ ਇੱਜ਼ਤ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਮੰਨ ਕੇ ਜਿਉਣਾ ਲੋਚਦੀ ਹੈ, ਭਾਵੇਂ ਉਸਦੀ ਬਣਾਈ ਬੁਲੰਦੀ ਤੋਂ ਲਾਹੁਣ ਵਾਲੇ ਬਹੁਤ ਸਾਰੇ ਗਲਤ ਹਾਲਾਤਾਂ ਦਾ ਉਹਨੂੰ ਸਾਹਮਣਾ ਕਰਨਾ ਪੈਂਦਾ ਹੈ।"[6] ਨਾਵਲ ਆਪਣੇ ਆਪ ਵਿੱਚ ਸਮਕਾਲੀ ਪ੍ਰਵਾਸੀ ਜੀਵਨ ਦੀਆਂ ਸਮੱਸਿਆਵਾਂ ਨੂੰ ਵਿਚਾਰਧਾਰਕ

ਰੂਪ ਵਿੱਚ ਪੇਸ਼ ਕਰਦਾ ਹੈ। ਇਸ ਨਾਵਲ ਦਾ ਆਧਾਰ ਮਨੋਵਿਗਿਆਨਿਕ, ਸਮਾਜਵਾਦੀ, ਖੁੱਲੇ ਤੇ ਨਵੇਂ ਖਿਆਲਾਂ ਤੇ ਭਵਿੱਖ ਲਈ ਬਣ ਰਹੀ ਨਵੀਂ ਸੋਚ ਨੂੰ, ਭੂ-ਵਾਸ ਮਨੁੱਖ ਦੇ ਜੀਵਨ ਯਥਾਰਥ ਨਾਲ ਜੋੜ ਕੇ ਰੂਪਮਾਨ ਕਰਨਾ ਹੈ। ਨਾਵਲ ਦੀ ਨਾਇਕਾ ਦਾ ਆਪਣੀ ਅੰਦਰਲੀ ਤਾਕਤ ਨੂੰ ਆਪਣੀ ਸਿਆਣਪ ਨਾਲ ਕੇਂਦਰਿਤ ਕਰਨਾ ਤੇ ਸੂਰਜ ਦੇ ਵਾਂਗ ਆਪਣੀ ਅਸਤਿਤਵੀ ਹੋਂਦ ਨੂੰ ਚਮਕਾਉਣਾ,ਸਮਾਜਿਕ ਰਿਸ਼ਤਿਆਂ ਦੀ ਤਿਲਕਣ ਵਿੱਚੋਂ ਲੰਘ ਜਾਣਾ ਤੇ ਇੱਕ ਜੇਤੂ ਔਰਤ ਦੇ ਰੂਪ ਵਿੱਚ ਉਭਰਨਾ ਇਸ ਨਾਵਲ ਦਾ ਸਿਰਲੇਖੀ ਅਰਥ ਹੈ।

"ਤੂੰ ਚੀਜ਼ ਨਹੀਂ ਇੱਕ ਇਨਸਾਨ ਏਂ,ਸਮਝੀ! ਇਹੋ ਤਾਂ ਸਮੱਸਿਆ ਹੈ ਕਿ ਤੂੰ ਇੰਝ ਸੋਚਦੀ ਏਂ।ਤੂੰ ਖੰਡ ਵਰਗੀ, ਤੂੰ ਸ਼ਰਾਬ ਵਰਗੀ' ਇਹੋ ਜਿਹੇ ਸ਼ਬਦ ਸਾਫ਼ ਦੱਸਦੇ ਹਨ ਕਿ ਅਜਿਹਾ ਆਖਣ ਵਾਲੇ ਬੰਦੇ ਦੀ ਨੀਯਤ ਕੀ ਹੁੰਦੀ ਹੈ। ਆਹ ਜੋ ਵੀਡੀਓ ਉੱਤੇ ਫ਼ਖ਼ਰ ਨਾਲ ਮੁਲਾਕਾਤਾਂ ਕਰਦੇ ਹਨ ਗੰਦੇ ਗੀਤ ਲਿਖਣ ਵਾਲਿਆਂ ਨਾਲ, ਮੈਨੂੰ ਤਾਂ ਉਹ ਵੀ ਭੋਰਾ ਨਹੀਂ ਜਚਦੇ। ਇਹ ਜੋ ਮੁੰਡੇ ਅਵਾ ਤਵਾ ਬੋਲਦੇ ਹਨ, ਇਹ ਤਾਂ, ਕਿਉਂਕਿ ਇਨ੍ਹਾਂ ਉੱਤੇ ਗੰਦੇ ਗੀਤਾਂ ਦਾ ਹੀ ਪ੍ਰਭਾਵ ਹੈ, ਤੇ ਇਹ ਭੁੱਲ ਜਾਂਦੇ ਹਨ ਕਿ ਅਸੀਂ ਵੀ ਇਹਨਾਂ ਵਰਗੇ ਹੀ ਇਨਸਾਨ ਹਾਂ। ਅੜੀਏ, ਇਹਨਾਂ ਨੂੰ ਮੂੰਹ ਨਾ ਲਾ। ਕੋਈ ਪਾਗਲ ਮਗਰ ਲੱਗ ਗਿਆ, ਫਿਰ ਮਗਰੋਂ ਉਤਾਰਨਾ ਬੜਾ ਔਖਾ ਹੋ ਜਾਵੇਗਾ ਜਾਂ ਫਿਰ ਤੈਨੂੰ ਬਹੁਤ ਮਹਿੰਗਾ ਪਏਗਾ।"[7]

ਮਨੁੱਖ ਸਮਕਾਲੀ ਸਮਾਜ ਵਿੱਚ ਵਿਚਰਦਿਆਂ ਮਨੁੱਖੀ ਰਿਸ਼ਤਿਆਂ ਦੀ ਸਿਰਜਣਾ ਜਰੂਰ ਕਰਦਾ ਹੈ। ਇਹਨਾਂ ਰਿਸ਼ਤਿਆਂ ਦੀ ਆਧਾਰਸ਼ਿਲਾ ਮਨੁੱਖੀ ਵਲਵਲਿਆਂ ਅਤੇ ਵਿਚਾਰਾਂ ਦੀ ਆਤਮਿਕ ਸਾਂਝ ਹੁੰਦੀ ਹੈ। ਨਾਵਲ ਦੀ ਨਾਇਕਾ ਜੱਸਪ੍ਰੀਤ ਕੌਰ ਆਪਣੇ ਵਿਚਾਰਾਂ ਦੇ ਨਾਲ ਇੱਕ ਵੱਖਰੀ ਪ੍ਰਤੀਬੱਧਤਾ ਦੀ ਧਾਰਨੀ ਬਣਦੀ ਹੈ। ਸਮਕਾਲੀ ਸਮਾਜ ਵਿੱਚ ਸਵੈ-ਸਿਰਜਿਤ ਰਿਸ਼ਤਿਆਂ ਦੇ ਰਾਹੀਂ ਜ਼ਿੰਦਗੀ ਨੂੰ ਸਿਰਜਣ ਦਾ ਕਾਰਜ ਨਿਰੰਤਰ ਗਤੀਮਾਨ ਹੈ। ਨਾਇਕਾ ਨੂੰ ਜੋਬਨ ਰੁੱਤ ਵਿੱਚ ਹੀ ਇਸ ਗੱਲ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਹੋ ਜਾਂਦਾ ਹੈ ਕਿ ਸਮਾਜਿਕ ਜੀਵਨ ਦੀ ਸਿਰਜਣਾ ਸਵੈ ਸਿਰਜਿਤ ਰਿਸ਼ਤਿਆਂ ਦੇ ਉੱਪਰ ਚਿਰ ਸਥਾਈ ਨਹੀਂ ਹੁੰਦੀ। ਉਹ ਆਪਣੇ ਸਾਥੀਆਂ ਦੇ ਨਾਲ ਇਸ ਗੱਲ ਨੂੰ ਸਥਾਪਿਤ ਕਰਨਾ ਚਾਹੁੰਦੀ ਹੈ ਕਿ ਜੋ ਸਮਾਜ ਵਿੱਚ ਉਲਾਰ ਭਾਵਨਾਵਾਂ ਦੇ ਨਾਲ ਸਮਾਜਿਕ ਤਿਲਕਣਾ ਵਿੱਚ ਤਿਲਕ ਜਾਂਦੇ ਹਨ ਜਾਂ ਆਪਣੀਆਂ ਸਮਾਜਿਕ ਕਦਰਾਂ ਕੀਮਤਾਂ ਤੋਂ ਵੱਖਰਾ ਹੋ ਕੇ ਸੋਚਦੇ ਹਨ ਉਹਨਾਂ ਦੀ ਜ਼ਿੰਦਗੀ ਦਾ ਯਥਾਰਥਕ ਸੱਚ ਕਲਪਨਾਸ਼ੀਲ ਜ਼ਿੰਦਗੀ ਨਾਲੋਂ ਕਿਤੇ ਜਿਆਦਾ ਭਿਆਨਕ ਹੈ। ਜਸਪ੍ਰੀਤ ਆਪਣੀ ਵਿਦਿਅਕ ਸਮੇਂ ਤੋਂ ਹੀ ਮਨੁੱਖੀ ਰਿਸ਼ਤਿਆਂ ਪ੍ਰਤੀ ਸੰਵੇਦਨਸ਼ੀਲ, ਵਿਚਾਰਸ਼ੀਲ ਅਤੇ ਭਵਿੱਖ ਮੁਖੀ ਸੋਚ ਵਾਲੀ ਰਹੀ ਹੈ। ਜੋ ਇਨਸਾਨ ਸਮੇਂ ਦੇ ਨਾਲ ਨਹੀਂ ਚੱਲਦੇ ਤੇ ਸਮਾਂ ਉਹਨਾਂ ਦੀ ਕਦਰ ਨਹੀਂ ਕਰਦਾ। ਇਸ ਵਿਚਾਰਧਾਰਾ ਤੋਂ ਨਾਇਕਾ ਦੀ ਸੋਚ ਦਾ ਬਿੰਬ ਉਪਜ ਰਿਹਾ ਹੈ। ਸਵੈ-ਸਿਰਜਿਤ ਰਿਸ਼ਤੇ ਜਾਂ ਸਮਾਜ ਵਿਚਲੀਆਂ ਲੋੜਾਂ ਅਨੁਸਾਰ ਬਣਾਏ ਗਏ ਰਿਸ਼ਤੇ ਹਮੇਸ਼ਾ ਨਕਾਰਾਤਮਕ ਰੂਪ ਵਿੱਚ ਉਜਾਗਰ ਨਹੀਂ ਹੁੰਦੇ ਬਲਕਿ ਜ਼ਿੰਦਗੀ ਨੂੰ ਸਕਾਰਾਤਮਕ ਸੇਧਾਂ ਰਾਹੀਂ ਸਫਲਤਾ ਤੱਕ ਵੀ ਲੈ ਜਾਂਦੇ ਹਨ। ਪਰ ਨਾਵਲ ਵਿੱਚ ਆਰੰਭਕ ਵਾਰਤਾਲਾਪ ਵਿੱਚ ਹੀ ਨਵੇਕਲੀ ਵਿਚਾਰਧਾਰਾ ਪ੍ਰਗਟ ਕਰਨ ਨਾਲ ਇਹ ਪੱਖ ਸਪਸ਼ਟ ਹੋ ਜਾਂਦਾ ਹੈ ਕਿ ਨਾਇਕਾ ਸਮਕਾਲੀ ਜੀਵਨ ਦੀਆਂ ਲੋੜਾਂ ਤੋਂ ਭਲੀ ਭਾਂਤ ਜਾਣੂ ਹੈ ਅਤੇ ਉਸਦਾ ਦ੍ਰਿਸ਼ਟੀਕੋਣ ਵਿਗਿਆਨਿਕ, ਪ੍ਰਗਤੀਵਾਦੀ ਅਤੇ ਤਰਕਮਈ ਹੈ। ਜਿਸ ਵਿੱਚ ਮਨੁੱਖੀ ਵਲਵਲਿਆਂ, ਜਜਬਿਆਂ, ਭਾਵਨਾਵਾਂ ਅਤੇ ਅਹਿਸਾਸਾਂ ਦੀ ਕੋਈ ਥਾਂ ਨਹੀਂ। ਜੀਵਨ ਦਾ ਸੱਚ ਅਤੇ ਉਸਦਾ ਯਥਾਰਥਕ ਅਨੁਭਵ ਨਾਵਲ ਵਿਚ ਨਾਇਕਾ ਦੀ ਜ਼ਿੰਦਗੀ ਨੂੰ ਸਿਰਜਦਾ ਹੈ। ਇਸ ਕਾਰਨ ਨਾਇਕਾ ਨੂੰ ਸਮਾਜਿਕ ਜੀਵਨ ਵਿੱਚ ਪਿਆਰ ਦੇ ਨਾਂ ਹੇਠ ਹੋ ਰਹੇ ਔਰਤ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦਾ ਗਿਆਨ ਭਲੀਭਾਂਤ ਹੈ।

ਚਾਹ ਪੀਂਦਿਆਂ ਚਰਨਜੀਤ ਨੇ ਉਸ ਨੂੰ ਆਪਣੀ ਧੀ ਹੁਸਨਜੀਤ ਦੇ ਰਿਸ਼ਤੇ ਬਾਰੇ ਦੱਸਿਆ, "ਅਖ਼ਬਾਰ ਵਿੱਚ ਮੈਂ ਪੜ੍ਹਿਆ ਕਿ ਅਮਰੀਕਾ ਰਹਿੰਦੇ ਇੱਕ ਲੜਕੇ ਲਈ ਇੱਕ ਚੰਗੀ ਤੇ ਸੁਚੱਜੀ ਲੜਕੀ ਦੀ ਲੋੜ ਹੈ। ਲੜਕੇ ਦਾ ਤਲਾਕ ਹੋ ਗਿਆ ਸੀ ਤੇ ਉਸਦੀ ਉਮਰ 30 ਸਾਲ ਦੀ ਹੈ ਮਤਲਬ ਉਹ ਹੁਸਨਜੀਤ ਤੋਂ 10 ਸਾਲ ਵੱਡਾ। ਉਹਨਾਂ ਸਾਫ਼ ਲਿਖਿਆ ਕਿ ਉਹ ਚੁੰਨੀ ਪਾ ਕੇ ਲੜਕੀ ਨੂੰ ਵਿਆਹੁਣਗੇ। ਮੈਂ ਘਰੇ ਗੱਲ ਕੀਤੀ ਮੇਰੀ ਪਤਨੀ ਨੇ ਕਿਹਾ 10 ਸਾਲਾਂ ਦਾ ਫ਼ਰਕ ਕੁਝ ਨਹੀਂ ਹੁੰਦਾ ਗੱਲ ਵਧੀਆ ਇਹ ਸੀ ਕਿ ਦਾਜ ਦੀ ਸਮੱਸਿਆ ਨਹੀਂ ਕਿਉਂਕਿ ਸਾਡੇ ਕੋਲ ਦਾਜ ਦੇਣ ਲਈ ਕੁਝ ਹੈ ਹੀ ਨਹੀਂ।"[8]

ਮਨੁੱਖ ਪਰਵਾਸ ਧਾਰਨ ਕਰਦਾ ਹੈ ਤਾਂ ਉਸਦੇ ਜ਼ਿਹਨ ਵਿੱਚ ਘਰ ਦੀ ਆਰਥਿਕ ਤੇ ਸਮਾਜਿਕ ਹਾਲਤ ਨੂੰ ਮਜ਼ਬੂਤ ਕਰਨਾ ਹੁੰਦਾ ਹੈ। ਪਰਵਾਸ ਵਿੱਚ ਮਨੁੱਖ ਨੂੰ ਕਈ ਤਰ੍ਹਾਂ ਦੀ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਭੂ-ਹੇਰਵਾ ਅਤੀਤ ਦੀਆਂ ਸੱਭਿਆਚਾਰਕ ਤੰਦਾਂ ਦੇ ਨਾਲ ਮੋਹ ਦੀ ਸਥਾਪਤੀ ਦਾ ਰਿਸ਼ਤਾ ਸਿਰਜਦਾ ਹੈ। ਨਾਵਲ ਵਿੱਚ ਨਾਇਕਾ ਦੇ ਪਿਉ ਨੂੰ ਭਾਈਚਾਰਕ ਅਤੇ ਸਮਾਜਿਕ ਸਾਂਝ ਦੇ ਪੱਖੋਂ ਆਏ ਗਵਾਂਢੀ ਚਰਨਜੀਤ ਸਿੰਘ ਨੇ ਦੱਸਿਆ ਕਿ ਉਸਨੇ ਆਪਣੀ ਧੀ ਦੇ ਰਿਸ਼ਤੇ ਦੀ ਗੱਲ ਬਹੁਤ ਥਾਂਵਾਂ ਤੇ ਚਲਾਈ ਪ੍ਰੰਤੂ ਮੁੰਡਿਆਂ ਵੱਲੋਂ ਮੰਗੇ ਗਏ ਦਾਜ ਦੀ ਮੰਗ ਨੂੰ ਪੂਰਾ ਨਾ ਕਰਨ ਕਾਰਨ ਉਸ ਨੇ ਮਜਬੂਰ ਹੋ ਕੇ ਅਖ਼ਬਾਰ ਰਾਹੀਂ ਇਸ ਤਰ੍ਹਾਂ ਦਾ ਰਿਸ਼ਤਾ ਲੱਭਿਆ। ਇਸ ਰਿਸ਼ਤੇ ਵਿੱਚ ਉਹਨਾਂ ਨੂੰ ਸਮਾਜਿਕ, ਆਰਥਿਕ ਤੇ ਆਤਮਿਕ ਖੁਸ਼ੀ ਪ੍ਰਾਪਤ ਹੁੰਦੀ ਹੈ। ਨਾਵਲਕਾਰ ਇਹਨਾਂ ਪਾਤਰਾਂ ਦੀ ਸੋਚ ਰਾਹੀ ਸਮਕਾਲੀ ਸਮਾਜ ਦੇ ਯਥਾਰਥਕ ਬਿੰਬ ਨੂੰ ਸਿਰਜਣਾ ਚਾਹੁੰਦਾ ਹੈ।ਸਮਾਜ ਦੇ ਨਿਮਨ ਵਰਗ ਦੀ ਤਸਵੀਰਕਸ਼ੀ ਕੀਤੀ ਗਈ ਹੈ ਜਿਸ ਵਿਚ ਆਰਥਿਕ ਕਮਜ਼ੋਰੀ ਮਾਨਵੀ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ। ਸਮਾਜਿਕ ਨਾ ਬਰਾਬਰੀ ਕਾਰਨ ਨਿਮਨ ਵਰਗ ਅਤੇ ਮੱਧ ਵਰਗ ਆਪਣੀਆਂ ਸਾਂਝਾ ਸਮਾਜ ਵਿੱਚ ਨਹੀਂ ਪਾ ਸਕਿਆ। ਇਸ ਦੇ ਪਿੱਛੇ ਸਮਾਜ ਦੇ

ਪੂੰਜੀਵਾਦੀ ਵਰਗ ਵੱਲੋਂ ਮੰਗੀਆਂ ਜਾਂਦੀਆਂ ਵੱਡੀਆਂ-ਵੱਡੀਆਂ ਮੰਗਾਂ ਹਨ। ਸਮਾਜ ਦੀ ਮੂਲ ਧਾਰਾ ਤੋਂ ਵੱਖ ਹੋਏ ਇਹਨਾਂ ਵਰਗ ਦੇ ਲੋਕਾਂ ਲਈ ਪ੍ਰਵਾਸ ਵਿੱਚ ਵਿਆਹ ਕਰਨ ਦਾ ਕਾਰਨ ਜਿੱਥੇ ਆਰਥਿਕ ਸਥਿਤੀ ਤੋਂ ਕਮਜ਼ੋਰ ਹੋਣਾ ਹੈ ਉਸਦੇ ਪਿੱਛੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਵੀ ਅਚੇਤ ਰੂਪ ਵਿੱਚ ਉਦੇਸ਼ ਹੈ। ਸਥਿਤੀ ਉਸ ਵਕਤ ਹੋਰ ਭਿਆਨਕ ਹੋ ਜਾਂਦੀ ਹੈ ਜਦੋਂ ਇਹਨਾਂ ਭੋਲੇ ਭਾਲੇ ਲੋਕਾਂ ਨੂੰ ਹਕੀਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ਾਂ ਵਿੱਚ ਵਿਆਹੇ ਜਾਂਦੇ ਬੱਚਿਆਂ ਦੇ ਸੁਪਨੇ ਉਸ ਵਕਤ ਟੁੱਟ ਜਾਂਦੇ ਹਨ ਜਦੋਂ ਰਿਸ਼ਤਿਆਂ ਦੇ ਪਿੱਛੇ ਮੰਡੀਕਰਨ ਅਤੇ ਵਪਾਰੀਕਰਨ ਦੀਆਂ ਭਾਵਨਾਵਾਂ ਪ੍ਰਬਲ ਹੋ ਕੇ ਭਿਆਨਕ ਰੂਪ ਅਖਤਿਆਰ ਕਰਦੀਆਂ। ਪਰਵਾਸੀ ਮੁੰਡਿਆਂ ਦਾ ਉਮਰ ਤੋਂ ਜਿਆਦਾ ਵੱਡੇ ਹੋਣਾ, ਇਕ ਤੋਂ ਵੱਧ ਵਿਆਹ ਦਾ ਹੋਣਾ, ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਅਤੇ ਸਰੀਰਕ ਨਿਪੁੰਸਕਤਾ ਦੇ ਕਾਰਨ ਸਰਾਪੇ ਆਦਿ ਕਾਰਨਾਂ ਦੇ ਬਾਵਜੂਦ ਵਿਆਹ ਸਬੰਧ ਬਣਾਏ ਜਾਂਦੇ ਹਨ। ਇਹ ਸਥਿਤੀ ਵਿੱਚ ਸਿਰਫ ਆਰਥਿਕਤਾ ਨੂੰ ਹੀ ਆਧਾਰ ਬਣਾ ਕੇ ਮਨੁੱਖ ਆਪਣੀਆਂ ਸਭਿਆਚਾਰ ਕਦਰਾਂ ਕੀਮਤਾਂ ਤੋਂ ਟੁੱਟਦਾ ਹੋਇਆ ਪ੍ਰਵਾਸ ਵਿੱਚ ਵਿਚਰਦਾ ਹੈ। ਨਾਵਲ ਵਿੱਚ ਇਸ ਤਰ੍ਹਾਂ ਦਾ ਅਨੁਭਵ ਨਾਇਕਾ ਦੀ ਹੋਣੀ ਰਾਹੀਂ ਪ੍ਰਗਟ ਕੀਤਾ ਗਿਆ ਹੈ।

ਤਕਰੀਬਨ ਦੋ ਸਾਲ ਬਾਅਦ ਜੱਸਪ੍ਰੀਤ ਤੇ ਪਾਪਾ ਨੂੰ ਵਿਆਹ ਬਾਰੇ ਇੱਕ ਇਸ਼ਤਿਹਾਰ ਪਸੰਦ ਆਇਆ ਜਿਸ ਵਿੱਚ ਲਿਖਿਆ ਸੀ, 30 ਸਾਲ ਦੇ ਅਮਰੀਕਾ ਵਿੱਚ ਕਾਰੋਬਾਰ ਕਰ ਰਹੇ ਲੜਕੇ ਲਈ ਇੱਕ ਸੋਹਣੀ ਤੇ ਸੁਚੱਜੀ ਲੜਕੀ ਦੀ ਲੋੜ ਹੈ,ਵਿਆਹ ਬਹੁਤ ਸਾਦਾ,ਬਸ ਚੁਨੀ ਚੜ੍ਹਾ ਕੇ ਲੜਕੀ ਲੈ ਜਾਣ ਵਾਲਾ ਪਰ ਬਹੁਤ ਜਲਦੀ।[9]

ਮਨੁੱਖ ਸਮਾਜਿਕ ਇਕਾਈ ਹੋਣ ਕਾਰਨ ਹਮੇਸ਼ਾ ਹੀ ਆਪਣੇ ਤੋਂ ਉੱਪਰਲੇ ਵਰਗ ਨੂੰ ਤਰਜੀਹ ਦਿੰਦਾ ਆਇਆ ਹੈ। ਬੇਸ਼ੱਕ ਇਸਦੇ ਪਿੱਛੇ ਉਸ ਦੀ ਆਰਥਿਕ ਮਜ਼ਬੂਰੀ ਹੋਵੇ ਪਰ ਸਮਾਜ ਦੀ ਮੂਲ ਇਕਾਈ ਵਿੱਚ ਵੱਸਣ ਦੀ ਇੱਛਾ ਵੀ ਇਸ ਵਰਗ ਨੂੰ ਪ੍ਰਵਾਸ ਵੱਲ ਤੱਕਦੀ ਜਾ ਰਹੀ ਹੈ। ਨਾਵਲ ਦੇ ਨਾਇਕਾ ਦੇ ਪਿਤਾ ਨੇ ਵੀ ਸਮਾਜਿਕ ਜੀਵਨ ਦੇ ਪੂਰਤੀ ਲਈ ਅਤੇ ਇੱਕ ਧੀ ਦੇ ਪਿਉ ਹੋਣ ਦੇ ਫਰਜ਼ ਨੂੰ ਪੂਰਾ ਕਰਨ ਲਈ ਪ੍ਰਵਾਸ ਵਿੱਚ ਵੱਸਦੇ ਵੱਡੇ ਘਰਾਣੇ ਵਿਚ ਰਿਸ਼ਤਾ ਕਰਨ ਦਾ ਫੈਸਲਾ ਕਰ ਲਿਆ। ਅਜਿਹੇ ਰਿਸ਼ਤਿਆਂ ਦਾ ਦੂਸਰਾ ਪ੍ਰਸੰਗ ਉਸ ਸਮੇਂ ਪ੍ਰਗਟ ਹੁੰਦਾ ਹੈ ਜਦੋਂ ਆਰਥਿਕਤਾ ਵੱਸ ਪ੍ਰਵਾਸ ਕਰਦਿਆਂ ਆਰਥਿਕਤਾ ਦਾ ਮਸਲਾ ਤਾਂ ਹੱਲ ਹੋ ਜਾਂਦਾ ਹੈ ਪਰ ਵਿਆਹੇ ਗਏ ਮਨੁੱਖ ਦੀ ਹੋਂਦ ਦਾ ਮਸਲਾ ਪੈਦਾ ਹੋ ਜਾਂਦਾ ਹੈ। ਪਰਵਾਸੀ ਰਿਸ਼ਤਿਆਂ ਨੂੰ ਸਿਰਜਣ ਵਾਲੀ ਧਿਰ ਵਿੱਚ ਭਾਵੁਕਤਾ ਬਿਲਕੁਲ ਮਨਫੀ ਹੋ ਚੁੱਕੀ ਹੈ ਅਤੇ ਪੈਦਾ ਹੋਣ ਵਾਲੀ ਧਿਰ ਲਈ ਨਵੀਆਂ ਸਭਿਆਚਾਰਕ ਚੁਣੌਤੀਆਂ ਖੜੀਆਂ ਹੁੰਦੀਆਂ ਹਨ। ਇਸ ਤਰ੍ਹਾਂ ਸਮਾਜਿਕ ਰਿਸ਼ਤਿਆਂ ਨੂੰ ਆਰਥਿਕਤਾ ਦੀ ਕਮਜ਼ੋਰੀ ਦੇ ਰੂਪ ਵਿੱਚ ਸਿਰਜ ਲਿਆ ਜਾਂਦਾ ਹੈ ਜਿਸ ਵਿੱਚ ਉਮਰ ਦਾ ਖੱਪਾ ਅਮੀਰੀ ਦੇ ਭੰਡਾਰ ਵਿਚੋਂ ਪੂਰ ਲਿਆ ਜਾਂਦਾ ਹੈ।

ਮਿਹਰਬਾਨ ਸਿੰਘ ਬੋਲਿਆ, "ਤੁਸੀਂ ਆਪਣੀ ਧੀ ਦੇ ਦਿੱਤੀ ਅਸੀਂ ਸਮਝ ਲਿਆ ਕਿ ਤੁਸੀਂ ਸਭ ਕੁਝ ਦੇ ਦਿੱਤਾ ਹੈ। ਸਾਨੂੰ ਕੁਝ ਨਹੀਂ ਚਾਹੀਦਾ। ਦਸ ਕੁ ਬੰਦੇ ਆਉਣਗੇ, ਬਸ ਉਹਨਾਂ ਦੀ ਸਾਦੀ ਰੋਟੀ ਦੇ ਦੇਣੀ ਬਸ, ਕਿਉਂ ਬਈ ਨਵਿੰਦਰ।"[10]

ਵਿਸ਼ਵ ਦੇ ਵਿਕਾਸਸ਼ੀਲ ਦੇਸਾਂ ਵਿੱਚ ਜਾ ਕੇ ਕੜੀ ਮਿਹਨਤ ਸਦਕਾ ਆਪਣੇ ਆਪ ਨੂੰ ਆਰਥਿਕ ਅਤੇ ਸਮਾਜਿਕ ਤੌਰ ਤੇ ਮਜ਼ਬੂਤ ਕਰਨ ਵਾਲੇ ਪੰਜਾਬੀਆਂ ਨੇ ਆਪਣਾ ਇੱਕ ਵੱਖਰਾ ਸਮਾਜਿਕ ਅਕਸ ਸਥਾਪਿਤ ਕਰ ਲਿਆ ਹੈ। ਸਮਾਜਿਕ ਪ੍ਰਬੰਧ ਵਿੱਚ ਬੱਝੇ ਪ੍ਰਵਾਸੀ ਪੂੰਜੀਪਤੀ ਲੋਕਾਂ ਨੇ ਆਪਣੀ ਆਰਥਿਕ ਖੁਸ਼ਹਾਲੀ ਦੇ ਕਾਰਨ ਨਿਮਨ ਵਰਗ ਨੂੰ ਆਰਥਿਕ ਲੋਭ ਦੇ ਕੇ ਹਮੇਸ਼ਾ ਹੀ ਆਪਣੀਆਂ ਲੋੜਾਂ ਨੂੰ ਪੂਰਾ ਕੀਤਾ ਹੈ। ਹੱਥਲੇ ਨਾਵਲ ਵਿੱਚ ਵੀ ਇਸ ਤਰ੍ਹਾਂ ਦੀ ਹੀ ਕਹਾਣੀ ਵਾਪਰਦੀ ਹੈ ਜਦੋਂ ਜੱਸਪ੍ਰੀਤ ਦਾ ਪਿਉ ਆਪਣੀ ਆਰਥਿਕ ਕਮਜ਼ੋਰੀ ਦੀ ਸਥਿਤੀ ਨੂੰ ਪ੍ਰਗਟ ਕਰਦਾ ਹੈ ਤਾਂ ਪ੍ਰਵਾਸ ਤੋਂ ਆਈ ਧਿਰ ਉਹਨਾਂ ਨੂੰ ਧੀ ਦੇ ਬਦਲੇ ਸਭ ਕੁਝ ਛੱਡਣ ਦੀ ਗੱਲ ਕਰਦਾ। ਸਮਾਜ ਦੇ ਨਿਮਨ ਵਰਗ ਇਸ ਤਰ੍ਹਾਂ ਦੀ ਹਮਦਰਦੀ ਨਾਲ ਆਪਣਾ ਸਦੀਵੀ ਦੁੱਖ ਭੁੱਲ ਜਾਂਦੇ ਹਨ ਅਤੇ ਆਪਣੀਆਂ ਸਮਰਥਾਵਾਂ ਤੋਂ ਵੱਧ ਉਹਨਾਂ ਦਾ ਮਾਨ ਸਨਮਾਨ ਕਰਦੇ ਹਨ। ਨਿਮਨ ਵਰਗ ਦੀ ਅਮੀਰੀ ਆਪਣੀ ਧੀ ਨੂੰ ਪੁੱਤਾਂ ਵਾਂਗ ਪਾਲ ਕੇ ਸਮੇਂ ਦੇ ਹਾਣੀ ਬਣਾਉਣ ਵਿਚ ਹੈ ਜਾ ਉੱਚ ਸਿੱਖਿਆ ਰਾਹੀਂ ਸੁਨਹਿਰਾ ਭਵਿੱਖ ਸਿਰਜਣ ਦੀ ਹੈ।

ਨਾਵਲ ਵਿੱਚ ਵੱਡੀ ਉਮਰ ਦੇ ਨੌਜਵਾਨਾਂ ਦੁਆਰਾ ਘੱਟ ਉਮਰ ਦੀਆਂ ਸੁਣੱਖੀਆਂ, ਪੜ੍ਹੀਆਂ-ਲਿਖੀਆਂ, ਸੂਝ ਵਾਨ ਕੁੜੀਆਂ ਨੂੰ ਘਰ ਦੀ ਆਰਥਿਕ ਗਰੀਬੀ ਅਤੇ ਬੇਰੁਜ਼ਗਾਰੀ ਕਾਰਨ, ਧੋਖੇ ਤੇ ਝੂਠ ਨਾਲ ਵਿਆਹ ਕਰਾਉਣ ਦੀਆਂ ਪ੍ਰਵਾਸੀ ਪੰਜਾਬੀਆਂ ਦੇ ਮਾਨਸਿਕ ਗਿਰਾਵਟ ਅਤੇ ਚਰਿੱਤਰਘਾਤ ਦੇ ਚਿੰਤਾਜਨਕ ਵਿਸ਼ੇ ਨੂੰ, ਢੂੰਡਣ ਦਾ ਯਤਨ ਕਰਦਾ ਹੈ।

ਪਰ ਮੰਮੀ ਮੈਂ ਦੋ ਸਾਲ ਬਾਅਦ ਹੀ ਅਮਰੀਕਾ ਆਵਾਂਗੀ, ਕਿਉਂਕਿ ਮੈਂ ਐਮ .ਐਸ.ਸੀ ਕਰਨੀ ਏ ਹਿਸਾਬ ਵਿੱਚ। ਮੈਂ ਉਜਾਗਰ ਜੀ ਨਾਲ ਮੰਗਣੀ ਵੇਲੇ ਹੀ ਗੱਲ ਕਰ ਲਈ ਏ, ਉਹ ਕਹਿੰਦੇ ਸੀ ਠੀਕ ਏ", ਜਸਪ੍ਰੀਤ ਨੇ ਮਲਕੜੇ ਕਿਹਾ।[11]

ਜਸਪ੍ਰੀਤ ਬੇਸ਼ੱਕ ਘਰ ਦੀਆ ਮਜ਼ਬੂਰੀਆਂ ਅਤੇ ਹਾਲਾਤਾਂ ਦੇ ਕਾਰਨ ਪਰਵਾਸ ਵਿੱਚ ਜਾਣ ਲਈ ਰਾਜੀ ਸੀ ਪਰ ਆਪਣੇ ਨੈਤਿਕ ਕਦਰਾਂ-ਕੀਮਤਾਂ ਕਾਰਨ ਆਪਣੀ ਹੋਂਦ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਉਹ ਆਪਣੀ ਪੜ੍ਹਾਈ ਪੂਰੀ ਕਰਕੇ ਆਪਣੇ ਪੈਰਾਂ ਤੇ ਖੜਾ ਹੋਣਾ ਚਾਹੁੰਦੀ ਹੈ ਤੇ ਆਪਣੇ ਪਿਉ ਦੀ ਮਦਦ ਕਰਨ ਲਈ ਅੰਦਰੋਂ ਅੰਦਰੀ ਸੋਚਦੀ ਹੈ। ਉਸ ਨੂੰ ਆਪਣੇ ਪਿਉ ਦੇ ਇਕੱਲੇਪਣ ਦਾ ਅਹਿਸਾਸ ਹੈ। ਘਰ ਵਿੱਚ ਛੋਟੇ ਵੀਰ ਦੀ ਜ਼ਿੰਮੇਵਾਰੀ ਨੂੰ ਅਤੇ ਆਰਥਿਕ ਕਮਜ਼ੋਰੀ ਨੂੰ ਸਮਝਦੀ ਹੈ। ਇਹਨਾਂ ਕਾਰਨਾਂ ਕਰਕੇ ਨਾਇਕਾ ਜਿੱਥੇ ਆਪਣੀ ਪੜ੍ਹਾਈ ਪੂਰਾ ਕਰਨੀ ਚਾਹੁੰਦੀ ਹੈ ਨਾਲ ਹੀ ਆਪਣੇ ਪਰਿਵਾਰ ਦੀਆਂ ਆਰਥਿਕ ਸਮੱਸਿਆਵਾਂ ਨੂੰ ਦੂਰ ਕਰਨਾ ਲੋਚਦੀ ਹੈ।

ਸਜਾਤਾ ਵੀ ਵਿਆਹੀ ਹੋਈ ਸੀ ਉਸਦੇ ਵਿਆਹ ਨੂੰ ਤਕਰੀਬਨ ਚਾਰ ਸਾਲ ਹੋ ਚੁੱਕੇ ਸਨ, ਪਰ ਉਸਦੇ ਬੱਚਾ ਨਹੀਂ ਸੀ ਹੋਇਆ। ਉਸਨੇ ਜਸਪ੍ਰੀਤ ਨੂੰ ਦੱਸਿਆ ਕਿ ਉਸਦੇ ਪਤੀ ਵਿੱਚ ਨੁਕਸ ਤਾਂ ਕੋਈ ਨਹੀਂ ਸੀ ਪਰ ਉਸਦੇ ਸਪਰਮ ਖਰਾਬ ਸਨ ਤੇ ਉਸਦਾ ਦੇਸੀ ਇਲਾਜ ਵੀ ਚੱਲਦਾ ਆ ਰਿਹਾ ਸੀ ਪਰ ਅਜੇ ਫਰਕ ਕੋਈ ਨਹੀਂ ਸੀ ਕਹਿ ਰਿਹਾ।[12]

ਕਾਲਜ ਵਿੱਚ ਜਸਪ੍ਰੀਤ ਦੀ ਸਹੇਲੀ ਸਜਾਤਾ ਆਪਣਾ ਪਾਰਿਵਾਰਿਕ ਦੁੱਖ ਸਾਂਝਾ ਕਰਦੀ ਹੋਈ ਦੱਸਦੀ ਹੈ ਕਿ ਉਸਦੇ ਪਤੀ ਵਿੱਚ ਬੇਸ਼ੱਕ ਬਹੁਤ ਖ਼ਾਮੀਆਂ ਹਨ। ਉਹਨਾਂ ਖ਼ਾਮੀਆਂ ਦੇ ਨਾਲ ਉਸਦਾ ਪਰਿਵਾਰਕ ਜੀਵਨ ਖਿੰਡ ਰਿਹਾ ਹੈ। ਇਹਨਾਂ ਕਮੀਆਂ ਦੇ ਕਾਰਨ ਉਸ ਨੂੰ ਸਮਾਜਿਕ ਅਤੇ ਪਰਿਵਾਰਕ ਜੀਵਨ ਵਿੱਚ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।ਸਮਾਜਿਕ ਜੀਵਨ ਵਿੱਚ ਉਸ ਨੂੰ ਆਪਣੇ ਪਤੀ ਤੋਂ ਕੋਈ ਸ਼ਿਕਵਾ ਨਹੀਂ ਕਿਉਂਕਿ ਉਹ ਆਪਣੇ ਜੀਵਨ ਸਾਥੀ ਨੂੰ ਪਿਆਰ ਕਰਦੀ ਹੈ। ਉਸਦੀਆਂ ਸੱਚੀਆਂ ਸੁੱਚੀਆਂ ਭਾਵਨਾਵਾਂ ਦੀ ਕਦਰ ਕਰਦੀ ਹੈ। ਜੇਕਰ ਕਿਸੇ ਕਾਰਨ ਮਨੁੱਖ ਵਿੱਚ ਕੋਈ ਕੁਦਰਤੀ ਘਾਟ ਹੈ ਤਾਂ ਉਸ ਦਾ ਖਿਮਾਜਾ ਔਰਤ ਨੂੰ ਸਮਾਜਿਕ ਰਿਸ਼ਤਿਆਂ ਨੂੰ ਤੋੜ ਕੇ ਨਹੀਂ ਚੁਕਾਉਣਾ ਚਾਹੀਦਾ। ਰਿਸ਼ਤਿਆਂ ਦੇ ਵਿੱਚ ਆਪਣੇਪਨ ਦੇ ਅਹਿਸਾਸ ਦਾ ਹੋਣਾ ਜਰੂਰੀ ਹੈ ਨਾ ਕਿ ਮਨੁੱਖੀ ਘਾਟ ਦਾ ਪੂਰਾ ਹੋਣਾ। ਇਸ ਸੋਚ ਨਾਲ ਸਜਾਤਾ ਨੇ ਆਪਣੀ ਵਿਆਹੁਤਾ ਜ਼ਿੰਦਗੀ ਦੇ ਦੁੱਖ ਨੂੰ ਸਕਾਰਾਤਮਕ ਸੋਚ ਰਾਹੀਂ ਘਟ ਕਰ ਲਿਆ ਸੀ। ਨਾਇਕਾ ਲਈ ਇਹ ਵਾਰਤਾਲਾਪ ਉਸਦੇ ਪ੍ਰਵਾਸੀ ਜੀਵਨ ਦੀ ਆਧਾਰ ਸਿਲਾ ਬਣਦੀ ਹੈ ਜਿਸ ਵਿੱਚ ਉਸ ਨੂੰ ਆਪਣਾ ਆਉਣ ਵਾਲਾ ਭਵਿੱਖ ਦਿੱਖਦਾ ਹੈ। ਕਿਉਂਕਿ ਵਿਆਹ ਤੋਂ ਬਾਅਦ ਆਪਣੇ ਪਤੀ ਨਾਲ ਗੁਜ਼ਾਰੇ ਕੁੱਝ ਦਿਨਾਂ ਤੋਂ ਨਾਇਕਾ ਨੂੰ ਆਪਣੇ ਆਉਣ ਵਾਲੇ ਭਵਿੱਖ ਦੀਆਂ ਸਮੱਸਿਆਵਾਂ ਦਾ ਅਨੁਭਵ ਹੋ ਚੁੱਕਾ ਸੀ।

ਹੁਣ ਇਮਲੀ ਕੋਲੋਂ ਕੁੱਝ ਲੁਕਾਉਣਾ ਜੱਸਪ੍ਰੀਤ ਨੂੰ ਠੀਕ ਨਾ ਲੱਗਾ ਤੇ ਉਹ ਬੋਲੀ, "ਮੇਰਾ ਪਤੀ ਬੱਚਾ ਨਹੀਂ ਕਰ ਸਕਦਾ। ਉਹ ਬੇਵਸ ਹੈ...ਮੈਂ ਵਿਆਹੀ ਹੋਈ ਹਾਂ ਤੇ ਕਿਸੇ ਗੈਰ ਮਰਦ ਨਾਲ ਮੈਂ ਕਿਉਂ ਸੋਵਾਂ, ਦੱਸ ਮੈਨੂੰ? ਜੇ ਮੇਰਾ ਪਤੀ ਸਪਰਮ ਦੇ ਦੇਵੇ ਤੇ ਕੋਈ ਅਜਿਹੀ ਲੈਂਬ ਨਹੀਂ ਜਿਹੜੀ ਮੈਨੂੰ ਮੇਰੇ ਪਤੀ ਦੇ ਸਪਰਮ ਨਾਲ ਪ੍ਰੈਗਨੈਂਟ ਕਰ ਦੇਵੇ?"[13]

ਜਸਪ੍ਰੀਤ ਆਪਣੀ ਸਹੇਲੀ ਦੇ ਨਾਲ ਪਰਿਵਾਰਕ ਜ਼ਿੰਦਗੀ ਦੇ ਮਸਲੇ ਸਾਂਝੇ ਕਰਦੀ ਹੈ। ਜਿਸ ਵਿੱਚ ਆਪਣੇ ਨਾਮਰਦ ਪਤੀ ਦੀ ਗਲ ਸਾਂਝੀ ਕਰਦੀ ਹੈ। ਉਸਦੀ ਸਹੇਲੀ ਇਮਲੀ ਵੀ ਆਪਣੇ ਪਤੀ ਦੀ ਸਰੀਰਕ ਕਮਜ਼ੋਰੀ ਦੇ ਕਾਰਨ ਕਿਸੇ ਬਾਹਰਲੇ ਮਰਦ ਨਾਲ ਸੌਂਦੀ ਹੈ ਅਤੇ ਬੱਚਾ ਪ੍ਰਾਪਤ ਕਰਦੀ ਹੈ। ਇਹ ਸਥਿਤੀ ਵਿੱਚ ਉਹ ਨਾਇਕਾਂ ਨੂੰ ਵੀ ਇਸ ਤਰ੍ਹਾਂ ਦੀ ਸਲਾਹ ਦਿੰਦੀ ਹੈ। ਨਾਵਲ ਦੀ ਮੂਲ ਸਮੱਸਿਆ ਨਾਇਕਾ, ਇਸ ਤਰ੍ਹਾਂ ਦੇ ਵਿਚਾਰਧਾਰਾ ਨੂੰ ਸਵੀਕਾਰ ਨਹੀਂ ਕਰਦੀ। ਉਹ ਆਪਣੇ ਉੱਚੇ ਆਚਰਨ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਉੱਪਰ ਡਟ ਕੇ ਪਹਿਰਾ ਦਿੰਦੀ ਹੈ। ਇਸ ਤਰ੍ਹਾਂ ਦੀ ਸੋਚ ਨੂੰ ਉਹ ਆਪਣੇ ਉਪਰ ਹਾਵੀ ਨਹੀਂ ਹੋਣ ਦਿੰਦੀ। ਪੜ੍ਹੀ ਲਿਖੀ ਸੂਝਵਾਨ ਅਤੇ ਤਰਕਸ਼ੀਲ ਹੋਣ ਕਾਰਨ ਜੱਸਪ੍ਰੀਤ ਆਪਣੀ ਸਹੇਲੀ ਤੋਂ ਵਿਗਿਆਨਿਕ ਤਰੀਕੇ ਅਨੁਸਾਰ ਗਰਭਵਤੀ ਹੋਣ ਸਬੰਧੀ ਗੱਲ ਕਰਦੀ ਹੈ। ਸਾਇੰਸ ਅਤੇ ਟੈਕਨੋਲੋਜੀ ਨੇ ਮਨੁੱਖ ਦੇ ਅੰਦਰ ਤੇ ਬਾਹਰ ਸਭ ਕੁਝ ਘੋਖ ਰੱਖਿਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ। ਨਾਇਕਾ ਨੇ ਆਪਣੇ ਅਸਤਿਤਵ ਨੂੰ ਖੰਡਿਤ ਹੋਣ ਤੋਂ ਬਚਾਉਣ ਲਈ ਇਸ ਤਰ੍ਹਾਂ ਦੀ ਸੋਚ ਨੂੰ ਅਪਣਾਇਆ ਜੋ ਆਪਣੇ ਆਪ ਵਿੱਚ ਨਿਵੇਕਲੀ ਵਿਚਾਰਧਾਰਾ ਨੂੰ ਜਨਮ ਦਿੰਦੀ ਹੈ। ਨਾਵਲ ਦੀ ਪੇਸ਼ਕਾਰੀ ਇਸ ਵਿੱਚ ਉੱਚ ਦਰਜੇ ਦੀ ਹੈ। ਪੱਛਮੀ ਸਮਾਜ ਵਿੱਚ ਅਜਿਹੇ ਰਿਸ਼ਤਿਆਂ ਨੂੰ ਸਮਾਜਿਕ ਦਿੱਤੀ ਗਈ ਹੈ। ਔਰਤ ਆਪਣੀ ਹਰ ਤਰ੍ਹਾਂ ਨਾਲ ਸੰਤੁਸ਼ਟੀ ਕਰਨ ਲਈ ਆਜ਼ਾਦ ਹੈ। ਨਾਵਲ ਦੀ ਨਾਇਕਾ ਆਪਣੀ ਭਾਰਤੀ ਸੰਸਕ੍ਰਿਤੀ ਦੇ ਆਦਰਸ਼ਾਂ ਅਤੇ ਸਮਾਜਿਕ ਮੁੱਲਾਂ ਉੱਪਰ ਡਟ ਕੇ ਪਹਿਰਾ ਦਿੰਦੀ ਹੈ। ਉਹ ਜ਼ਿੰਦਗੀ ਦੀਆਂ ਸਥਿਤੀਆਂ ਪਰਿਸਥਿਤੀਆਂ ਵਿੱਚ ਡਾਮ ਡੋਲ ਨਹੀਂ ਹੁੰਦੀ। ਹਰ ਸਥਿਤੀ ਦਾ ਮੁਕਾਬਲਾ ਆਪਣੀ ਬੌਧਿਕਤਾ ਤੇ ਆਤਮਿਕ ਬਲ ਨਾਲ ਕਰਦੀ ਹੈ। ਬੇਸ਼ੱਕ ਉਸ ਨੂੰ ਪਗ-ਪਗ ਉਪਰ ਅਜਿਹੀਆਂ ਸਮਾਜਿਕ ਤਿਲਕਣਾ ਮਿਲੀਆਂ ਜਿਸ ਵਿੱਚ ਉਸਨੂੰ ਗ੍ਰਸ ਜਾਣ ਦਾ ਮੌਕਾ ਸੀ ਪ੍ਰੰਤੂ ਉਸਨੇ ਆਪਣੀ ਨਿਵੇਕਲੀ ਪਹਿਚਾਣ ਆਪਣੇ ਉੱਚੇ ਸੁੱਚੇ ਆਚਰਨ ਨਾਲ ਨਾਵਲ ਵਿੱਚ ਸਿਰਜੀ ਹੈ। ਇਹ ਵਿਚਾਰਧਾਰਾ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਦੀ ਅਮੀਰ ਪਰੰਪਰਾ ਕਦਰਾਂ ਕੀਮਤਾਂ ਦੀ ਪੇਸ਼ਕਾਰੀ ਹੈ।

ਉਪਰੋਕਤ ਇਸ ਖੋਜ ਕਾਰਜ ਦੇ ਆਧਾਰ ਤੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਨਾਵਲਕਾਰ ਗੁਰਦੀਪ ਸਿੰਘ ਨਕਸ਼ਦੀਪ ਪੰਜਕੋਹਾ ਪੱਛਮੀ ਨਾਵਲਕਾਰ ਹੈ। ਉਹਨਾਂ ਨੇ ਬਹੁਤ ਸਾਰੇ ਨਾਵਲਾਂ ਦੀ ਰਚਨਾ ਕੀਤੀ ਹੈ। 'ਸੂਰਜ ਦੀ ਧੀ' ਨਾਵਲ ਦੇ ਨਾਮ ਤੋਂ ਹੀ ਪਾਠਕ ਨਾਵਲ ਪੜ੍ਹਨ ਲਈ ਉਤਸੁਕ ਹੁੰਦੇ ਹਨ। ਇਹਨਾਂ ਨੇ ਆਪਣੇ ਨਾਵਲ ਦੇ ਸਿਰਲੇਖ ਨੂੰ ਬਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ ਤੇ ਸਾਬਤ ਵੀ ਕੀਤਾ ਹੈ। ਨਾਵਲ ਦਾ ਸਿਰਲੇਖ ਨਾਵਲ ਜਗਤ ਵਿੱਚ ਨਵੀਆਂ ਪੈੜ੍ਹਾਂ ਪਾਉਣ ਦਾ ਧਾਰਨੀ ਹੈ। ਪੂਰਵ ਕਾਲ ਵਿੱਚ ਜਾਂ ਪੂਰਬ ਸਾਹਿਤ ਵਿੱਚ ਪਾਈ ਹੋਈ ਲੀਹ ਤੇ ਤਾਂ ਹਰ ਕੋਈ ਤੁਰ ਸਕਦਾ ਹੈ ਇਹਨਾਂ ਨੇ ਆਪਣੇ ਨਾਵਲ ਰਾਹੀਂ ਔਰਤ ਦੇ ਉੱਚ ਚਰਿੱਤਰਕ ਹੋਂਦ ਨੂੰ ਪ੍ਰਵਾਸੀ ਜੀਵਨ ਦੇ ਸਮੀਕਰਨਾਂ ਵਿੱਚ ਨਵੇਂ ਦ੍ਰਿਸ਼ਟੀਕੋਣ ਤੋਂ ਨਵੀਆਂ ਪੈੜ੍ਹਾਂ ਰਾਹੀਂ ਸਿਰਜਿਆ ਹੈ। ਇਸ ਨਾਵਲ ਦੀਆਂ ਜੜ੍ਹਾਂ ਰਿਸ਼ਤਿਆਂ ਦੇ ਵਿੱਚ ਇਸ ਤਰ੍ਹਾਂ ਆਰ ਪਾਰ ਹੁੰਦੀਆਂ ਹਨ ਕਿ ਔਰ ਨੂੰ ਘਰੇਲੂ ਮੈਟਫਰ ਤੋੜ ਕੇ ਵਿਸ਼ਵੀ ਚੇਤਨਾ ਵਿੱਚ ਵੇਖਿਆ ਜਾਂਦਾ ਹੈ। ਇਸ ਚੇਤਨਾ ਵਿੱਚ ਔਰਤ ਦੇ ਆਪਣੇ ਆਲੇ ਦੁਆਲੇ ਅਤੇ ਸਮਾਜਿਕ ਰਿਸ਼ਤੇ ਸਭ ਛੁੱਟ ਜਾਂਦੇ ਹਨ। ਔਰਤ ਖੁਦ ਆਪਣੇ ਅੰਦਰ ਟੁੱਟਦੀ ਅਤੇ ਜੁੜਦੀ ਹੈ। ਪੱਛਮੀ ਦੇਸ਼ਾਂ ਦੇ ਵਿੱਚ ਭਾਰਤੀ ਸਭਿਅਤਾ ਸੰਸਕ੍ਰਿਤੀ ਦੀ ਪੈਰਵਾਈ ਕਰਦੀ ਹੋਈ ਨਾਵਲ ਦੀ ਨਾਇਕਾ ਆਪਣੇ ਉਚ ਆਚਰਨ ਅਤੇ ਅਸਤਿਤਵੀ ਹੋਂਦ ਨੂੰ ਬਰਕਰਾਰ ਰੱਖਦੀ ਹੈ। ਉਸ ਨੂੰ ਪੱਛਮ ਦੀ ਪਦਾਰਥਵਾਦੀ ਸੋਚ,

ਉਥੋਂ ਦਾ ਖੁੱਲਾਂ ਸਮਾਜਿਕ ਜੀਵਨ, ਵਿਆਹ ਰਹਿਤ ਮਨੁੱਖੀ ਸਬੰਧ, ਤਿੱਥੀ ਮੁਕਤ ਵਿਆਹ ਆਦਿ ਵਿਸਿਆਂ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੰਦੀ।

ਨਾਵਲ ਵਿੱਚ ਮੂਲ ਸਮੱਸਿਆਵਾਂ ਦੇ ਨਾਲ ਕਈ ਗੌਣ ਸਮੱਸਿਆਵਾਂ ਚਲਦੀਆਂ ਹਨ। ਜਿਸ ਵਿੱਚ ਪਾਰਿਵਾਰਿਕ ਜੀਵਨ ਦਾ ਅਧੂਰਾਪਨ ਸ਼ਾਮਿਲ ਹੈ। ਪਿਉ ਦਾ ਗਰੀਬ ਹੋਣਾ ਅਤੇ ਘਰ ਦੀ ਆਰਥਿਕ ਸਥਿਤੀ ਦਾ ਕਮਜ਼ੋਰ ਹੋਣਾ ਨਾਇਕਾ ਦੇ ਬਚਪਨ ਨੂੰ ਅਤੇ ਜਵਾਨੀ ਨੂੰ ਪ੍ਰਭਾਵਿਤ ਕਰਦਾ ਹੈ। ਪਿਉ ਵੱਲੋਂ ਆਪਣੀ ਧੀ ਨੂੰ ਸਮਾਜਿਕ ਵਧੀਕੀਆਂ ਤੋਂ ਬਚਾਉਣ ਲਈ ਪੁੱਤਾਂ ਵਾਂਗ ਸਿੱਖਿਆ ਦੇ ਕੇ ਪਾਲਿਆ ਜਾਂਦਾ ਹੈ। ਇਹ ਵਿਚਾਰਧਾਰਾ ਨਾਇਕਾ ਨੂੰ ਵਿਦੇਸ਼ਾਂ ਵਿੱਚ ਸਮਾਜਿਕ ਤਿਲਕਣਾ ਵਿੱਚ ਤਿਲਕਣ ਤੋਂ ਬਚਾਉਂਦੀ ਹੈ। ਪਿਉ ਵੱਲੋਂ ਦਿੱਤੀ ਗਈ ਨੈਤਿਕ, ਸਮਾਜਿਕ, ਪਾਰਿਵਾਰਿਕ ਅਤੇ ਉੱਚ ਚਰਿੱਤਰਕ ਦੀ ਸਿੱਖਿਆ ਨਾਲ ਜੱਸਪ੍ਰੀਤ ਕੌਰ ਆਪਣੇ ਪੰਜਾਬ ਅਤੇ ਵਿਦੇਸ਼ੀ ਸਮਾਜ ਵਿੱਚ ਵਿਸ਼ੇਸ਼ ਸਤਿਕਾਰ ਦੀ ਧਾਰਨੀ ਬਣਦੀ ਹੈ। ਉਸ ਦੀ ਨਵੇਕਲੀ ਸੋਚ ਨੇ ਨਾਵਲਕਾਰ ਨੂੰ ਜਿੱਥੇ ਨਾਵਲ ਲਿਖਣ ਲਈ ਪ੍ਰੇਰਿਆ ਹੈ ਉਥੇ ਉਸ ਦੀ ਇਸ ਪਹਿਲ ਕਦਮੀ ਨੇ ਪਰਵਾਸੀ ਔਰਤਾਂ ਦੇ ਗਿਰਦੇ ਜਾ ਰਹੇ ਕਿਰਦਾਰਾਂ ਵਿੱਚ ਨਵੀਂ ਜਾਣ ਪਾਈ ਹੈ।

ਪੰਜਾਬ ਦੀ ਹੋਣੀ ਬੇਸ਼ੱਕ ਇਸ ਤੋਂ ਪਹਿਲਾਂ ਦੇ ਨਾਵਲ ਰਾਹੀਂ ਰੂਪਮਾਨ ਹੋ ਚੁੱਕੀ ਹੈ। ਪਸਰਦੀ ਗਰੀਬੀ ਅਤੇ ਸਮਾਜਿਕ ਨਾ ਬਰਾਬਰੀ ਦੇ ਕਾਰਨ ਨਿਮਨ ਵਰਗ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਵਿਦੇਸ਼ਾਂ ਵਿੱਚ ਵਿਆਹੁਣ ਲਈ ਮਜਬੂਰ ਹੈ। ਇਹ ਸਮੱਸਿਆ ਨੇ ਬੇਸ਼ੱਕ ਪ੍ਰਵਾਸ ਨੂੰ ਤਰਜੀਹ ਦਿੱਤੀ ਹੈ ਪਰ ਨਾਵਲਕਾਰ ਨੇ ਇਸ ਸਮੱਸਿਆ ਨੂੰ ਬਹੁਤ ਹੀ ਬਰੀਕੀ ਨਾਲ ਸਮਾਜਿਕ ਪਰਿਪੇਖ ਤੋਂ ਔਰਤ ਦੇ ਮਾਨਸਿਕ ਸੰਕਲਪ ਤੱਕ ਘੋਖ ਕੇ ਪੇਸ਼ ਕੀਤਾ ਹੈ। ਪਰਿਵਾਰ ਦੀਆਂ ਮਜ਼ਬੂਰੀਆਂ ਅਤੇ ਪਿਉ ਦੀ ਵੱਧਦੀ ਉਮਰ, ਮਾਂ ਦਾ ਸਾਇਆ ਸਿਰ ਉਪਰ ਨਾ ਹੋਣ ਦਾ ਅਹਿਸਾਸ ਜੱਸਪ੍ਰੀਤ ਨੂੰ ਬਚਪਨ ਤੋਂ ਹੀ ਖਲਦਾ ਆ ਰਿਹਾ ਸੀ। ਜ਼ਿੰਮੇਵਾਰੀਆਂ ਇਨਸਾਨ ਨੂੰ ਸਿਆਣਾ ਬਣਾ ਦਿੰਦੀਆਂ ਹਨ। ਨਾਇਕਾ ਨੂੰ ਵੀ ਨਾਵਲਕਾਰ ਨੇ ਨਾਵਲ ਦੀ ਮੂਲ ਸਮੱਸਿਆ ਵਿੱਚ ਪੇਸ਼ ਕਰਕੇ ਉਸਦੇ ਜੀਵਨ ਬਿਰਤਾਂਤ ਤੋਂ ਸਮੁੱਚੀ ਔਰਤ ਨੂੰ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਹੈ। ਪੂੰਜੀਵਾਦੀ ਵਿਕਾਸਸ਼ੀਲ ਪੱਛਮੀ ਦੇਸ ਜਿੱਥੇ ਔਰਤ ਨੂੰ ਸਿਰਫ ਭੋਗਣ ਦੀ ਵਸਤੂ ਵਜੋਂ ਲਿਆ ਜਾਂਦਾ ਹੈ। ਜਿੱਥੇ ਰਿਸ਼ਤੇ ਸਿਰਫ ਪਦਾਰਥਕ ਰੂਪ ਵਿੱਚ ਵਰਤੇ ਅਤੇ ਬਦਲੇ ਜਾਂਦੇ ਹਨ। ਮਨੁੱਖ ਮਸ਼ੀਨਾਂ ਵਿੱਚ ਤਬਦੀਲ ਹੋਏ ਅਹਿਸਾਸਾਂ ਅਤੇ ਜਜ਼ਬਿਆਂ ਤੋਂ ਸੱਖਣੇ ਹੋ ਕੇ ਰਿਸ਼ਤੇ ਨਿਭਾਉਂਦੇ ਹਨ। ਔਰਤ ਨੂੰ ਪਰਿਵਾਰ ਸਮਝਣ ਦੀ ਥਾਂ ਭੋਗਣ ਦੀ ਬਿਰਤੀ ਪ੍ਰਬਲ ਹੈ। ਅਜਿਹੇ ਸਮਾਜ ਵਿੱਚ ਆਪਣੇ ਵਿਰਸੇ ਦੀ ਅਤੇ ਭਾਰਤੀ ਸੰਸਕ੍ਰਿਤੀ ਦੀ ਰਖਵਾਲੀ ਕਰਦੀ ਹੋਈ ਨਾਵਲ ਦੀ ਨਾਇਕਾ ਜੱਸਪ੍ਰੀਤ ਕੌਰ ਸੂਰਜ ਦੀ ਕਿਰਨ ਵਾਂਗ ਚਮਕਦੀ ਹੈ। ਜਿਸ ਵਿੱਚ ਆਪਣੇ ਅਕਸ ਨੂੰ, ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਬਲ ਹੈ। ਸਮਾਜਿਕ ਬੁਰਾਈਆਂ ਨਾਲ ਭਰੇ ਹੋਏ ਸਭਿਆਚਾਰ ਵਿੱਚ ਰਹਿੰਦੀ ਹੋਈ ਆਪਣੇ ਉੱਚ ਚਰਿੱਤਰ ਨੂੰ ਅਤੇ ਨੈਤਿਕ ਕੀਮਤਾਂ ਨੂੰ ਛੱਡਦੀ ਨਹੀਂ ਬਲਕਿ ਹਰ ਸਮੱਸਿਆ ਦਾ ਨਿਡਰਤਾ ਨਾਲ ਮੁਕਾਬਲਾ ਕਰਦੀ ਹੈ। ਸ਼ਾਇਦ ਇਹ ਤਾਂ ਹੀ ਸੰਭਵ ਹੋ ਸਕਿਆ ਕਿਉਂਕਿ ਪਿਉ ਵੱਲੋਂ ਦਿੱਤੀ ਗਈ ਤਾਲੀਮ ਨੇ ਉਸ ਨੂੰ ਵਿਕਾਸਸ਼ੀਲ ਪੱਛਮੀ ਦੇਸਾਂ ਦੇ ਵਿੱਚ ਵਿਚਰਨ ਦੇ ਯੋਗ ਬਣਾ ਦਿੱਤਾ ਸੀ। ਇਸ ਨਾਵਲ ਵਿਚ ਵਿਸ਼ੇ ਦੀ ਸਾਰਥਿਕਤਾ ਨੂੰ ਔਰਤ ਦੇ ਸਮਾਜਿਕ ਪਰਿਪੇਖ ਤੋਂ ਪੱਛਮੀ ਵਿਕਾਸਸ਼ੀਲ ਦੇਸਾਂ ਵਿਚਲੇ ਰਿਸ਼ਤਿਆਂ ਤੱਕ ਵਿਸਥਾਰ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਜਿਸ ਵਿੱਚ ਨਾਵਲ ਦੀ ਮੁੱਖ ਪਾਤਰ ਨੇ ਔਰਤ ਨੂੰ ਸਮਾਜਵਾਦੀ, ਪ੍ਰਗਤੀਵਾਦੀ ਅਤੇ ਮਨੋਵਿਗਿਆਨਿਕ ਪੱਖ ਤੋਂ ਨਿਵੇਕਲੀ ਚੇਤਨਾ ਵਾਲੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ ਹੈ। ਔਰਤ ਦੀ ਹੋਣੀ ਸਿਰਫ ਉਸਦੇ ਸਵੀਕਾਰ ਕਰਨ ਤੇ ਵਾਪਰਦੀ ਹੈ ਜੇਕਰ ਉਹ ਚਾਹੇ ਤਾਂ ਆਪਣੇ ਕਿਰਦਾਰ ਅਤੇ ਸਭਿਆਚਾਰਕ ਮੁੱਲਾਂ ਨੂੰ ਕਾਇਮ ਰੱਖ ਸਕਦੀ ਹੈ। **ਸੂਰਜ ਦੀ ਧੀ** ਨਾਵਲ ਰਾਹੀਂ ਨਕਸ਼ਦੀਪ ਪੰਜਕੋਹਾ ਨੇ ਔਰਤ ਦੀ ਤ੍ਰਾਸਦੀ ਨੂੰ ਗਲੋਬਲੀ ਪਰਿਪੇਖ ਵਿੱਚ ਦ੍ਰਿਸ਼ਟੀਗੋਚਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਨਿਵੇਕਲੀ ਸੋਚ ਅਤੇ ਵੱਖਰੀ ਚੇਤਨਾ ਵਾਲਾ ਹੈ। ਨਾਵਲ ਦੇ ਵਿਸ਼ੇ ਦੀ ਸਾਰਥਿਕਤਾ ਔਰਤ ਦੇ ਅਸਤਿਤਵ ਨੂੰ ਉੱਚੇਆਉਣ ਦੇ ਪੱਖ ਤੋਂ ਵਡਮੁੱਲੀ ਹੈ।

## ਹਵਾਲੇ ਅਤੇ ਟਿੱਪਣੀਆਂ


1. Punjaibpeida.org, 7feb.1.30Pm
2. ਸੁਰਿੰਦਰ ਪਾਲ ਸਿੰਘ (ਡਾ.), 'ਵਿਸ਼ਵ ਪੰਜਾਬੀ ਸਾਹਿਤ: ਰਾਸ਼ਟਰੀ ਜਾਗਰੂਕਤਾ, ਪ੍ਰਵਾਸੀ ਪੰਜਾਬੀ ਸਾਹਿਤ, (ਸੰਪਾਦਕ ਤੇ ਲੇਖਕ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 1990, ਪੰਨਾ 9.
3. ਡਾ. ਹਰਚੰਦ ਸਿੰਘ ਬੇਦੀ 'ਪਰਵਾਸ ਅਤੇ ਪ੍ਰਵਾਸੀ ਸਾਹਿਤ' ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 2005, ਪੰਨਾ 15.
4. Selman Rushide, Imaignary Homelands: Essays and Ciriticsm, 1981-1991, p.10.
5. ਸ਼ਿਵਚਰਨ ਗਿੱਲ, ਖੋਜ ਦਰਪਣ, ਪੰਨਾ 58.
6. ਗ.ਸ. ਨਕਸ਼ਦੀਪ ਪੰਜਕੋਹਾ, 'ਸੂਰਜ ਦੀ ਧੀ' (ਨਾਵਲ), Autumn Arts, Paitala, 2024 ਪੰਨਾ-7.
7. ਉਹੀ, ਪੰਨ 14.
8. ਉਹੀ, ਪੰਨਾ 27.
9. ਉਹੀ, ਪੰਨਾ 31.
10. ਉਹੀ, ਪੰਨਾ 41.
11. ਉਹੀ, ਪੰਨਾ 49.
12. ਉਹੀ, ਪੰਨਾ 53.
13. ਉਹੀ, ਪੰਨਾ 94.


• • •

**ਮੋਬਾ. 98153 97490**

## ਪੁਸਤਕ ਚਰਚਾ

- **ਮਰਦਮਸ਼ੁਮਾਰੀ ਤੇ ਹੋਰ ਕਹਾਣੀਆਂ** (ਸੰਪਾ.) **ਪ੍ਰੇਮ ਮਾਨ**

ਅੱਜਕੱਲ੍ਹ ਦੇ ਆਪੋ ਧਾਪੀ ਦੇ ਸਮਿਆਂ ਵਿੱਚ ਕਥਾਕਾਰ ਡਾ਼ ਪ੍ਰੇਮ ਮਾਨ ਦੀ ਸੁਹਿਰਦਤਾ ਦੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ ਦੂਜੇ ਕਹਾਣੀਕਾਰਾਂ ਦੀਆਂ ਪਿਛਲੇ ਸਾਲ ਛਪੀਆਂ ਕਹਾਣੀਆਂ ਵਿੱਚੋਂ ਆਪਣੀ ਪਸੰਦ ਦੀਆਂ ਬਾਰਾਂ ਕਹਾਣੀਆਂ ਚੁਣੀਆਂ ਤੇ ਉਹਨਾਂ ਨੂੰ ਕਿਤਾਬੀ ਰੂਪ ਦਿੱਤਾ ਹੈ।

ਇਹਨਾਂ ਵਿੱਚੋਂ ਪਹਿਲੀ ਕਹਾਣੀ ਆਗਾਜ਼ ਬੀਰ ਦੀ ਹੈ, 'ਸਹੁੰ ਦੀ ਪਿਓਂਦ'। ਇਸ ਵਿੱਚ ਐਸੇ ਲੇਖਕ ਦਾ ਜ਼ਿਕਰ ਹੈ ਜਿਸ ਨੂੰ ਆਪਣੀ ਪੜ੍ਹਾਈ ਦਾ ਖਰਚ ਦੇਣ ਵਾਲੇ ਨਾਲ ਕੀਤੇ ਵਾਅਦੇ ਦੇ ਮੁਤਾਬਿਕ ਉਸ ਦੀ ਦੱਸੀ ਹੋਈ ਲੜਕੀ ਨਾਲ ਵਿਆਹ ਕਰਵਾ ਕੇ ਸਹੁਰਿਆਂ ਦੇ ਹੀ ਘਰ ਰਹਿਣ ਵਾਸਤੇ ਮਜਬੂਰ ਹੋਣਾ ਪੈਂਦਾ ਹੈ। ਉੱਥੇ ਬਹੁਤ ਪਰੇਸ਼ਾਨੀ ਦੀ ਹਾਲਤ ਵਿੱਚ ਰਹਿੰਦਿਆਂ ਉਹ ਕਹਾਣੀਆਂ ਲਿਖਦਾ ਹੈ। ਜਦੋਂ ਹੀ ਉਹ ਨਰਕ ਵਰਗੇ ਹਾਲਾਤ ਵਿੱਚ ਜਿਊਣ ਨੂੰ ਛੱਡ ਕੇ ਜਾਣ ਦਾ ਫੈਸਲਾ ਕਰਦਾ ਹੈ, ਉਸ ਦੀ ਪਤਨੀ ਦਾ ਮਨ ਉਸ ਦੀਆਂ ਕਹਾਣੀਆਂ ਪੜ੍ਹ ਕੇ ਬਦਲ ਚੁੱਕਾ ਹੁੰਦਾ ਹੈ। ਇਸ ਤਰ੍ਹਾਂ ਸ਼ਬਦ ਸ਼ਕਤੀ ਤੇ ਸਹੁੰ ਦੀ ਪਿਓਂਦ ਦਾ ਕਮਾਲ ਸਿੱਧ ਹੁੰਦਾ ਹੈ। ਦੂਜੀ ਕਹਾਣੀ ਸਵਾਮੀ ਸਰਬਜੀਤ ਦੀ 'ਮੰਦ ਮੰਦ' ਹੈ। ਇਸ ਵਿੱਚ ਪਾਤਰ ਗੁਰਦਿੱਤਾ ਸਧਾਰਨ ਬੁੱਧੀ ਦਾ ਮਾਲਕ ਹੈ, ਜਿਸ ਨੂੰ ਇੱਕ ਡੇਰੇ ਦੇ ਸਾਧ ਲਗਾਤਾਰ ਲਾਰੇ ਲਾ ਕੇ ਮੂਰਖ ਬਣਾਇਆ ਜਾਂਦਾ ਹੈ। ਕਹਾਣੀ ਡੇਰਿਆਂ ਮਗਰ ਲੱਗਣ ਵਾਲੇ ਆਮ ਲੋਕਾਂ ਨੂੰ ਡੇਰਿਆਂ ਦੀ ਅਸਲੀਅਤ ਦਸਮਝਾਉਣ ਵਾਲੀ ਹੈ। ਤੀਜੀ ਕਹਾਣੀ ਹਰਕੀਰਤ ਕੌਰ ਚਹਿਲ ਦੀ ਹੈ 'ਬਲੈਕ ਵਿਡੋ'। ਇਹ ਕਹਾਣੀ ਏਧਰੋਂ ਸੁਪਨੇ ਲੈ ਕੇ ਜਾਣ ਵਾਲੇ ਭੋਲੇ ਭਾਲੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਵਾਲੀਆਂ ਆਵਾਰਗੀ ਦੇ ਰਾਹ ਪਈਆਂ ਲੜਕੀਆਂ ਦੀ ਅਸਲੀਅਤ ਜ਼ਾਹਰ ਕਰਦੀ ਹੈ। ਉਹਨਾਂ ਦੇ ਜਾਲ ਵਿੱਚ ਫਸ ਕੇ ਭੋਲੇ ਤੇ ਅਨਜਾਣ ਨੌਜਵਾਨਾਂ ਦੇ ਮਰਨ ਦੇ ਕਾਰਨਾਂ ਤੇ ਚਾਨਣਾ ਪਾਉਂਦੀ ਹੈ।ਅਗਲੀ ਕਹਾਣੀ ਕਮਲ ਸੇਖੋਂ ਦੀ ਹੈ 'ਮਹਿਕਾਂ ਦਾ ਕੀ ਰੱਖੀਏ ਨਾਂ'। ਇਸ ਕਹਾਣੀ ਵਿਚ ਘੁਮੱਕੜ ਖਾਨਾਬਦੋਸ਼ ਕਬੀਲੇ ਦੀ ਜ਼ਿੰਦਗੀ ਤੇ ਝਾਤ ਪੁਆਉਂਦੀ ਹੋਈ ਕਬੀਲੇ ਦੀ ਇੱਕ ਲੜਕੀ ਦੇ ਸਥਾਨਕ ਲੜਕੀ ਨਾਲ ਮੋਹ ਦੀ ਕਥਾ ਬਿਆਨ ਕਰਦੀ ਹੈ। ਪੰਜਵੀਂ ਕਹਾਣੀ ਗੁਰਮੀਤ ਕੜਿਆਲਵੀ ਦੀ ਹੈ 'ਟਰੇਨ'। ਇਸ ਕਹਾਣੀ ਵਿੱਚ ਲੜਕੀ ਇਹ ਕਹਾਣੀ ਵੱਲੋਂ ਅੰਤਰਜਾਤੀ ਵਿਆਹ ਕਰਵਾ ਲੈਣ ਕਾਰਨ ਆਪਣੀ ਬੇਟੀ ਨੂੰ ਮਿਲਣ ਵਾਸਤੇ ਤਰਸਦੇ ਤੇ ਤੀਰਥ ਯਾਤਰਾ ਦੇ ਬਹਾਨੇ ਬਣਾ ਬਣਾ ਕੇ ਉਸ ਨੂੰ ਮਿਲਦੇ ਮਾਪਿਆਂ ਦੀ ਪੀੜ ਹੈ, ਜੋ ਸਮਾਜ ਦੀ ਫਿਰਕੂ ਮਾਨਸਿਕਤਾ ਦੀ ਤਸਵੀਰ ਪੇਸ਼ ਕਰਦੀ ਹੈ। ਅਗਲੀ ਕਹਾਣੀ 'ਜਸ਼ਨ' ਜਸਪਾਲ ਕੌਰ ਦੀ ਹੈ। ਇਸ ਕਹਾਣੀ ਵਿੱਚ ਜ਼ਿੰਦਗੀ ਭਰ ਨਸ਼ਿਆਂ ਵਿੱਚ ਗ੍ਰਸਤ ਪਤੀ ਦੀ ਮੌਤ ਪਿੱਛੋਂ ਆਪਣੇ ਹਿਸਾਬ ਨਾਲ ਜ਼ਿੰਦਗੀ ਨੂੰ ਮਾਨਣਾ ਚਾਹੁੰਦੀ ਪਤਨੀ ਦੀ ਕਹਾਣੀ ਹੈ। ਇਹ ਕਹਾਣੀ ਨਸ਼ੇ ਕਰਨ ਵਾਲਿਆਂ ਦੇ ਪਰਿਵਾਰਾਂ ਦੇ ਹਾਲ ਤੇ ਇੱਕ ਝਾਤ ਹੈ।

ਇੱਕ ਕਹਾਣੀ ਜਗਜੀਤ ਬਰਾੜ ਦੀ ਹੈ 'ਮਰਦਮਸ਼ੁਮਾਰੀ'। ਇਸ ਵਿੱਚ ਇੱਕ ਸਰਕਾਰੀ ਜੱਲਾਦ ਆਪਣੇ ਪੁੱਤਰ ਨੂੰ ਸੰਗੀਤ ਤੋਂ ਤੋੜ ਕੇ ਜੱਲਾਦ ਦਾ ਪਿਤਾ ਪੁਰਖੀ ਕਿੱਤਾ ਅਪਨਾਉਣ ਤੇ ਮਜ਼ਬੂਰ ਕਰਦਾ ਹੈ। ਪੁੱਤਰ ਦੇ ਦੁਖੀ ਹੋ ਕੇ ਕਿਸੇ ਗੈਂਗ ਨਾਲ ਰਲ਼ ਜਾਣ ਪਿੱਛੋਂ ਪਿਤਾ ਵੱਲੋਂ ਹੀ ਉਸ ਨੂੰ ਫਾਂਸੀ ਦਿੱਤੇ ਜਾਣ ਦੀ ਤ੍ਰਾਸਦੀ ਵਾਪਰਦੀ ਹੈ। ਪਰਮਜੀਤ ਮਾਨ ਦੀ ਕਹਾਣੀ 'ਤੂੰ ਬਾਪੂ ਨਾਲ ਗੱਲ ਕਰੀਂ ' ਅੱਜਕਲ੍ਹ ਦੇ ਮਾਹੌਲ ਵਾਂਗ ਪਿਓ ਦੀ ਜ਼ਮੀਨ ਵਿਕਵਾ ਕੇ ਅਮਰੀਕਾ ਜਾ ਵੱਸਣ ਵਾਲੇ ਮੁੰਡੇ ਦੀ ਕਹਾਣੀ ਹੈ। ਪੁੱਤਰ ਅਮਰੀਕਾ ਜਾ ਕੇ ਫਿਲਪਾਈਨ ਦੀ ਲੜਕੀ ਨਾਲ ਵਿਆਹ ਕਰਵਾ ਲੈਂਦਾ ਹੈ ਤੇ ਪਿੱਛੇ ਰਾਬਤਾ ਨਹੀਂ ਕਰਦਾ। ਪਿੰਡ ਦਾ ਸਮੁੰਦਰੀ ਜਹਾਜ਼ਾਂ ਤੇ ਨੌਕਰੀ ਕਰਦਾ ਇੱਕ ਲੜਕਾ ਜਦ ਉਸ ਦੇ ਪਿਤਾ ਦੇ ਕਹਿਣ ਤੇ ਉਸ ਨੂੰ ਜਾ ਲੱਭਦਾ ਹੈ ਤਾਂ ਦੇਖਦਾ ਹੈ ਕਿ ਉਸ ਨੇ ਆਪਣੇ ਬਾਲਾਂ ਦੇ ਸਰੂਪ ਪੰਜਾਬ ਦੇ ਬੱਚਿਆਂ ਵਰਗੇ ਹੀ ਰੱਖੇ ਹਨ।ਉਹ ਜਹਾਜ਼ੀ ਲੜਕੇ ਨੂੰ ਕਹਿੰਦਾ ਹੈ ਕਿ ਮੇਰੇ ਬਾਪੂ ਨੂੰ ਮੇਰੇ ਬੱਚਿਆਂ ਦੇ ਪੰਜਾਬੀ ਸਰੂਪ ਬਾਰੇ ਦੱਸੀਂ। ਜਦੋਂ ਉਹ ਵਾਪਸ ਜਾ ਕੇ ਦੱਸਦਾ ਹੈ ਤਾਂ ਉਸ ਦੇ ਬਾਪੂ ਦਾ ਗੁੱਸਾ ਖਤਮ ਹੋ ਜਾਂਦਾ ਹੈ। 'ਮੋਹ ਮੁਹੱਬਤ ਦੇ ਪੁੰਜ' ਪ੍ਰੇਮ ਮਾਨ ਦੀ ਕਹਾਣੀ ਹੈ।ਇਸ ਵਿੱਚ ਇੱਕ ਪਿਤਾ ਆਪਣੇ ਬੱਚਿਆਂ ਨੂੰ ਵਧੀਆ ਤਾਲੀਮ ਦੇ ਕੇ ਸੈੱਟ ਕਰ ਦੇਣ ਪਿੱਛੋਂ ਆਪਣੀ ਇਕੱਲ ਤੇ ਉਦਾਸੀ ਨੂੰ ਕੁਦਰਤ ਨਾਲ ਜੋੜ ਕੇ ਤਸੱਲੀ ਮਹਿਸੂਸ ਕਰਦਾ ਹੈ। ਉਸਦੇ ਬੱਚਿਆਂ ਨੂੰ ਉਸਦੀ ਮੌਤ ਪਿੱਛੋਂ ਵੀ ਪਰਿੰਦੇ ਉਸ ਦੀ ਉਡੀਕ ਜਾਂ ਅਫ਼ਸੋਸ ਵਿੱਚ ਬੈਠੇ ਮਿਲਦੇ ਹਨ।ਬੂਟਾ ਸਿੰਘ ਚੌਹਾਨ ਦੀ ਕਹਾਣੀ 'ਸਿਰ ਦੀ ਛੱਤ' ਇੱਕ ਗਰੀਬ

ਪਰਿਵਾਰ ਦੀ ਕਹਾਣੀ ਹੈ ਜਿਸ ਦਾ ਲੜਕਾ ਨਸ਼ੇ ਖਾਂਦਾ ਹੈ। ਉਸ ਦੇ ਮਰ ਜਾਣ ਪਿੱਛੋਂ ਉਸ ਦੇ ਨਮਿੱਤ ਮਿਲੇ ਪੈਸਿਆਂ ਨਾਲ ਉਹ ਪੁੱਤਰ ਦਾ ਸਸਕਾਰ ਕਰਨ ਨਾਲੋਂ ਆਪਣੇ ਸਿਰ ਦੀ ਟੁੱਟੀ ਹੋਈ ਛੱਤ ਨੂੰ ਠੀਕ ਕਰਵਾਉਣਾ ਵਧੇਰੇ ਜ਼ਰੂਰੀ ਸਮਝਦੇ ਹਨ।ਮਨਦੀਪ ਰਿੰਪੀ ਦੀ ਕਹਾਣੀ 'ਜਾਹ ਮੈਂ ਤੈਨੂੰ ਛੱਡਿਆ' ਵਿਚਲੀ 'ਮੈਂ' ਪਾਤਰ ਪਤੀ ਵੱਲੋਂ ਕੀਤੀ ਬੇਵਫ਼ਾਈ ਪਿੱਛੋਂ ਪੇਕਿਆਂ ਵੱਲੋਂ ਦਿਖਾਈ ਬੇਰੁਖ਼ੀ ਕਾਰਨ ਵੱਖਰੀ ਰਹਿਣ ਲੱਗ ਪੈਂਦੀ ਹੈ। ਸਮਾਜ ਦੀਆਂ ਅਨੇਕਾਂ ਬੇਇਨਸਾਫ਼ੀਆਂ ਦੇਖ ਲੈਣ ਪਿੱਛੋਂ ਉਸ ਨੂੰ ਬੇਵਫ਼ਾ ਪਤੀ ਨੂੰ ਛੱਡ ਦੇਣਾ ਕੋਈ ਵੱਡੀ ਗੱਲ ਨਹੀਂ ਲੱਗਦੀ। ਲਖਵਿੰਦਰ ਵਿਰਕ ਦੀ ਕਹਾਣੀ 'ਸੁਰਖ਼ਰੂ ' ਡੇਟਿੰਗ ਐਪ ਰਾਹੀਂ ਜੁੜੇ ਨਿਮਰਤ ਤੇ ਤਰੁਣ ਦੀ ਕਹਾਣੀ ਹੈ।ਉਹ ਵਿਆਹ ਕਰਵਾ ਕੇ ਉਹ ਕੈਨੇਡਾ ਚਲੇ ਜਾਂਦੇ ਹਨ। ਉੱਥੇ ਵਾਈਫ ਸਵੈਪਿੰਗ ਦਾ ਵਰਤਾਰਾ ਵੇਖ ਕੇ ਨਿਮਰਤ ਨਿਰਾਸ਼ ਹੁੰਦੀ ਹੈ ਤੇ ਇੰਡੀਆ ਵਾਪਸ ਆ ਜਾਂਦੀ ਹੈ। ਫਿਰ ਤਰੁਣ ਦੇ ਰਿਸ਼ਤੇ ਤੋਂ ਸੁਰਖ਼ਰੂ ਹੋ ਕੇ ਆਪਣੀ ਮਰਜ਼ੀ ਨਾਲ ਜਿਊਣ ਦੇ ਰਸਤੇ ਤੇ ਤੁਰ ਪੈਂਦੀ ਹੈ।

ਸਾਰੀਆਂ ਕਹਾਣੀਆਂ ਬਹੁਤ ਦਿਲਚਸਪ ਹੁੰਦੀਆਂ ਹਨ ਤੇ ਸਮਾਜ ਦੇ ਵੱਖ ਵੱਖ ਮਸਲਿਆਂ ਨਾਲ ਜੂਝਦੇ ਪਾਤਰਾਂ ਬਾਰੇ ਪਾਠਕ ਦੀ ਸਾਂਝ ਪੁਆਉਂਦੀਆਂ ਹਨ।

- **ਇਹ ਇਸ਼ਕ ਨਹੀਂ ਆਸਾਨ** (ਲੇਖ) **ਜਗਤਾਰਜੀਤ ਸਿੰਘ**

ਉਪਰੋਕਤ ਸਿਰਲੇਖ ਡਾ. ਜਗਤਾਰਜੀਤ ਸਿੰਘ ਦੀ ਨਵੀਂ ਕਿਤਾਬ ਦਾ ਹੈ। ਦਰਅਸਲ ਕਿਤਾਬ ਵਿਚਲੇ ਲੇਖ ਹੈ ਤਾਂ ਇਸ਼ਕ ਦੇ ਹੀ ਨਾਮ ਪਰ ਇਹ ਪ੍ਰਚਲਿਤ ਮੁਹਾਵਰੇ ਵਾਲਾ ਇਸ਼ਕ ਨਾ ਹੋ ਕੇ ਜਗਤਾਰਜੀਤ ਦੀ ਚਿੱਤਰਕਾਰੀ ਦੀ ਕਲਾ ਨਾਲ ਮੁਹੱਬਤ ਤੇ ਉਸ ਬਾਰੇ ਲਿਖਣ ਤੇ ਫਿਰ ਉਸ ਨੂੰ ਮਹਿਫੂਜ਼ ਕਰਨ ਹਿਤ ਕਿਤਾਬਾਂ ਵਿਚ ਸੰਭਾਲੇ ਜਾਣ ਦੇ ਇਸ਼ਕ ਬਾਰੇ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ "ਇਹ ਮੇਰੀਆਂ ਕਿਤਾਬਾਂ ਦੀ ਜੀਵਨੀ ਜ਼ਰੂਰ ਹੈ।" ਹੁਣ ਤੱਕ ਉਸ ਦੀਆਂ ਪੰਜ ਕਿਤਾਬਾਂ ਕਵਿਤਾ ਦੀਆਂ, ਤਿੰਨ ਪੁਸਤਕਾਂ ਵਾਰਤਾਲਾਪ, ਕਲਾ,ਸੱਤ ਕਲਾ ਨਿਬੰਧ ਬਾਲ ਕਹਾਣੀਆਂ, ਇੱਕ ਨਿਬੰਧ ਤੇ ਤਿੰਨ ਕਿਤਾਬਾਂ ਹਿੰਦੀ ਤੋਂ ਪੰਜਾਬੀ ਅਨੁਵਾਦ ਦੀਆਂ ਵੀ ਛਪ ਚੁੱਕੀਆਂ ਹਨ।

ਕਿਤਾਬ ਵਿਚਲੇ ਲੇਖ ਹਰੇਕ ਕਿਤਾਬ ਦੇ ਛਪਣ ਤੋਂ ਪਹਿਲਾਂ ਆਈਆਂ ਦੁਸ਼ਵਾਰੀਆਂ, ਪ੍ਰਕਾਸ਼ਕਾਂ ਦੇ ਲਾਰੇ, ਝੂਠੇ ਵਾਅਦੇ, ਵਾਅਦਾ ਖਿਲਾਫੀਆਂ ਲੇਖਕ ਦੀ ਖੱਜਲ ਖੁਆਰੀ ਤੇ ਕਈ ਵਾਰ ਧੋਖੇ ਖਾ ਕੇ ਵੀ ਲੇਖਕ ਵੱਲੋਂ ਦਮ ਰੱਖਣਾ ਤੇ ਤੁਰਦੇ ਰਹਿਣਾ, ਇਸ ਸਭ ਕੁਝ ਦੇ ਵੇਰਵੇ ਇਸ ਕਿਤਾਬ ਵਿੱਚ ਕ੍ਰਮਵਾਰ ਦਰਜ ਕੀਤੇ ਗਏ ਹਨ। ਜਿੰਨੀਆਂ ਵੀ ਸ਼ਖਸੀਅਤਾਂ ਨਾਲ ਰਾਬਤਾ ਹੋਣ ਬਾਰੇ ਲਿਖਿਆ ਗਿਆ ਹੈ ਉਹ ਸਾਰੀਆਂ ਨਾਮਚੀਨ ਤੇ ਸਾਹਿਤਕ ਜਗਤ ਵਿੱਚ ਜਾਣੀਆਂ ਪਛਾਣੀਆਂ ਸ਼ਖ਼ਸੀਅਤਾਂ ਹਨ।ਇਸ ਕਰਕੇ ਪਾਠਕ ਹੈਰਾਨ ਵੀ ਹੁੰਦਾ ਹੈ। ਜਿਹੜੇ ਪ੍ਰਕਾਸ਼ਕਾਂ ਨੇ ਉਸ ਨਾਲ ਆਪ ਰਾਬਤਾ ਕੀਤਾ ਤੇ ਵਾਅਦਾ ਪੂਰਾ ਕੀਤਾ ਉਹਨਾਂ ਦਾ ਵੀ ਉਹ ਧੰਨਵਾਦੀ ਹੈ।ਅਖੀਰਲੇ ਕਾਂਡ ਵਿੱਚ ਉਸ ਵੱਲੋਂ ਹੋਰ ਵੀ ਕਈ ਮੌਕਿਆਂ ਦੇ ਖੁਲਾਸੇ ਕੀਤੇ ਗਏ ਹਨ ,ਤੇ ਅਜਿਹੀਆਂ ਪੇਸ਼ਕਸ਼ਾਂ ਬਾਰੇ ਵੀ ਲਿਖਿਆ ਗਿਆ ਹੈ ਜਿਹੜੀ ਕਿਸੇ ਨੇ ਪੂਰੀਆਂ ਨਾ ਕੀਤੀਆਂ ਜਾਂ ਲੇਖਕ ਨੇ ਆਪ ਹੀ ਜਵਾਬ ਦੇ ਦਿੱਤਾ। ਕਈ ਨਾਮਵਰ ਹਸਤੀਆਂ ਬਾਰੇ ਪੜ੍ਹ ਕੇ ਪਾਠਕ ਹੈਰਾਨ ਤੇ ਨਿਰਾਸ਼ ਹੁੰਦਾ ਹੈ।ਪਰ ਸਮੁੱਚੇ ਤੌਰ ਤੇ ਗੱਲ ਕਰਦਿਆਂ ਇਹ ਕਿਤਾਬ ਨਵੇਕਲੇ ਸੁਭਾਅ ਵਾਲੀ ਤੇ ਦਿਲਚਸਪ ਹੈ ਤੇ ਜਗਤਾਰਜੀਤ ਦੀਆਂ ਕੱਲਾ ਪਾਰਖੂ ਦੇ ਤੌਰ ਤੇ ਲਿਖੀਆਂ ਗਈਆਂ ਕਿਤਾਬਾਂ ਵਾਂਗ ਵੱਖਰੇ ਸੁਭਾਅ ਵਾਲੀ ਵੀ ਹੈ।

- **ਮੁਰਕੀਆਂ** (ਕਵਿਤਾ) **ਵਨੀਤਾ**

ਉਂਜ ਤਾਂ ਮੁਰਕੀਆਂ ਦਾ ਸ਼ਬਦ, ਕਈ ਹੋਰ ਸ਼ਬਦਾਂ ਵਾਂਗ ਸਾਡੇ ਬੋਲਚਾਲ ਵਿਚੋਂ ਵੀ ਗਾਇਬ ਹੋ ਚੁੱਕਾ ਹੈ ਪਰ ਵਨੀਤਾ ਨੇ **ਮੁਰਕੀਆਂ** ਸਿਰਲੇਖ ਵਾਲੀ ਇਸ ਕਿਤਾਬ ਰਾਹੀਂ ਅਲੱਗ ਤਰ੍ਹਾਂ ਦਾ ਤਜਰਬਾ ਕੀਤਾ ਹੈ। ਇਸ ਕਿਤਾਬ ਦੀ ਭੂਮਿਕਾ ਵਿੱਚ ਨਾਮਵਰ ਸ਼ਾਇਰ ਸੁਰਜੀਤ ਪਾਤਰ (ਮਰਹੂਮ) ਨੇ ਲਿਖਿਆ ਹੈ ਕਿ "ਵਨੀਤਾ ਦੀਆਂ ਸਿਰਜੀਆਂ ਮੁਰਕੀਆਂ ਦੇ ਭਾਵਾਂ, ਵਿਚਾਰਾਂ ਤੇ ਸੁਹਜ ਤੋਂ ਇਲਾਵਾ ਇਸ ਕਿਤਾਬ ਦਾ ਰੂਪਕ ਸੱਜਰਾਪਨ ਵੀ ਮੋਂਹਦਾ ਹੈ।" ਵਨੀਤਾ ਨਾਮਵਰ ਸਾਹਿਤਕਾਰ ਹੈ।ਇਸ ਕਿਤਾਬ ਤੋਂ ਪਹਿਲਾਂ ਉਸ ਦੇ ਛੇ ਮੌਲਿਕ ਕਾਵਿ-ਸੰਗ੍ਰਹਿ, ਇੱਕ ਸੰਪੂਰਨ ਕਾਵਿ ਸੰਗ੍ਰਹਿਾਂ ਤੋਂ ਬਿਨਾਂ ਉਸ ਦੀਆਂ ਪੰਝੀ ਆਲੋਚਨਾ ਪੁਸਤਕਾਂ ਤੇ ਛੱਬੀ ਅਨੁਵਾਦਿਤ ਪੁਸਤਕਾਂ ਹਨ।ਕੁੱਲ ਮਿਲਾ ਕੇ ਮੌਲਿਕ ਪੁਸਤਕਾਂ ਦੀ ਗਿਣਤੀ ਵੀ ਪੰਝੀ ਬਣਦੀ ਹੈ।

ਕਿਤਾਬ ਵਿੱਚ ਮੁਰਕੀਆਂ, ਸਾ ਰੇ ਗਾ ਮਾ ਪਾ ਧਾ ਨੀ ਦੇ ਵਰਗ ਵਿੱਚ ਵੰਡੀਆਂ ਹੋਈਆਂ ਹਨ। ਸਾ ਵਾਲੀਆਂ ਇੱਕ ਸਤਰੀ, ਰੇ ਵਾਲੀਆਂ ਦੋ ਸਤਰੀ...ਤੇ ਨੀ ਵਾਲੀਆਂ ਸੱਤ ਸਤਰੀ ਹਨ।ਕਵਿਤਾ ਦੇ ਖੇਤਰ ਵਿੱਚ ਇਹ ਨਵੇਕਲਾ ਤਜਰਬਾ ਹੈ। ਸ਼ਾਇਰਾ ਦਾ ਆਪਣਾ ਕਥਨ ਹੈ ਕਿ ਮੈਂ ਕਵਿਤਾ ਨੂੰ ਸਹਿਜ ਰੂਪ ਵਿੱਚ ਸਵੀਕਾਰ ਕਰਦੀ ਤੇ ਰੂਪ ਦੇਂਦੀ ਹਾਂ। ਇੱਕ ਸੌ ਸਤਰਾਂ ਪੰਨਿਆਂ ਦੀ ਕਿਤਾਬ ਵਿੱਚ ਨਿੱਕੇ ਨਿੱਕੇ ਭਾਵ ਪੜ੍ਹਨ ਵਾਲੇ ਦੇ ਮਨ ਨੂੰ ਛੂਹ ਜਾਂਦੇ ਹਨ। ਇੱਕ 'ਗ' ਕ੍ਰਮ ਵਾਲੀ ਮੁਰਕੀ ਇਵੇਂ ਹੈ: ਜਦ ਸੁੱਕੇ ਦਰਿਆ 'ਚ / ਕੋਈ ਚਲਾਉਂਦਾ ਹੈ ਕਿਸ਼ਤੀ / ਤਾਂ ਰੇਤ ਵਲੂੰਧਰੀ ਜਾਂਦੀ।

ਤੇ ਇੱਕ 'ਮਾ' ਸਿਰਲੇਖ ਵਾਲੀ ਮੁਰਕੀ ਦੇਖੋ: ਮੇਰੀਆਂ ਉਨੀਂਦੀਆਂ ਅੱਖਾਂ / ਤੇਰੀਆਂ ਜਾਗਦੀਆਂ ਅੱਖਾਂ ਕੋਲੋਂ / ਪੁੱਛਦੀਆਂ ਮਤਲਬ / ਸੌਣ ਤੇ ਜਾਗਣ ਦਾ।

- **ਪੌਣਾ ਮੀਲ ਸਰਹੱਦ** (ਕਾਵਿ-ਵਾਰਤਕ) **ਸੁਰਿੰਦਰ ਗਿੱਲ ਜੈਪਾਲ**

ਸੁਰਿੰਦਰ ਗਿੱਲ ਜੈਪਾਲ ਦੀ ਨਵੀਂ ਕਿਤਾਬ ਦਾ ਸਿਰਲੇਖ ਹੈ **ਪੌਣਾ ਮੀਲ ਸਰਹੱਦ**। ਇਹਨਾਂ ਦੇ ਪਰਿਵਾਰ ਦੇ ਪਾਕਿਸਤਾਨ ਤੋਂ 1947 ਦੌਰਾਨ ਵਾਪਸ ਆਉਂਦਿਆਂ ਤੇ ਆ ਕੇ ਇੱਧਰ ਪੈਰ ਟਿਕਾਉਣ ਤੱਕ ਦੇ ਹੰਢਾਏ ਹੋਏ ਸੰਤਾਪ ਨੂੰ ਕਵਿਤਾਵਾਂ ਤੇ ਵਾਰਤਕ ਦੇ ਟੋਟਿਆਂ ਵਿੱਚ ਪਰੋਇਆ ਗਿਆ ਹੈ। ਚੁਸਤ ਤੇ ਸੰਖੇਪ ਵਾਰਤਕ ਦੇ ਟੋਟਿਆਂ ਵਿੱਚੋਂ ਉੱਧਰੋਂ ਆਏ ਜੀਆਂ ਦੀਆਂ ਹੱਡ ਬੀਤੀਆਂ ਤੇ ਹਿਜਰਤ ਕਾਰਨ ਉਹਨਾਂ ਦੀ ਅਗਲੀ ਪੀੜ੍ਹੀ ਵੱਲੋਂ ਹੰਢਾਏ ਵੇਰਵੇ ਦਰਜ ਹਨ। ਕਵਿਤਾਵਾਂ ਵਿੱਚ ਸੁਰਿੰਦਰ ਗਿੱਲ ਜੈਪਾਲ ਦੇ ਆਪਣੇ ਉਹ ਅਹਿਸਾਸ ਹਨ, ਜਿਨ੍ਹਾਂ ਵਿੱਚੋਂ ਉਸ ਵੇਲੇ ਬਣੇ ਪਾਕਿਸਤਾਨ ਤੋਂ ਏਧਰ ਆਉਣ ਵਾਲੇ ਆਪਣੇ ਵਡੇਰਿਆਂ ਤੋਂ ਸੁਣਨ ਕਾਰਨ ਉਪਜੇ। ਇਹ ਕਿਤਾਬ, ਅਜਿਹੀਆਂ ਹੋਰ ਕਿਤਾਬਾਂ ਵਾਂਗ ਸਿੱਧ ਕਰਦੀ ਹੈ ਕਿ ਉੱਨੀ ਸੌ ਸੰਤਾਲੀ ਵਿੱਚ ਲੋਕਾਂ ਤੇ ਵਰਤੇ ਅਜਾਬਾਂ ਦਾ ਅਸਰ ਇੱਕ ਪੀੜ੍ਹੀ ਤਾਂ ਕੀ ਅਗਲੀਆਂ ਪੀੜ੍ਹੀਆਂ ਦੇ ਚੇਤਿਆਂ ਵਿੱਚ ਵੀ ਜਿਊਂਦਾ ਤੇ ਨਿਰੰਤਰ ਵਿਚਰਦਾ ਵੀ ਰਹਿੰਦਾ ਹੈ। ਦੇਸ਼ ਵੰਡ ਪਿੱਛੋਂ, ਜਦੋਂ ਲੋਕਾਂ ਤੇ ਫਿਰਕੂ ਪੁਣੇ ਦਾ ਪਾਗਲਪਣ ਸਵਾਰ ਹੋ ਗਿਆ ਸੀ ਲੇਖਿਕਾ ਦੇ ਮਾਪੇ ਤੇ ਹੋਰ ਨੇੜਲੇ ਪਿੰਡਾਂ ਦੇ ਪਰਿਵਾਰ ਜਦੋਂ ਨਵੇਂ ਬਣੇ ਪਾਕਿਸਤਾਨ ਤੋਂ ਭਾਰਤ ਵੱਲ ਆ ਰਹੇ ਸਨ।ਭਾਰਤ ਦੀ ਸਰਹੱਦ ਤੋਂ ਪੌਣਾ ਮੀਲ ਪਹਿਲਾਂ ਉਹਨਾਂ ਤੇ ਹਮਲਾ ਹੋ ਗਿਆ ਸੀ। ਉਸ ਹਮਲੇ ਦੇ ਤਜਰਬੇ ਹਮੇਸ਼ਾਂ ਇਸ ਕਾਫ਼ਲੇ ਦੇ ਲੋਕਾਂ ਦੇ ਮਨਾਂ ਵਿੱਚ ਜ਼ਖ਼ਮ ਬਣ ਕੇ ਕਸਕ ਪੈਦਾ ਕਰਦੇ ਰਹੇ। ਖਾਲੀ ਹੱਥੀਂ ਆ ਕੇ ਵੀ ਪੈਰ ਲਾਉਣੇ ਡਾਢੇ ਮੁਸ਼ਕਿਲ ਸਨ।ਸੁਰਿੰਦਰ ਜੈਪਾਲ ਵੱਲੋਂ ਬਚਪਨ ਤੋਂ ਵੇਖੇ ਤੇ ਸੁਣੇ ਦੁੱਖਾਂ ਵਾਲੀਆਂ ਯਾਦਾਂ ਨੂੰ ਸ਼ਬਦਾਂ ਵਿੱਚ ਢਾਲ਼ਿਆ ਗਿਆ ਹੈ : ਖਾਲੀ ਗੱਡੀ ਖਲੀ ਹੋਈ ਹੈ/ ਕਾਂਵਾਂ ਕੁਤਿਆਂ ਗਿਰਝਾਂ ਦੱਸਿਆ/ ਇਹ ਤਾਂ ਗੱਡੀ ਭਰੀ ਹੋਈ ਹੈ। ਸਾਡੇ ਲੋਕਾਂ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਨਾਂ ਵਿੱਚ ਉਹਨਾਂ ਦਰਦਾਂ ਦੇ ਅਕਸ ਨਿਰੰਤਰ ਸਾਹ ਲੈ ਰਹੇ ਹਨ।

- **ਬਰਾਬਰ ਦੀ ਜੱਫੀ** (ਰੇਖਾ ਚਿੱਤਰ) **ਕੁਲਬੀਰ ਬਡੇਸਰੋਂ**

ਹੁਣ ਤੱਕ ਤਾਂ ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਹੀ ਪੜੀਆਂ ਸਨ। ਮੁੰਬਈ ਵੱਸਦੀ ਅਦਾਕਾਰਾ ਹੋਣ ਦੇ ਨਾਲ ਨਾਲ ਉਸ ਨੂੰ ਅਜਿਹੀ ਕਹਾਣੀਕਾਰ ਦੇ ਤੌਰ ਤੇ ਹੀ ਚਿਤਵਿਆ ਸੀ ਜਿਸ ਨੇ ਮੁੰਬਈ ਜਾ ਕੇ ਵੀ ਪੰਜਾਬੀ ਵਿੱਚ ਲਿਖਣ ਦਾ ਮੋਹ ਜਾਂ ਸ਼ੌਂਕ ਨਹੀਂ ਵਿਸਾਰਿਆ।। ਤੇ ਇਹ ਹੈ ਵੀ ਮਾਂ ਬੋਲੀ ਨਾਲ ਮੋਹ ਹੀ ,ਜਿਹੜਾ ਹਿੰਦੀ ਦੇ ਸੀਰੀਅਲਾਂ ਤੇ ਫ਼ਿਲਮਾਂ ਵਿੱਚ ਕੰਮ ਕਰਦਿਆਂ ਵੀ ਆਪਣੇ ਅਹਿਸਾਸ ਪੇਸ਼ ਕਰਨ ਵਾਸਤੇ ਉਸ ਨੂੰ ਹਰ ਵਾਰ ਪੰਜਾਬੀ ਵੱਲ ਮੋੜ ਲਿਆਉਂਦਾ ਹੈ।

**ਬਰਾਬਰ ਦੀ ਜੱਫੀ** ਸਿਰਲੇਖ ਵਾਲੀ ਕਿਤਾਬ ਵਿੱਚ ਉਸ ਨੇ ਆਪਣੀਆਂ ਪਰਿਵਾਰਕ ਸ਼ਖ਼ਸੀਅਤਾਂ ਬਾਰੇ ਤੇ ਪੰਜਾਬੀ ਦੀ ਨਾਮਵਰ ਕਥਾਕਾਰ ਅਜੀਤ ਕੌਰ ਬਾਰੇ ਰੇਖਾ ਚਿੱਤਰ ਲਿਖੇ ਹਨ। ਆਪਣੇ ਪਿਤਾ ਤੇ ਮਾਂ ਬਾਰੇ ਜਾਣਕਾਰੀ ਦੇਂਦਿਆ ਉਹ ਉਹਨਾਂ ਬਾਰੇ ਧੀਆਂ ਵਾਲੇ ਮੋਹ ਨਾਲ ਓਤ ਪੋਤ ਰਹਿੰਦੀ ਹੈ। ਅਦਾਕਾਰਾ ਹੋਣ ਕਰਕੇ ਉਹ ਹਰ ਮੌਕੇ ਤੇ ਦ੍ਰਿਸ਼ ਚਿਤਰਣ ਕੁਝ ਇਸ ਤਰਾਂ ਕਰਦੀ ਹੈ ਸਥਿਤੀ ਨੂੰ ਸਾਕਾਰ ਕਰ ਦੇਂਦੀ ਹੈ। ਇਹ ਕਾਰਜ ਸਹਿਜ ਸੁਭਾਅ, ਉਸ ਦੀਆਂ ਕਹਾਣੀਆਂ ਵਾਂਗ ਤੇ ਇਸ ਤਰ੍ਹਾਂ ਹੁੰਦਾ ਹੈ ਕਿ ਕਿ ਪਾਠਕ ਦੇ ਮਨ ਵਿੱਚ ਸ਼ਖ਼ਸੀਅਤਾਂ ਦੇ ਨਾਲ ਨਾਲ ਚੌਗਿਰਦੇ ਦੇ ਅਕਸ ਵੀ ਉੱਭਰਦੇ ਰਹਿੰਦੇ ਹਨ।ਆਪਣੀ ਭਰਜਾਈ ਨਾਲ ਘੱਟ ਪਰ ਆਪਣੀ ਵੱਡੀ ਭੈਣ ਦੇ ਆਪਣੇ ਨਾਲ ਵਤੀਰੇ ਬਾਰੇ ਉਸ ਦੇ ਮਨ ਵਿੱਚ ਬਹੁਤ ਸਾਰੇ ਗਿਲੇ ਸ਼ਿਕਵੇ ਅਜੇ ਵੀ ਮੌਜੂਦ ਹਨ, ਜਿਨ੍ਹਾਂ ਨੂੰ ਉਹ ਲੁਕਾਉਂਦੀ ਨਹੀਂ ਸਗੋਂ ਵਿਸਥਾਰ ਨਾਲ ਸਾਂਝੇ ਕਰਦੀ ਹੈ।ਐਕਟਰੈਸ ਅਰੁਣਾ ਈਰਾਨੀ ਨਾਲ ਵੀ ਮੋਹ ਦੇ ਨਾਲ ਸ਼ਿਕਾਇਤਾਂ ਵੀ ਹਨ। ਅਖੀਰਲੇ ਤੇ ਕਹਾਣੀਕਾਰਾ ਅਜੀਤ ਕੌਰ ਬਾਰੇ ਉਸ ਦਾ ਬਿਰਤਾਂਤ ਸ਼ਰਧਾ ਭਾਵ ਨਾਲ ਭਰਪੂਰ ਹੈ। ਸਗੋਂ ਕਿਤਾਬ ਦਾ ਸਿਰਲੇਖ ਵੀ ਉਸ ਨੇ ਅਜੀਤ ਕੌਰ ਵੱਲੋਂ ਉਸ ਨੂੰ ਕਈ ਸਾਲ ਪਹਿਲਾਂ ਉਸ ਦੀ ਚਿੱਠੀ ਦੇ ਜੁਆਬ ਵਿੱਚ ਮਿਲੀ ਚਿੱਠੀ ਦੇ ਸ਼ਬਦਾਂ (ਪੰਨਾ 154-155) ਵਿੱਚੋਂ ਹੀ ਲਿਆ ਹੈ। ਲੇਖਕਾ ਕਿਤਾਬ ਵਿੱਚ ਵਰਣਿਤ ਸ਼ਖ਼ਸੀਅਤਾਂ ਦੇ ਜੋ ਵੀ ਗੁਣ ਜਾਂ ਔਗੁਣ ਉਸ ਨੂੰ ਮਹਿਸੂਸ ਹੋਏ ਉਹਨਾਂ ਬਾਰੇ ਪੂਰੀ ਇਮਾਨਦਾਰੀ ਨਾਲ ਲਿਖਦੀ ਹੈ,ਤੇ ਫਿਰ ਆਪ ਹੀ ਉਹਨਾਂ ਦੇ ਹੱਕ ਵਿੱਚ ਸਫ਼ਾਈਆਂ ਵੀ ਦੇਂਦੀ ਰਹਿੰਦੀ ਹੈ। ਸਮੁੱਚੇ ਤੌਰ ਤੇ ਇਸ ਕਿਤਾਬ ਦੀ ਵਾਰਤਕ ਵੱਖ-ਵੱਖ ਤਰ੍ਹਾਂ ਦੀਆਂ ਰਲੀਆਂ ਮਿਲੀਆਂ ਯਾਦਾਂ ਨਾਲ ਭਰਪੂਰ ਤੇ ਦਿਲਚਸਪ ਹੈ।

- **ਬੇਪਰਵਾਹੀਆਂ** (ਕਵਿਤਾਵਾਂ) **ਸੁਖਪਾਲ ਕੌਰ ਸਮਰਾਲਾ**

ਸੁਖਪਾਲ ਕੌਰ ਸਮਰਾਲਾ ਇੱਕ ਆਲੋਚਕ ਹੋਣ ਦੇ ਨਾਲ ਨਾਲ ਸ਼ਾਇਰਾ ਵੀ ਹੈ ਤੇ **ਬੇਪਰਵਾਹੀਆਂ** ਸਿਰਲੇਖ ਵਾਲੀ ਸਪਰੈਡ ਪਬਲੀਕੇਸ਼ਨ ਵੱਲੋਂ ਛਾਪੀ ਇਹ ਉਸ ਦੀ ਪਲੇਠੀ ਦੀ ਕਾਵਿ ਪੁਸਤਕ ਹੈ। ਅੱਸੀ ਪੰਨਿਆਂ ਦੀ ਖੂਬਸੂਰਤ ਕਿਤਾਬ ਵਿੱਚ ਛੋਟੇ ਆਕਾਰ ਦੀਆਂ ਅਠਾਹਠ ਕਵਿਤਾਵਾਂ ਹਨ। ਇਹ ਕਵਿਤਾਵਾਂ ਉਸ ਦੇ ਸਮੇਂ ਸਮੇਂ ਤੇ ਮਹਿਸੂਸ ਕੀਤੇ ਭਾਵਾਂ ਤੇ ਆਧਾਰਿਤ ਖ਼ਿਆਲ

ਹਨ ਜੋ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਮੁਖਾਤਿਬ ਹਨ। ਇਹ ਉਸ ਦੀ ਪ੍ਰੌੜ੍ਹ ਸੋਚ ਦੀ ਗਵਾਹੀ ਵੀ ਦੇਂਦੀਆਂ ਹਨ। ਜਿਵੇਂ,ਇੱਕ ਛੋਟੀ ਜਿਹੀ ਕਵਿਤਾ ਹੈ: ਤੂੰ, ਮੈਂ, ਪਿਆਰ / ਸਭ ਕੁਝ ਹੈ / ਰੰਗ, ਖੁਸ਼ਬੂ, ਚਾਨਣ, ਬਹਾਰ / ਸਭ ਤਾਂ ਹੀ ਤਾਂ ਹੈ।

ਜ਼ਿੰਦਗੀ ਦੀ ਕਠੋਰ ਸਚਾਈ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਿਆਂ ਉਹ ਲਿਖਦੀ ਹੈ: ਕਦੇ ਕਦੇ ਭਰਮ ਵੀ / ਤਿਣਕੇ ਦੇ ਸਹਾਰੇ ਦਾ ਕੰਮ ਕਰਦੇ ਹਨ। ਸੋਚ ਦੀ ਅਜਿਹੀ ਪੁਖ਼ਤਗੀ ਟੁੰਬਦੀ ਹੈ ਤੇ ਕਵਿਤਾ ਦੇ ਖੇਤਰ ਵਿੱਚ ਉਸ ਦੀ ਸਾਰਥਕ ਗਵਾਹੀ ਦੀ ਵੀ ਦੱਸ ਪਾਉਂਦੀ ਹੈ। ਸੁਖਪਾਲ ਕੌਰ ਸਮਰਾਲਾ ਦੀ ਕਿਤਾਬ ਦਾ ਸੁਆਗਤ ਤੇ ਸ਼ੁੱਭ ਕਾਮਨਾਵਾਂ।

- **ਸੱਤਰਵਾਂ ਬਸੰਤ** (ਮਿੰਨੀ ਕਹਾਣੀਆਂ) **ਡਾ. ਸ਼ਿਆਮ ਸੁੰਦਰ ਦੀਪਤੀ**

**ਸੱਤਰਵਾਂ ਬਸੰਤ** ਡਾ.ਸ਼ਿਆਮ ਸੁੰਦਰ ਦੀਪਤੀ ਦਾ ਨਵਾਂ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਵਿਚ ਸੰਤਾਲੀ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਕਿੱਤੇ ਪੱਖੋਂ ਮਨੁੱਖਾਂ ਦੇ ਸਰੀਰ ਦਾ ਇਲਾਜ ਕਰਨ ਵਾਲਾ ਡਾਕਟਰ ਹੁੰਦਿਆਂ ਹੋਇਆਂ ਕੁਝ ਸਮਾਜਕ ਖੇਤਰ ਦੀਆਂ ਬਿਮਾਰੀਆਂ ਵੀ ਉਹਨਾਂ ਦੀ ਪਕੜ ਵਿੱਚ ਆਉਣ ਲੱਗ ਪਈਆਂ ਤੇ ਉਹ ਆਪਣੇ ਢੰਗ ਨਾਲ ਇਹਨਾਂ ਨੂੰ ਸ਼ਬਦਾਂ ਰਾਹੀਂ ਪ੍ਰਗਟ ਕਰਨ ਲੱਗ ਪਏ। ਇਸ ਵਾਸਤੇ ਉਹਨਾਂ ਮਿੰਨੀ ਕਹਾਣੀ ਦਾ ਮਾਧਿਅਮ ਚੁਣਿਆ। ਪੌਣੇ ਤਿੰਨ ਦਹਾਕਿਆਂ ਦੇ ਸਾਹਿਤਕ ਸਫ਼ਰ ਵਿੱਚ ਅਲੱਗ ਅਲੱਗ ਵਿਸ਼ਿਆਂ ਤੇ ਮਸਲਿਆਂ ਬਾਰੇ ਅਨੇਕਾਂ ਕਹਾਣੀਆਂ ਹੁਣ ਤੱਕ ਉਹਨਾਂ ਵੱਲੋਂ ਲਿਖੀਆਂ ਜਾ ਚੁੱਕੀਆਂ ਹਨ। ਜਦੋਂ ਉਹਨਾਂ ਨੇ ਮਿੰਨੀ ਕਹਾਣੀ ਵੱਲ ਕਦਮ ਪੁੱਟੇ ਉਦੋਂ ਮਿੰਨੀ ਕਹਾਣੀ ਭਾਵੇਂ ਕਈ ਲੇਖਕਾਂ ਵੱਲੋਂ ਲਿਖੀ ਤਾਂ ਜਾ ਰਹੀ ਸੀ ਪਰ ਬਹੁਤੀ ਪ੍ਰਚਲਿਤ ਨਹੀਂ ਸੀ। ਡਾ. ਦੀਪਤੀ ਦੇ ਇੱਧਰ ਤੁਰਨ ਨਾਲ ਬਹੁਤ ਸਾਰੇ ਮਿੰਨੀ ਕਹਾਣੀ ਲੇਖਕ ਇਹਨਾਂ ਦੇ ਨਾਲ ਜੁੜਨ ਲੱਗ ਪਏ ਤੇ ਹੁਣ ਬਹੁਤ ਸਾਰੇ ਲੋਕ ਇਸ ਵਿਧਾ ਵਿੱਚ ਲਿਖ ਰਹੇ ਹਨ। ਭਾਵੇਂ ਸਾਰੀਆਂ ਕਹਾਣੀਆਂ ਪੁਖ਼ਤਾ ਨਹੀਂ ਹੁੰਦੀਆਂ, ਫਿਰ ਵੀ ਬਹੁਤ ਸਾਰੀਆਂ ਜ਼ਿਕਰਯੋਗ ਮਿੰਨੀ ਕਹਾਣੀਆਂ ਦੀਆਂ ਕਿਤਾਬਾਂ ਲਗਾਤਾਰ ਛਪ ਰਹੀਆਂ ਹਨ। ਮਿੰਨੀ ਕਹਾਣੀ ਦੇ ਤਿੰਨ ਮੈਗਜ਼ੀਨ ਵੀ ਪਾਠਕਾਂ ਦੀ ਨਜ਼ਰ ਵਿੱਚ ਹਨ। ਡਾ.ਦੀਪਤੀ ਭਾਵੇਂ ਕਵਿਤਾ ਵੀ ਲਿਖ ਰਹੇ ਹਨ ਪਰ ਮਿੰਨੀ ਕਹਾਣੀ ਦੇ ਖੇਤਰ ਵਿੱਚ ਨਿੱਠ ਕੇ ਕੰਮ ਕਰ ਰਹੇ ਹਨ। ਡਾ. ਦੀਪਤੀ ਦੀਆਂ ਕਹਾਣੀਆਂ ਸਮਾਜ ਦੀ ਸੋਚ ਦੀਆਂ ਘੁੰਡੀਆਂ ਤੇ ਰੂੜ੍ਹੀਆਂ ਨੂੰ ਤਾਂ ਨਿਸ਼ਾਨਾ ਬਣਾਉਂਦੀਆਂ ਹੀ ਹਨ, ਜੋ ਵਰਤਮਾਨ ਵਿੱਚ ਨਵੀਆਂ ਗੁੰਝਲਾਂ ਪੈਦਾ ਹੋ ਰਹੀਆਂ ਹਨ ਉਹਨਾਂ ਨੂੰ ਵੀ ਪਾਠਕ ਦੇ ਧਿਆਨ ਵਿੱਚ ਲਿਆਉਂਦੀਆਂ ਹਨ। ਮਿੰਨੀ ਕਹਾਣੀ ਦੇ ਖੇਤਰ ਵਿੱਚ ਡਾ. ਦੀਪਤੀ ਦੀ ਲਗਨ, ਮਿਹਨਤ ਤੇ ਨਿਰੰਤਰਤਾ ਕਮਾਲ ਦੀ ਹੈ ਤੇ ਸਿਫ਼ਤ ਦੇ ਕਾਬਲ ਹੈ। ਲੇਖਕ ਨੂੰ ਬਹੁਤ ਸਾਰੀਆਂ ਸ਼ੁਭ ਕਾਮਨਾਵਾਂ।

- **ਸਾਂਵਲੇ ਰੰਗ ਦੀ ਕੁੜੀ** (ਕਵਿਤਾਵਾਂ) **ਸਰਬਜੀਤ ਸਿੰਘ ਸੰਧੂ**

ਸਰਬਜੀਤ ਸਿੰਘ ਸੰਧੂ ਸਾਹਿਤਕ ਕਾਰਜਾਂ ਵਿੱਚ ਰੁੱਝਿਆ ਰਹਿਣ ਵਾਲਾ ਇਨਸਾਨ ਹੈ। ਸਾਂਵਲੇ ਰੰਗ ਦੀ ਕੁੜੀ ਉਸ ਦੀ ਦੂਜੀ ਮੌਲਿਕ ਕਾਵਿ ਪੁਸਤਕ ਹੈ। ਇਸ ਤੋਂ ਪਹਿਲਾਂ ਉਸ ਦੀ ਇੱਕ ਕਿਤਾਬ 'ਲੰਮਾ ਪੰਧ ਵਫਾ ਦਾ' ਆ ਚੁੱਕੀ ਹੈ ਜਿਸ ਵਿੱਚ ਉਸ ਵੱਲੋਂ ਪਿਛਲੇ ਕਈ ਦਹਾਕਿਆਂ ਦੌਰਾਨ ਲਿਖੀਆਂ ਮੁਹੱਬਤ ਦੇ ਅਹਿਸਾਸ ਵਾਲੀਆਂ ਕਵਿਤਾਵਾਂ ਸ਼ਾਮਲ ਹਨ। ਪਰ ਇਸ ਤੋਂ ਵੀ ਪਹਿਲਾਂ ਉਹ ਕਈ ਸਾਲਾਂ ਦੀ ਮਿਹਨਤ ਨਾਲ ਪੰਜਾਬੀ-ਗ਼ਜ਼ਲ ਦੀ ਪੁਸਤਕਾਵਲੀ ਵਰਗੀ ਮੁੱਲਵਾਨ ਕਿਤਾਬ ਰਾਹੀਂ ਪੰਜਾਬੀ ਸਾਹਿਤ ਦੇ ਖਜ਼ਾਨੇ ਵਿੱਚ ਹਿੱਸਾ ਪਾ ਚੁੱਕਾ ਹੈ ਤੇ ਦੋਸਤਾਂ ਦੀਆਂ ਨੌ ਕਿਤਾਬਾਂ ਸੰਪਾਦਿਤ ਵੀ ਕਰ ਚੁੱਕਾ ਹੈ। ਇਸ ਦੂਜੀ ਤੇ ਹੱਥਲੀ ਕਾਵਿ ਕਿਤਾਬ ਵਿੱਚ ਬਹੁਤ ਸਾਰੇ ਵਿਸ਼ਿਆਂ ਤੇ ਵਿਚਾਰਾਂ ਵਾਲੀਆਂ ਕਵਿਤਾਵਾਂ ਹਨ। ਇਸ ਵਿੱਚ ਵੀ ਬਹੁਤ ਸਾਰੀਆਂ ਕਵਿਤਾਵਾਂ ਮੁਹੱਬਤ ਵਾਲਾ ਭਾਵਾਂ ਨੂੰ ਸਮਰਪਿਤ ਹਨ ,ਪਰ ਇਹਨਾਂ ਦਾ ਸੁਭਾਅ ਪਰੰਪਰਕ ਅਹਿਸਾਸ ਵਾਲਾ ਨਹੀਂ। ਸਗੋਂ ਇੱਕ ਕਵਿਤਾ ਵਿੱਚ ਤਾਂ ਸ਼ਾਇਰ ਦੀ ਤਸੱਲੀ ਇਵੇਂ ਹੈ : ਕੀ ਦੱਸਾਂ/ ਪਤਨੀ ਨੇ ਹੀ ਕਰ ਦਿੱਤਾ / ਜੀਵਨ ਨੂਰੋ- ਨੂਰ/ ਸਹਿਜ ਭਰਪੂਰ (ਪੰਨਾ 104)। ਕਰੋਨਾ ਦਾ ਮੁਸ਼ਕਲ ਸਮਾਂ ਸਭ ਨੂੰ ਚੇਤੇ ਹੈ। ਉਹ ਇਸ ਕਰੋਨਾ ਦੇ ਵੇਲੇ ਮਨੁੱਖ ਦੇ ਮਨੁੱਖ ਨੂੰ ਮਿਲਣ ਤੇ ਸੱਤਾ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਕਾਰਨ ਸਰਕਾਰ ਤੇ ਵਿਅੰਗ ਕਰਦਾ ਮਹਾਂਮਾਰੀ ਨੂੰ ਸੰਬੋਧਿਤ ਹੁੰਦਾ ਹੈ: ਕੀ ਕਰੇਂਗੀ ਸਾਡੀ ਅਣਿਆਈ ਮੌਤ ਦਾ ਤੂੰ / ਜਿਸ ਨੂੰ ਆਖਦੇ ਨੇ ਸਿਆਣੇ / ਨਾ ਮਿੱਤਰ ਕੋਲ ਆਵੇ / ਨਾ ਦੁਸ਼ਮਣ ਕੋਲ ਜਾਵੇ। (ਪੰਨਾ 48)

ਕਵਿਤਾ ਦੇ ਪਿਛਲੇ ਹਿੱਸੇ ਵਿਚ ਉਸ ਨੇ ਆਪਣੇ ਕੁਝ ਦੋਸਤਾਂ ਦੇ ਸੰਖੇਪ ਰੇਖਾ ਚਿੱਤਰ ਵੀ ਲਿਖੇ ਹਨ ਤੇ ਬਾਕੀ ਕਵਿਤਾਵਾਂ ਵਿੱਚ ਵੀ ਵਿਸ਼ਿਆਂ ਦੀ ਬਹੁਰੰਗਤਾ ਹੈ। ਸਮੁੱਚੇ ਤੌਰ ਤੇ ਵੰਨ ਸੁਵੰਨੇ ਭਾਵ-ਬੋਧ ਵਾਲੀਆਂ ਕਵਿਤਾਵਾਂ ਵਿਚੋਂ ਸਮੁੱਚੇ ਤੌਰ ਤੇ ਸਰਬਜੀਤ ਸਿੰਘ ਸੰਧੂ ਦਾ ਸਵੈ- ਵਿਸ਼ਵਾਸ, ਕਦੇ ਨਾ ਹਾਰਨ ਵਾਲਾ ਵਜੂਦ ਤੇ ਸੱਚ ਨੂੰ ਸੱਚ ਆਖ ਸਕਣ ਦਾ ਹੌਸਲਾ ਝਲਕਦਾ ਹੈ। ਸਾਰਥਕ ਵਿਚਾਰਾਂ ਵਾਲੇ ਕਾਵਿ ਸੰਗ੍ਰਹਿ ਦੀਆਂ ਸ਼ਾਇਰ ਨੂੰ ਮੁਬਾਰਕਾਂ।

- **ਗੁਲਦਸਤਾ** (ਅਨੁ.) **ਜਸਵਿੰਦਰ ਕੌਰ ਬਿੰਦਰਾ**

ਜਸਵਿੰਦਰ ਕੌਰ ਬਿੰਦਰਾ ਦਾ ਇੱਕ ਨਾਮਵਰ ਆਲੋਚਕ ਹੈ ਤੇ ਹੁਣ ਤੱਕ ਆਲੋਚਨਾ ਦੀਆਂ ਉਸ ਦੀਆਂ ਛੇ ਕਿਤਾਬਾਂ ਛਪ

ਚੁੱਕੀਆਂ ਹਨ। ਇਸ ਤੇ ਇਲਾਵਾ ਨੌ ਕਿਤਾਬਾਂ ਦੀ ਉਹ ਸੰਪਾਦਨਾ ਵੀ ਕਰ ਚੁੱਕੀ ਹੈ। 'ਗੁਲਦਸਤਾ' ਉਸ ਦੀ ਸਾਹਿਤਯਸ਼ਿਲਾ ਪ੍ਰਕਾਸ਼ਨ ਦਿੱਲੀ ਵੱਲੋਂ ਛਾਪੀ ਗਈ ਨਵੀਂ ਕਿਤਾਬ ਦਾ ਸਿਰਲੇਖ ਹੈ। ਇਸ ਕਿਤਾਬ ਵਿੱਚ ਵਿੱਚ ਵੱਖ ਵੱਖ-ਵੱਖ ਭਾਸ਼ਾਵਾਂ ਦੀਆਂ ਸੋਲਾਂ ਕਹਾਣੀਆਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਗਿਆ ਹੈ। ਇਹਨਾਂ ਵਿੱਚ, ਉਰਦੂ, ਉੜੀਆ, ਅਸਮੀਆਂ, ਅੰਗਰੇਜ਼ੀ, ਸਿੰਧੀ, ਹਿੰਦੀ, ਕੰਨੜ, ਕਸ਼ਮੀਰੀ, ਗੁਜਰਾਤੀ, ਡੋਗਰੀ, ਤੇਲਗੂ, ਬੰਗਾਲੀ, ਮਰਾਠੀ, ਮਲਿਆਲਮ ਤੇ ਰਾਜਸਥਾਨੀ ਖਿੱਤੇ ਦੀਆਂ ਕਹਾਣੀਆਂ ਹਨ। ਹਰੇਕ ਕਹਾਣੀ ਮਨੁੱਖੀ ਮਨੋਵਿਗਿਆਨ ਦੀਆਂ ਅਲੱਗ ਅਲੱਗ ਪਰਤਾਂ ਖੋਲ੍ਹਦੀ ਹੈ ਤੇ ਨਾਲ ਹੀ ਆਪਣੇ ਖੇਤਰ ਦੀ ਆਂਚਲਿਕਤਾ ਦੀ ਝਲਕ ਵੀ ਦੇਂਦੀ ਹੈ। ਜਿਵੇਂ ਅਸਮੀਆਂ ਕਹਾਣੀ 'ਜੰਗਲ ਦੀ ਅੱਗ' ਵਿੱਚ ਪ੍ਰਸ਼ਾਸਨ ਵੱਲੋਂ ਜੰਗਲਾਂ ਵਿੱਚ ਵੱਸਣ ਵਾਲੇ ਮਿਹਨਤ ਕਰ ਕੇ ਰੋਜ਼ੀ ਰੋਟੀ ਕਮਾਉਣ ਵਾਲਿਆਂ ਨੂੰ ਉਜਾੜ ਕੇ ਕਬਜ਼ਾ ਕਰਨ ਦੀ ਗਾਥਾ ਹੈ। ਅੰਗ੍ਰੇਜ਼ੀ ਕਹਾਣੀ ਵਿੱਚ ਪੈਸੇ ਦੇ ਜ਼ੋਰ ਤੇ ਚੋਣਾਂ ਵਿੱਚ ਜਿੱਤਣ ਵਾਲੇ ਅਮੀਰ ਤੇ ਭ੍ਰਿਸ਼ਟ ਲੋਕਾਂ ਦੇ ਮੁਕਾਬਲੇ ਕੁਰਬਾਨੀ ਕਰਨ ਵਾਲਾ ਸਧਾਰਨ ਹੈਸੀਅਤ ਵਾਲਾ ਕਿਸਾਨ ਹਾਰਦਾ ਨਜ਼ਰ ਆਉਂਦਾ ਹੈ। ਅੱਜ ਵੀ ਤਾਂ ਸਾਡੇ ਆਸ ਪਾਸ ਇਹ ਕਥਾ ਜਾਰੀ ਹੈ। ਸਿੰਧੀ ਕਹਾਣੀ 'ਡੇਢ ਗੰਢ' ਵਿੱਚ ਆਪਣੀ ਮਰਜ਼ੀ ਨਾਲ ਵਿਆਹ ਤੋਂ ਬਿਨਾਂ ਰਹਿੰਦੇ ਜੋੜੇ ਪ੍ਰਤੀ ਸਮਾਜ ਦਾ ਵਰਤਾਰਾ ਸਾਹਮਣੇ ਆਉਂਦਾ ਹੈ। ਹਿੰਦੀ ਕਹਾਣੀ 'ਚਿੜੀ' ਵਿੱਚ ਅਜੋਕੇ ਰੁਝਾਨ ਵਾਂਗ ਮਾਪਿਆਂ ਦਾ ਆਪਣੇ ਬੱਚਿਆਂ ਤੇ ਮਾਪਿਆਂ ਦੀ ਮਰਜ਼ੀ ਦੇ ਵਧੇਰੇ ਦਬਾਅ ਦਾ ਅੰਜਾਮ ਦਿਸਦਾ ਹੈ।

'ਚੋਰ ਪੰਚਰ' ਵਿੱਚ ਦੇਸ਼ ਦੀ ਅਜੋਕੀ ਹਾਲਤ ਵੇਖ ਕੇ ਵਿਵਸਥਾ ਤੋਂ ਆਮ ਆਦਮੀ ਦੇ ਟੁੱਟਦੇ ਵਿਸ਼ਵਾਸ ਦਾ ਦ੍ਰਿਸ਼ ਹੈ। ਤੇਲਗੂ ਕਹਾਣੀ 'ਰੋਸ਼ਨੀ ਵੱਲ' ਵਿੱਚ ਪੜ੍ਹੀ ਲਿਖੀ ਕਾਬਲ ਔਰਤ ਦੇ ਖ਼ੁਦ ਨੂੰ ਪਹਿਚਾਨਣ ਦੀ ਕਹਾਣੀ ਹੈ ਤੇ ਮਲਿਆਲਮ ਕਹਾਣੀ 'ਇੱਕ ਹਰੀ ਭਰੀ ਦੁਨੀਆਂ ਲਈ ' ਵਿੱਚ ਮਹਾਂਨਗਰ ਦੀ ਜ਼ਿੰਦਗੀ ਵਿੱਚ ਕੁਦਰਤ ਤੇ ਹਰਿਆਲੀ ਨੂੰ ਤਿਲਾਂਜਲੀ ਦੇਂਦੇ ਸਮਾਜ ਦੀ ਤ੍ਰਾਸਦੀ ਹੈ ਜਿੱਥੇ ਕੁਦਰਤ ਪ੍ਰੇਮੀ ਘਰ ਵਿੱਚ ਪੌਦੇ ਲਾਉਣ ਵਾਸਤੇ ਤਰਸਦਾ ਹੈ। ਏਨੀਆਂ ਅਰਥਪੂਰਨ ਕਹਾਣੀਆਂ ਦਾ ਖ਼ੂਬਸੂਰਤ ਅਨੁਵਾਦ ਕਰ ਕੇ ਪੰਜਾਬੀ ਦੇ ਪਾਠਕਾਂ ਤੱਕ ਪਹੁੰਚਾਉਣ ਵਾਸਤੇ ਜਸਵਿੰਦਰ ਕੌਰ ਬਿੰਦਰਾ ਵਧਾਈ ਦੀ ਹੱਕਦਾਰ ਹੈ।

- **ਜਿਥੇ ਲਿਖਤ ਸਾਹ ਲੈਂਦੀ ਹੈ** : **ਪਰਮਜੀਤ ਢੀਂਗਰਾ**

ਪਰਮਜੀਤ ਢੀਂਗਰਾ ਸਾਹਿਤ ਦੇ ਖੇਤਰ ਵਿੱਚ ਨਿਰੰਤਰਤਾ ਨਾਲ ਸਾਰਥਕ ਹਿੱਸਾ ਪਾਉਣ ਵਾਲਾ ਲੇਖਕ ਹੈ। ਉਸ ਦੀਆਂ ਛੇ ਪੁਸਤਕਾਂ ਆਲੋਚਨਾ ਤੇ ਭਾਸ਼ਾ ਵਿਗਿਆਨ ਦੀਆਂ, ਸੱਤ ਵਿਸ਼ਵ ਵਾਰਤਕ ਦੀਆਂ, ਦੋ ਕਹਾਣੀ ਸੰਗ੍ਰਿਹ, ਤਨਖਾਹੀਏ (ਨਾਵਲ) ਤੇ ਸੰਵਾਦ ਤੇ ਸਮੀਖਿਆ ਦੀਆਂ ਛਪ ਚੁੱਕੀਆਂ ਹਨ। ਦੋ ਕਿਤਾਬਾਂ ਉਸ ਦੀਆਂ ਛਪਾਈ ਅਧੀਨ ਹਨ।

ਹੱਥਲੀ ਕਿਤਾਬ, ਜਿੱਥੇ ਲਿਖਤ ਸਾਹ ਲੈਂਦੀ ਹੈ ਵਿੱਚ ਛੋਟੇ ਆਕਾਰ ਦੇ ਇੱਕ ਸੌ ਅੱਠ ਲੇਖ ਹਨ। ਇਹ ਲੇਖ ਅਜੋਕੇ ਸਮੇਂ ਵਿੱਚ ਇੱਕ ਸੋਚਵਾਨ ਮਨੁੱਖ ਨੂੰ ਆਉਂਦੇ ਵੱਖ-ਵੱਖ ਵਸਤੂਆਂ , ਵਰਤਾਰਿਆਂ ਤੇ ਹਾਲਾਤ ਨਾਲ ਰਾਬਤਾ ਰੱਖਦੇ ਹਨ। ਇਹ ਅਤੀਤ ਤੇ ਵਰਤਮਾਨ ਨੂੰ ਫਰੋਲਦਿਆਂ ਹੋਇਆਂ ਭਵਿੱਖ ਬਾਰੇ ਫ਼ਿਕਰ ਵਾਲੀਆਂ ਸਥਿਤੀਆਂ ਤੇ ਵੀ ਝਾਤ ਪਾਉਂਦੇ ਤੇ ਪਾਠਕ ਨੂੰ ਵੀ ਸੋਚਣ ਵਾਸਤੇ ਮਜਬੂਰ ਕਰਦੇ ਹਨ। ਇਹ 'ਲਾਫਿੰਗ ਬੁੱਧਾ' (ਜੋ ਬੁੱਧ ਤੋਂ ਬੁੱਧਾ ਹੋ ਚੁੱਕਾ ਹੈ)ਤੋਂ ਸ਼ੁਰੂ ਹੋ ਕੇ ਇੱਕ ਸੌ ਅੱਠ ਲੇਖਾਂ ਮਣਕਿਆਂ ਦਾ ਸਫ਼ਰ ਕਰ ਕੇ ਨਿੱਜ ਤੋਂ ਸੰਸਾਰ ਪੱਧਰ ਦੀਆਂ ਮਨੁੱਖੀ ਸੋਚਾਂ ਤੇ ਗੁਝਲਾਂ ਨੂੰ ਛੂੰਹਦੇ ਹਨ। ਉਦਾਹਰਨ ਦੇ ਤੌਰ ਤੇ ਕੁਝ ਸਿਰਲੇਖ ਇਵੇਂ ਹਨ:

ਕਲਪਨਾ ਦਾ ਅਦਭੁਤ ਸੰਸਾਰ, ਜ਼ੀਰੋ ਵੇਸਟ ਸਿਟੀ, ਜੰਗਲ ਦੀ ਲਾਇਬਰੇਰੀ, ਕੁਦਰਤ ਤੇ ਕਿਤਾਬਾਂ ਜਾਗਦੀਆਂ ਅੱਖਾਂ ਦੇ ਸੁਪਨੇ ਹਨ,ਕਿਸਾਨੀ ਦੀ ਦੁਰਦਸ਼ਾ, ਬਾਲ ਮਨੋਵਿਗਿਆਨ ਦਾ ਰਹੱਸ,ਇਕਾਂਤ ਤੇ ਇਕੱਲੇਪਣ ਦੀ ਹੋਣੀ, ਮਾਂ ਲਈ ਪਾਣੀ ਦਾ ਗਿਲਾਸ,ਆਓ ਸੁਭਾਗੀ ਨੀਂਦੜੀਏ, ਸਭਿਅਤਾ ਤੇ ਸਾਬਣ ਮੱਛੀਆਂ ਦੇ ਪ੍ਰੇਮ ਗੀਤ, ਆਲਮੀ ਤਪਸ਼ ਤੇ ਐਨਥੀਸੀਆ, ਪਰਵਾਸ ਦੀ ਜਲਾਲਤ ਆਦਿ। ਇਹਨਾਂ ਵਿੱਚੋਂ ਇਹਨਾਂ ਲੇਖਾਂ ਦੀ ਵੰਨ ਸੁਵੰਨਤਾ ਦਾ ਆਭਾਸ ਮਿਲ ਜਾਂਦਾ ਹੈ। ਹਰੇਕ ਲੇਖ ਗੇ ਅੰਤ ਤੇ ਪੁਸਤਕ ਲੇਖਕ ਵੱਲੋਂ ਕੁਝ ਸਤਰਾਂ 'ਪੋਸਟ ਸਕ੍ਰਿਪਟ' ਦੀਆਂ ਹਨ ਦਿਸ ਵਿਚ ਉਹ ਲੇਖ ਦੇ ਬਾਰੇ ਵਿੱਚ ਟਿੱਪਣੀ ਦੇਂਦਾ ਹੈ। ਸਾਰੇ ਲੇਖ ਛੋਟੇ ਆਕਾਰ ਵਾਲੇ, ਆਮ ਬੋਲ ਚਾਲ ਦੀ ਭਾਸ਼ਾ ਵਿੱਚ ਹਨ ਤੇ ਜਾਣਕਾਰੀ ਦਾ ਭੰਡਾਰ ਸਾਂਭੀ ਬੈਠੇ ਹਨ। ਪਰਮਜੀਤ ਢੀਂਗਰਾ ਨੇ ਕਿਤਾਬ ਦੇ ਮੁੱਖ ਬੰਧ ਵਿੱਚ ਲਿਖਿਆ ਹੈ ਕਿ ਜਿਸ ਵੀ ਪੰਨੇ ਨੂੰ ਪੜ੍ਹੋਗੇ ਇਹ (ਸ਼ਬਦ) ਤੁਹਾਡੀ ਅਗਵਾਈ ਕਰਨਗੇ...ਉੱਤਰ ਦੇਣ ਲਈ ਤੁਹਾਨੂੰ ਸਵਾਲਾਂ ਦੇ ਸਨਮੁੱਖ ਚਿੰਤਨ ਕਰਨਾ ਪਵੇਗਾ। ਇਸ ਕਿਤਾਬ ਨੂੰ ਪੜ੍ਹਨ ਤੋਂ ਪਿੱਛੋਂ ਪਾਠਕ ਆਪਣੇ ਆਪ ਨੂੰ ਇਸ ਸਥਿਤੀ ਵਿੱਚ ਪਹੁੰਚਿਆ ਹੋਇਆ ਮਹਿਸੂਸ ਕਰਨ ਲਗਦਾ ਹੈ। ਅਜਿਹੀਆਂ ਹੋਰ ਲਿਖਤਾਂ ਦੀ ਇਸ ਲੇਖਕ ਤੋਂ ਉਮੀਦ ਰਹੇਗੀ।

- **ਖ਼ਲਾਅ ਵਿਚ ਖਿੱਲਰੇ ਖ਼ਤ** (ਵਾਰਤਕ) **ਗਗਨ ਮੀਤ**

ਉਪਰੋਕਤ ਸਿਰਲੇਖ ਵਾਲੀ ਕਿਤਾਬ ਗਗਨ ਮੀਤ ਦੀ ਨਵੀਂ ਕਿਤਾਬ ਹੈ। ਇਸ ਤੋਂ ਪਹਿਲਾਂ ਪਾਠਕ ਉਸ ਨੂੰ ਕਵਿਤਰੀ ਵਜੋਂ ਜਾਣਦੇ ਹਨ ਪਰ ਇਹ ਵਾਰਤਕ ਦੀ ਕਿਤਾਬ ਹੈ। ਇਹ ਕਿਤਾਬ ਵੱਖਰੇ ਮੁਹਾਂਦਰੇ ਵਾਲੀ ਹੈ ਕਿਉਂਕਿ ਇਸ ਵਿੱਚ ਉਸ ਵੱਲੋਂ ਆਪਣੇ ਪਿਤਾ ਨੂੰ ਲਿਖੇ ਗਏ ਖ਼ਤ ਹਨ। ਇਹ ਉਹ ਖ਼ਤ ਹਨ ਜੋ ਇੱਕ ਧੀ ਵੱਲੋਂ ਪਿਤਾ ਨੂੰ ਲਿਖੇ ਗਏ, ਇਹ ਜਾਣਦਿਆਂ ਹੋਇਆਂ ਕਿ ਇਹ

ਖ਼ਤ ਧੀ ਦੇ ਚਿਤਵੇ ਟਿਕਾਣੇ ਤੇ ਉਸ ਰਿਸ਼ਤੇ ਤੱਕ ਨਹੀਂ ਪਹੁੰਚਣਗੇ। ਪਿਤਾ ਦਾ ਬੱਚਿਆਂ ਦੀ ਜ਼ਿੰਦਗੀ ਵਿੱਚ ਅਹਿਮ ਸਥਾਨ ਹੁੰਦਾ ਹੈ। ਪਰ ਗਗਨ ਮੀਤ ਦਾ ਪਿਤਾ ਤਾਂ ਉਸ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਦੂਰ ਹੋ ਚੁੱਕਾ ਸ੍ਰੀ। ਉਹ ਪਿਤਾ ਨੂੰ ਲੱਭਣ ਵਾਸਤੇ ਹਾਲਾਤ ਤੇ ਰਿਸ਼ਤਿਆਂ ਦੀ ਬਹੁਤ ਸਾਰੀ ਖਾਕ ਛਾਣਦੀ ਰਹਿੰਦੀ ਹੈ ਪਰ ਪਿਤਾ ਨੂੰ ਮਿਲ ਨਹੀਂ ਸਕਦੀ। ਵਿੱਚ ਵਿੱਚ ਪਿਤਾ ਨੂੰ ਸੰਬੋਧਿਤ ਕੁਝ ਕਵਿਤਾਵਾਂ ਵੀ ਹਨ। ਸਾਰੀ ਕਿਤਾਬ ਵਿੱਚੋਂ ਇੱਕ ਧੀ ਦੀ ਪਿਤਾ ਦੀ ਅਣਹੋਂਦ ਨੂੰ ਮਹਿਸੂਸ ਕਰਦੀ ਬਿਹਬਲਤਾ ਮਨ ਨੂੰ ਟੁੰਬਦੀ ਹੈ।ਅਠੱਤਰ ਸਫ਼ਿਆਂ ਦੀ ਕਿਤਾਬ ਪੜ੍ਹਦਿਆਂ, ਪਾਠਕ ਨੂੰ ਧੀ ਵਾਸਤੇ ਪਿਤਾ ਦੀ ਲੋੜ ਵਿਸ਼ੇਸ਼ ਕਰਕੇ ਤੇ ਔਲਾਦ ਵਾਸਤੇ, ਆਮ ਕਰਕੇ ਮਹਿਸੂਸ ਹੁੰਦੀ ਰਹਿੰਦੀ ਹੈ।

ਉਹ ਲਿਖਦੀ ਹੈ "ਇਹ ਖ਼ਤ ਮੇਰੇ ਪਿਆਰ ਤੇ ਸ਼ਿੱਦਤ ਦੇ ਉਹ ਬੀਜ ਹਨ ਜੋ ਮੈਂ ਆਪਣੇ ਚਾਰੋਂ ਪਾਸੇ ਖਿੰਡਾ ਦਿੱਤੇ ਹਨ।...ਇਹ ਖ਼ਤ ਮੇਰੇ ਵਰਗੇ ਦੁਨੀਆਂ ਦੇ ਉਨ੍ਹਾਂ ਸਾਰੇ ਬੱਚਿਆਂ ਦੀਆਂ ਖਾਮੋਸ਼ ਸਿਸਕੀਆਂ ਹਨ ਜੋ ਉਹ ਬਿਆਨ ਨਹੀਂ ਕਰ ਪਾਉਂਦੇ।" ਲੇਖਿਕਾ ਇਸ ਕਿਤਾਬ ਰਾਹੀਂ ਪਿਤਾ ਵਾਸਤੇ ਆਪਣੇ ਗਹਿਰੇ ਦਿਲੀ ਅਹਿਸਾਸ ਪਹੁੰਚਾਉਣ ਵਿੱਚ ਕਾਮਯਾਬ ਰਹਿੰਦੀ ਹੈ।ਗਗਨ ਮੀਤ ਨੂੰ ਆਪਣੇ ਸੁੱਚੇ ਅਹਿਸਾਸ ਅੰਕਿਤ ਕਰਨ ਵਾਸਤੇ ਮੁਬਾਰਕਬਾਦ।

- **ਮੇਰੇ ਹਿੱਸੇ ਦਾ ਸੂਰਜ** (ਕਵਿਤਾ) **ਰਾਜੀਵ ਸੇਠ**

ਰਾਜੀਵ ਸੇਠ ਦੀ ਨਵੀਂ ਕਾਵਿ-ਪੁਸਤਕ ਦਾ ਸਿਰਲੇਖ ਹੈ—**ਮੇਰੇ ਹਿੱਸੇ ਦਾ ਸੂਰਜ**। ਸਾਰੀ ਦੁਨੀਆਂ ਦਾ ਸੂਰਜ ਤਾਂ ਇੱਕ ਹੀ ਹੈ ਪਰ ਹਰੇਕ ਨੂੰ ਪੂਰਾ ਸੂਰਜ ਨ ਮਿਲ ਸਕਦਾ ਹੁੰਦਾ ਨਾ ਕੋਈ ਸਾਰੀ ਦੁਨੀਆਂ ਦੇ ਸਾਂਝੇ ਸੂਰਜ ਨੂੰ ਆਪਣੇ ਵੱਸ ਵਿੱਚ ਕਰ ਹੀ ਸਕਦਾ ਹੁੰਦਾ ਹੈ। ਪਰ ਆਪਣੇ ਹਿੱਸੇ ਦੇ ਸੂਰਜ ਨੂੰ ਸਵੀਕਾਰ ਕਰ ਲੈਣਾ, ਸੂਰਜ ਦੇ ਜਲੌਅ ਵਿੱਚ ਆਪਣਾ ਹਿੱਸਾ ਨਿਸ਼ਚਤ ਕਰ ਲੈਣ ਦਾ ਵਿਸ਼ਵਾਸ ਹੈ। ਉਹ ਵਿਸ਼ਵਾਸ , ਸ਼ਬਦਾਂ ਨੂੰ ਬਹੁਤ ਸੰਜਮ ਤੇ ਸੰਕੋਚ ਨਾਲ ਵਰਤਣ ਵਾਲੇ ਸਾਡੇ ਇਸ ਬਹੁਤ ਸੰਜੀਦਾ ਸ਼ਾਇਰ ਦੇ ਹਿੱਸੇ ਆਉਂਦਾ ਹੈ। ਇਸ ਕਿਤਾਬ ਤੋਂ ਪਹਿਲਾਂ, ਉਸ ਦੀ ਕਵਿਤਾ ਦੀ ਕਵਿਤਾ ਦੀ ਕਿਤਾਬ **ਆਟੇ ਨਾਲ ਜੋੜਿਆ ਖ਼ਤ ਹੈ**, ਕਹਾਣੀਆਂ ਦੀ ਕਿਤਾਬ **ਕੀੜਾ ਤੇ ਹੋਰ ਕਹਾਣੀਆਂ**, ਗਜ਼ਲ ਸੰਗ੍ਰਹਿ **ਅੱਖਰ ਅੱਖਰ ਲੋਅ**, ਹਿੰਦੀ ਕਾਵਿ-ਸੰਗ੍ਰਹਿ ਤੇ ਤਿੰਨ ਅਨੁਵਾਦਿਤ ਪੁਸਤਕਾਂ ਹਨ।

ਕਵਿਤਾ ਦੀ ਇਹ ਕਿਤਾਬ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਰਾਜੀਵ ਸੇਠ ਠਰ੍ਹੰਮੇ ਨਾਲ ਕੰਮ ਕਰਨ ਵਾਲਾ ਕਲਮਕਾਰ ਹੈ : ਜੋ ਖ਼ੁਦ ਬਖ਼ੁਦ / ਆਣ ਡਿੱਗੇ / ਕੇਵਲ / ਉਹੀ ਅੱਖਰ / ਮੈਂ ਚੁਗੇ / ਬੀੜੇ ਹਨ।

ਕਰਵਟ ਪ੍ਰਕਾਸ਼ਨ ਦਿੱਲੀ ਵੱਲੋਂ ਛਾਪੀ ਗਈ ਛਿਆਨਵੇਂ ਸਫਿਆਂ ਦੀ ਇਸ ਕਿਤਾਬ ਵਿੱਚ ਵੱਖ-ਵੱਖ ਵਿਚਾਰਾਂ ਵਾਲੀਆਂ ਪੰਜਾਹ ਕਵਿਤਾਵਾਂ ਹਨ।ਉਹ ਫੂਲਨ ਦੇਵੀ ਨੂੰ ਹਿੰਮਤ ਨੂੰ ਸਲਾਹੁੰਦਾ ਹੈ, ਪਹਾੜੀ ਸੈਰ ਵੇਲੇ ਹਵਾ ਦੀ ਸਰਸਰਾਹਟ ਦੀ ਭਾਸ਼ਾ ਸਮਝਦਾ ਹੈ, ਮੁਹੱਬਤ ਦੀ ਆਮਦ ਦੇ ਜਲ-ਤਰੰਗ ਦੀ ਤਸਦੀਕ ਕਰਦਾ ਹੈ, ਅਣਜੀਵੇ ਪ੍ਰੇਮ ਦੀ ਮਨੁੱਖ ਨੂੰ ਸਾਂਭ ਕੇ ਰੱਖਣ ਦੀ ਰਮਜ਼ ਨੂੰ ਮੰਨਦਾ ਹੈ ਤੇ ਸਿਰੜ ਨੂੰ ਅੰਗ ਸੰਗ ਰਹਿਣ ਦੀ ਤਾਕੀਦ ਕਰਦਾ ਹੈ। ਕਿਤਾਬ ਦੇ ਪਿਛਲੇ ਹਿੱਸੇ ਵਿੱਚ ਮਨਮੋਹਨ ਬਾਵਾ, ਸੁਰਜੀਤ ਪਾਤਰ, ਦੇਵ ਤੇ ਪ੍ਰੇਮ ਪ੍ਰਕਾਸ਼ ਦੇ ਖ਼ੂਬਸੂਰਤ ਕਾਵਿ-ਚਿੱਤਰ ਤੇ ਪ੍ਰਗੀਤ ਵੀ ਹਨ। ਆਪਣੀ ਚਾਲੇ ਤੁਰਦਿਆਂ,ਆਪਣੇ ਰੰਗ ਵਿੱਚ ਸਾਹਿਤ ਰਚਨਾ ਕਰਨ ਵਾਲੇ ਇਸ ਸ਼ਾਇਰ ਨੂੰ ਅਗਲੇਰੇ ਸਾਹਿਤਕ ਸਫ਼ਰ ਵਾਸਤੇ ਸ਼ੁਭ ਕਾਮਨਾਵਾਂ

- **ਮਾਦਾਮ ਬੋਵਾਰੀ** (ਨਾਵਲ) **ਅਨੁ. ਪਰਮਜੀਤ ਢੀਂਗਰਾ**

ਡਾ. ਪਰਮਜੀਤ ਢੀਂਗਰਾ ਹਮੇਸ਼ਾਂ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਕਿਸੇ ਨਾ ਕਿਸੇ ਵਿਧਾ ਤੇ ਕੰਮ ਕਰਨ ਵਿੱਚ ਰੁੱਝਿਆ ਰਹਿੰਦਾ ਹੈ। ਹੁਣ ਉਸਨੇ ਫਰਾਂਸ ਦੇ ਲੇਖਕ ਗੁਸਤਾਵ ਫਲਾਬੇਅਰ ਦਾ ਵੱਡ ਆਕਾਰੀ ਤੇ ਪ੍ਰਸਿੱਧ ਨਾਵਲ 'ਮਾਦਾਮ ਬੋਵਾਰੀ' ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਪਰ ਇਹ ਅਨੁਵਾਦ ਏਨਾ ਵਧੀਆ ਹੈ ਤੇ ਆਮ ਬੋਲਚਾਲ ਵਾਲੀ ਪੰਜਾਬੀ ਵਿੱਚ ਏਵੇਂ ਉਲਥਾਇਆ ਗਿਆ ਹੈ ਕਿ ਪਾਠਕ ਨੂੰ ਇਹ ਪੜਦਿਆਂ ਹੋਇਆਂ ਪੰਜਾਬੀ ਦਾ ਮੌਲਿਕ ਨਾਵਲ ਹੀ ਜਾਪਣ ਲਗਦਾ ਹੈ। ਮਨੁੱਖਾਂ, ਥਾਵਾਂ ਤੇ ਸਮਾਜਕ ਵਰਤ ਵਰਤਾਰਿਆਂ ਤੋਂ ਹੀ ਪਤਾ ਹੈ ਕਿ ਇਹ ਕਿਸੇ ਹੋਰ ਦੇਸ਼ ਤੇ ਸਭਿਆਚਾਰ ਦੀ ਗੱਲ ਹੋ ਰਹੀ ਹੈ।

ਲੇਖਕ ਦੇ ਦੱਸਣ ਮੁਤਾਬਿਕ ਇਸ ਨਾਵਲ ਦੀ ਕਹਾਣੀ 1830 ਇਹ ਫਰਾਂਸ ਦੇ ਉੱਤਰ ਪੱਛਮੀ ਖੇਤਰ ਵਿੱਚ ਸ਼ੁਰੂ ਹੁੰਦੀ ਹੈ ਜਦੋਂ ਪੇਂਡੂ ਮਾਹੌਲ ਵਿੱਚ ਪਲਿਆ ਹੋਇਆ ਨਾਇਕ ਚਾਰਲਸ ਡਾਕਟਰ ਬਣ ਜਾਂਦਾ ਹੈ। ਫਿਰ ਉਸ ਦੀ ਪਹਿਲੀ ਪਤਨੀ ਦੀ ਮੌਤ ਪਿੱਛੋਂ ਉਸ ਦਾ ਕੌਨਵੈਂਟ ਦੀ ਪੜ੍ਹੀ ਹੋਈ ਲੜਕੀ ਐਮਾ ਨਾਲ  ਵਿਆਹ ਹੋ ਜਾਂਦਾ ਹੈ। ਐਮਾ ਤੜਕ ਭੜਕ ਵਾਲੀ ਦਿਖਾਵੇ ਦੀ ਜ਼ਿੰਦਗੀ ਜਿਊਣ ਵਾਲੀ ਔਰਤ ਹੈ। ਇੱਕ ਬੇਟੀ ਬਰਥ ਵੀ ਹੈ ਉਹਨਾਂ ਦੀ ਜਿਸ ਦੀ ਪਰਵਾਹ ਐਮਾ ਨਹੀਂ ਕਰਦੀ ਤੇ ਉਹ ਆਪਣੇ ਦਾਦੀ ਕੋਲ ਰਹਿੰਦੀ ਹੈ।ਡਾਕਟਰ ਚਾਰਲਸ ਹਮੇਸ਼ਾਂ ਐਮਾ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ। ਪਰ ਉਹ ਚਾਰਲਸ ਨੂੰ ਧੋਖਾ ਦੇਂਦਿਆਂ ਹੋਇਆਂ ਹੋਰ ਲੋਕਾਂ ਨਾਲ ਵੀ ਸਬੰਧ ਬਣਾ ਕੇ ਐਸ਼ ਆਰਾਮ ਨਾਲ ਜਿਊਣ ਵਾਸਤੇ ਕਈ ਲੋਕਾਂ ਤੋਂ ਕਰਜ਼ੇ ਵੀ ਲੈਂਦੀ ਰਹਿੰਦੀ ਹੈ। ਆਖਰ ਵਿੱਚ ਬਾਹਰਲੇ ਪ੍ਰੇਮੀਆਂ ਤੋਂ ਨਿਰਾਸ਼ ਹੋ ਕੇ ਉਹ ਖੁਦਕੁਸ਼ੀ ਕਰ ਲੈਂਦੀ ਹੈ। ਉਸ ਦੇ ਬੇਤਹਾਸ਼ਾ ਖ਼ਰਚਿਆਂ ਕਾਰਨ ਉਨ੍ਹਾਂ ਦੇ

ਘਰ ਦੀ ਵੀ ਨੀਲਾਮੀ ਹੋ ਜਾਂਦੀ ਹੈ। ਐਮਾ ਦੇ ਲਏ ਹੋਏ ਕਰਜ਼ੇ ਲਾਹੁੰਦਿਆਂ ਡਾਕਟਰ ਦਾ ਸਾਰਾ ਪੈਸਾ ਖ਼ਤ ਹੋ ਜਾਂਦਾ ਹੈ ਤੇ ਉਹ ਵੀ ਮਰ ਜਾਂਦਾ ਹੈ। ਨਾਵਲ ਦਿਲਚਸਪ ਤੇ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ ਤੇ ਇਸ ਕਹਾਣੀ ਦੀ ਪੁਨਰ ਸਿਰਜਣਾ ਵਿੱਚ ਡਾ. ਪਰਮਜੀਤ ਢੀਂਗਰਾ ਨੂੰ ਸਫਲ ਸਿੱਧ ਕਰਦਾ ਹੈ।

- **ਇਤਰ ਨਾਲ ਲਿਖੀ ਇਬਾਰਤ** (ਕਵਿਤਾ) **ਨਵਜੋਤ ਕੌਰ ਭੁੱਲਰ**

ਨਵਜੋਤ ਕੌਰ ਭੁੱਲਰ ਦੀ ਕਵਿਤਾ ਦੀ ਪਹਿਲੀ ਕਿਤਾਬ ਹੈ **ਇੱਤਰ ਨਾਲ ਲਿਖੀ ਇਬਾਰਤ**। ਇਹ ਕਵਿਤਾ ਉਸ ਨੇ ਅਹਿਸਾਸ ਦੇ ਭਾਵਨਾਤਮਕ ਇਤਰ ਨਾਲ ਲਿਖੀ ਹੈ। ਇਸ ਵਿੱਚ ਵਿਰਸਾ ਹੈ, ਲੋਕਧਾਰਾਈ ਰੰਗ ਹੈ,ਸਾਦਗੀ ਹੈ, ਰਵਾਨੀ ਹੈ ਤੇ ਸਹਿਜ ਸੁਭਾਵਕਤਾ ਹੈ।ਇਸ ਕਵਿਤਾ ਵਿੱਚ ਮਾਪਿਆਂ ਤੇ ਹੋਰ ਰਿਸ਼ਤਿਆਂ ਦਾ ਬੇਸ਼ਰਤ ਪਿਆਰ ਹੈ, ਤੇ ਨਵਜੋਤ, ਉਸ ਮੋਹ ਨੂੰ ਮਾਣਦਿਆਂ, ਸਤਿਕਾਰ ਦੇਂਦਿਆਂ ਸਾਰੇ ਰਿਸ਼ਤਿਆਂ ਦੇ ਮੋਹ ਤੇ ਮਾਣ ਵੀ ਕਰਦੀ ਹੈ। ਇਸ ਕਵਿਤਾ ਦੀ ਆਪ ਮੁਹਾਰਤਾ ਇਸ ਨੂੰ ਆਡੰਬਰ ਰਹਿਤ ਰੂਪ ਦੇਂਦੀ ਹੈ। ਜਿਵੇਂ,ਆਪਣੀ ਮਾਂ ਬਾਰੇ ਉਹ ਲਿਖਦੀ ਹੈ: ‘ਕੂੜੇ ਦੇ ਢੇਰ ਵਿੱਚ ਪਏ ਕਾਗਜ਼ /ਚੁੱਕ ਕੇ ਫ਼ੜ ਪੜ੍ਹਦੀ ਰਹਿੰਦੀ ਉਹ/ਪਰ ਆਪਣੇ ਦਿਲ ‘ ਤੇ ਲਿਖੇ ਅੱਖਰ / ਕਦੇ ਕਾਗਜ਼ ਤੇ ਨਾ ਉਤਾਰ ਸਕੀ ਉਹ’।

ਇਸ ਕਵਿਤਾ ਵਿੱਚ ਸੱਜਰਾਪਣ ਵੀ ਹੈ: ‘ਪਾਠ ਸੁਣਦਿਆਂ ਤੇਲ ਲਗਾਉਂਦਿਆਂ / ਮੇਰੇ ਵਾਲ ਬਣ ਜਾਂਦੇ ਕੇਸਾਂ ਦੀ ਫ਼ਸਲ’। ਉਸ ਦੀ ਕਵਿਤਾ ਦੇ ਪਿੜ ਵਿੱਚ ਹਾਜ਼ਰੀ ਦਾ ਸੁਆਗਤ ਹੈ। ਇਸ ਉਮੀਦ ਨਾਲ ਕਿ ਉਸ ਦੇ ਅਗਲੇ ਸਾਹਿਤਕ ਸਫ਼ਰ ਵਿੱਚ ਵੀ ਇਹ ਤਾਜ਼ਗੀ, ਇਹ ਸੱਚਾਈ ਤੇ ਨਿਵੇਕਲਾਪਣ ਕਾਇਮ ਰਹੇ, ਨਵਜੋਤ ਕੌਰ ਭੁੱਲਰ ਨੂੰ ਬਹੁਤ ਸਾਰੀਆਂ ਸ਼ੁੱਭ ਕਾਮਨਾਵਾਂ।

**ਅਰਤਿੰਦਰ ਸੰਧੂ**

- **ਬਾਬਿਆਂ ਦੇ ਵੱਗ ਫਿਰਦੇ** (ਵਿਅੰਗ) **ਤ੍ਰਿਲੋਕ ਢਿੱਲੋਂ**

ਭਾਵੇਂ ਤ੍ਰਿਲੋਕ ਢਿੱਲੋਂ ਪੰਜਾਬੀ ਕਵਿਤਾ ,ਗ਼ਜ਼ਲ , ਵਾਰਤਕ ਤੇ ਨਾਟਕ ਦੇ ਖੇਤਰ ਵਿਚ ਵੀ ਉਘੜਵੀਂ ਪਛਾਣ ਰੱਖਦਾ ਹੈ ਪਰ ਮੇਰਾ ਉਸ ਨਾਲ ਵਧੇਰੇ ਵਾਹ ਵਾਸਤਾ ਇਕ ਹੰਢੇ ਵਰਤੇ ਹਾਸ ਵਿਅੰਗ ਲੇਖਕ ਵਜੋਂ ਹੀ ਰਿਹਾ ਹੈ। ਉਸਦੇ ਪਹਿਲੇ ਹਾਸ ਵਿਅੰਗ ਸੰਗ੍ਰਹਿ ‘ਤਰੀ ਵਾਲੇ ਕਰੇਲੇ’ ਦੇ ਦੋ ਐਡੀਸਨ ਛੱਪ ਚੁੱਕੇ ਹਨ ਤੇ ਦੂਜਾ ਹਾਸ ਵਿਅੰਗ ਸੰਗ੍ਰਹਿ ‘ ਬਾਬਿਆਂ ਦੇ ਵੱਗ ਫਿਰਦੇ’ ਵੀ ਇਸ ਵਿਧਾ ਦੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ। ਇਸ ਸੰਗ੍ਰਹਿ ਵਿਚ ਉਸਦੇ ਪੰਦਰਾਂ ਹਾਸ ਵਿਅੰਗ ਲੇਖ ਤੇ ਏਨੇ ਹੀ ਇਹਨਾਂ ਲੇਖਾਂ ਦੀ ਵਿਅੰਗੀ ਭਾਵਨਾ ਨੂੰ ਵਿਸਥਾਰ ਦਿੰਦੇ ਦੁੰਮ ਛੱਲੇ ਸ਼ਾਮਿਲ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ, ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਖੇਤਰਾਂ ਦੀਆਂ 15 ਅਲਾਮਤਾਂ ਜਾਂ ਵਿੰਸਗਤੀਆਂ ਤਾਂ ਸਿੱਧੇ ਤੌਰ ’ਤੇ ਉਸਦੇ ਵਿਅੰਗ ਬਾਣਾਂ ਦਾ ਨਿਸ਼ਾਨਾ ਬਣੀਆਂ ਹਨ ਤੇ ਇਹਨਾਂ ਵਿਸੰਗਤੀਆਂ ਨਾਲ ਨੇੜਤਾ ਰਖਦੀਆਂ ਦਰਜਣਾ ਹੋਰ ਸਮਾਜਿਕ ਬੁਰਾਈਆਂ ਨੂੰ ਵੀ ਉਸ ਦੀਆਂ ਹਾਸ ਵਿਅੰਗੀ ਟਕੋਰਾਂ ਦੀ ਮਾਰ ਸਹਿਣੀ ਪਈ ਹੈ। ਜੇ ਉਸ ਦੇ ਹਾਸ ਵਿਅੰਗ ਮਨੁੱਖ ਤੇ ਮਨੁੱਖਤਾ ਵਿਰੋਧੀ ਸਮਾਜਿਕ, ਆਰਥਿਕ ਤੇ ਰਾਜਨੀਤਕ ਵਰਤਾਰਿਆਂ ਨੂੰ ਆਪਣੀ ਨਰਾਜ਼ਗੀ ਦਾ ਨਿਸ਼ਾਨਾਂ ਬਣਾਉਣ ਵੇਲੇ ਥੋੜ੍ਹੀ ਬਹੁਤੀ ਕਸਰ ਬਾਕੀ ਛੱਡ ਜਾਂਦੇ ਹਨ ਤਾਂ ਵਿਅੰਗ ਲੇਖਾਂ ਦੇ ਹੇਠਾਂ ਦਰਜ਼ ਦੁੰਮ ਛੱਲੇ ਇਹ ਕਸਰ ਪੂਰੀ ਕਰ ਦਿੰਦੇ ਹਨ।

ਹਾਸ ਵਿਅੰਗ ਵਿਧਾ ਸਿੱਧੀ ਗੱਲ ਨੂੰ ਅਸਿੱਧੇ ਰੂਪ ਵਿਚ ਕਰਦੀ ਹੈ ਤੇ ‘ਕਹਾਂ ਧੀ ਨੂੰ, ਸੁਣਾਵਾਂ ਨੂੰਹ ਨੂੰ’ ਦੀ ਕਹਾਵਤ ਅਨੁਸਾਰ ਤ੍ਰਿਲੋਕ ਢਿੱਲੋਂ ਆਪਣਾ ਇਹ ਕਾਰਜ਼ ਪੁਸਤਕ ਦੇ ਸਮਰਪਣ ਪੰਨੇ ਤੋਂ ਹੀ ਸ਼ੁਰੂ ਕਰ ਦਿੰਦਾ ਹੈ। ਇਹ ਪੁਸਤਕ ਉਸਨੇ ਉਨ੍ਹਾਂ ਅੰਧ ਭਗਤਾਂ ਦੇ ਨਾਮ ਕੀਤੀ ਹੈ ਜਿਹੜੇ ਆਪਣੇ ਜਨਮ ਦਾਤਿਆਂ ਦੀ ਥਾਂ ਪਾਖੰਡੀ ਬਾਬਿਆਂ ਨੂੰ ਆਪਣਾ ਮਾਂ-ਪਿਉਂ ਮੰਨੀ ਬੈਠੇ ਹਨ। ਸਮਰਪਣ ਆਪਣੇ ਆਪ ਵਿਚ ਇਕ ਵਡਿਆਈ ਹੈ ਪਰ ਜਦੋਂ ਢਿੱਲੋਂ ਵਰਗਾ ਪ੍ਰੋਢ ਵਿਅੰਗਕਾਰ ਇਸ ਵਡਿਆਈ ਨੂੰ ਵੀ ਵਿਅੰਗੀ ਨਸ਼ਤਰ ਵਜੋ ਵਰਤ ਲੈਂਦਾ ਹੈ ਤਾਂ ਇਹ ਭੇਖੀ ਬਾਬਿਆਂ ਤੇ ਉਨ੍ਹਾਂ ਦੇ ਦੁੰਮ ਛੱਲੇ ਬਣੇ ਅੰਧ ਭਗਤ ਸ਼ਰਧਾਲੂਆਂ ਨੂੰ ਬਹੁਤ ਕੁਝ ਸੋਚਣ ਵਿਚਾਰਣ ਲਈ ਮਜਬੂਰ ਕਰ ਦਿੰਦੀ ਹੈ। ਤ੍ਰਿਲੋਕ ਢਿੱਲੋਂ ਦੇ ਵਿਅੰਗ ਲੇਖਾਂ ਦਾ ਮੁੱਖ ਮੰਤਵ ਮਨੁੱਖੀ ਜੀਵਨ ਦੀ ਪ੍ਰਗਤੀ ਵਿਚ ਬਾਧਕ ਬਣੀ ਸਮਕਾਲੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਵਿਵਸਥਾ ਨੂੰ ਵੀ ਕਈ ਤਰ੍ਹਾਂ ਦੇ ਸੁਆਲਾਂ ਦੇ ਘੇਰੇ ਵਿਚ ਲਿਆਉਣਾ ਹੈ। ਪੁਸਤਕ ਦਾ ਟਾਈਟਲ ਲੇਖ ‘ਬਾਬਿਆਂ ਦੇ ਵੱਗ ਫਿਰਦੇ’ ਦੇਸ਼ ਵਿਚ ਆਏ ਬਾਬਾਵਾਦ ਦੇ ਹੜ੍ਹ ਨੂੰ ਚੇਤਨਾ ਦਾ ਬੰਨ੍ਹਾਂ ਮਾਰਨ ਦੀ ਸਲਾਹ ਦਿੰਦਿਆਂ ਆਖਦਾ ਹੈ ਕਿ ਇਹਨਾਂ ਪਖੰਡੀ ਬਾਬਿਆਂ, ਆਖੌਤੀ ਸੰਤਾਂ, ਸਾਧਾਂ ਤੇ ਧਰਮ ਦੇ ਠੇਕੇਦਾਰਾਂ ਦੇ ਪੈਰੀ ਹੱਥ ਲਾਉਣ ਨਾਲੋਂ ਬਿਹਤਰ ਇਹੀ ਹੈ ਕਿ ਅਸੀਂ ਆਪਣੇ ਹੀ ਪੈਰ ਸਪਰਸ਼ ਕਰ ਲਈਏ, ਜਿਸ ਨਾਲ ਸਾਡਾ ਮਨ ਤੇ ਸਿਹਤ ਦੋਵੇਂ ਤੰਦਰੁਸਤ ਹੋ ਸਕਦੇ ਹਨ।

ਵਿਅੰਗ ਲੇਖਕ ਢਿੱਲੋਂ ਇਸ ਗੱਲ ਨੂੰ ਚੇਤਨ ਰੂਪ ਵਿਚ ਸਮਝਦਾ ਹੈ ਕਿ ਭ੍ਰਿਸ਼ਟਾਚਾਰ, ਅਨੈਕਿਤਾ, ਭਾਈ ਭਤੀਜਾਵਾਦ, ਹਿੰਸਾ, ਮਹਿੰਗਾਈ ਤੇ ਬੇ ਰੁਜ਼ਗਾਰੀ ਵਰਗੇ ਸਾਰੇ ਨਾਂਹ ਪੱਖੀ ਵਰਤਾਰੇ ਦੇਸ਼ ਦੀ ਕਾਰਪੋਰੇਟ ਪੱਖੀ ਰਾਜਨੀਤਕ ਵਿਵਸਥਾ ਦੀ ਦੇਣ ਹਨ। ਇਸ ਲਈ ਉਸਦੇ ਹਾਸ ਵਿਅੰਗ ‘ਸੱਤਵੀ ਰੁੱਤ ਦੇ ਸ਼ਾਹ ਸ਼ਵਾਰ’, ਤੂੰ ਕਾਹਦਾ ਪਟਵਾਰੀ ਤੇ ‘ਪਾ ਕੇ ਲੌਂਗ ਬਿਗਾਨਾ’ ਆਦਿ ਜਦੋਂ ਇਸ ਵਿਵਸਥਾ ਦੇ ਲੋਕ ਦੋਖੀ ਕਿਰਦਾਰ ਦੇ ਕੱਚੇ ਚੱਠੇ ਫਰੋਲਦੇ ਹਨ ਤਾਂ ਲਾਜ਼ਮੀ ਤੌਰ ’ਤੇ ਪਾਠਕਾਂ ਦੇ ਮਨਾਂ ਅੰਦਰ ਇਹਨਾਂ ਦਾ

ਪ੍ਰਤੀਉੱਤਰ ਸਿਰਜੇ ਜਾਣ ਦੀ ਇੱਛਾ ਪੈਦਾ ਹੁੰਦੀ ਹੈ।

ਨਿਰੰਤਰ ਰੂਪ ਵਿਚ ਹਾਸ ਵਿਅੰਗ ਲਿਖਣ ਵਾਲਾ ਲੇਖਕ ਆਪਣੀ ਗੱਲ ਅਸਰਦਾਰ ਢੰਗ ਨਾਲ ਪਾਠਕਾਂ ਤੱਕ ਪੁੱਜਦਾ ਕਰਨ ਲਈ ਅਕਸਰ ਇਕ ਸਟਾਕ ਪਾਤਰ ਘੜ ਲੈਂਦੇ ਨੇ! ਢਿੱਲੋਂ ਕੋਲ ਵੀ ਚਾਚਾ ਘੁਣਤਰੀ ਨਾਂ ਦਾ ਅਜਿਹਾ ਸਟਾਕ ਪਾਤਰ ਹੈ ਜੋ ਉਸਦੀਆਂ ਕਟਾਖਸ਼ੀ ਗੱਲਾਂ ਦੀ ਪੁਸ਼ਟੀ ਤੇ ਪ੍ਰੋੜਤਾ ਕਰਨ ਲਈ ਹਰ ਵੇਲੇ ਹਾਜ਼ਰ ਮਿਲਦਾ ਹੈ। ਬਾਕੀ ਹਾਸ ਵਿਅੰਗ ਲੇਖਕਾਂ ਵੱਲੋਂ ਘੜੇ ਗਏ ਸਟਾਕ ਪਾਤਰਾਂ ਨਾਲੋਂ ਇਸ ਪਾਤਰ ਦੀ ਵਿਲੱਖਣਤਾ ਇਹ ਹੈ ਕਿ ਇਹ ਕਿਸੇ ਵੀ ਲੇਖ ਵਿਚ ਮੁੱਖ ਪਾਤਰ ਵਜੋਂ ਪੇਸ਼ ਨਹੀਂ ਹੁੰਦਾ ਸਗੋਂ ਉਹ ਹਮੇਸ਼ਾ ਵਿਅੰਗਕਾਰ ਦੇ ਸਹਾਇਕ ਦੀ ਭੂਮਿਕਾ ਵਿਚ ਹੀ ਨਜ਼ਰ ਆਉਂਦਾ ਹੈ ਅਤੇ ਵਿਅੰਗੀ ਟਿੱਪਣੀ ਕਰਕੇ ਦ੍ਰਿਸ਼ ਵਿੱਚੋਂ ਆਲੋਪ ਹੋ ਜਾਂਦਾ ਹੈ੍ਹ ਇਸ ਤਰ੍ਹਾਂ ਤ੍ਰਿਲੋਕ ਢਿੱਲੋਂ ਵੱਲੋਂ ਘੜਿਆ ਸਟਾਕ ਪਾਤਰ ਹੋਰ ਹਾਸ ਵਿਅੰਗ ਲੇਖਕਾਂ ਦੇ ਅਜਿਹੇ ਪਾਤਰਾ ਨਾਲੋਂ ਬਿਲਕੁਲ ਵੱਖਰੀ ਪਛਾਣ ਰੱਖਦਾ ਹੈ।

ਢਿੱਲੋਂ ਦੇ ਵਿਅੰਗ ਲੇਖ ਏਨੇ ਨਿੱਡਰ ਅਤੇ ਨਿਰਭੀਕ ਹਨ ਕਿ ਧਰਮ ਵਰਗੇ ਅੰਤਿਅੰਤ ਸੰਵੇਦਨਸ਼ੀਲ ਵਿਚਲੀਆਂ ਅਸੰਗਤੀਆ ’ਤੇ ਵੀ ਆਪਣੀ ਵਿਅੰਗੀ ਟਿੱਪਣੀਆਂ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਇਨ੍ਹਾਂ ਨੂੰ ਪੜ੍ਹ ਕੇ ਸਿਰਫ ਹਾਸਾ ਨਹੀਂ ਆਉਂਦਾ ਸਗੋ ਪਾਠਕ ਦੀ ਸੋਚਣ ਬਿਰਤੀਆਂ ਵਿੱਚ ਹੋਰ ਗੰਭੀਰਤਾ ਆਉਂਦੀ ਹੈ। ਪੁਸਤਕ ਵਿੱਚ ਸ਼ਾਮਿਲ ਦੁੰਮ ਛੱਲੇ ਭਾਵੇਂ ਨਿੱਕੇ ਅਕਾਰ ਦੇ ਹਨ ਪਰ ਇਨ੍ਹਾਂ ਵਿੱਚਲੀ ਵਿਅੰਗ ਦੀ ਸੁਰ ਬਹੁਤ ਗੰਭੀਰ ਤੇ ਕਾਟਵੀਂ ਹੈ। ਪੰਜਾਬੀ ਹਾਸ ਵਿਅੰਗ ਖੇਤਰ ਦੀ ਅਕਾਦਮਿਕ ਪਛਾਣ ਵੱਲ ਸੇਧਤ ਇਸ ਹਾਸ ਵਿਅੰਗ ਸੰਗ੍ਰਹਿ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ। **–ਨਿਰੰਜਨ ਬੋਹਾ**

- **ਫ਼ਿਕਰ ਨਾ ਕਰੀਂ** (ਕਾਵਿ-ਸੰਗ੍ਰਹਿ) **ਚਰਨਜੀਤ ਸਮਾਲਸਰ**

**ਫ਼ਿਕਰ ਨਾ ਕਰੀਂ** ਚਰਨਜੀਤ ਸਮਾਲਸਰ ਦਾ ਪ੍ਰਥਮ ਕਾਵਿ-ਸੰਗ੍ਰਹਿ ਹੈ ਜੋ ਸੰਵੇਦਨਾ, ਸੱਚ ਤੇ ਪ੍ਰਤਿਰੋਧ ਦੇ ਸੁਰ ਕਾਰਨ ਮਹੱਤਵਪੂਰਨ ਸਾਹਿਤਕ ਰਚਨਾ ਬਣਦੀ ਹੈ। ਕਵੀ ਕੋਲ਼ ਵਿਲੱਖਣ ਕਾਵਿ-ਦ੍ਰਿਸ਼ਟੀ ਹੈ, ਜੋ ਮਨੁੱਖੀ ਮਨ ਦੇ ਵਲਵਲਿਆਂ, ਮੁਹੱਬਤ ਦੀਆਂ ਗੁੰਝਲਾਂ, ਅਸਤਿਤਵਵਾਦੀ ਫ਼ਲਸਫ਼ੇ ਤੇ ਰਾਜਨੀਤਿਕ-ਸਮਾਜਿਕ ਸਰੋਕਾਰਾਂ ਨੂੰ ਇਕੋ ਲੜੀ ਵਿਚ ਪਰੋਣ ਦੀ ਜੁਗਤ ਜਾਣਦੀ ਹੈ। ਕਵੀ ਕੋਲ਼ ਵਿਚਾਰਧਾਰਕ ਪ੍ਰਤਿਬੱਧਤਾ ਅਤੇ ਹਾਸ਼ੀਏ 'ਤੇ ਖੜ੍ਹੇ ਕਰ ਦਿੱਤੇ ਲੋਕਾਂ ਪ੍ਰਤੀ ਹਮਦਰਦੀ ਹੈ। ਉਹ 'ਮੈਂ ਕਰਾਂਗਾ ਪਿਆਰ' ਵਿਚ ਮਿਹਨਤਕਸ਼ਾਂ ਤੇ ਮਜ਼ਦੂਰਾਂ ਦੇ ਸੰਗ੍ਰਾਮ ਨੂੰ ਸਜਦਾ ਕਰਦਾ ਹੈ। 'ਬੜਾ ਡਰੇ ਹੋਏ ਨੇ ਉਹ' ਅਤੇ 'ਰੌਸ਼ਨੀ' ਵਰਗੀਆਂ ਨਜ਼ਮਾਂ ਹਾਕਮ ਜਮਾਤ ਦੇ ਮੁਖੌਟਿਆਂ ਨੂੰ ਨੰਗਾ ਕਰਦਿਆਂ ਹੋਇਆਂ ਇਹ ਸੱਚਾਈ ਉਜਾਗਰ ਕਰਦੀਆਂ ਹਨ ਕਿ ਪ੍ਰਤਿਬੱਧ ਕਵੀ ਦੀ 'ਚੁੱਪ' ਵੀ ਤਾਨਾਸ਼ਾਹੀ ਨਿਜ਼ਾਮ ਲਈ ਵੱਡੀ ਵੰਗਾਰ ਹੁੰਦੀ ਹੈ। 'ਐ ਮੇਰੇ ਸ਼ਬਦੋ' ਅਤੇ 'ਦੁਖਦ-ਸੱਚ' ਕਵਿਤਾਵਾਂ ਸ਼ਬਦਾਂ ਨੂੰ ਮਸ਼ਾਲਾਂ ਬਣਾ ਕੇ ਪੂੰਜੀਵਾਦੀ ਲੁੱਟ ਦੇ ਖ਼ਿਲਾਫ਼ ਜੰਗ ਐਲਾਨਦੀਆਂ ਹਨ।

ਸੰਗ੍ਰਹਿ ਵਿਚ ਮੁਹੱਬਤ, ਬਿਰਹੋਂ ਅਤੇ ਵਜੂਦ ਦੀ ਨਾਸ਼ਮਾਨਤਾ ਦਾ ਗੂੜ੍ਹਾ ਦਾਰਸ਼ਨਿਕ ਰੰਗ ਵੀ ਹੈ। 'ਅਸੀਂ ਟੁੱਟ ਜਾਣਾ...' ਨਜ਼ਮ ਮਨੁੱਖੀ ਜੀਵਨ ਦਾ ਅੰਤ ਮਾਰਮਿਕ ਬਿੰਬਾਂ ਰਾਹੀਂ ਪੇਸ਼ ਕਰਦੀ ਹੈ। 'ਕੰਧਾਂ, ਬਿਰਖ ਤੇ ਬੰਦਾ' ਬੰਦੇ ਦੇ ਗ਼ਾਫ਼ਿਲ ਸੁਭਾਅ 'ਤੇ ਚੋਟ ਕਰਦੀ ਹੈ। 'ਪੰਧ ਦਾ ਬਿਰਖ', 'ਲੇਖਾਂ ਦਾ ਸੂਰਜ' ਤੇ 'ਸਾਨੂੰ ਨਹੀਂ ਆਉਂਦਾ' ਰੂਹਾਨੀ ਵਫ਼ਾਦਾਰੀ, ਇਸ਼ਕ ਦੇ ਸਿਦਕ ਤੇ ਹਿਜਰ ਦੇ ਜ਼ਹਿਰ ਨੂੰ ਹੱਸ ਕੇ ਪੀਣ ਦੀ ਹਿੰਮਤ ਨੂੰ ਵਡਿਆਉਂਦੀਆਂ ਹਨ। ਇਹ ਕਾਵਿ-ਸਫ਼ਰ ਮਾਂ ਪ੍ਰਤੀ ਅਥਾਹ ਸਤਿਕਾਰ ('ਮਾਂ, ਮੰਜ਼ਿਲ ਤੇ ਮੈਂ') ਨਾਲ਼ ਮਿਲ ਕੇ ਵਜੂਦ ਨੂੰ ਰੁਸ਼ਨਾਉਂਦਾ ਹੈ।

ਇਹ ਕਾਵਿ-ਸੰਗ੍ਰਹਿ ਜ਼ਿੰਦਗੀ ਦੀਆਂ ਡੂੰਘੀਆਂ ਹਕੀਕਤਾਂ ਦਾ ਦਸਤਾਵੇਜ਼ ਹੈ। ਭਾਸ਼ਾ ਦੀ ਸਾਦਗੀ, ਪ੍ਰਤੀਕਾਂ ਦੀ ਸਹੀ ਚੋਣ ਅਤੇ ਸਮਾਜਿਕ ਇਨਸਾਫ਼ ਪ੍ਰਤਿ ਕਵੀ ਦੀ ਤੜਪ ਇਸਨੂੰ ਪ੍ਰਭਾਵਸ਼ਾਲੀ ਅਤੇ ਪਾਠਕ ਦੇ ਦਿਲ-ਦਿਮਾਗ਼ 'ਤੇ ਡੂੰਘੀ ਛਾਪ ਛੱਡਣਯੋਗ ਬਣਾਉਂਦੀ ਹੈ।

- **ਜ਼ੀਰੋ ਨਾਲ ਗੁਣਾ ਹੁੰਦਿਆਂ** (ਕਾਵਿ ਸੰਗ੍ਰਹਿ) **ਜੋਗੇ ਭੰਗਲ**

**ਜ਼ੀਰੋ ਨਾਲ਼ ਗੁਣਾ ਹੁੰਦਿਆਂ** ਜੋਗੇ ਭੰਗਲ ਦਾ ਨਵਾਂ ਕਾਵਿ-ਸੰਗ੍ਰਹਿ ਹੈ। ਇਹਦੀਆਂ ਕਵਿਤਾਵਾਂ ਕਈ ਭਾਵ-ਸੁਰਾਂ ਵਾਲ਼ੀਆਂ ਹਨ, ਪਰ ਅੰਤਰ-ਸੁਰ ਹੇਰਵੇ ਤੇ ਮਨੁੱਖ ਅੰਦਰਲੇ ਖ਼ਾਲੀਪਨ ਦੀ ਹੈ। ਕਵਿਤਾਵਾਂ ਮਿੱਟੀ ਤੋਂ ਵਿਛੋੜੇ, ਪਿੰਡਾਂ ਦੇ ਬਦਲਦੇ ਸਰੂਪ, ਰਿਸ਼ਤਿਆਂ ਦੀ ਟੁੱਟ-ਭੱਜ ਤੇ ਕੁਦਰਤ ਨਾਲੋਂ ਟੁੱਟਦੇ ਸੰਬੰਧਾਂ ਦਾ ਸੰਵੇਦਨਸ਼ੀਲ ਬਿਆਨ ਹਨ। ਕਵੀ ਇਕ ਪਾਸੇ ਕੁਦਰਤ ਦੇ ਕਹਿਰ ਨੂੰ 'ਕਰੋਨਾ ਕਾਲ ਦੌਰਾਨ' ਵਰਗੀਆਂ ਰਚਨਾਵਾਂ ਵਿਚ ਚੇਤਾਵਨੀ ਦੇ ਰੂਪ ਵਿਚ ਪੇਸ਼ ਕਰਦਾ ਹੈ, ਤਾਂ ਦੂਜੇ ਪਾਸੇ 'ਕਣੀਆਂ', 'ਹਵੇਲੀਆਂ' ਅਤੇ 'ਧੁੱਪ ਰੰਗੀ ਕੁੜੀ' ਵਿਚ ਉਸਦੀ ਬਖ਼ਸ਼ਿਸ, ਸੁੰਦਰਤਾ ਤੇ ਜੀਵਨਦਾਇਕਤਾ ਨੂੰ ਸਲਾਮ ਕਰਦਾ ਹੈ।

ਛੰਦਬੱਧ ਕਵਿਤਾਵਾਂ ਵਿਚੋਂ ਬਹੁਤੀਆਂ ਵਿਚ ਦੋਹਾ-ਛੰਦ ਦੀ ਸਹਿਜਤਾ ਨਾਲ਼ ਵਰਤੋਂ ਕੀਤੀ ਹੈ। 'ਕੁਰਸੀ ਦਰਦ ਨਾ ਜਾਣਦੀ', 'ਕਾਂ-ਕਾਂ ਦੀ ਭਰਮਾਰ', 'ਤਿੱਖਾ ਹਥਿਆਰ' ਅਤੇ 'ਉਲਟੀ ਗੰਗਾ ਵਹਿੰਦੀ' ਵਰਗੀਆਂ ਕਵਿਤਾਵਾਂ ਸਮਾਜਿਕ ਅਤੇ ਰਾਜਨੀਤਿਕ

ਵਿਡੰਬਨਾਵਾਂ 'ਤੇ ਤਿੱਖਾ ਵਿਅੰਗ ਹਨ। ਕਵੀ ਧਾਰਮਿਕ ਅੰਧਵਿਸ਼ਵਾਸ, ਸੱਤਾ ਦੀ ਚਾਲਾਕੀ ਅਤੇ ਮਨੁੱਖ ਦੀ ਲਾਲਸਾ ਨੂੰ ਬੇਨਕਾਬ ਕਰਦਿਆਂ ਉਪਦੇਸ਼ਕ ਹੋਣ ਦੀ ਬਜਾਏ ਲੋਕ-ਸਿਆਣਪ ਦਾ ਸਹਾਰਾ ਲੈਂਦਾ ਹੈ।

ਪਿਆਰ, ਯਾਦ ਤੇ ਵਾਪਸੀ ਦੀ ਤਾਂਘ ਵੀ ਇਸਦਾ ਮਹੱਤਵਪੂਰਨ ਪੱਖ ਹੈ। 'ਉੱਡ ਗਏ ਤੋਤੇ' ਤੇ 'ਹੰਝੂ ਤੋਂ ਹਾਸੇ ਤਕ' ਵਿਚ ਮਨੁੱਖ ਦੇ ਅੰਦਰ ਵੱਸਦੇ ਖ਼ਾਲੀਪਨ ਤੇ ਖੋਹ ਦੀ ਪੀੜ ਬੜੀ ਸਾਦਗੀ ਨਾਲ ਉੱਭਰਦੀ ਹੈ। 'ਵਾਪਸੀ ਨਾ ਹੋਈ' ਵਿਚ ਸ਼ਾਇਰ ਵਤਨ ਤੋਂ ਦੂਰ ਜਾਣ ਦੇ ਦਰਦ ਨੂੰ ਬਹੁਤ ਸ਼ਿੱਦਤ ਨਾਲ ਬਿਆਨ ਕਰਦਿਆਂ ਕਹਿੰਦਾ ਹੈ ਕਿ ਸਮੁੰਦਰਾਂ ਤੋਂ ਪਾਰ ਆ ਕੇ ਵੀ ਸੋਚ ਵਿਚ ਪੰਜਾਬ ਦੇ 'ਆਬ' ਹੀ ਵੱਸਦੇ ਹਨ।

ਸਮੁੱਚੇ ਤੌਰ 'ਤੇ 'ਜ਼ੀਰੋ ਨਾਲ ਗੁਣਾ ਹੁੰਦਿਆਂ' ਲੋਕ-ਅਨੁਭਵ, ਸਮਾਜਿਕ ਚੇਤਨਾ, ਕੁਦਰਤ ਨਾਲ਼ ਸੰਵੇਦਨਾਸ਼ੀਲ ਸੰਬੰਧ, ਪਿਆਰ ਦੇ ਗੂੜ੍ਹੇ ਰਿਸ਼ਤਿਆਂ ਅਤੇ ਮਨੁੱਖੀ ਵਿਛੋੜੇ ਦਾ ਕਾਵਿ-ਸੰਗ੍ਰਹਿ ਹੈ ਜੋ ਪਾਠਕ ਨੂੰ ਸੋਚਣ, ਮਹਿਸੂਸ ਕਰਾਉਣ ਦੀ ਸਮਰੱਥਾ ਰੱਖਦਾ ਹੈ।

- **ਬਲਦੇ ਰਾਹਾਂ ਦਾ ਸਫ਼ਰ** (ਗ਼ਜ਼ਲ ਸੰਗ੍ਰਹਿ) **ਮੱਖਣ ਕੁਹਾੜ**

**ਬ਼ਲਦੇ ਰਾਹਾਂ ਦਾ ਸਫ਼ਰ** ਮੱਖਣ ਕੁਹਾੜ ਦੀ ਪੰਜਵੀਂ ਪੁਸਤਕ ਤੇ ਤੀਸਰਾ ਗ਼ਜ਼ਲ-ਸੰਗ੍ਰਹਿ ਹੈ। ਇਸ ਵਿਚਲੀ ਗ਼ਜ਼ਲਕਾਰੀ ਸਮਕਾਲੀ ਦੌਰ ਦੇ ਜਟਿਲ ਯਥਾਰਥ, ਸਮਾਜਿਕ ਵਿਡੰਬਨਾਵਾਂ ਅਤੇ ਮਨੁੱਖੀ ਸੰਵੇਦਨਾਵਾਂ ਤੇ ਸਰੋਕਾਰਾਂ ਨੂੰ ਗਹਿਰੀ ਕਲਾਤਮਕਤਾ ਨਾਲ ਪ੍ਰਗਟ ਕਰਦੀ ਹੈ। ਗ਼ਜ਼ਲਕਾਰ ਸਿਰਫ਼ ਨਿੱਜੀ ਭਾਵਨਾਵਾਂ ਦਾ ਪੇਸ਼ਕਾਰ ਨਹੀਂ, ਸਗੋਂ ਆਪਣੇ ਦੌਰ ਦਾ ਸਚੇਤ ਗੁਆਹ ਵੀ ਹੈ। ਉਸਦੀ ਸ਼ਿਅਰਕਾਰੀ ਵਿਚ ਹਨੇਰੇ ਦੇ ਵਿਰੁੱਧ ਰੌਸ਼ਨੀ, ਨਫ਼ਰਤ ਦੇ ਮੁਕਾਬਲੇ ਭਾਈਚਾਰੇ ਅਤੇ ਨਿਰਾਸ਼ਾ ਦੇ ਸਾਹਮਣੇ ਆਸ ਦਾ ਅਡਿੱਗ ਅਕੀਦਾ ਦਿਖਾਈ ਦੇਂਦਾ ਹੈ। "ਧੁੱਪ ਲਬਾਦਾ ਪਹਿਨ ਕੇ ਨੇਰ੍ਹਾ" ਵਰਗੇ ਬਿੰਬ ਉਸ ਦੀ ਕਾਵਿ-ਭਾਸ਼ਾ ਦੀ ਨਵੀਂ ਅਤੇ ਪ੍ਰਭਾਵਸ਼ਾਲੀ ਰਚਨਾਤਮਕਤਾ ਦਾ ਪ੍ਰਮਾਣ ਹਨ।

ਕਿਤਾਬ ਦਾ ਇਕ ਮਹੱਤਵਪੂਰਨ ਪੱਖ ਇਸ ਦਾ ਸਮਾਜਿਕ ਸਰੋਕਾਰ ਹੈ। ਲੇਬਰ ਚੌਕ ਤੋਂ ਖ਼ਾਲੀ ਹੱਥ ਮੁੜਦੇ ਮਜ਼ਦੂਰ ਦੀ ਪੀੜ, ਲੋਕਤੰਤਰ ਦੇ ਨਾਮ 'ਤੇ ਹੋ ਰਹੇ ਆਡੰਬਰ, ਝੂਠੇ ਇਲਜ਼ਾਮਾਂ ਅਤੇ ਸੱਤਾ ਦੇ ਦੁਰਉਪਯੋਗ 'ਤੇ ਕੀਤੀ ਟਿੱਪਣੀ ਸ਼ਾਇਰ ਦੀ ਤਿੱਖੇ ਸਮਾਜਿਕ ਨਜ਼ਰੀਏ ਨੂੰ ਉਜਾਗਰ ਕਰਦੀ ਹੈ। "ਅਮਨਾਂ ਦੇ ਵਣਜਾਰੇ ਲੋਕੋ, ਹਰ ਹਾਲਤ ਵਿਚ ਜੰਗ ਨੂੰ ਰੋਕੋ" ਵਰਗੇ ਸ਼ਿਅਰ ਮਨੁੱਖਤਾ ਅਤੇ ਸ਼ਾਂਤੀ ਦੇ ਹੱਕ ਵਿਚ ਉਸਦੀ ਸਪਸ਼ਟ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਨਾਲ ਹੀ, ਕਵੀ ਮਨੁੱਖ ਦੇ ਅੰਦਰਲੇ ਦਰਦ, ਟੁੱਟੇ ਸੁਪਨਿਆਂ ਅਤੇ ਸੰਘਰਸ਼ਾਂ ਨੂੰ ਵੀ ਬਹੁਤ ਸੰਵੇਦਨਸ਼ੀਲ ਤਰੀਕੇ ਨਾਲ ਪੇਸ਼ ਕਰਦਾ ਹੈ। ਪਰ ਇਹ ਦਰਦ ਨਿਰਾਸ਼ਾ ਨਹੀਂ ਬਣਦਾ; ਸਗੋਂ ਸੰਘਰਸ਼ ਅਤੇ ਬਦਲਾਅ ਦੀ ਸ਼ਕਤੀ ਵਿਚ ਰੂਪਾਂਤ੍ਰਿਤ ਹੋ ਜਾਂਦਾ ਹੈ। "ਆਪਾਂ ਖ਼ੁਦ ਜਦ ਕਿਸ਼ਤੀ ਠੇਲ੍ਹੀ, ਸਾਗਰ ਸਾਰੇ ਕੰਬਣਗੇ" ਵਰਗੀਆਂ ਪੰਕਤੀਆਂ ਆਤਮਵਿਸ਼ਵਾਸ ਅਤੇ ਲੋਕ-ਸ਼ਕਤੀ ਦਾ ਸੁਰ ਬਣ ਜਾਂਦੀਆਂ ਹਨ। ਕੁੱਲ ਮਿਲ਼ਾ ਕੇ, 'ਬ਼ਲਦੇ ਰਾਹਾਂ ਦਾ ਸਫ਼ਰ' ਸਮਾਜਕ ਚੇਤਨਾ, ਮਨੁੱਖੀ ਹਮਦਰਦੀ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਭਰਪੂਰ ਇਕ ਪ੍ਰਭਾਵਸ਼ਾਲੀ ਗ਼ਜ਼ਲ-ਸੰਗ੍ਰਹਿ ਹੈ, ਜੋ ਪਾਠਕ ਨੂੰ ਸੋਚਣ, ਮਹਿਸੂਸ ਕਰਨ ਤੇ ਬਦਲਾਅ ਲਈ ਪ੍ਰੇਰਿਤ ਕਰਦਾ ਹੈ।

- **ਕੁਝ ਤਾਂ ਕਮਾਲ ਕਰੀਏ** (ਗ਼ਜ਼ਲ ਸੰਗ੍ਰਹਿ) **ਰਾਜ਼ ਗੁਰਦਾਸਪੁਰੀ**

ਰਾਜ਼ ਗੁਰਦਾਸਪੁਰੀ ਪੰਜਾਬੀ ਗ਼ਜ਼ਲ ਨੂੰ ਸਮਰਪਿਤ ਗ਼ਜ਼ਲਕਾਰ ਹੈ। 'ਕੁਝ ਤਾਂ ਕਮਾਲ ਕਰੀਏ' ਉਹਦਾ ਸੱਤਵਾਂ ਗ਼ਜ਼ਲ-ਸੰਗ੍ਰਹਿ ਹੈ, ਜਿਸਦੇ ਸ਼ਿਅਰ ਮਨੁੱਖੀ ਜੀਵਨ, ਸਮਾਜਿਕ ਸਰੋਕਾਰਾਂ, ਰਾਜਨੀਤਿਕ ਨਿਘਾਰ ਅਤੇ ਮਨੁੱਖੀ ਭਾਵਨਾਵਾਂ ਦੀ ਬਹੁਤ ਖ਼ੂਬਸੂਰਤ ਅਤੇ ਸਪਸ਼ਟ ਅੱਕਾਸੀ ਕਰਦੇ ਹਨ। ਕਵੀ ਕੋਲ ਸਮਾਜ ਨੂੰ ਦੇਖਣ ਦੀ ਬਾਰੀਕ ਅਤੇ ਸੰਵੇਦਨਸ਼ੀਲ ਨਜ਼ਰ ਹੈ। ਸ਼ਿਅਰਕਾਰੀ ਵਿਚੋਂ ਜੀਵਨ ਦੇ ਅਨੇਕਾਂ ਰੰਗ ਬੜੀ ਸਾਦਗੀ ਅਤੇ ਪ੍ਰਭਾਵਸ਼ਾਲੀ ਅੰਦਾਜ਼ ਨਾਲ ਉੱਭਰਦੇ ਹਨ। ਸ਼ਿਅਰਾਂ ਵਿਚ ਤਿੱਖੇ ਵਿਅੰਗ ਅਤੇ ਅਥਾਹ ਪ੍ਰੇਮ ਦਾ ਲਹਿਜਾ ਬਰਾਬਰ ਰੂਪ ਵਿਚ ਪ੍ਰਵਾਹਮਾਨ ਹੈ। ਜਿੱਥੇ ਕਵੀ ਸਮਾਜਿਕ ਰਿਸ਼ਤਿਆਂ ਵਿਚ ਆਈ ਗਿਰਾਵਟ, ਰਾਜਨੀਤਿਕ ਭ੍ਰਿਸ਼ਟਾਚਾਰ, ਪੇਪਰ ਲੀਕ ਜਿਹੀਆਂ ਸਮੱਸਿਆਵਾਂ ਅਤੇ ਚੋਣਾਂ ਦੇ ਦਿਨਾਂ ਵਿਚ ਵੰਡੀ ਜਾਂਦੀ ਸ਼ਰਾਬ ਵਰਗੀਆਂ ਕੁਰੀਤੀਆਂ 'ਤੇ ਬਹੁਤ ਕਰਾਰਾ ਤੇ ਤਿੱਖਾ ਵਿਅੰਗ ਕਰਦਾ ਹੈ, ਓਥੇ ਉਹ ਪ੍ਰੇਮ, ਅਧਿਆਤਮਕਤਾ ਅਤੇ ਪਰਿਵਾਰਕ ਸਾਂਝਾਂ ਦੇ ਨਿੱਘੇ ਜਜ਼ਬਾਤ ਨੂੰ ਬਹੁਤ ਸੰਵੇਦਨਸ਼ੀਲ ਲਹਿਜੇ ਵਿੱਚ ਬਿਆਨ ਕਰਦਾ ਹੈ।

ਵਿਅੰਗ ਇਹਨਾਂ ਗ਼ਜ਼ਲਾਂ ਦਾ ਨਿੱਖਰਵਾਂ ਰੰਗ ਹੈ। 'ਪਰਜਾ ਦਾ ਰਖਵਾਲਾ ਰਾਜਾ, ਕਰਦਾ ਰੋਜ਼ ਘੁਟਾਲਾ ਰਾਜਾ' ਅਤੇ 'ਸਰਪੰਚੀ ਦੀ ਚੋਣ ਨਿਰਾਲੀ ਹੁੰਦੀ ਹੈ, ਹਰ ਇਕ ਬੰਦੇ ਹੱਥ ਪਿਆਲੀ ਹੁੰਦੀ ਹੈ' ਵਰਗੀਆਂ ਸਤਰਾਂ ਰਾਹੀਂ ਕਵੀ ਨੇ ਅਜੋਕੀ ਰਾਜਨੀਤਿਕ ਵਿਵਸਥਾ ਅਤੇ ਚੋਣ ਪ੍ਰਣਾਲੀ ਦੇ ਖੋਖਲੇਪਣ 'ਤੇ ਤਿੱਖਾ ਕਟਾਖਸ਼ ਕੀਤਾ ਹੈ। ਮੀਡੀਆ ਦੇ ਫੋਕੇ ਪ੍ਰਚਾਰ ਅਤੇ ਕਪਟੀ ਲੋਕਾਂ ਵੱਲੋਂ ਲਗਾਏ ਜਾਂਦੇ ਲੰਗਰਾਂ 'ਤੇ ਕੀਤਾ ਗਿਆ ਵਿਅੰਗ ਸਮਾਜਿਕ ਪਾਖੰਡ ਨੂੰ ਜੱਗ-ਜ਼ਾਹਰ ਕਰਦਾ ਹੈ। ਪ੍ਰੇਮ ਅਤੇ ਦਰਦ ਦਾ ਗੂੜ੍ਹਾ ਰੰਗ ਰੂਹਾਨੀ ਇਸ਼ਕ, ਕੰਡਿਆਲੀ ਤਾਰ ਦੇ ਆਰ-ਪਾਰ ਤੜਫਦੇ ਮਨਾਂ ਦੀ ਦਾਸਤਾਨ ਅਤੇ ਵਿਛੜੇ ਸਾਥੀ ਦਾ ਦਰਦ ਬਹੁਤ ਸੂਖਮਤਾ

ਨਾਲ ਪ੍ਰਗਟ ਹੁੰਦਾ ਹੈ। ਮਾਂ-ਬਾਪ ਦੀ ਮਹਿਮਾ, ਧੀਆਂ ਦੀ ਮਾਸੂਮੀਅਤ ਅਤੇ ਗੁਰੂ ਦੀ ਮਿਹਰ ਵਿਚ ਅਟੁੱਟ ਵਿਸ਼ਵਾਸ ਜਤਾਉਂਦਿਆਂ ਹੋਇਆਂ ਕਵੀ ਦਾ ਲਹਿਜਾ ਨਿਮਰਤਾ ਅਤੇ ਸਤਿਕਾਰ ਨਾਲ ਲਬਰੇਜ਼ ਹੋ ਜਾਂਦਾ ਹੈ। ਇਹ ਪੁਸਤਕ ਸਮਾਜਿਕ ਕੁੜੱਤਣ ਨੂੰ ਵਿਅੰਗ ਰਾਹੀਂ ਉਭਾਰਨ ਅਤੇ ਮਨੁੱਖੀ ਰਿਸ਼ਤਿਆਂ ਦੀ ਮੁਹੱਬਤ ਨੂੰ ਸੁਰੱਖਿਅਤ ਰੱਖਣ ਦਾ ਸਫ਼ਲ ਅਤੇ ਨਿਰੰਤਰ ਯਤਨ ਹੈ।

- **ਸਾਹਿਤ ਤੇ ਸਮਾਜ: ਵਿਭਿੰਨ ਸਰੋਕਾਰ** (ਲੇਖ ਸੰਗ੍ਰਹਿ) **ਡਾ. ਜਸਵਿੰਦਰ ਕੌਰ ਬਿੰਦਰਾ**

ਡਾ. ਜਸਵਿੰਦਰ ਕੌਰ ਬਿੰਦਰਾ, ਪੰਜਾਬੀ ਆਲੋਚਨਾ ਤੇ ਸੰਪਾਦਨ ਵਿਚ ਜਾਣਿਆ-ਪਛਾਣਿਆ ਨਾਮ ਹੈ। ਆਲੋਚਨਾ ਦੇ ਨਾਲ਼-ਨਾਲ਼ ਉਹ ਸਾਹਿਤ-ਬਾਹਰੇ ਵਿਸ਼ਿਆਂ ਬਾਰੇ ਵੀ ਲਿਖਦੀ ਹੈ। ਸਟੀਕਤਾ ਤੇ ਦਿਲਚਸਪੀ ਉਹਦੀਆਂ ਲਿਖਤਾਂ ਦੀ ਖ਼ੂਬੀ ਹੈ। 'ਸਾਹਿਤ ਤੇ ਸਮਾਜ : ਵਿਭਿੰਨ ਸਰੋਕਾਰ' ਉਹਦੀ 2025 ਵਿਚ ਆਈ ਦਸਵੀਂ ਪੁਸਤਕ ਹੈ, ਜਿਸ ਵਿਚ ਕੁੱਲ 28 ਲੇਖ ਹਨ। ਪੁਸਤਕ ਦੋ ਭਾਗਾਂ ਵਿਚ ਵੰਡੀ ਹੈ। ਪਹਿਲੇ ਭਾਗ ਵਿਚ ਸਮਾਜ ਤੇ ਇਤਿਹਾਸ ਦੀਆਂ ਤਹਿਆਂ ਫੋਲ਼ਦੇ 12 ਲੇਖ ਹਨ, ਦੂਜੇ ਭਾਗ ਦੇ 16 ਲੇਖਾਂ ਵਿਚ ਉਹ ਜਿੱਥੇ ਪੰਜਾਬੀ ਦੇ ਕੁਝ ਲੇਖਕਾਂ ਦੀਆਂ ਕਿਤਾਬਾਂ ਦੀ ਸਮੀਖਿਆ ਕਰਦੀ ਹੈ, ਓਥੇ ਸਾਹਿਤਕ ਵਿਧਾਵਾਂ ਬਾਰੇ ਆਪਣੇ ਵਿਚਾਰ ਤੇ ਸੰਬੰਧਾਂ ਦਾ ਵਰਨਣ ਕਰਦੀ ਹੈ।

ਪਹਿਲਾ ਹੀ ਲੇਖ 'ਬੱਚੇ : ਸਾਹਿਤ ਅਤੇ ਕਲਾਖੇਤਰ' ਉਹਦੇ ਲੇਖਾਂ ਤੇ ਉਹਨਾਂ ਦੀ ਸ਼ੈਲੀ ਅਤੇ ਵਿਸ਼ੇ ਬਾਰੇ ਸਮਝ ਬਾਰੇ ਪ੍ਰਤਿ ਸੁਹਿਰਦਤਾ ਦਰਸਾ ਦੇਂਦਾ ਹੈ। ਪੰਜਾਬ ਦੇ ਪਿਛਲੇ ਦੌਰ ਤੇ ਵਰਤਮਾਨ ਦੌਰ ਦੇ ਬੱਚਿਆਂ ਦੇ ਮਾਹੌਲ ਦਾ ਨਿਖੇੜਾ ਕਰਦੀ ਉਹ ਵੱਡੀ ਗੱਲ ਕਹਿ ਜਾਂਦੀ ਹੈ—"ਆਉਣ ਵਾਲ਼ੇ ਹਰ ਦੌਰ ਦੀ ਜ਼ਿੰਮੇਵਾਰੀ ਬੱਚਿਆਂ ਨੇ ਹੀ ਸੰਭਾਲਣੀ ਹੁੰਦੀ ਹੈ...।" ਇਸਤਰੀ ਸ਼ਸ਼ਕਤੀਕਰਨ ਨੂੰ ਵਿਚਾਰਦੇ ਨਿਬੰਧਾਂ ਵਿਚ ਉਹ ਸਿੱਖ ਇਸਤਰੀਆਂ ਦਾ ਖ਼ਾਸ ਜ਼ਿਕਰ ਕਰਦੀ ਹੈ। 'ਭਾਰਤਨਾਮਾ : ਭਾਰਤ ਨਾਂ ਦੀ ਖੋਜ', 'ਮਹਾਤਮਾ ਗਾਂਧੀ : ਜੀਵਨ ਤੇ ਦਰਸ਼ਨ', 'ਭਾਰਤ ਛੱਡੋ ਅੰਦੋਲਨ : ਇਤਿਹਾਸਕ ਸੰਗਰਾਮ ਨੂੰ ਨਮਨ' ਵਿਚ ਉਹ ਇਤਿਹਾਸਿਕ ਤੱਥਾਂ ਨੂੰ ਆਪਣੇ ਨਜ਼ਰੀਏ ਨਾਲ ਪੇਸ਼ ਕਰਦੀ ਹੈ। ਦੂਜੇ ਭਾਗ ਵਿਚ ਅਰਤਿੰਦਰ ਸੰਧੂ, ਡਾ. ਕਰਨਜੀਤ ਸਿੰਘ, ਪਰਗਟ ਸਿੰਘ ਸਤੌਜ, ਅਮਰਜੀਤ ਕੌਂਕੇ, ਜਸਵੀਰ ਰਾਣਾ, ਗੁਰਬਚਨ ਸਿੰਘ ਭੁੱਲਰ, ਹਰਜੀਤ ਕੌਰ ਵਿਰਕ, ਜਸਵਿੰਦਰ ਰੱਤੀਆਂ ਦੀਆਂ ਕਿਤਾਬਾਂ ਦੀ ਪਰਖ-ਪੜਚੋਲ ਕਰਦਿਆਂ ਆਪਣੇ ਨਿਰਨੇ ਦੇਂਦੀ ਹੈ। ਪੰਜਾਬੀ ਕਹਾਣੀ ਬਾਰੇ ਚਾਰ ਲੇਖ ਤੇ 'ਪੰਜਾਬੀ ਉਰਦੂ ਦੀ ਸਹਿਤਿਕ ਤੇ ਸਭਿਆਚਾਰ ਸਾਂਝ' ਪੜ੍ਹਨ-ਵਿਚਾਰਨਯੋਗ ਲੇਖ ਹਨ। ਲੇਖਾਂ ਦੀ ਸ਼ੈਲੀ ਪਾਠਕ ਨੂੰ ਸ਼ਬਦਾਂ ਦੇ ਨਾਲ਼-ਨਾਲ਼ ਤੋਰੀ ਰੱਖਦੀ ਹੈ। ਕੁੱਲ ਮਿਲ਼ਾ ਕੇ ਕਿਤਾਬ ਨਿੱਠ ਕੇ ਪੜ੍ਹੀ ਜਾਣ ਵਾਲ਼ੀ ਹੈ।

**–ਸਰਬਜੀਤ ਸਿੰਘ ਸੰਧੂ**

- **ਸ਼ੇਖ ਫ਼ਰੀਦ** (ਦਰਵੇਸ਼ੀ ਜੀਵਨ ਅਤੇ ਬਾਣੀ) **ਅਨੁ. ਭੱਕਰ ਸਿੰਘ**

ਚਿਰ ਤੋਂ ਇਸ ਕਿਤਾਬ ਦਾ ਹਿੰਦੀ ਰੂਪ ਮੇਰੇ ਪਾਸ ਪਿਆ ਹੋਇਆ ਸੀ। ਵਿਚ-ਵਿਚਾਲੇ ਪੜ੍ਹ ਵੀ ਲੈਂਦਾ ਸੀ, ਕਿਤਾਬ ਦੇ ਹਿੰਦੀ ਰੂਪ ਨੂੰ ਪੰਜਾਬੀ ਜਾਮਾ ਦੇਣ ਵੱਲ ਕਦੇ ਧਿਆਨ ਨਾ ਗਿਆ। ਇਕ ਵਾਰ ਫਰੀਦਕੋਟ ਨਿਵਾਸੀ ਭੱਕਰ ਸਿੰਘ ਨਾਲ ਇਸ ਕਿਤਾਬ ਦੀ ਚਰਚਾ ਹੋਈ। ਉਹ ਹਿੰਦੀ ਰੂਪ ਨੂੰ ਮੁੜ ਕੇ ਛਾਪਣ ਉਪਰੰਤ ਉਸ ਨੂੰ ਬਿਨਾ ਭੇਟਾ ਲਿਆਂ, ਪਾਠਕਾਂ ਵਿਚ ਵੰਡਣਾ ਚਾਹੁੰਦਾ ਸੀ। ਉਹ ਕੰਮ ਤਾਂ ਸਿਰੇ ਨਾ ਚੜ੍ਹ ਸਕਿਆ ਪਰ ਉਸਦੇ ਬਦਲੇ ਰਚਨਾ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦਾ ਕੰਮ ਆਰੰਭ ਕਰ ਲਿਆ। ਇਹ ਕਿਤਾਬ ਉਸੇ ਦਾ ਨਤੀਜਾ ਹੈ। ਕਿਤਾਬ ਦੇ ਸ਼ੁਰੂ ਵਿਚ ਡਾਕਟਰ ਹਰਿਭਜਨ ਸਿੰਘ ਸੂਫੀ ਮਤ ਦੀ ਉਤਪਤੀ ਅਤੇ ਫੇਰ ਉਸਦੇ ਭੇਦਾਂ ਦੀ ਜਾਣਕਾਰੀ ਸਾਂਝੀ ਕੀਤੀ ਹੈ ਜੋ ਸਮੇਂ ਦੇ ਨਾਲ-ਨਾਲ ਤੁਰਦਿਆਂ ਵਿਕਸਿਤ ਹੋਈ। ਇਹਦੇ ਨਾਲ ਹੀ ਬਾਬਾ ਫ਼ਰੀਦ ਦੀ ਜੀਵਨੀ ਅਤੇ ਉਨ੍ਹਾਂ ਦਾ ਪੰਜਾਬ ਦੀ ਧਰਤੀ ਉੱਪਰ ਰਹਿਣ-ਵਿਚਰਣ ਦੀ ਗੱਲ ਕੀਤੀ ਹੈ।

ਕਿਤਾਬ ਦਾ ਮੂਲ ਹੈ ਇਸ ਵਿਚ ਫ਼ਰੀਦ ਬਾਣੀ ਦਾ ਹੋਣਾ ਅਤੇ ਹਰ ਸਲੋਕ ਦਾ ਅਰਥ ਸਰਲ ਸ਼ਬਦ ਵਿਚ ਹੋਣਾ। ਸਟੀਕ ਸ਼ਬਦ ਚੋਣ ਠੀਕ ਸੰਚਾਰ ਤਕ ਲੈ ਜਾਂਦੀ ਹੈ। ਇਸ ਤੋਂ ਅਗਾਂਹ ਚਲਦਿਆਂ ਇਸ ਬਹੁਮੁੱਲੀ ਕਿਤਾਬ ਵਿਚ ਉਹ ਫ਼ਰੀਦ ਬਾਣੀ ਵੀ ਦਰਜ ਹੈ ਜਿਹੜੀ 'ਗੁਰੂ ਗ੍ਰੰਥ ਸਾਹਿਬ' ਦਾ ਹਿੱਸਾ ਨਹੀਂ।

ਅਨੁਵਾਦਕ ਭੱਕਰ ਸਿੰਘ ਨੇ ਤਨਦੇਹੀ ਨਾਲ ਹਿੰਦੀ ਰਚਨਾ ਦਾ ਪੰਜਾਬੀ ਅਨੁਵਾਦ ਕੀਤਾ ਹੈ। ਅਨੁਵਾਦ ਇਕਸਾਰ, ਲੈਅਦਾਰ ਹੈ। ਕਿਤਾਬ ਨੂੰ 'ਭੁਜੰਗੀ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ' ਵੱਲੋਂ ਛਾਪਿਆ ਗਿਆ ਹੈ। ਕਿਤਾਬ ਦੀ ਕੀਮਤ ਤਿੰਨ ਸੌ ਰੁਪਏ ਹੈ।

**ਜਗਤਾਰਜੀਤ ਸਿੰਘ**

- **ਰੌਲਿਆਂ ਵੇਲੇ** (ਨਾਵਲ) **ਬਲਬੀਰ ਪਰਵਾਨਾ**

ਬਲਬੀਰ ਪਰਵਾਨਾ ਦੀ ਹਰੇਕ ਰਚਨਾ ਜੀਵਨ ਦੇ ਯਥਾਰਥਕ ਪੱਖ ਨੂੰ ਉਜਾਗਰ ਕਰਦੀ ਹੈ। ਨਾਵਲ **ਰੌਲਿਆਂ ਵੇਲੇ** ਸੰਤਾਲੀ ਦੇ ਦੁਖਾਂਤ ਦਾ ਬਿਰਤਾਂਤ ਹੈ। ਇਸ ਵੰਡ ਦੌਰਾਨ 10 ਲੱਖ ਦੇ ਕਰੀਬ ਮਨੁੱਖਤਾ ਦਾ ਘਾਣ ਹੋਇਆ ਤੇ ਵੱਡੀ ਪੱਧਰ 'ਤੇ ਔਰਤਾਂ ਦੇ

ਉਧਾਲੇ। ਸਰਕਾਰੀ ਸਰਪ੍ਰਸਤੀ ਹਾਸਲ ਭੀੜਾਂ ਨੇ ਨਰਸੰਘਾਰ ਕੀਤਾ। ਅੱਜ ਵੀ ਜਦ ਬਜ਼ੁਰਗ ਉਜਾੜੇ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਚਿਹਰੇ ਉਦਾਸ ਤੇ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ ਹਨ। ਕੈਂਪਾਂ ਵਿਚ ਭੁੱਖਣ ਭਾਣੇ ਰੁਲਦੇ ਲੋਕ, ਪਰਿਵਾਰਾਂ ਦੇ ਮੈਂਬਰਾਂ ਦੀ ਮੌਤ ਨਾਲ ਮੁਰਝਾਏ ਗਏ। ਨਾਵਲੀ ਬਿਰਤਾਂਤ ਦੇ ਸਮਾਜਕ, ਆਰਥਿਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਪੱਖਾਂ ਦੁਖਾਂਤਕ ਵਰਤਾਰੇ ਦੇ ਕਾਰਨ ਦ੍ਰਿਸ਼ਟੀਗੋਚਰ ਹੁੰਦੇ ਹਨ। **ਰੌਲਿਆਂ ਵੇਲੇ** ਨਾਵਲ ਦੀ ਸਿਰਜਣਾ ਤੋਂ ਪਹਿਲਾਂ ਪੁਸਤਕਾਂ ਦਾ ਅਧਿਐਨ ਤੇ ਵਿਦਵਾਨਾਂ ਦੇ ਕਥਨ ਨੂੰ ਵਾਚਿਆ ਗਿਆ। ਉਜਾੜੇ ਬਾਰੇ ਪ੍ਰਸਿੱਧ ਰਚਨਾਵਾਂ **ਪਿੰਜਰ**, **ਟਰੇਨ ਟੂ ਪਾਕਿਸਤਾਨ**, **ਤਮਸ਼** ਆਦਿ ਤੋਂ ਪ੍ਰਾਪਤ ਵੇਰਵਿਆਂ ਨੇ ਲਿਖਣ ਕਿਰਿਆ ਨੂੰ ਪੁਖਤਾ ਕੀਤਾ।

ਨਾਵਲ ਦਾ ਨਾਇਕ ਗੁਰਪ੍ਰੀਤ ਯੂ-ਟਿਊਬਰ ਹੈ, ਜਿਸ ਦੁਆਰਾ ਸੰਤਾਲੀ ਦੇ ਸੰਤਾਪ ਨੂੰ ਹੰਢਾ ਰਹੇ ਬਜ਼ੁਰਗਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ। ਲੋਕਾਈ ਨੂੰ ਆਪਣੇ ਘਰ, ਆਪਣੇ ਪਿੰਡ, ਆਪਣੀ ਜਨਮ ਭੂਮੀ, ਆਪਣੇ ਖੇਤ ਤੇ ਆਪਣੇ ਪਰਿਵਾਰਾਂ ਤੋਂ ਵੱਖ ਕਰਕੇ ਮਾਨਸਿਕਤਾ ਉੱਤੇ ਡੂੰਘੇ ਜ਼ਖ਼ਮ ਹੋਏ ਜੋ ਅੱਜ ਚਿਹਰਿਆਂ ਉੱਤੇ ਉਕਰੇ ਹਨ। ਸ਼ਰਨਾਰਥੀਆਂ ਦੇ ਕਾਫ਼ਲਿਆਂ ਰਾਹੀਂ ਜੀਵਨ ਦੀ ਤ੍ਰਾਸਦੀ ਤੇ ਜਿਊਣ ਦੀ ਲਾਲਸਾ ਦੁਆਰਾ ਅੱਗੇ ਵਧਣ ਦੇ ਭਾਵ ਦਿਖਾਈ ਦਿੰਦੇ ਹਨ। ਨਾਵਲੀ ਬਿਰਤਾਂਤ ਵਿਚ ਮਿਆਣੀ ਪਿੰਡ ਉੱਤੇ ਹਮਲੇ ਦਾ ਜ਼ਿਕਰ ਹੈ। ਹਿੰਦੂ-ਸਿੱਖ ਤੇ ਪਠਾਣਾਂ ਵਿਚਕਾਰ ਲੜਾਈ ਵਿਚ ਛੇ ਸੌ ਤੋਂ ਵੱਧ ਹਿੰਦੂ ਸਿੱਖ ਮਾਰੇ ਗਏ। ਬੇਗੋਵਾਲ ਦੇ ਖੇਤਰ ਦਾ ਜ਼ਿਕਰ ਵੀ ਮਿਲਦਾ ਹੈ। ਨਾਵਲ **ਰੌਲਿਆਂ ਵੇਲੇ** ਇਕੋ ਸਮੇਂ ਬਲਬੀਰ ਪਰਵਾਨਾ ਦੀ ਸਿਰਜਣ ਪ੍ਰਕਿਰਿਆ ਤੇ ਨਾਵਲ ਬਿਰਤਾਂਤ ਨੂੰ ਸਮਝਣ ਲਈ ਗਹਿਣ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ।

- **ਪੰਜਾਬੀ ਭਾਸ਼ਾ: ਸਥਿਤੀਆਂ ਤੇ ਸੰਭਾਵਨਾਵਾਂ** (ਲੇਖ) **ਡਾ. ਸੁਦਰਸ਼ਨ ਗਾਸੋ**

ਡਾ. ਸੁਦਰਸ਼ਨ ਗਾਸੋ ਲਗਾਤਾਰ ਸੁਹਿਰਦਤਾ ਨਾਲ ਲਿਖਣ ਵਾਲੇ ਲੇਖਕ ਅਤੇ ਆਲੋਚਨ ਵੀ ਹਨ। ਉਨ੍ਹਾਂ ਨੇ ਪੰਜਾਬੀ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਹਿੱਤ ਕਵਿਤਾ, ਬਾਲ ਗੀਤ, ਅਨੁਵਾਦ ਤੇ ਆਲੋਚਨਾ ਦੇ ਖੇਤਰ ਵਿਚ ਮਹੱਤਵਪੂਰਨ ਪੁਸਤਕਾਂ ਲਿਖੀਆਂ। ਵਾਰਤਕ ਪੁਸਤਕ **ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ** ਪੰਜ ਦਰਜਨ ਦੇ ਕਰੀਬ ਲੇਖ ਦਰਜ ਹਨ। ਲੇਖਾਂ ਦੇ ਸਿਰਲੇਖ ਮਾਂ-ਬੋਲੀ ਦਾ ਮਹੱਤਵ, ਹਰ ਪਲ ਹੋਵੇ ਮਾਂ ਬੋਲੀ ਨੂੰ ਸਮਰਪਿਤ, ਮਾਂ ਬੋਲੀ ਦੀ ਅਜ਼ਮਤ ਨੂੰ ਰੱਖੀਏ ਬਰਕਰਾਰ, ਮਾਖਿਓ ਮਿੱਠੀ ਮਾਂ ਬੋਲੀ ਦੀ ਬਰਕਤ ਤੋਂ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਸਿਧਾਂਤ ਨੂੰ ਪ੍ਰਚਾਰਨ ਦਾ ਵਡਮੁੱਲਾ ਯਤਨ ਹੈ। ਕਾਲਜ ਵਿਚ ਪ੍ਰੋਫ਼ੈਸਰ ਤੇ ਮੁਖੀ ਵਜੋਂ ਕਾਰਜਕਾਲ ਦੌਰਾਨ ਤੇ ਹੁਣ ਕੇਂਦਰੀ ਪੰਜਾਬੀ ਲੇਖਕ ਸਭਾ ਹਰਿਆਣਾ ਦੇ ਜਨਰਲ ਸਕੱਤਰ ਤੇ ਪ੍ਰਧਾਨ ਵਜੋਂ ਅਹੁਦੇ ਤੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਵਿਚ ਸ਼ਲਾਘਾਯੋਗ ਕਾਰਜ ਕਰ ਰਹੇ ਹਨ ਜਿਸ ਸਕਦਾ ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਰਾਜ ਦੀ ਦੂਜੀ ਭਾਸ਼ਾ ਵਜੋਂ ਮਾਨਤਾ ਮਿਲੀ। ਡਾ. ਗੁਰਇਕਬਾਲ ਦਾ ਵਿਚਾਰ, "ਗਾਸੋ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ ਜਿਹੜਾ ਹਰਿਆਣਾ ਵਿਚ ਪੰਜਾਬੀ ਭਾਸ਼ਾ ਅਤੇ ਕਵਿਤਾ ਦੀ ਲਹਿਰ ਚਲਾਉਣ ਵਿਚ ਅਗਵਾਈ ਕਰ ਰਿਹਾ ਹੈ।"

ਪੁਸਤਕ **ਪੰਜਾਬੀ ਭਾਸ਼ਾ: ਸਥਿਤੀ ਤੇ ਸੰਭਾਵਨਾਵਾਂ** ਵਿਚਲੇ ਕੁਝ ਪ੍ਰਮੁੱਖ ਲੇਖ ਪੰਜਾਬੀ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ, ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਸਮਾਂ ਅਤੇ ਸਮਾਜ, ਭਾਸ਼ਾ ਸੰਬੰਧੀ ਮਸਲੇ, ਦੂਜੀ ਸਰਕਾਰੀ ਭਾਸ਼ਾ ਬਣਨ ਦਾ ਮਹੱਤਵ ਗਹਿਣ ਅਧਿਐਨ ਦੀ ਮੰਗ ਕਰਦੇ ਹਨ। ਇਸ ਪੁਸਤਕ ਦੇ ਆਖ਼ਰੀ ਭਾਗ ਵਿਚ ਸਮਕਾਲੀ ਲੇਖਕਾਂ ਤੇ ਚਿੰਤਕਾਂ ਵੱਲੋਂ ਡਾ. ਸੁਦਰਸ਼ਨ ਗਾਸੋ ਦੀ ਸਾਹਿਤਕ ਸਿਰਜਣਾ ਨਾਲ ਸੰਬੰਧਤ ਵਿਚਾਰ ਦਰਜ ਹਨ ਅਤੇ ਡਾ. ਗਾਸੋ ਦੀ ਅਣਥੱਕ ਮਿਹਨਤ ਤੇ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਹੈ। ਖੋਜਾਰਥੀਆਂ ਅਤੇ ਵਿਦਵਾਨ ਚਿੰਤਕਾਂ ਨੂੰ ਪੁਸਤਕ ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬੀ ਭਾਸ਼ਾ ਦੇ ਵਿਕਾਸ ਪ੍ਰਤੀ ਸਾਰਥਕ ਕਦਮ ਚੁੱਕੇ ਜਾਣ।

- **ਕਿੱਥੇ ਨਹੀਂ ਭਗਤ ਸਿੰਘ ?** (ਵਾਰਤਕ) **ਡਾ. ਸੁਦਰਸ਼ਨ ਗਾਸੋ**

ਡਾ. ਸੁਦਰਸ਼ਨ ਗਾਸੋ ਜੀ ਨੇ ਵਾਰਤਕ ਪੁਸਤਕ **ਕਿੱਥੇ ਨਹੀਂ ਭਗਤ ਸਿੰਘ** ਰਾਹੀਂ ਨੌਜਵਾਨ ਪੀੜ੍ਹੀ ਅੱਗੇ ਪ੍ਰਸ਼ਨ ਉਠਾਇਆ ਹੈ ਕਿ ਉਸਦੀ ਵਿਚਾਰਧਾਰਾ ਅਜੇ ਵੀ ਬਰਕਰਾਰ ਹੈ, ਬਸ ਲੋੜ ਹੈ ਉਸ ਨੂੰ ਸਮਝਣ ਤੇ ਅਮਲੀ ਰੂਪ ਵਿਚ ਅਪਣਾਉਣ ਦੀ। ਮਨੁੱਖ ਭਾਵੇਂ ਸਰੀਕਰ ਤੌਰ 'ਤੇ ਫਾਨੀ ਸੰਸਾਰ ਤੋਂ ਤੁਰ ਜਾਂਦਾ ਹੈ ਪਰ ਉਸ ਦੇ ਵਿਚਾਰ ਸਦਾ ਜਿੰਦਾ ਰਹਿੰਦੇ ਹਨ।

ਪੁਸਤਕ ਵਿਚ ਡਾ. ਸੁਦਰਸ਼ਨ ਗਾਸੋ ਨੇ 16 ਲੇਖ ਦਰਜ ਕੀਤੇ ਹਨ ਜੋ ਭਗਤ ਸਿੰਘ ਜੀ ਦੀ ਕਾਰਜ-ਪ੍ਰਣਾਲੀ ਨੂੰ ਉਜਾਗਰ ਕਰਦੇ ਹਨ। ਜੇਲ੍ਹ ਵਿਚ ਕੈਦ ਦੌਰਾਨ ਭਗਤ ਸਿੰਘ ਨੇ ਅਧਿਐਨ ਦਾ ਕਾਰਜ ਜਾਰੀ ਰੱਖਿਆ ਤੇ ਆਪਣੀ ਡਾਇਰੀ ਵਿਚ ਮਹੱਤਵਪੂਰਨ ਵਿਚਾਰ ਵੀ ਦਰਜ ਕੀਤੇ। ਸ਼ਹੀਦ ਭਗਤ ਸਿੰਘ ਨੇ ਆਇਰਸ਼ ਕਵੀ ਜੋਸੇਫ਼ ਕੈਂਪਬੈਲ ਦੀ ਕਵਿਤਾ 'ਜਨਮ ਸਿੱਧ ਅਧਿਕਾਰ' ਦਾ ਜ਼ਿਕਰ ਕੀਤਾ ਹੈ: ਅਸੀਂ ਸੰਤਾਨ ਹਾਂ / ਉਨ੍ਹਾਂ ਪਿੱਤਰਾਂ ਦੀ / ਜਿਨ੍ਹਾਂ ਦਿੱਤੀ ਮਾਤ / ਤਖਤੋ-ਤਾਜ / ਤੇ ਬਲਸ਼ਾਲੀ ਅੱਤਿਆਚਾਰ ਨੂੰ।

ਵਰਤਮਾਨ ਵਰਤਾਰਿਆਂ ਵਿਚ ਨੌਜਵਾਨ ਪੀੜ੍ਹੀ ਪੱਛਮੀ ਪ੍ਰਭਾਵ ਹੇਠ ਜਿਊ ਰਹੀ ਹੈ, ਅਜਿਹੇ ਸਮੇਂ ਡਾ. ਗਾਸੋ ਦੀ **ਕਿੱਥੇ ਨਹੀਂ ਭਗਤ ਸਿੰਘ ?** ਨੌਜਵਾਨ ਪੀੜ੍ਹੀ ਦਾ ਮਾਰਗ ਦਰਸ਼ਨ ਕਰੇਗੀ।

- **ਕੁੱਤਾ ਜੂਨ ਤੇ ਮੈਂਡੋਲਿਨ** (ਕਾਵਿ-ਸੰਗ੍ਰਹਿ) **ਮੋਹਣ ਮਤਿਆਲਵੀ**

ਮੋਹਣ ਮਤਿਆਲਵੀ ਦਾ ਕਾਵਿ-ਸੰਗ੍ਰਹਿ **ਕੁੱਤਾ ਜੂਨ ਤੇ ਮੈਂਡੋਲਿਨ** 'ਚ 48 ਕਵਿਤਾਵਾਂ ਦਰਜ ਹਨ ਜੋ ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਉਸਦੇ ਆਲੇ-ਦੁਆਲੇ ਘੁੰਮਦੇ ਵਿਭਿੰਨ ਵਿਸ਼ਿਆਂ ਨੂੰ ਰੂਪਮਾਨ ਕਰਦੀਆਂ ਹਨ। ਵਰਤਮਾਨ ਵਰਤਾਰਿਆਂ ਵਿਚ ਮਨੁੱਖ 'ਅਲਗਾਵ' ਵਾਲੀ ਹੋਣੀ ਭੋਗ ਰਿਹਾ ਹੈ। ਇਹ ਕਾਵਿ-ਸੰਗ੍ਰਹਿ ਆਲੇ-ਦੁਆਲੇ ਵਾਪਰਦੀਆਂ ਘਟਨਾਵਾਂ ਤੋਂ ਚੇਤੰਨ ਕਰਵਾਉਂਦਾ ਹੈ। ਮਨੁੱਖ ਦੇ ਬਾਹਰ ਯੁੱਧ ਤਾਂ ਹਰੇਕ ਨੂੰ ਨਜ਼ਰ ਆਉਂਦੇ ਹਨ ਪਰ ਅੰਦਰਲੇ ਯੁੱਧਾਂ ਦੀ ਥਾਹ ਪਾਉਣਾ ਅਸੰਭਵ ਹੈ। ਉਸਦੇ ਕਾਵਿ ਦਾ ਯਥਾਰਥਕ ਪੱਖ ਪੁਸਤਕ ਦੇ ਸਿਰਲੇਖ ਵਾਲੀ ਕਵਿਤਾ 'ਕੁੱਤਾ ਜੂਨ ਤੇ ਮੈਂਡੋਲਿਨ' ਤੋਂ ਉਜਾਗਰ ਹੁੰਦਾ ਹੈ: ਆਬੋ ਦਾਣਾ ਹੁੰਦਿਆਂ ਵੀ / ਕੁੱਤਾ ਜੂਨ ਹੰਢਾਉਣੀ ਪੈਂਦੀ / ਮੈਂਡੋਲਿਨ ਵਜਾਉਣੀ ਪੈਂਦੀ / ਤਨ ਵੀ ਜ਼ਖ਼ਮੀ ਮਨ ਵੀ ਜ਼ਖ਼ਮੀ...।

ਕਾਵਿ-ਸੰਗ੍ਰਹਿ ਦੀਆਂ ਪ੍ਰਮੁੱਖ ਕਵਿਤਾਵਾਂ ਮਾਂ ਬੋਲੀ, ਓੜਕ ਸੱਚ ਰਹੀ, ਨੋਟਬਾਜ਼ੀ ਦੀ ਕਲਾਸਾਜ਼ੀ, ਖਲੀਫ, ਕੁੱਖ ਤੋਂ ਕਬਰ ਤੱਕ, ਆਸ਼ਕਨਾਮਾ, ਇਕ ਗ਼ੈਰ ਧਾਰਮਿਕ ਪਿਓਨਾਮਾ ਤੇ ਪ੍ਰਸੰਨਤਾ ਪੂਰਵਕ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ।

- **ਤੇਰੇ ਕਰਕੇ** (ਕਾਵਿ-ਸੰਗ੍ਰਹਿ) **ਅਜੀਤ ਪਿਆਸਾ**

ਅਜੀਤ ਪਿਆਸਾ ਦਾ ਕਾਵਿ-ਸੰਗ੍ਰਹਿ **ਤੇਰੇ ਕਰਕੇ** ਇਕ ਕਾਰਨ ਵਜੋਂ ਭਾਵ ਸਿਰਜ ਪ੍ਰਕਿਰਿਆ ਦੇ ਕਾਰਨ ਵਜੋਂ ਹੋਂਦ ਗ੍ਰਹਿਣ ਕਰਦਾ ਹੈ। ਕਿਸੇ ਦੀ ਵਸਤੂ ਦੀ ਹੋਂਦ ਦਾ ਕਾਰਨ ਜ਼ਰੂਰ ਹੁੰਦਾ ਹੈ। **ਤੇਰੇ ਕਰਕੇ** ਵੀ 'ਮੈਂ' ਤੇ 'ਓਹ' ਦੀ ਹੋਂਦ ਦਾ ਪ੍ਰਮਾਣ ਹੈ। 'ਤ੍ਰਿਪਤੀ' ਅਤੇ 'ਅਤ੍ਰਿਪਤੀ' ਦੀ ਹੋਂਦ ਛੋਹ ਤੇ ਅਛੋਹ ਦੁਆਲੇ ਘੁੰਮਦੀ ਹੈ। ਜਿਸ ਸਦਕਾ ਆਪੇ ਦੇ ਸਮਰਪਣ ਦੀ ਭਾਵਨਾ ਕਾਇਮ ਰਹਿੰਦੀ ਹੈ: ਅੰਦਰ ਅੱਗ ਹਿਜ਼ਰ ਦੀ ਬਲਦੀ / ਸਾਹਾਂ ਦਾ ਭੋਰਾ ਨਾ ਵਿਸਾਹ...।

ਅਜੀਤ ਪਿਆਸਾ ਦਾ ਕਾਵਿ-ਜਗਤ ਸੋਨ ਸੁਨਹਿਰੀ ਸੁਪਨਿਆਂ ਦੇ ਨਾਲ-ਨਾਲ ਤਰਲਿਆਂ ਦਾ ਕਾਵਿ ਹੈ। ਮਨੁੱਖੀ ਅਸਫਲਤਾ ਪਿੱਛੋਂ ਕਰਮ-ਕਾਂਡਾਂ, ਧਰਮ-ਕਰਮ ਦੇ ਭਾਵ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ: ਲੈ ਕੇ ਹਰਫ਼ਾਂ ਦੀ ਲੋਈ / ਪਰਤ ਜਾ ਆਪਣੇ ਗਰਾਂ / ਤੇਰੇ ਵੱਸ ਦੀ ਗੱਲ ਨਹੀਂ / ਇਹ ਕਾਫੀਏ ਤੇ ਇਹ ਬੰਦਿਸ਼ਾਂ...।

ਕਵੀ ਅਜੀਤ ਪਿਆਸਾ ਦੇ ਕਾਵਿ ਜਗਤ ਵਿਚ ਇਕ ਫ੍ਰਸ਼ਨ ਨਾਲ ਆਰੰਭ ਹੁੰਦਾ ਹੈ ਤੇ ਸੰਬੋਧਨੀ ਸੁਰ ਕਾਇਮ ਰਹਿੰਦੀ ਹੈ। ਉਸਦੇ ਕਾਵਿ ਵਿਚ ਜੀਵਨ ਦੇ ਹਰੇਕ ਰੰਗ ਦ੍ਰਿਸ਼ਟੀਗੋਚਰ ਹੁੰਦੇ ਹਨ।

- **ਸੋਨ ਸਵੇਰਾ** (ਕਹਾਣੀ ਸੰਗ੍ਰਹਿ) **ਸੁਰਿੰਦਰ ਕੈਲੇ**

ਸੁਰਿੰਦਰ ਕੈਲੇ 'ਅਣੂ' (ਮਿੰਨੀ ਪੱਤ੍ਰਿਕਾ) 1972 ਤੋਂ ਲਗਾਤਾਰ ਪ੍ਰਕਾਸ਼ਿਤ ਕਰ ਰਹੇ ਹਨ। ਉਨ੍ਹਾਂ ਨੇ ਪੰਜਾਬੀ ਜਗਤ ਦੀ ਝੋਲੀ 17 ਜ਼ਿਕਰਯੋਗ ਪੁਸਤਕਾਂ ਪਾਈਆਂ ਹਨ। **ਸੋਨ ਸਵੇਰਾ** ਵਿਚ 10 ਕਹਾਣੀਆਂ ਦਰਜ ਹਨ ਜੋ ਮਨੁੱਖੀ ਜੀਵਨ ਹਯਾਤੀ ਦੇ ਵਿਭਿੰਨ ਮਸਲਿਆਂ ਨੂੰ ਰੂਪਮਾਨ ਕਰਦੀਆਂ ਹਨ। ਸੁਰਿੰਦਰ ਕੈਲੇ ਦਾ ਮਿੰਨੀ ਕਹਾਣੀ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਹੈ। ਉਸਦੀ ਕਹਾਣੀ ਪਾਠਕਾਂ ਨੂੰ ਚਿੰਤਨ ਤੇ ਚੇਤਨਾ ਦਾ ਰਾਹ ਪਾਉਂਦੀ ਹੈ। **ਸੋਨ ਸਵੇਰਾ** ਵਿਚ ਖੁਦਕੁਸ਼ੀ ਤੇ ਰੀਝਾਂ ਦੇ ਆਪਸੀ ਪਾਸਾਰਾਂ ਦਾ ਜ਼ਿਕਰ ਕੀਤਾ ਹੈ। 'ਬਿੱਕਰ ਸਿੰਘ ਖੁੰਡੇ ਵਾਲਾ' ਵਿਚ ਪਰਵਾਸ ਦੌਰਾਨ ਪੰਜਾਬੀਆਂ ਦੀ ਹੋਣੀ ਨੂੰ ਬਿਆਨ ਕਰਦੀ ਹੈ। 'ਕੈਂਸਰ ਦਾ ਫੋੜਾ' ਮਨੁੱਖੀ ਮਾਨਸਿਕਤਾ ਵਿਚਲੇ ਉਤਰਾ-ਚੜ੍ਹਾਆਂ ਦੀ ਤਰਜਮਾਨੀ ਕਰਦੀ ਹੈ। 'ਮੈਂ ਨਹੀਂ ਦੱਸਾਂਗੀ' ਵਿਚ ਯੁੱਧ ਦੀ ਭਿਆਨਕਤਾ ਨੂੰ ਬਿਆਨ ਕਰਦੀ ਹੈ। 'ਸੰਗ ਭਰਾਵਾਂ ਜੀਵਨਾ' ਵਿਚ ਪੰਜਾਬੀ ਸਭਿਆਚਾਰ ਦੇ ਵਿਭਿੰਨ ਪਾਸਾਰ ਉੱਭਰਦੇ ਹਨ।

ਸੁਰਿੰਦਰ ਕੈਲੇ ਨੇ ਕਹਾਣੀ 'ਚਾਦਰ' ਵਿਚ ਸਭਿਆਚਾਰਕ ਟੈਬੂ ਨੂੰ ਤੋੜਨ ਦੀ ਦਲੇਰੀ ਲਈ ਹੈ। 'ਸਿਵਿਆਂ ਵਾਲੀ ਡੰਡੀ' ਦਲਬੀਰ ਦੀ ਜ਼ਿੰਦਗੀ ਦੀ ਕੁਝ ਅਣਹੋਣੀ ਦੇ ਡਰ ਭੈ ਨੂੰ ਬਿਆਨ ਕੀਤਾ ਹੈ। 'ਚਾਂਦਨੀ ਦੀ ਧੀ' ਗੁਨਾਹ ਪਿੱਛੇ ਕਾਰਜਸ਼ੀਲ ਕਾਰਨਾਂ ਤੇ ਮਨੁੱਖੀ ਮਾਨਸਿਕਤਾ ਵਿਚ ਪਨਪਦੇ ਕੰਪਲੈਕਸ ਨੂੰ ਰੂਪਮਾਨ ਕਰਦੀ ਹੈ। 'ਦੇਹ ਸਸਕਾਰ' ਕਹਾਣੀ ਸੰਤਾਲੀ ਦੇ ਫਿਰਕੂ ਫਸਾਦਾਂ ਬਾਰੇ ਜ਼ਿਕਰ ਕਰਦੀ ਹੋਈ ਇਸ ਪਿੱਛੇ ਕਾਰਜਸ਼ੀਲ ਸਰਕਾਰੀ ਸਿਸਟਮ ਦੀ ਅਨੈਤਿਕਤਾ ਨੂੰ ਉਜਾਗਰ ਕਰਦੀ ਹੈ। ਸੁਰਿੰਦਰ ਕੈਲੇ ਦੀਆਂ ਕਹਾਣੀਆਂ ਮਾਨਵੀ ਸਰੋਕਾਰਾਂ ਨੂੰ ਬਿਆਨਦੀਆਂ ਹਨ। ਉਨ੍ਹਾਂ ਦੇ ਆਲੇ-ਦੁਆਲੇ ਵਾਪਰਦੇ ਘਟਨਾਕ੍ਰਮ ਨੂੰ ਯਥਾਰਥਕ ਰੂਪ ਵਿਚ ਆਪਣੀਆਂ ਕਹਾਣੀਆਂ ਵਿਚ ਬਿਆਨ ਕੀਤਾ ਹੈ। ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀ ਕਲਾ ਕਰਕੇ ਪਾਠਕਾਂ ਦਾ ਘੇਰਾ ਵਿਸ਼ਾਲ ਹੋਇਆ ਹੈ।

- **ਕਾਲ ਕੋਠੜੀ ਅਤੇ ਹੋਰ ਕਹਾਣੀਆਂ** (ਅਨੁ.) **ਐਡਗਰ ਐਲਨ ਪੋ**

ਐਡਗਰ ਐਲਨ ਪੋ ਦੀ ਕਲਮ ਵਿਚੋਂ ਕਹਾਣੀਆਂ ਦੀ ਸਿਰਜਣਾ ਹੋਈ ਤੇ ਕਵਿਤਾ ਦਾ ਵਿਕਾਸ ਵੀ ਅਤੇ ਵਾਰਤਕ ਦੀ ਵਿਲੱਖਣਤਾ ਵੀ। ਉਸਦਾ ਹਿਰਦਾ ਕਵੀ ਵਾਂਗ ਵਿਸ਼ਾਲ ਸੀ। ਉਸਨੇ ਨਿੱਕੀ ਕਹਾਣੀ ਲੇਖਣ ਦੇ ਨਾਲ-ਨਾਲ ਸੰਪਾਦਕ ਤੇ ਸਾਹਿਤਕ ਆਲੋਚਕ ਵਜੋਂ ਵੀ ਕਾਰਜ ਕੀਤਾ। ਹਥਲੀ ਪੁਸਤਕ **ਕਾਲ ਕੋਠੜੀ ਅਤੇ ਹੋਰ ਕਹਾਣੀਆਂ** ਵਿਚ 11 ਕਹਾਣੀਆਂ ਬੇਮੌਤ ਕਬਰ ਦੀ ਯਾਤਰਾ, ਲਾਲ ਮੌਤ ਦਾ ਮੁਖੌਟਾ, ਮੇਰਾ ਇਕਬਾਲ ਏ ਜੁਰਮ, ਚੋਰੀ ਕੀਤੇ ਖ਼ਤ ਦੀ ਤਲਾਸ਼, ਏਲੇਨੋਰਾ, ਸ਼ਰਾਬ ਦਾ ਪੀਪਾ, ਬੋਤਲ ਵਿਚ ਮਿਲੀ ਹੱਥ ਲਿਖਤ, ਕਾਲ ਕੋਠੜੀ, ਅਸ਼ਰ ਘਰਾਣੇ ਦਾ ਪਤਨ, ਸੁਨਹਿਰ ਖਟਮਲ, ਕਾਲਾ ਬਿੱਲਾ ਆਦਿ ਦਰਜ ਹਨ। ਉਸ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਕ ਛੋਹਾਂ ਦੁਆਰਾ ਜੀਵਨ ਸੰਘਰਸ਼ਾਂ ਦੀਆਂ ਵਿਭਿੰਨ ਪਰਤਾਂ ਉਜਾਗਰ ਕੀਤੀਆਂ ਹਨ।

ਐਡਗਰ ਐਲਨ ਪੋ ਸੰਸਾਰ ਪ੍ਰਸਿੱਧ ਅਮਰੀਕੀ ਲੇਖਕ ਸੀ ਤੇ ਉਸਦੀ ਲਿਖਣ ਸ਼ੈਲੀ ਨੂੰ 'ਗੋਥਿਕ' ਕਿਹਾ ਜਾਂਦਾ ਹੈ ਤੇ ਸੰਕੇਤਕ ਭਾਸ਼ਾ ਮਨੁੱਖੀ ਚੇਤਨਾ ਨੂੰ ਟੁੰਬਦੀ ਹੈ। ਕਮਲ ਗਿੱਲ ਨੇ ਐਡਗਰ ਐਲਨ ਪੋ ਦੀਆਂ ਕਹਾਣੀਆਂ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਸ਼ਾਹਕਾਰ ਕਹਾਣੀਆਂ ਨੂੰ ਵਾਚਣ ਦਾ ਮੌਕਾ ਪ੍ਰਦਾਨ ਕੀਤਾ ਹੈ। ਇਸ ਨਾਲ ਪਾਠਕਾਂ ਨੂੰ ਦੋ ਸਭਿਆਚਾਰਾਂ ਵਿਚਲੇ ਅੰਤਰ-ਸੰਬੰਧਾਂ ਬਾਰੇ ਵਡਮੁੱਲੀ ਜਾਣਕਾਰ ਪ੍ਰਾਪਤ ਹੋਵੇਗੀ।

- **ਵਣਧਾਰਾ** (ਨਾਟਕ) **ਸਵਰਾਜਬੀਰ**

ਸਵਰਾਜਬੀਰ ਪੰਜਾਬੀ ਸਾਹਿਤ ਦੇ ਪ੍ਰਸਿੱਧ ਨਾਟਕਕਾਰ, ਕਵੀ ਅਤੇ ਸੰਪਾਦਕ ਹਨ। 2016 ਵਿਚ ਨਾਟਕ **ਮੱਸਿਆ ਦੀ ਰਾਤ** ਉੱਤੇ ਸਾਹਿਤ ਅਕਾਦਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਪ੍ਰਮੁੱਖ ਨਾਟਕ **ਧਰਮ ਗੁਰੂ**, **ਕ੍ਰਿਸ਼ਨ**, **ਮੇਦਨੀ** ਤੇ **ਸ਼ਾਇਰੀ** ਹਨ। ਉਸਦੇ ਨਾਟਕਾਂ ਵਿਚ ਇਤਿਹਾਸ, ਮਿਥਿਹਾਸ ਤੇ ਸਮਕਾਲੀ ਮੁੱਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਉਸਦੇ ਨਾਟਕ ਦੇਸ-ਵਿਦੇਸ਼ ਵਿਚ ਖੇਡੇ ਗਏ ਤੇ ਦਰਸ਼ਕ ਨੇ ਪ੍ਰਭਾਵ ਕਬੂਲਿਆ। ਉਹ ਨਾਟਕਕਾਰੀ ਤੋਂ ਇਲਾਵਾ ਪੱਤਰਕਾਰਤਾ ਅਤੇ ਪ੍ਰਸ਼ਾਸ਼ਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।

ਹੱਥਲੀ ਨਾਟਕ ਪੁਸਤਕ **ਵਣਧਾਰਾ** ਵਿਚ ਮਿਥਿਹਾਸਕ ਪਾਤਰ 'ਅਹਿਲਿਆ' ਦੀ ਕਥਾ ਨੂੰ ਨਵੀਂ ਤਰਤੀਬ ਨਾਲ ਪੇਸ਼ ਕਰਕੇ ਸਮਾਜ, ਧਰਮ ਅਤੇ ਰਾਜਨੀਤੀ ਦੀਆਂ ਗੁੰਝਲਾਂ ਨੂੰ ਖੋਲ੍ਹਿਆ ਗਿਆ ਹੈ। ਇਸ ਵਿਚ ਨਾਰੀ ਦੇਹ ਤੇ ਉਸ ਦੁਆਲੇ ਬਣੇ ਸਮਾਜਕ ਧਾਰਮਿਕ ਸੰਕੇਤ ਉਭਰਦੇ ਹਨ। ਨਾਟਕ ਦਰਸ਼ਕਾਂ ਦੀ ਦਿਮਾਗੀ ਸਮਰੱਥਾ ਦਾ ਇਮਤਿਹਾਨ ਲੈਂਦਾ ਹੈ ਅਤੇ ਉਸ ਨੂੰ ਗਿਆਨ ਦੀ ਭਾਲ ਵੱਲ ਪ੍ਰੇਰਿਤ ਕਰਦਾ ਹੈ। ਗੌਤਮ ਦੇ ਪਾਤਰ ਰਾਹੀਂ ਧਾਰਮਿਕ ਅਧਿਕਾਰ ਅਤੇ ਮਰਦ ਸੱਤਾ ਦੇ ਪ੍ਰਤੀਕ ਨੂੰ ਬਿਆਨ ਕਰਦਾ ਹੈ। ਬ੍ਰਹਮ (ਇੰਦਰ) ਦੇ ਪਾਤਰ ਦੁਆਰਾ ਸੱਤਾ, ਧਰਮ ਤੇ ਰਾਜਨੀਤੀ ਦੀਆਂ ਅੰਦਰੂਨੀ ਤੇ ਬਾਹਰੀ ਪਰਤਾਂ ਨੂੰ ਉਘਾੜਦਾ ਹੈ।

ਨਾਟਕ **ਵਣਧਾਰਾ** ਦੇ ਪਾਤਰ ਸਿਰਫ਼ ਕਹਾਣੀ ਸੁਣਾਉਂਦੇ ਨਹੀਂ, ਸਗੋਂ ਸਮਾਜਕ-ਧਾਰਮਿਕ ਸੱਚਾਈਆਂ ਨੂੰ ਸਾਹਮਣੇ ਰੱਖਦੇ ਹਨ। ਸਵਰਾਜਬੀਰ ਨੇ ਪੰਜਾਬੀ ਨਾਟਕ ਨੂੰ ਚਿੰਤਨ, ਬੌਧਿਕਤਾ ਅਤੇ ਸਮਾਜਕ ਸੰਵੇਦਨਸ਼ੀਲਤਾ ਦੀ ਨਵੀਂ ਦਿਸ਼ਾ ਦਿੱਤੀ ਹੈ। ਨਾਟਕ **ਵਣਧਾਰਾ** ਦੀ ਪਹਿਲੀ ਪੇਸ਼ਕਾਰੀ 'ਅਹਿਲਿਆ' ਦੇ ਨਾਮ ਹੇਠ ਹੋਈ। ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਵਿਚ ਨਾਟਕ ਮੰਚ ਰੰਗਮੰਚ ਅੰਮ੍ਰਿਤਸਰ ਨੇ 2017 ਵਿਚ ਵਿਰਸਾ ਵਿਹਾਰ ਵਿਚ ਪੇਸ਼ ਕੀਤਾ। ਔਰਤ ਦੀ ਸਥਿਤੀ: ਕਿਉਂ ਕਿਹਾ ਇੰਦਰ ਨੇ / ਅਜੇ ਵੀ ਕੰਨਿਆ ਹਾਂ ਮੈਂ / ਪਤੀ ਗੌਤਮ ਨੇ ਤਾਂ ਦੱਸਿਐ / ਪਤਨੀ ਹਾਂ ਮੈਂ...।

- **ਝੀਲ ਦੇ ਪਿੰਡੇ 'ਤੇ ਲਿਖੀ ਬਹਿਰ** (ਗ਼ਜ਼ਲ ਸੰਗ੍ਰਹਿ) **ਜੋਗਿੰਦਰ ਸਿੰਘ ਪਾਂਧੀ**

ਜੋਗਿੰਦਰ ਸਿੰਘ ਪਾਂਧੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਨਾਲ ਸੰਬੰਧਤ ਪੰਜਾਬੀ ਤੇ ਉਰਦੂ ਦੇ ਪ੍ਰਸਿੱਧ ਗ਼ਜ਼ਲਕਾਰ ਹਨ। ਉਨ੍ਹਾਂ ਦੀਆਂ ਗ਼ਜ਼ਲਾਂ ਵਿਚ ਸਮਾਜਕ, ਰਾਜਨੀਤਕ, ਧਾਰਮਿਕ, ਆਰਥਿਕ ਤੇ ਸਭਿਆਚਾਰਕ ਪੱਖ ਉਜਾਗਰ ਹੁੰਦੇ ਹਨ। ਉਹ ਮਨੁੱਖੀ ਅਹਿਸਾਸਾਂ, ਹਕੀਕਤਾਂ, ਜਜ਼ਬਾਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦਾ ਹੈ। ਜੋਗਿੰਦਰ ਪਾਂਧੀ ਦਾ ਹੱਥਲਾ ਗ਼ਜ਼ਲ ਸੰਗ੍ਰਹਿ **ਝੀਲ ਦੇ ਪਿੰਡੇ 'ਤੇ ਲਿਖੀ ਬਹਿਰ** ਵਿਚ ਦਰਜ ਬਹੁਤ ਸਾਰੀਆਂ ਗ਼ਜ਼ਲਾਂ ਫੇਸਬੁੱਕ ਤੇ ਸ਼ੋਸ਼ਲ ਮੀਡੀਆ ਉੱਤੇ ਪੋਸਟ ਕੀਤੀਆਂ ਹਨ। ਜਿਸ ਸਦਕਾ ਉਨ੍ਹਾਂ ਦੇ ਪਾਠਕਾਂ ਦਾ ਘੇਰਾ ਦੇਸ਼ ਦੇ ਨਾਲ-ਨਾਲ ਪਰਦੇਸ ਕਨੇਡਾ, ਅਮਰੀਕਾ, ਅਸਟ੍ਰੇਲੀਆ, ਪਾਕਿਸਤਾਨ, ਯੂਗਾਂਡਾ ਤੱਕ ਫੈਲਿਆ ਹੋਇਆ ਹੈ। ਜੋਗਿੰਦਰ ਪਾਂਧੀ ਦੀ ਕਵਿਤਾ ਬਾਰੇ ਅਰਤਿੰਦਰ ਸੰਧੂ ਜੀ ਦੇ ਵਿਚਾਰ: "ਕੁੱਲ ਮਿਲਾ ਕੇ ਵੱਖ-ਵੱਖ ਰੂਪਾਂ ਵਾਲੀਆਂ ਕਵਿਤਾਵਾਂ, ਸ਼ਾਇਰ ਨੂੰ ਜਾਗਰੂਕ ਸੁਹਿਰਦ ਮਨੁੱਖ, ਸੰਵੇਦਨਸ਼ੀਲ ਅਤੇ ਸਮਰੱਥ ਸ਼ਾਇਰ ਸਿੱਧ ਕਰਦੀਆਂ ਹਨ।"

ਰਾਜਨੀਤਕ ਪੱਖ ਤੇ ਲੋਕਤੰਤਰ ਦੀ ਸਥਿਤੀ: ਸੰਸਦ ਬਣੇ ਫ਼ਸਾਦਗਾਹ, ਜ਼ਖ਼ਮੀ ਹੈ ਲੋਕਤੰਤਰ / ਰੋ ਰੋ ਸ਼ਹੀਦ ਰੂਹਾਂ ਸਿਰ ਆਪਣੇ ਫੋੜ ਰਹੀਆਂ। ਧਰਤੀ ਉਤਲੇ ਸਵਰਗ ਕਸ਼ਮੀਰ ਦੀ ਵਰਤਮਾਨ ਸਥਿਤੀ ਦਾ ਜ਼ਿਕਰ : ਮੁਰਲੀ ਮੁਰਲੀਧਰ ਵਜੇ, ਵਜਦੀ ਰਹੀ / ਸੁਣ ਕੇ ਰਾਧਾ ਝੂਮ ਕੇ ਨੱਚਦੀ ਰਹੀ / ਅੱਖ ਮੇਰੀ ਵਾਦੀ-ਏ-ਕਸ਼ਮੀਰ ਜਿਉਂ / ਰੋਏ ਭੀ ਸਭ ਨੂੰ ਲੱਗੇ ਹਸਦੀ ਰਹੀ...।

**ਹਰਿੰਦਰ ਸਿੰਘ ਤੁੜ (ਡਾ.)**

# ਇਕ ਸਾਲ ਦੌਰਾਨ ਪੜ੍ਹੀਆਂ ਗਈਆਂ ਅਖਬਾਰਾਂ ਦੀਆਂ ਖਬਰਾਂ ਤੇ ਆਧਾਰਿਤ

ਸਦੀਆਂ ਤੋਂ ਸਮਾਜ ਦਾ ਮਹੱਤਵਪੂਰਨ ਹਿੱਸਾ ਹੋਣ ਦੇ ਬਾਵਜੂਦ ਔਰਤ ਦੀ ਸਥਿਤੀ ਦੁਜੈਲੀ ਤੇ ਬੇਹੱਦ ਕਸ਼ਟ ਦਾਇਕ ਰਹੀ ਹੈ। ਔਰਤ ਦੀ ਇਹ ਸਥਿਤੀ ਸਿਰਫ ਸਾਡੇ ਦੇਸ਼ ਵਿੱਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿੱਚ ਹੀ ਰਹੀ ਹੈ। ਅਜਿਹੇ ਹਾਲਾਤ ਵਿੱਚ ਹੀ ਤਾਂ ਅਮਰੀਕਾ ਦੀਆਂ ਔਰਤਾਂ ਨੇ ਨਾਰੀ ਦਿਵਸ ਦੇ ਸੰਕਲਪ ਨੂੰ ਉਸਾਰਿਆ ਸੀ। ਸਮੇਂ ਨਾਲ ਲੜਕੀਆਂ ਨੂੰ ਵੀ ਪੜ੍ਹਨ ਲਿਖਣ ਦੇ ਮੌਕੇ ਮਿਲਣ ਲੱਗ ਪਏ। ਇੱਕੀਵੀਂ ਸਦੀ ਵਿੱਚ ਪਹੁੰਚਣ ਤੱਕ ਹਾਲਾਤ ਵਿੱਚ ਹੋਰ ਤਬਦੀਲੀ ਆਈ। ਔਰਤ ਦੀ ਜ਼ਿੰਦਗੀ ਤੇ ਉਸ ਨਾਲ ਸਮਾਜ ਵੱਲੋਂ ਕੀਤੀ ਜਾਂਦੀ ਬੇਇਨਸਾਫ਼ੀ ਦੇ ਬਾਰੇ ਵਿੱਚ ਬਹੁਤ ਸਾਰੇ ਨਾਮੀ ਸਾਹਿਤਕਾਰਾਂ ਵੱਲੋਂ ਕਵਿਤਾਵਾਂ, ਕਹਾਣੀਆਂ ਤੇ ਲੇਖ ਲਿਖੇ ਜਾਂਦੇ ਰਹੇ। ਔਰਤਾਂ ਨੇ ਵੀ ਬਹੁਤ ਸਾਰੇ ਖੇਤਰਾਂ ਵਿੱਚ ਆਪਣੇ ਕਾਬਲੀਅਤ ਨੂੰ ਸਾਬਤ ਕੀਤਾ। ਸਮੇਂ ਨਾਲ ਔਰਤਾਂ ਦੀਆਂ ਮੁਸ਼ਕਲਾਂ ਵੱਲ ਦੁਨੀਆਂ ਦਾ ਧਿਆਨ ਜਾਣ ਕਾਰਨ ਔਰਤਾਂ ਦੇ ਹੱਕ ਵਿੱਚ ਬਹੁਤ ਸਾਰੇ ਕਾਨੂੰਨ ਵੀ ਬਣਨ ਲੱਗ ਪਏ। ਫਿਰ ਜਾਗ੍ਰਿਤੀ ਆਉਣ ਕਾਰਨ ਔਰਤਾਂ ਬਹੁਤ ਸਾਰੇ ਖੇਤਰਾਂ ਵਿੱਚ ਮਰਦਾਂ ਵਾਂਗ ਹੀ ਵਿਚਰਨ ਲੱਗ ਪਈਆਂ।

ਇਸ ਹੱਦ ਤੱਕ ਤਬਦੀਲੀ ਦਾ ਅਸਰ ਤਾਂ ਸਮਾਜ ਵਿੱਚ ਸੁਖਾਵਾਂ ਹੀ ਰਿਹਾ ਸੀ। ਔਰਤਾਂ ਖੁਸ਼ਹਾਲ ਮਹਿਸੂਸ ਕਰਨ ਲੱਗੀਆਂ,ਬੇਸ਼ੱਕ ਇਹ ਔਰਤਾਂ ਦੀ ਸ਼ੱਤ ਪ੍ਰਤੀਸ਼ਤ ਗਿਣਤੀ ਵਾਸਤੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਇਸ ਦੇਸ਼ ਦੀ ਵੱਡੀ ਆਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹੈ। ਪਰ ਪਿਛਲੇ ਇੱਕ, ਡੇਢ ਦਹਾਕੇ ਵਿੱਚ ਇਹ ਸਥਿਤੀ ਕਾਫ਼ੀ ਹੱਦ ਤੱਕ ਬਦਲ ਗਈ ਤੇ ਇਸ ਛੋਟੇ ਹਿੱਸੇ ਦੀ ਸੋਚ ਤੇ ਕਾਰਨਾਮਿਆਂ ਨੇ ਔਰਤ ਨੂੰ ਸਮਾਜ ਦੇ ਕਟਹਿਰੇ ਵਿੱਚ ਲਿਆ ਖੜਾ ਕੀਤਾ ਹੈ। ਪਿਛਲੇ ਦਿਨੀ ਇਸ ਤੱਥ ਨੂੰ ਸਹੀ ਸਿੱਧ ਕਰਦੀਆਂ ਬਹੁਤ ਸਾਰੀਆਂ ਖਬਰਾਂ ਅਖ਼ਬਾਰਾਂ ਵਿੱਚ ਛਪ ਚੁੱਕੀਆਂ ਹਨ ਤੇ ਸੋਸ਼ਲ ਮੀਡੀਆ ਤੇ ਵੀ ਲੋਕਾਂ ਨੇ ਦੇਖੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਸਾਰੇ ਅਜਿਹੇ ਕੇਸ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਰਹੇ ਹਨ ਜਿੱਥੇ ਔਰਤਾਂ ਨੇ ਸਾਜ਼ਿਸ਼ ਕਰਕੇ ਆਪਣੇ ਪਤੀਆਂ ਨੂੰ ਇਸ ਕਰਕੇ ਕਤਲ ਕਰ ਜਾਂ ਕਰਵਾ ਦਿੱਤਾ ਕਿ ਉਹ ਕਿਸੇ ਹੋਰ ਦੋਸਤ ਜਾਂ ਜਾਣਕਾਰ ਨਾਲ ਰਹਿਣਾ ਚਾਹੁੰਦੀਆਂ ਸਨ। ਬਹੁਤ ਸਾਰੇ ਕੇਸਾਂ ਵਿੱਚ ਤਾਂ ਉਹਨਾਂ ਵੱਲੋਂ ਬੱਚਿਆਂ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਦੀਆਂ ਖ਼ਬਰਾਂ ਵੀ ਪੜ੍ਹਦੇ ਰਹਿੰਦੇ ਹਾਂ।

ਬਹੁਤ ਸਾਰੀਆਂ ਲੜਕੀਆਂ ਨੇ ਵਿਦੇਸ਼ ਵਿੱਚ ਜਾ ਕੇ ਪੜ੍ਹਨ ਵਾਸਤੇ ਕਿਸੇ ਐਸੇ ਪਰਿਵਾਰ ਦੇ ਲੜਕੇ ਨਾਲ ਇਹ ਵਾਅਦਾ ਕਰ ਕੇ ਵਿਆਹ ਕਰਵਾ ਲਿਆ ਕਿ ਲੜਕੇ ਵਾਲੇ ਖਰਚ ਕਰ ਕੇ ਉਸ ਨੂੰ ਬਾਹਰਲੇ ਦੇਸ਼ ਭੇਜਣਗੇ ਤੇ ਉਹ ਉੱਥੇ ਜਾ ਕੇ ਆਪਣੇ ਪਤੀ ਨੂੰ ਵੀ ਬੁਲਾ ਲਵੇਗੀ। ਪਰ ਸਧਾਰਨ ਹਾਲਾਤ ਵਿੱਚ ਪਲ਼ ਕੇ ਵੱਡੀਆਂ ਹੋਈਆਂ ਲੜਕੀਆਂ ਨੇ ਬਾਹਰਲੇ ਦੇਸ਼ ਵਿੱਚ ਜਾ ਕੇ ਉੱਥੋਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਪਤੀ ਤੇ ਸਹੁਰਿਆਂ ਨਾਲ ਰਾਬਤਾ ਹੀ ਖਤਮ ਕਰ ਦਿੱਤਾ। ਕਈ ਮਾਪਿਆਂ ਨੇ ਪੁੱਤਰ ਨੂੰ ਬਾਹਰਲੇ ਦੇਸ਼ ਭੇਜਣ ਦੇ ਲਾਲਚ ਵਿੱਚ ਆਪਣੀ ਜੋ ਥੋੜ੍ਹੀ ਜਿਹੀ ਜ਼ਮੀਨ ਸੀ, ਉਸ ਨੂੰ ਵੇਚ ਕੇ ਜਾਂ ਗਹਿਣੇ ਰੱਖ ਕੇ ਪੈਸੇ ਲਏ ਸਨ ਤੇ ਨੂੰਹ ਨੂੰ ਵਿਦੇਸ਼ ਭੇਜਿਆ ਸੀ। ਉੱਧਰ ਜਾ ਕੇ ਨੂੰਹ ਦੇ ਧੋਖਾ ਦੇਣ ਕਾਰਨ ਉਹ ਪਰਿਵਾਰ ਤਬਾਹ ਹੋ ਗਏ। ਕਈ ਲੜਕਿਆਂ ਨੇ ਤਾਂ ਨਿਰਾਸ਼ ਹੋ ਕੇ ਜਾਂ ਸਮਾਜ ਵਿੱਚ ਸ਼ਰਮਿੰਦਗੀ ਦੇ ਕਾਰਨ ਖੁਦਕੁਸ਼ੀਆਂ ਵੀ ਕਰ ਲਈਆਂ।

ਕਈ ਲੜਕੀਆਂ ਨੇ ਆਪਣੇ ਪਿਤਾ /ਮਾਤਾ ਜਾਂ ਭਰਾ ਨੂੰ ਹੀ ਮਰਵਾ ਦਿੱਤਾ ਕਿਉਂਕਿ ਉਹ ਉਸ ਦੇ ਮਨਪਸੰਦ ਦੋਸਤ ਨਾਲ ਰਹਿਣ ਤੋਂ ਰੋਕ ਰਹੇ ਸਨ। ਵੱਡੇ ਸ਼ਹਿਰਾਂ ਵਿੱਚ ਬਹੁਤ ਸਾਰੀਆਂ ਲੜਕੀਆਂ ਪਰਿਵਾਰ ਤੋਂ ਚੋਰੀਂ ਆਪਣੇ ਵਿਆਹ ਬਾਹਰੇ ਸਬੰਧ ਕਾਇਮ ਰੱਖਦੀਆਂ ਰਹਿੰਦੀਆਂ ਹਨ। ਕਈ ਲੜਕੀਆਂ ਨੇ ਪੈਸਿਆਂ ਤੇ ਮਸ਼ਹੂਰੀ ਖਾਤਰ ਅਸ਼ਲੀਲ ਵੀਡੀਓ/ਆਡੀਓ ਬਣਾਉਣ ਨੂੰ ਆਪਣਾ ਕਾਰੋਬਾਰ ਬਣਾਇਆ ਹੋਇਆ ਹੈ। ਇਸ ਸਬੰਧ ਵਿੱਚ ਅਜਿਹੀਆਂ ਲੜਕੀਆਂ ਦੇ ਕਤਲ ਕੀਤੇ ਜਾਣ ਦੀਆਂ ਖਬਰਾਂ ਵੀ ਅਖਬਾਰਾਂ ਵਿੱਚ ਪੜ੍ਹਦੇ ਸੁਣਦੇ ਰਹੇ ਹਾਂ। ਅਜਿਹੇ ਕੰਮਾਂ ਦੀ ਲਿਸਟ ਵੀ ਲੰਮੀ ਹੈ।

ਇਹ ਲਿਖੇ ਗਏ ਤੇ ਔਰਤਾਂ ਵੱਲੋਂ ਹੋਰ ਅਜਿਹੇ ਕੀਤੇ ਜਾ ਰਹੇ ਕੰਮ ਸਮਾਜ ਵਿੱਚ ਨਵੇਂ ਕਦਾਚਿਤ ਨਹੀਂ ਹਨ। ਇਹ ਸਭ ਕੁਝ ਸਮਾਜ ਵਿੱਚ ਮਰਦਾਂ ਵੱਲੋਂ ਪਹਿਲਾਂ ਹੀ ਕੀਤਾ ਜਾ ਰਿਹਾ ਹੈ।

ਪਰ ਔਰਤ ਨੂੰ ਸੋਚਣ ਦੀ ਲੋੜ ਹੈ ਕਿ ਮਰਦਾਂ ਵੱਲੋਂ ਕੀਤੇ ਜਾ ਰਹੇ ਜਿਹੜੇ ਕੰਮਾਂ ਤੋਂ ਉਹ ਖੁਦ ਸਦੀਆਂ ਤੋਂ ਪਰੇਸ਼ਾਨੀ ਝੱਲ ਰਹੀ ਹੈ, ਜੇ ਬਰਾਬਰੀ ਦੇ ਨਾਂ ਤੇ ਉਹ ਵੀ ਉਹੋ ਕੁਝ ਕਰਨ ਲੱਗ ਪਏਗੀ ਤਾਂ ਉਸ ਵਿੱਚ ਤੇ ਮਰਦਾਂ ਵਿੱਚ ਫਰਕ ਹੀ ਕੀ ਰਹਿ ਜਾਵੇਗਾ। ਸਦੀਆਂ ਤੋਂ ਸਥਾਪਿਤ ਹੋਇਆ ਸਮਾਜਕ ਢਾਂਚਾ ਔਰਤ ਤੇ ਮਰਦ ਦੋਹਾਂ ਦੀ ਸਾਂਝੀ ਕੋਸ਼ਿਸ਼ ਨਾਲ ਹੀ ਬਣਦਾ ਤੇ ਕਾਇਮ ਰਹਿ ਸਕਦਾ ਹੁੰਦਾ ਹੈ। ਇਸ ਢਾਂਚੇ ਨੂੰ ਹੁਣ ਨੁਕਸਾਨ ਪਹੁੰਚ ਰਿਹਾ ਨਜ਼ਰ ਆ ਰਿਹਾ ਹੈ।

ਔਰਤ ਦੇ ਅੰਦਰ ਬਹੁਤ ਸਾਰੀ ਜ਼ਹਾਨਤ ਤੇ ਸਮਰੱਥਾ ਹੁੰਦੀ ਹੈ। ਸਿਰਫ ਮਰਦ ਦੀਆਂ ਨਾਂਹ-ਪੱਖੀ ਆਦਤਾਂ ਨਾਲ ਮੁਕਾਬਲਾ ਕਰ ਕੇ ਉਹ ਕਿਤੇ ਵੀ ਨਹੀਂ ਪਹੁੰਚ ਰਹੀ। ਪੜ੍ਹ ਲਿਖ ਕੇ ਬਿਹਤਰ ਕੰਮ ਕਰ ਕੇ ਖੁਦ ਨੂੰ ਜ਼ਹੀਨ ਸਿੱਧ ਕਰਨਾ ਵਧੇਰੇ ਸਾਰਥਕ ਹੋਵੇਗਾ।

**Ekam (Literary Quarterly)**
**Artinder Sandhu, 404 Tilak Nagar, Amritsar-143001 Mobile : 98153-02081**

# ਪੁਸਤਕਾਂ



































































ਸੰਪਾਦਕ, ਛਾਪਕ, ਮਾਲਕ ਅਤੇ ਪ੍ਰਕਾਸ਼ਕ *ਸ੍ਰੀਮਤੀ ਅਰਤਿੰਦਰ ਸੰਧੂ*, 404, ਤਿਲਕ ਨਗਰ, ਅੰਮ੍ਰਿਤਸਰ ਵੱਲੋਂ ਸਾਹਿਤਕ ਏਕਮ ਸੁਸਾਇਟੀ (ਰਜਿ.) ਲਈ, ਪ੍ਰਿੰਟਵੈੱਲ, 146, ਇੰਡਸਟਰੀਅਲ ਫੋਕਲ ਪੁਆਇੰਟ ਤੋਂ ਛਪਵਾ ਕੇ 404, ਤਿਲਕ ਨਗਰ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।